ਕੌਮਾਂਤਰੀ www.amritsartimes.live

ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 22 | Issue 159| 22 Jan. to 28 Jan., 2025 | Ph.: (510) 240-5949 | Email: asrtimes@gmail.com

## ਅਮਰੀਕਾ 'ਚ ਸ਼ੁਰੂ ਹੋਇਆ ਟਰੰਪ ਯੁੱਗ

# ਡੋਨਾਲਡ ਟਰੰਪ ਬਣੇ ਅਮਰੀਕਾ ਦੇ 47ਵੇਂ ਰਾਸ਼ਟਰਪਤੀ

## ਚੀਫ਼ ਜਸਟਿਸ ਨੇ 47ਵੇਂ ਰਾਸ਼ਟਰਪਤੀ ਵਜੋਂ ਦਿਵਾਇਆ ਹਲਫ਼



ਵਾਸ਼ਿੰਗਟਨ/ਏ.ਟੀ.ਨਿਊਜ਼: ਰਿਪਬਲਿਕਨ ਆਗੂ ਡੋਨਾਲਡ ਟਰੰਪ (78) ਨੇ ਪਿਛਲੇ ਦਿਨੀਂ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਹਲਫ਼ ਲੈ ਲਿਆ ਹੈ। ਯੂ.ਐੱਸ. ਕੈਪੀਟਲ 'ਚ ਹੋਏ ਸਮਾਗਮ ਦੌਰਾਨ ਚੀਫ਼ ਜਸਟਿਸ ਜੌਹਨ ਰੌਬਰਟਸ ਨੇ ਉਨ੍ਹਾਂ ਨੂੰ ਅਹੁਦੇ ਦੀ ਸਹੁੰ ਚੁਕਾਈ। ਦੂਜੀ ਵਾਰ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਹਲਫ਼ ਲੈਣ 'ਤੇ ਉਨ੍ਹਾਂ ਨੂੰ ਤੋਪਾਂ ਨਾਲ ਸਲਾਮੀ ਦਿੱਤੀ ਗਈ। ਉਨ੍ਹਾਂ ਪਰਿਵਾਰ ਦੀ ਬਾਈਬਲ ਅਤੇ 1861 'ਚ ਰਾਸ਼ਟਰਪਤੀ ਵਜੋਂ ਹਲਫ਼ ਲੈਣ ਵਾਲੇ ਅਬਰਾਹਮ ਲਿੰਕਨ ਵੱਲੋਂ ਵਰਤੀ ਗਈ ਬਾਈਬਲ 'ਤੇ ਹੱਥ ਰੱਖ ਕੇ ਸਹੁੰ ਚੁੱਕੀ। ਇਸ ਤੋਂ ਪਹਿਲਾਂ ਜੇ.ਡੀ. ਵਾਂਸ ਨੇ ਆਪਣੀ ਪੜਦਾਦੀ ਵੱਲੋਂ ਦਿੱਤੀ ਬਾਈਬਲ 'ਤੇ ਹੱਥ ਰੱਖ ਕੇ ਉਪ ਰਾਸ਼ਟਰਪਤੀ ਅਹੁਦੇ ਦਾ ਹਲਫ਼ ਲਿਆ। ਅਮਰੀਕਾ ਦੇ ਸਿਖਰਲੇ ਅਹੁਦੇ 'ਤੇ ਟਰੰਪ ਦਾ ਇਹ ਦੂਜਾ ਕਾਰਜਕਾਲ ਹੈ ਜਿਸ 'ਚ ਉਨ੍ਹਾਂ ਅਮਰੀਕੀ ਅਦਾਰਿਆਂ ਨੂੰ ਨਵਾਂ ਰੂਪ ਦੇਣ ਦੇ ਐਲਾਨ ਕੀਤਾ ਹੈ।

ਕੜਾਕੇ ਦੀ ਠੰਢ ਕਾਰਨ ਟਰੰਪ ਦਾ ਹਲਫ਼ਦਾਰੀ ਸਮਾਗਮ ਅੰਦਰ ਖੁੱਲ੍ਹੇ ਹਾਲ 'ਚ ਕੀਤਾ ਗਿਆ।

ਹਲਫ਼ਦਾਰੀ ਸਮਾਗਮ ਤੋਂ ਪਹਿਲਾਂ ਜੋਅ ਬਾਇਡੇਨ ਨੇ ਸੱਤਾ ਤਬਦੀਲੀ ਦੀਆਂ ਰਵਾਇਤਾਂ ਨੂੰ ਜਾਰੀ ਰਖਦਿਆਂ ਵ੍ਹਾਈਟ ਹਾਊਸ 'ਚ ਡੋਨਾਲਡ ਟਰੰਪ ਦਾ ਚਾਹ ਅਤੇ ਕੌਫ਼ੀ 'ਤੇ ਸਵਾਗਤ ਕੀਤਾ। ਉਨ੍ਹਾਂ ਟਰੰਪ ਨਾਲ ਹੱਥ ਮਿਲਾਉਂਦਿਆਂ ਕਿਹਾ, "ਘਰ ਵਾਪਸੀ ਦਾ ਸਵਾਗਤ ਹੈ।" ਹਲਫ਼ਦਾਰੀ ਸਮਾਗਮ 'ਚ ਭਾਰਤ ਵੱਲੋਂ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਸ਼ਮੂਲੀਅਤ ਕੀਤੀ। ਸੂਤਰਾਂ ਮੁਤਾਬਕ ਉਹ ਟਰੰਪ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਲਿਖਿਆ ਪੱਤਰ ਵੀ ਲੈ ਕੇ ਗਏ ਹਨ। ਇਸ ਮੌਕੇ ਕਾਰੋਬਾਰੀ ਮੁਕੇਸ਼ ਅੰਬਾਨੀ ਅਤੇ ਉਨ੍ਹਾਂ ਦੀ ਪਤਨੀ ਨੀਤਾ ਵੀ ਹਾਜ਼ਰ ਸਨ। ਇਸ ਤੋਂ ਪਹਿਲਾਂ ਟਰੰਪ ਨੇ ਪਰਿਵਾਰ ਸਮੇਤ ਸੇਂਟ ਜੌਹਨਸ ਐਪਿਸਕੋਪਲ ਚਰਚ 'ਚ ਪ੍ਰਾਰਥਨਾ ਕੀਤੀ। ਹਲਫ਼ ਲੈਣ ਤੋਂ ਬਾਅਦ 200 ਤੋਂ ਵਧ ਮਹਿਮਾਨਾਂ ਲਈ ਦੁਪਹਿਰ ਦੇ ਭੋਜਨ ਦਾ ਪ੍ਰਬੰਧ ਕੀਤਾ ਗਿਆ ਜਿਸ 'ਚ ਰਾਸ਼ਟਰਪਤੀ, ਉਪ ਰਾਸ਼ਟਰਪਤੀ, ਉਨ੍ਹਾਂ ਦੇ ਪਰਿਵਾਰ, ਅਮਰੀਕੀ ਸੁਪਰੀਮ ਕੋਰਟ ਦੇ ਜੱਜ, ਮਨੋਨੀਤ ਕੈਬਨਿਟ ਮੰਤਰੀ ਅਤੇ ਕਾਂਗਰਸ ਦੇ ਮੈਂਬਰ ਸ਼ਾਮਲ ਹੋਏ। ਹਲਫ਼ਦਾਰੀ ਸਮਾਗਮ 'ਚ ਇਵਾਂਕਾ ਟਰੰਪ, ਲਾਰਾ ਟਰੰਪ, ਰੌਬਰਟ ਐੱਫ਼ ਕੈਨੇਡੀ ਜੂਨੀਅਰ, ਤੁਲਸੀ ਗਾਬਾਰਡ, ਅਰਜਨਟੀਨਾ ਦੇ ਰਾਸ਼ਟਰਪਤੀ ਜੇਵੀਅਰ ਮਿਲੇਈ, ਐਪਲ ਦੇ ਟਿਮ ਕੁਕ, ਰੂਪਰਟ ਮਰਡੋਕ, ਸੈਨੇਟਰ ਮਾਰਕੋ ਰੂਬੀਓ, ਸੀਨ ਡਫ਼ੀ, ਟਿਕਟੌਕ ਦੇ ਸੀਈਓ ਸ਼ੋਊ ਚਿਊ, ਟੈਸਲਾ ਦੇ ਮੁਖੀ ਐਲਨ ਮਸਕ, ਮਾਈਕ ਵਾਲਟਜ਼, ਕਾਸ਼ ਪਟੇਲ, ਭਾਰਤ-ਅਮਰੀਕੀ ਆਗੂ ਵਿਵੇਕ ਰਾਮਾਸਵਾਮੀ, ਫ਼ੇਸਬੁੱਕ ਦੇ ਮੁਖੀ ਮਾਰਕ ਜ਼ੁਕਰਬਰਗ, ਜੈੱਫ਼ ਬੇਜ਼ੋਸ, ਬਰਤਾਨੀਆ ਦੇ ਸਾਬਕਾ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਅਤੇ ਗੂਗਲ ਦੇ ਸੀਈਓ ਸੁੰਦਰ ਪਿਚਾਈ ਸਮੇਤ ਹੋਰ ਹਸਤੀਆਂ ਹਾਜ਼ਰ ਸਨ।

### ਸਹੁੰ ਚੁੱਕਣ ਤੋਂ ਬਾਅਦ ਟਰੰਪ ਨੇ ਕੀਤੇ ਕਈ ਵੱਡੇ ਫ਼ੈਸਲੇ

ਸਹੁੰ ਚੁੱਕ ਸਮਾਗਮ ਤੋਂ ਬਾਅਦ, ਟਰੰਪ ਓਵਲ ਦਫ਼ਤਰ ਪਹੁੰਚੇ। ਉਨ੍ਹਾਂ ਨੇ ਕਈ ਕਾਰਜਕਾਰੀ ਆਦੇਸ਼ਾਂ 'ਤੇ ਦਸਤਖਤ ਕੀਤੇ। ਇਸ ਦੇ ਨਾਲ ਹੀ, ਬਾਇਡੇਨ ਸਰਕਾਰ ਦੇ 78 ਫ਼ੈਸਲੇ ਰੱਦ ਕਰ ਦਿੱਤੇ ਗਏ। ਟਰੰਪ ਨੇ ਕਿਹਾ ਕਿ ਸਭ ਤੋਂ ਪਹਿਲਾਂ ਮੈਂ ਬਾਇਡਨ ਪ੍ਰਸ਼ਾਸਨ ਵਿੱਚ ਲਾਗੂ ਕੀਤੇ ਗਏ ਉਨ੍ਹਾਂ 80 ਫ਼ੈਸਲਿਆਂ ਨੂੰ ਰੱਦ ਕਰਾਂਗਾ ਜੋ ਅਮਰੀਕਾ ਦੇ ਵਿਕਾਸ ਵਿੱਚ ਰੁਕਾਵਟ ਪਾ ਰਹੇ ਹਨ।

ਰਾਸ਼ਟਰਪਤੀ ਟਰੰਪ ਨੇ 6 ਜਨਵਰੀ, 2021 ਨੂੰ ਕੈਪੀਟਲ ਹਿੱਲ 'ਤੇ ਹਮਲੇ ਦੇ ਦੋਸ਼ੀ 1,500 ਲੋਕਾਂ ਨੂੰ ਮਾਫ਼ ਕਰਨ ਦੇ ਹੁਕਮ 'ਤੇ ਦਸਤਖਤ ਕੀਤੇ। ਟਰੰਪ ਨੇ ਵਿਸ਼ਵ ਸਿਹਤ ਸੰਗਠਨ ਤੋਂ ਅਮਰੀਕਾ ਨੂੰ ਵਾਪਸ ਲੈਣ ਦੀ ਪ੍ਰਕਿਰਿਆ ਸ਼ੁਰੂ ਕਰਨ ਲਈ ਇੱਕ ਕਾਰਜਕਾਰੀ ਆਦੇਸ਼ 'ਤੇ ਦਸਤਖਤ ਕੀਤੇ। ਨਸ਼ਾ ਤਸਕਰਾਂ ਨੂੰ ਅੱਤਵਾਦੀ ਐਲਾਨਿਆ ਜਾਵੇਗਾ।

ਮੈਕਸੀਕੋ ਸਰਹੱਦ 'ਤੇ ਕੰਧ ਬਣਾਈ ਜਾਵੇਗੀ। ਮੈਕਸੀਕੋ ਅਤੇ ਕੈਨੇਡਾ 'ਤੇ 25 ਪ੍ਰਤੀਸ਼ਤ ਟੈਰਿਫ਼ ਲਗਾਇਆ ਜਾਵੇਗਾ। ਉਮੀਦ ਹੈ ਕਿ ਇਹ ਨਿਯਮ ਅਗਲੇ ਮਹੀਨੇ (ਫ਼ਰਵਰੀ) ਤੋਂ ਲਾਗੂ ਹੋ ਸਕਦਾ ਹੈ।

## ਹੁਣ ਅਮਰੀਕਾ ਦੀ ਨਾਗਰਿਕਤਾ ਮਿਲਣਾ ਆਸਾਨ ਨਹੀਂ

# 'ਜਨਮਜਾਤ ਨਾਗਰਿਕਤਾ' ਨੂੰ ਖ਼ਤਮ ਕਰਨਗੇ ਟਰੰਪ



ਡੋਨਾਲਡ ਟਰੰਪ ਨੇ ਸੰਯੁਕਤ ਰਾਜ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ ਅਤੇ ਕੁਝ ਘੰਟਿਆਂ ਬਾਅਦ ਹੀ ਉਨ੍ਹਾਂ ਨੇ ਇੱਕ ਕਾਰਜਕਾਰੀ ਆਦੇਸ਼ 'ਤੇ ਦਸਤਖ਼ਤ ਕੀਤੇ, ਜਿਸ ਵਿੱਚ ਸੰਯੁਕਤ ਰਾਜ ਅਮਰੀਕਾ ਵਿੱਚ ਪੈਦਾ ਹੋਏ ਪ੍ਰਵਾਸੀ ਬੱਚਿਆਂ ਲਈ ਜਨਮਜਾਤ ਨਾਗਰਿਕਤਾ ਨੂੰ ਖ਼ਤਮ ਕਰਨ ਦਾ ਪ੍ਰਸਤਾਵ ਸੀ। ਇਸ ਕਦਮ ਨੂੰ ਅਮਰੀਕੀ ਸੰਵਿਧਾਨ ਦੇ 14ਵੇਂ ਸੋਧ ਦੇ ਵਿਰੁੱਧ ਦੇਖਿਆ ਜਾ ਰਿਹਾ ਹੈ, ਜੋ ਕਿ ਇੱਕ ਸਦੀ ਤੋਂ ਵੱਧ ਸਮੇਂ ਤੋਂ ਲਾਗੂ ਹੈ ਅਤੇ ਅਮਰੀਕਾ ਵਿੱਚ ਜਨਮੇ ਹਰੇਕ ਵਿਅਕਤੀ ਨੂੰ ਨਾਗਰਿਕਤਾ ਪ੍ਰਦਾਨ ਕਰਦਾ ਹੈ।

14ਵੇਂ ਸੋਧ ਤਹਿਤ ਅਮਰੀਕਾ ਵਿੱਚ ਪੈਦਾ ਹੋਏ ਹਰ ਵਿਅਕਤੀ ਨੂੰ ਆਪਣੇ ਆਪ ਨਾਗਰਿਕਤਾ ਮਿਲਦੀ ਹੈ, ਭਾਵੇਂ ਉਸਦੇ ਮਾਪਿਆਂ ਦੀ ਇਮੀਗ੍ਰੇਸ਼ਨ ਸਥਿਤੀ ਕੋਈ ਵੀ ਹੋਵੇ। 'ਉਸਦੇ ਨਿਆਂਇਕ ਅਧਿਕਾਰ ਖੇਤਰ ਦੇ ਅਧੀਨ' ਸ਼ਬਦਾਂ ਦੀ ਵਿਆਖਿਆ ਅਮਰੀਕੀ ਧਰਤੀ 'ਤੇ ਪੈਦਾ ਹੋਏ ਸਾਰੇ ਵਿਅਕਤੀਆਂ ਨੂੰ ਸ਼ਾਮਲ ਕਰਨ ਲਈ ਕੀਤੀ ਗਈ ਹੈ, ਸਿਵਾਏ ਉਨ੍ਹਾਂ ਦੇ ਜਿਨ੍ਹਾਂ ਦੇ ਮਾਪੇ ਵਿਦੇਸ਼ੀ ਡਿਪਲੋਮੈਟ ਜਾਂ ਵਿਦੇਸ਼ੀ ਫੌਜੀ ਬਲਾਂ ਦੇ ਮੈਂਬਰ ਹਨ। ਟਰੰਪ ਦਾ ਹੁਕਮ ਇਸ ਵਿਆਖਿਆ ਨੂੰ ਚੁਣੌਤੀ ਦਿੰਦਾ ਹੈ ਅਤੇ ਕਹਿੰਦਾ ਹੈ ਕਿ ਇਹ ਨਿਯਮ ਅਣਅਧਿਕਾਰਤ ਪ੍ਰਵਾਸੀਆਂ ਜਾਂ ਅਸਥਾਈ ਵੀਜ਼ਾ ਧਾਰਕਾਂ ਦੇ ਬੱਚਿਆਂ 'ਤੇ ਲਾਗੂ ਨਹੀਂ ਹੋਵੇਗਾ।

ਟਰੰਪ ਨੇ ਆਪਣੇ ਆਦੇਸ਼ ਦੌਰਾਨ ਕਿਹਾ, 'ਇਹ ਯਕੀਨੀ ਬਣਾਏਗਾ ਕਿ ਸੰਵਿਧਾਨ ਦੀ ਦੁਰਵਰਤੋਂ ਨਾ ਹੋਵੇ।' ਉਨ੍ਹਾਂ ਇਹ ਵੀ ਕਿਹਾ ਕਿ ਇਹ ਨੀਤੀ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਅਮਰੀਕਾ ਦੇ ਸਰੋਤਾਂ ਦਾ ਅਨੁਚਿਤ ਫਾਇਦਾ ਉਠਾਉਣ ਤੋਂ ਰੋਕੇਗੀ। ਇਸ ਦੇ ਨਾਲ ਹੀ ਕਈ ਸੱਜੇ-ਪੱਖੀ ਸਮਰਥਕਾਂ ਨੇ ਇਸ ਕਦਮ ਦਾ ਸਮਰਥਨ ਕਰਦੇ ਹੋਏ ਕਿਹਾ ਕਿ 14ਵੇਂ ਸੋਧ ਦੇ ਉਦੇਸ਼ ਦੀ ਗਲਤ ਵਰਤੋਂ ਗੈਰ-ਕਾਨੂੰਨੀ ਪ੍ਰਵਾਸੀਆਂ ਦੇ ਬੱਚਿਆਂ ਨੂੰ ਨਾਗਰਿਕਤਾ ਦੇਣ ਲਈ ਕੀਤੀ ਗਈ ਹੈ।

### ਭਾਰਤੀਆਂ 'ਤੇ ਪਵੇਗਾ ਇਸ ਫ਼ੈਸਲੇ ਦਾ ਅਸਰ

ਇਹ ਹੁਕਮ ਮੁੱਖ ਤੌਰ 'ਤੇ ਅਮਰੀਕਾ ਵਿੱਚ ਅਸਥਾਈ ਵੀਜ਼ਾ 'ਤੇ ਕੰਮ ਕਰਨ ਵਾਲੇ ਭਾਰਤੀਆਂ ਦੇ ਬੱਚਿਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ, ਜਿਵੇਂ ਕਿ ਐਚ.1ਬੀ ਵੀਜ਼ਾ ਧਾਰਕ। ਜੇਕਰ ਅਜਿਹੇ ਵੀਜ਼ਾ ਧਾਰਕਾਂ ਦੇ ਬੱਚੇ ਅਮਰੀਕਾ ਵਿੱਚ ਪੈਦਾ ਹੁੰਦੇ ਹਨ, ਤਾਂ ਉਨ੍ਹਾਂ ਨੂੰ ਨਾਗਰਿਕਤਾ ਪ੍ਰਾਪਤ ਕਰਨ ਵਿੱਚ ਮੁਸ਼ਕਿਲ ਆ ਸਕਦੀ ਹੈ। ਹਾਲਾਂਕਿ ਇਹ ਹੁਕਮ ਮੌਜੂਦਾ ਮਾਮਲਿਆਂ ਨੂੰ ਪ੍ਰਭਾਵਿਤ ਨਹੀਂ ਕਰੇਗਾ ਪਰ 30 ਦਿਨਾਂ ਤੋਂ ਬਾਅਦ ਲਾਗੂ ਹੋਵੇਗਾ।

# ਬਾਬਾ ਸੂਰਤ ਸਿੰਘ ਖ਼ਾਲਸਾ ਦਾ ਅੰਤਿਮ ਸਸਕਾਰ ਤੇ ਅੰਤਿਮ ਅਰਦਾਸ 26 ਜਨਵਰੀ ਨੂੰ

ਕੈਲੀਫ਼ੋਰਨੀਆ/ਏ.ਟੀ.ਨਿਊਜ਼: ਬੀਤੀ 14 ਜਨਵਰੀ ਨੂੰ ਸਦੀਵੀ ਵਿਛੋੜਾ ਦੇ ਗਏ ਬੰਦੀ ਸਿੱਖਾਂ ਲਈ ਸੰਘਰਸ਼ ਲੜਨ ਵਾਲੇ ਬਾਬਾ ਸੂਰਤ ਸਿੰਘ ਖ਼ਾਲਸਾ ਦਾ ਅੰਤਿਮ ਸਸਕਾਰ 26 ਜਨਵਰੀ ਦਿਨ ਐਤਵਾਰ ਨੂੰ ਸਵੇਰੇ 11 ਵਜੇ ਤੋਂ ਦੁਪਹਿਰ 2 ਵਜੇ ਤੱਕ ਚੈਪਲਸ ਆਫ ਚਾਈਮਸ 32992 ਮਿਸ਼ਨ ਬੁਲੇਵਾਰਡ, ਹੇਵਰਡ, ਕੈਲੀਫ਼ੋਰਨੀਆ ਵਿਖੇ ਕੀਤਾ ਜਾਵੇਗਾ। ਲੰਗਰ, ਭੋਗ ਅਤੇ ਅੰਤਿਮ ਅਰਦਾਸ 26 ਜਨਵਰੀ ਦਿਨ ਐਤਵਾਰ ਨੂੰ ਦੁਪਹਿਰ 2 ਵਜੇ ਤੋਂ ਸ਼ਾਮ 5 ਵਜੇ ਤੱਕ ਫ਼ਰੀਮੌਂਟ ਗੁਰਦੁਆਰਾ ਸਾਹਿਬ 300 ਗੁਰਦੁਆਰਾ ਰੋਡ, ਫ਼ਰੀਮੌਂਟ, ਕੈਲੀਫ਼ੋਰਨੀਆ ਵਿਖੇ ਹੋਣਗੇ। ਹੋਰ ਜਾਣਕਾਰੀ ਲਈ ਰਵਿੰਦਰਜੀਤ ਸਿੰਘ ਗੋਗੀ ਨਾਲ 661-978-0183 'ਤੇ ਸੰਪਰਕ ਕੀਤਾ ਜਾ ਸਕਦਾ ਹੈ।



ਜ਼ਿਕਰਯੋਗ ਹੈ ਕਿ ਬਾਪੂ ਸੂਰਤ ਸਿੰਘ ਖ਼ਾਲਸਾ ਨੇ 16 ਜਨਵਰੀ, 2015 ਨੂੰ 82 ਸਾਲ ਦੀ ਉਮਰ ਵਿੱਚ ਬੰਦੀ ਸਿੱਖਾਂ ਦੀ ਰਿਹਾਈ ਦੀ ਮੰਗ ਕਰਦਿਆਂ ਆਪਣੀ ਭੁੱਖ ਹੜਤਾਲ ਸ਼ੁਰੂ ਕੀਤੀ ਸੀ। ਉਨ੍ਹਾਂ ਦੀ ਮੰਗ ਸੀ ਕਿ ਉਨ੍ਹਾਂ ਸਿੱਖ ਕੈਦੀਆਂ ਨੂੰ ਰਿਹਾਅ ਕੀਤਾ ਜਾਵੇ ਜੋ ਆਪਣੀਆਂ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਜੇਲ੍ਹਾਂ ਵਿੱਚ ਬੰਦ ਹਨ। ਉਨ੍ਹਾਂ ਦੀ ਭੁੱਖ ਹੜਤਾਲ 14 ਜਨਵਰੀ, 2023 ਤੱਕ ਚੱਲੀ।

ਇਸ ਤਰ੍ਹਾਂ ਉਨ੍ਹਾਂ ਦੇ ਅੰਦੋਲਨ ਨੂੰ ਪੰਜਾਬ ਦੇ ਇਤਿਹਾਸ ਵਿੱਚ ਸਭ ਤੋਂ ਲੰਬੇ ਅਤੇ ਸਭ ਤੋਂ ਮਹੱਤਵਪੂਰਨ ਅਹਿੰਸਕ ਵਿਰੋਧ ਪ੍ਰਦਰਸ਼ਨਾਂ ਵਿੱਚ ਸ਼ੁਮਾਰ ਕੀਤਾ ਜਾਂਦਾ ਹੈ। ਉਹ ਲੁਧਿਆਣਾ ਦੇ ਫਿਰੋਜ਼ਪੁਰ ਰੋਡ 'ਤੇ ਪਿੰਡ ਹਸਨਪੁਰ ਦੇ ਵਸਨੀਕ ਸਨ।

ਬਾਪੂ ਸੂਰਤ ਸਿੰਘ ਖ਼ਾਲਸਾ ਦਾ ਜਨਮ 7 ਮਾਰਚ 1933 ਨੂੰ ਹੋਇਆ ਸੀ। ਉਹ ਇਕ ਨਾਗਰਿਕ ਅਧਿਕਾਰ ਕਾਰਕੁਨ ਸਨ, ਜਿਨ੍ਹਾਂ ਨੂੰ ਬਾਪੂ ਸੂਰਤ ਸਿੰਘ ਖ਼ਾਲਸਾ ਵਜੋਂ ਜਾਣਿਆ ਜਾਂਦਾ ਹੈ। ਉਹ ਲੁਧਿਆਣਾ ਦੇ ਹਸਨਪੁਰ ਪਿੰਡ ਦਾ ਰਹਿਣ ਵਾਲੇ ਸਨ। ਉਨ੍ਹਾਂ ਦੇ ਪੰਜ ਪੁੱਤਰ ਅਤੇ ਇੱਕ ਧੀ ਹਨ ਤੇ ਸਾਰੇ ਅਮਰੀਕਾ ਦੇ ਨਾਗਰਿਕ ਹਨ। ਖ਼ਾਲਸਾ ਖ਼ੁਦ ਵੀ ਇੱਕ ਅਮਰੀਕੀ ਨਾਗਰਿਕ ਸਨ। ਬਾਪੂ ਸੂਰਤ ਸਿੰਘ ਖ਼ਾਲਸਾ ਨੇ ਆਪਣੇ ਆਖਰੀ ਸਾਹ 91 ਸਾਲ ਦੀ ਉਮਰ 'ਚ ਅਮਰੀਕਾ ਵਿੱਚ ਹੀ ਲਏ। ਉਨ੍ਹਾਂ ਨੇ ਬੰਦੀ ਸਿੰਘਾਂ ਲਈ ਲੰਮੀ ਲੜਾਈ ਲੜੀ ਸੀ।

# ਭਾਰਤ ਸਿੱਖ ਆਗੂਆਂ 'ਤੇ ਹਮਲੇ ਕਰਨੇ ਬੰਦ ਕਰੇ ਅਤੇ ਗ਼ੈਰ ਕਾਨੂੰਨੀ ਕਤਲਾਂ ਲਈ ਜ਼ਿੰਮੇਵਾਰ ਅਧਿਕਾਰੀਆਂ ਦੀ ਪਾਰਦਰਸ਼ਤਾ ਨਾਲ ਜਾਂਚ ਕਰੇ: ਯੂ. ਐਨ. ਹਿਊਮਨ ਰਾਈਟਸ ਕੌਂਸਲ

## ਸਿੱਖਾਂ ਨੂੰ ਲਗਾਤਾਰ ਨਿਸ਼ਾਨਾ ਬਣਾਉਣਾ ਪੰਜਾਬ ਵਿੱਚ ਟਕਰਾਅ ਅਤੇ ਅਸਥਿਰਤਾ ਨੂੰ ਤੇਜ਼ ਕਰਨ ਦੀ ਸੰਭਾਵਨਾ

ਯੂ.ਐਨ. ਹਿਊਮਨ ਰਾਈਟਸ ਕੌਂਸਲ ਨੇ ਇੰਡੀਆ (ਭਾਰਤ) ਨੂੰ ਆਦੇਸ਼ ਜਾਰੀ ਕਰਦਿਆਂ ਕਿਹਾ ਕਿ ਉਹ ਸਿੱਖ ਆਗੂਆਂ 'ਤੇ ਹਮਲੇ ਕਰਨੇ ਤੁਰੰਤ ਬੰਦ ਕਰੇ ਅਤੇ ਗੈਰ-ਕਾਨੂੰਨੀ ਕਤਲਾਂ ਲਈ ਜਿੰਮੇਵਾਰ ਅਧਿਕਾਰੀਆਂ ਦੀ ਪਾਰ-ਦਰਸ਼ਤਾ ਨਾਲ ਜਾਂਚ ਕਰੇ।

ਸਿੱਖ ਫ਼ੈਡਰੇਸ਼ਨ ਇੰਟਰਨੈਸ਼ਨਲ ਵੱਲੋਂ ਦਰਜ ਕੀਤੀ ਗਈ ਸ਼ਿਕਾਇਤ ਦੇ ਜਵਾਬ ਵਿੱਚ, ਯੂ.ਐਨ. ਹਿਊਮਨ ਰਾਈਟਸ ਕੌਂਸਲ ਦੇ ਕਈ ਨੁਮਾਇੰਦਿਆਂ ਨੇ ਇੰਡੀਆ ਉੱਤੇ ਭਾਈ ਹਰਦੀਪ ਸਿੰਘ ਜੀ ਸਮੇਤ ਹੋਰ ਜਲਾਵਤਨੀ ਸਿੱਖ ਆਗੂਆਂ 'ਤੇ ਹਮਲੇ ਕਰਨ ਨਾਲ ਅੰਤਰਰਾਸ਼ਟਰੀ ਕਾਨੂੰਨਾਂ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਦੇ ਦੋਸ਼ ਲਗਾਏ ਹਨ।



ਇਨ੍ਹਾਂ ਨੁਮਾਇੰਦਿਆਂ ਨੇ ਦੁਨੀਆਂ ਭਰ ਵਿੱਚ ਵਿਉਂਤਬੱਧ ਤਰੀਕੇ ਨਾਲ ਹੋ ਰਹੇ ਸਿੱਖ ਆਗੂਆਂ 'ਤੇ ਹਮਲੇ ਅਤੇ ਪੰਜਾਬ ਵਿੱਚ ਸਿੱਖ ਨੌਜਵਾਨਾਂ ਨੂੰ ਕਾਲੇ ਕਾਨੂੰਨਾਂ ਦਾ ਨਿਸ਼ਾਨਾ ਬਣਾਉਣ 'ਤੇ ਗੰਭੀਰ ਚਿੰਤਾ ਪ੍ਰਗਟ ਕੀਤੀ ਹੈ।

ਯੂ.ਐਨ. ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਇਹ ਦਮਨਕਾਰੀ ਹੱਥਕੰਡੇ ਪੰਜਾਬ ਵਿੱਚ 'ਤੇਜ਼ੀ ਨਾਲ ਵਧ ਰਹੀ ਤਣਾਅਪੂਰਨ ਸਥਿਤੀ' ਨੂੰ ਜਨਮ ਦੇ ਰਹੇ ਹਨ। ਇਸ ਦੇ ਪ੍ਰਤੀਕਰਮ ਵਜੋਂ, ਸਿੱਖ ਫ਼ੈਡਰੇਸ਼ਨ ਦੇ ਆਗੂਆਂ ਨੇ ਕਿਹਾ ਕਿ ਦੁਨੀਆਂ ਭਰ ਦੀਆਂ ਤਾਕਤਾਂ ਦੀ ਇਹ ਜਿੰਮੇਵਾਰੀ ਬਣਦੀ ਹੈ ਕਿ ਇਨ੍ਹਾਂ ਹਲਾਤਾਂ ਵਿੱਚ ਸਾਰਥਕ ਭੂਮਿਕਾ ਨਿਭਾਉਂਦੇ ਹੋਏ ਸਿੱਖਾਂ ਦੀ ਸ਼ਮੂਲੀਅਤ ਨਾਲ ਸਵੈ-ਨਿਰਣੇ ਦੇ ਹੱਕ ਨੂੰ ਯਕੀਨੀ ਬਣਾ ਕੇ ਖ਼ਾਲਿਸਤਾਨ ਦੀ ਸਥਾਪਤੀ ਲਈ ਕੂਟਨੀਤਕ ਹੱਲ ਲੱਭਿਆ ਜਾਵੇ।

ਜ਼ਿਕਰਯੋਗ ਹੈ ਕਿ ਸਿੱਖ ਫੈਡਰੇਸ਼ਨ ਵੱਲੋਂ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੇ ਪਰਿਵਾਰ ਦੀ ਤਰਫ਼ੋਂ ਦਾਇਰ ਕੀਤੀ ਗਈ ਇੱਕ ਸ਼ਿਕਾਇਤ ਦੇ ਜਵਾਬ ਵਿੱਚ, ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ ਦੁਆਰਾ ਨਿਯੁਕਤ ਕੀਤੇ ਗਏ ਕਈ ਵਿਸ਼ੇਸ਼ ਰਿਪੋਰਟਰਾਂ ਨੇ ਭਾਰਤ ਸਰਕਾਰ ਨਾਲ ਆਪਣਾ ਸੰਚਾਰ ਜਨਤਕ ਤੌਰ 'ਤੇ ਜਾਰੀ ਕੀਤਾ। ਜਾਰੀ ਕੀਤਾ ਗਿਆ 16 ਪੰਨਿਆਂ ਦਾ ਇਹ ਦਸਤਾਵੇਜ਼ ਭਾਈ ਹਰਦੀਪ ਸਿੰਘ ਅਤੇ ਹੋਰ ਜਲਾਵਤਨ ਸਿੱਖ ਕਾਰਕੁੰਨਾਂ 'ਤੇ ਹਮਲਿਆਂ ਦੇ ਨਤੀਜੇ ਵਜੋਂ ਭਾਰਤ ਵੱਲੋਂ ਅੰਤਰਰਾਸ਼ਟਰੀ ਕਾਨੂੰਨਾਂ ਅਤੇ ਮਨੁੱਖੀ ਅਧਿਕਾਰਾਂ ਦੇ ਇਕਰਾਰਨਾਮਿਆਂ ਦੀਆਂ ਕਈ ਉਲੰਘਣਾਵਾਂ ਦੇ ਨਾਲ-ਨਾਲ ਪੰਜਾਬ ਵਿੱਚ ਕਾਰਕੁਨਾਂ ਨੂੰ ਦਬਾਉਣ ਲਈ ਭਾਰਤੀ ਕਾਨੂੰਨ ਦੀ ਯੋਜਨਾਬੱਧ ਵਰਤੋਂ ਦਾ ਵਿਸਤ੍ਰਿਤ ਵਿਸ਼ਲੇਸ਼ਣ ਪ੍ਰਦਾਨ ਕਰਦਾ ਹੈ ਅਤੇ ਆਜ਼ਾਦ ਖ਼ਾਲਿਸਤਾਨ ਦੀ ਵਕਾਲਤ ਕਰ ਰਿਹਾ ਹੈ।


ਭਾਰਤ ਦੀਆਂ ਚੱਲ ਰਹੀਆਂ ਕਾਰਵਾਈਆਂ ਦੱਖਣੀ ਏਸ਼ੀਆ ਵਿੱਚ ਕਮਜ਼ੋਰ ਸਥਿਰਤਾ ਅਤੇ ਕੂਟਨੀਤੀ ਅਤੇ ਅੰਤਰਰਾਸ਼ਟਰੀ ਸੰਬੰਧਾਂ ਦੇ ਸਭ ਤੋਂ ਬੁਨਿਆਦੀ ਸਿਧਾਂਤਾਂ ਲਈ ਇੱਕ ਸਪੱਸ਼ਟ ਚੁਣੌਤੀ ਹਨ। ਇਸ ਤਰੀਕੇ ਨਾਲ ਸਿੱਖਾਂ ਨੂੰ ਲਗਾਤਾਰ ਨਿਸ਼ਾਨਾ ਬਣਾਉਣਾ ਪੰਜਾਬ ਵਿੱਚ ਟਕਰਾਅ ਅਤੇ ਅਸਥਿਰਤਾ ਨੂੰ ਤੇਜ਼ ਕਰਨ ਦੀ ਵਿਸਫੋਟਕ ਸੰਭਾਵਨਾ ਰੱਖਦਾ ਹੈ ਜਿਸ ਦਾ ਵਿਆਪਕ ਖ਼ਿੱਤੇ ਲਈ ਖਤਰਨਾਕ ਪ੍ਰਭਾਵ ਹੈ। ਇਹਨਾਂ ਹਾਲਤਾਂ ਵਿੱਚ, ਖੇਤਰੀ ਅਤੇ ਗਲੋਬਲ ਹਿੱਸੇਦਾਰਾਂ ਨੂੰ ਅੰਤਰੀਵ ਤਣਾਅ ਦੇ ਇੱਕ ਵਿਆਪਕ ਹੱਲ ਨੂੰ ਯਕੀਨੀ ਬਣਾਉਣ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ। ਕਿਉਂਕਿ ਸਿੱਖ ਇਸ ਵਿਵਾਦ ਵਿੱਚ ਸਿੱਧੇ ਤੌਰ 'ਤੇ ਪ੍ਰਭਾਵਿਤ ਧਿਰ ਹਨ, ਇਸ ਲਈ ਭਾਰਤ ਦੇ ਹਿੰਸਕ ਅਪਰਾਧਾਂ ਨੂੰ ਸਿਰਫ਼ ਅਮਰੀਕਾ, ਕੈਨੇਡਾ ਅਤੇ ਭਾਰਤ ਵਿਚਾਲੇ ਹੀ ਹੱਲ ਨਹੀਂ ਕੀਤਾ ਜਾ ਸਕਦਾ। ਇਹ ਲਾਜ਼ਮੀ ਹੈ ਕਿ ਸਿੱਖ ਨੁਮਾਇੰਦੇ ਮੌਜੂਦਾ ਮੁੱਦਿਆਂ ਬਾਰੇ ਕੂਟਨੀਤਕ ਚਰਚਾਵਾਂ ਵਿੱਚ ਹਿੱਸਾ ਲੈਣ।

# ਫ਼ਿਲਮ 'ਪੰਜਾਬ 95' ਸੱਤ ਫ਼ਰਵਰੀ ਨੂੰ ਨਹੀਂ ਹੋਵੇਗੀ ਰਿਲੀਜ਼

## ਸੈਂਸਰ ਬੋਰਡ ਨੂੰ ਖਾਲੜੇ ਦਾ ਨਾਮ ਤੇ ਅਦਾਲਤੀ ਰਿਪੋਰਟਾਂ ਵਰਤਣ ਉੱਤੇ ਵੀ ਇਤਰਾਜ਼

ਦਿਲਜੀਤ ਦੋਸਾਂਝ ਦੀ ਫ਼ਿਲਮ 'ਪੰਜਾਬ 95' ਹੁਣ 7 ਫ਼ਰਵਰੀ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਰਿਲੀਜ਼ ਨਹੀਂ ਹੋਵੇਗੀ। ਦਿਲਜੀਤ ਨੇ ਖ਼ੁਦ ਇਹ ਜਾਣਕਾਰੀ ਆਪਣੇ ਪ੍ਰਸ਼ੰਸਕਾਂ ਨਾਲ ਸਾਂਝੀ ਕੀਤੀ ਹੈ। ਇਹ ਫ਼ਿਲਮ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਆਧਾਰਿਤ ਹੈ, ਜੋ ਪੰਜਾਬ ਦੇ ਤਰਨਤਾਰਨ ਜ਼ਿਲ੍ਹੇ ਤੋਂ ਸਨ। ਇਸਦੀ ਰਿਲੀਜ਼ ਨੂੰ ਲੈ ਕੇ ਭਾਰਤ ਵਿੱਚ ਪਹਿਲਾਂ ਹੀ ਵਿਵਾਦ ਚੱਲ ਰਿਹਾ ਹੈ। ਦਿਲਜੀਤ ਦੋਸਾਂਝ ਨੇ ਆਪਣੀ ਇੰਸਟਾਗ੍ਰਾਮ ਸਟੋਰੀ ਵਿੱਚ ਸਾਂਝਾ ਕੀਤਾ 'ਸਾਨੂੰ ਇਹ ਦੱਸਦੇ ਹੋਏ ਦੁੱਖ ਹੋ ਰਿਹਾ ਹੈ ਕਿ ਫ਼ਿਲਮ 'ਪੰਜਾਬ 95' 7 ਫ਼ਰਵਰੀ ਨੂੰ ਰਿਲੀਜ਼ ਨਹੀਂ ਹੋਵੇਗੀ, ਕੁਝ ਹਾਲਾਤਾਂ ਦੇ ਕਾਰਨ ਜੋ ਸਾਡੇ ਕੰਟਰੋਲ ਤੋਂ ਬਾਹਰ ਹਨ।' ਇਹ ਫ਼ਿਲਮ ਪਹਿਲਾਂ ਹੀ ਭਾਰਤ ਵਿੱਚ ਰਿਲੀਜ਼ ਨਹੀਂ ਹੋ ਰਹੀ ਸੀ।

ਪਿਛਲੇ ਹਫ਼ਤੇ ਜਦੋਂ ਦਿਲਜੀਤ ਨੇ 'ਪੰਜਾਬ 95' ਰਿਲੀਜ਼ ਦਾ ਟੀਜ਼ਰ ਯੂ ਟਿਊਬ 'ਤੇ ਰਿਲੀਜ਼ ਕੀਤਾ ਤਾਂ ਕੁਝ ਹੀ ਘੰਟਿਆਂ ਦੇ ਬਾਅਦ ਇਸ ਨੂੰ ਹਟਾ ਦਿੱਤਾ ਗਿਆ ਸੀ। ਸੈਂਸਰ ਬੋਰਡ ਨੇ ਫ਼ਿਲਮ 'ਤੇ 120 ਕੱਟ ਦੇ ਨਾਲ ਰਿਲੀਜ਼ ਕਰਨ ਲਈ ਨਿਰਮਾਤਾਵਾਂ ਨੂੰ ਨਿਰਦੇਸ਼ ਦਿੱਤੇ ਸਨ। ਇਸ ਤੋਂ ਇਲਾਵਾ ਫ਼ਿਲਮ ਦਾ ਨਾਂ ਸਤਲੁਜ ਰੱਖਣ ਲਈ ਵੀ ਕਿਹਾ ਸੀ ਪਰ ਪ੍ਰੋਡੂਸਰਾਂ ਨੇ ਇਸ ਤੋਂ ਇਨਕਾਰ ਕਰਦੇ ਹੋਏ ਕਿਹਾ ਸੀ ਕਿ ਇਸ ਨਾਲ ਫ਼ਿਲਮ ਦੀ ਅਸਲੀ ਕਹਾਣੀ ਖਤਮ ਹੋ ਜਾਵੇਗੀ। ਦਿਲਜੀਤ ਦੀ ਫ਼ਿਲਮ ਪੰਜਾਬ 95 ਸਭ ਤੋਂ ਵੱਡੇ ਮਨੁੱਖੀ ਅਧਿਕਾਰਾਂ ਦੇ ਕਾਰਕੁੰਨ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਬਣੀ ਹੈ ਜਿੰਨਾਂ ਨੇ ਪੰਜਾਬ ਵਿੱਚ 80 ਅਤੇ 90 ਦੇ ਦਹਾਕਿਆਂ ਦੌਰਾਨ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰੇ ਗਏ ਨਿਰਦੋਸ਼ ਸਿੱਖਾਂ ਦੀਆਂ ਅਵਾਜ਼ ਚੁੱਕੀ ਸੀ। ਦਿਲਜੀਤ ਫ਼ਿਲਮ ਪੰਜਾਬ 95 ਵਿੱਚ ਜਸਵੰਤ ਸਿੰਘ ਖਾਲੜਾ ਦਾ ਰੋਲ ਹੀ ਅਦਾ ਕਰ ਰਹੇ ਹਨ। ਖਾਲੜਾ ਪਰਿਵਾਰ ਨੇ ਅਫ਼ਸੋਸ




ਜਤਾਇਆ ਹੈ ਕਿ ਸੈਂਟਰਲ ਬੋਰਡ ਆਫ਼ ਫ਼ਿਲਮ ਸਰਟੀਫ਼ਿਕੇਸ਼ਨ-ਸੈਂਸਰ ਬੋਰਡ (ਸੀ.ਬੀ.ਐੱਫ.ਸੀ.) ਨੇ ਫ਼ਿਲਮ ਦੇ ਕੁਝ ਹਵਾਲਿਆਂ ਉੱਤੇ ਇਤਰਾਜ਼ ਜਤਾਉਂਦਿਆਂ 120 ਕੱਟ ਲਾਉਣ ਦੀ ਮੰਗ ਕੀਤੀ ਸੀ ਜੋ ਸਾਨੂੰ ਮਨਜ਼ੂਰ ਨਹੀਂ। ਅਮਰ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਪਤਨੀ ਪਰਮਜੀਤ ਕੌਰ ਖਾਲੜਾ ਵੱਲੋਂ ਸਾਂਝੀ ਕੀਤੀ ਗਈ ਇਸ ਪੋਸਟ ਮੁਤਾਬਕ ਸੈਂਸਰ ਬੋਰਡ ਨੇ ਫ਼ਿਲਮ ਵਿੱਚ ਕੁਝ ਹੋਰ ਬਦਲਾਅ ਵੀ ਸੁਝਾਏ ਹਨ ਜਿਵੇਂ ਕਿ ਜਸਵੰਤ ਸਿੰਘ ਖਾਲੜਾ ਦਾ ਨਾਮ ਨਾ ਵਰਤਿਆ ਜਾਵੇ, ਗੁਰਬਾਣੀ ਦਾ ਉਚਾਰਣ ਹਟਾਇਆ ਜਾਵੇ, ਪੰਜਾਬ ਵਿੱਚ ਝੂਠੇ ਪੁਲਿਸ ਮੁਕਾਬਲਿਆਂ, ਲਾਵਾਰਸ ਲਾਸ਼ਾਂ ਦੇ ਅੰਕੜੇ ਅਤੇ ਉਨ੍ਹਾਂ ਥਾਵਾਂ ਦੇ ਨਾਮ ਜਿੱਥੇ ਇਹ ਘਟਨਾਵਾਂ ਵਾਪਰੀਆਂ, ਹਟਾਏ ਜਾਣ। ਪਰਿਵਾਰ ਸੈਂਸਰ ਬੋਰਡ ਵੱਲੋਂ ਸੁਝਾਏ ਗਏ ਬਦਲਾਵਾਂ ਨਾਲ ਸਹਿਮਤ ਨਹੀਂ ਅਤੇ ਫ਼ਿਲਮ ਜਿਸ ਤਰੀਕੇ ਨਾਲ ਬਣੀ ਹੈ ਉਸੇ ਤਰ੍ਹਾਂ ਰਿਲੀਜ਼ ਹੋਣ ਦੀ ਮੰਗ ਕਰਦਾ ਹੈ। ਪਰਮਜੀਤ ਕੌਰ ਨੇ ਕਿਹਾ ਕਿ ਸੀ.ਬੀ.ਐੱਫ.ਸੀ. ਵੱਲੋਂ ਫ਼ਿਲਮ ਵਿੱਚ ਜਿਹੜੇ ਬਦਲਾਅ ਕਰਨ ਲਈ ਕਿਹਾ ਗਿਆ ਹੈ, ਫ਼ਿਲਮ ਵਿੱਚ ਦਰਸਾਈਆਂ ਗਈਆਂ ਉਹ ਘਟਨਾਵਾਂ ਜਨਤਕ ਦਸਤਾਵੇਜ਼ਾਂ (ਅਖ਼ਬਾਰਾਂ ਅਤੇ ਅਦਾਲਤੀ ਰਿਕਾਰਡ) ਵਿੱਚੋਂ ਲਈਆਂ ਗਈਆਂ ਹਨ।

ਉਨ੍ਹਾਂ ਨੇ ਇਨ੍ਹਾਂ ਬਦਲਾਵਾਂ ਨੂੰ, ਭਾਰਤ ਸਰਕਾਰ ਅਤੇ ਸੈਂਸਰ ਬੋਰਡ ਵੱਲੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਭਾਰਤ ਦੇ ਸੁਪਰੀਮ ਕੋਰਟ ਵੱਲੋਂ ਪ੍ਰਮਾਣਿਤ ਕੀਤੇ ਤੱਥਾਂ ਅਤੇ ਕੇਂਦਰੀ ਮਨੁੱਖੀ ਅਧਿਕਾਰ ਕਮਿਸ਼ਨ ਦੀਆਂ ਰਿਪੋਰਟਾਂ ਨੂੰ ਬਦਲਣ ਦੀ ਕੋਸ਼ਿਸ਼ ਦੱਸਿਆ ਹੈ। ਪਰਮਜੀਤ ਕੌਰ ਖਾਲੜਾ ਨੇ ਇਲਜ਼ਾਮ ਲਾਇਆ ਸੀ ਕਿ ਫ਼ਿਲਮ ਕੈਨੇਡਾ ਦੇ ਟੋਰਾਂਟੋ ਇੰਟਰਨੈਸ਼ਨਲ ਫ਼ਿਲਮ ਫ਼ੈਸਟੀਵਲ (2023) ਲਈ ਚੁਣੀ ਗਈ ਸੀ ਪਰ ਇਸ ਨੂੰ ਉੱਥੇ ਦਿਖਾਉਣ ਨਹੀਂ ਦਿੱਤਾ ਗਿਆ।

(**ਬਾਕੀ ਸਫ਼ਾ** 30 'ਤੇ)

# ਜਸਵੰਤ ਸਿੰਘ ਖਾਲੜਾ ਦੇ ਸੰਘਰਸ਼ ਤੇ ਸ਼ਹਾਦਤ ਦੀ ਸਾਖੀ

ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਉਹ ਸ਼ਖ਼ਸ ਸਨ, ਜੋ 1980-90 ਵਿਆਂ ਦੌਰਾਨ ਪੰਜਾਬ ਵਿੱਚ ਚੱਲੀ ਖਾੜਕੂ ਲਹਿਰ ਦੌਰਾਨ ਲਾਪਤਾ ਲੋਕਾਂ ਦੀ ਭਾਲ ਕਰਦਿਆਂ ਇੱਕ ਦਿਨ ਖ਼ੁਦ ਹੀ ਲਾਪਤਾ ਹੋ ਗਏ ਸਨ। ਪੁਲਿਸ ਅਧਿਕਾਰੀਆਂ ਨੇ 6 ਸਤੰਬਰ 1995 ਨੂੰ ਉਨ੍ਹਾਂ ਨੂੰ ਉਨ੍ਹਾਂ ਦੀ ਰਿਹਾਇਸ਼ ਤੋਂ ਅਗਵਾ ਕਰ ਲਿਆ ਸੀ।

ਅਦਾਲਤਾਂ ਵਿੱਚ ਸੀਬੀਆਈ ਨੇ ਕੇਸ ਦੇ ਜੋ ਵੇਰਵੇ ਦਿੱਤੇ ਉਸ ਮੁਤਾਬਕ, ਜਸਵੰਤ ਸਿੰਘ ਖਾਲੜਾ ਇੱਕ ਮਨੁੱਖੀ ਅਧਿਕਾਰ ਕਾਰਕੁਨ ਸੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮਨੁੱਖੀ ਅਧਿਕਾਰ ਵਿੰਗ ਦੇ ਜਨਰਲ ਸਕੱਤਰ ਰਹਿ ਚੁੱਕੇ ਹਨ। ਉਨ੍ਹਾਂ ਮੁਤਾਬਕ, 'ਪੰਜਾਬ ਦਾ 1980 ਅਤੇ 1990 ਦੇ ਦਹਾਕੇ ਵਿੱਚ ਜੋ ਖਾੜਕੂਵਾਦ ਦੀਆਂ ਵਾਰਦਾਤਾਂ ਹੋਈਆਂ ਤਾਂ ਪੁਲਿਸ ਤਸ਼ੱਦਦ, ਹਿਰਾਸਤੀ ਮੌਤਾਂ ਅਤੇ ਝੂਠੇ ਪੁਲਿਸ ਮੁਕਾਬਲੇ ਵੀ ਲਗਾਤਾਰ ਚਰਚਾ ਵਿੱਚ ਰਹੇ।'



ਇਹ ਮਸਲਾ ਮਨੁੱਖੀ ਹੱਕਾਂ ਬਾਰੇ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਹਵਾਲੇ ਨਾਲ ਚਰਚਾ ਵਿੱਚ ਆਇਆ ਜਦੋਂ ਉਨ੍ਹਾਂ ਨੇ ਅੰਮ੍ਰਿਤਸਰ, ਮਜੀਠਾ ਅਤੇ ਤਰਨ ਤਾਰਨ ਦੇ ਤਿੰਨ ਸ਼ਮਸ਼ਾਨ ਘਾਟਾਂ ਵਿੱਚ ਜੂਨ 1984 ਤੋਂ ਦਸੰਬਰ 1994 ਤੱਕ ਲਵਾਰਸ ਲਾਸ਼ਾਂ ਦੇ ਵੇਰਵੇ ਨਸ਼ਰ ਕੀਤੇ। ਉਨ੍ਹਾਂ ਇਹ ਦਾਅਵਾ ਕੀਤਾ ਕਿ ਇਹ ਲਾਵਾਰਿਸ ਲਾਸ਼ਾਂ ਪੁਲਿਸ ਦੀਆਂ ਗ਼ੈਰ-ਕਾਨੂੰਨੀ ਕਾਰਵਾਈਆਂ ਦੀ ਗਵਾਹੀ ਭਰਦੀਆਂ ਹਨ। ਸੀਬੀਆਈ ਮੁਤਾਬਕ ਜਸਵੰਤ ਸਿੰਘ ਖਾਲੜਾ ਨੇ ਇਸ ਵਿਰੁੱਧ ਆਵਾਜ਼ ਉਠਾਈ। ਪੁਲਿਸ ਅਧਿਕਾਰੀਆਂ ਨੂੰ ਖਾਲੜਾ ਦੀਆਂ ਅਜਿਹੀਆਂ ਗਤੀਵਿਧੀਆਂ ਪਸੰਦ ਨਹੀਂ ਆਈਆਂ ਅਤੇ ਪੁਲਿਸ ਅਧਿਕਾਰੀਆਂ ਵੱਲੋਂ ਖਾਲੜਾ ਨੂੰ ਟੈਲੀਫੋਨ @ਤੇ ਧਮਕੀਆਂ ਦਿੱਤੀਆਂ ਜਾ ਰਹੀਆਂ ਸਨ। ਸਥਾਨਕ ਪੁਲਿਸ ਨੇ ਖਾਲੜਾ ਤੋਂ ਖੁਣਸ ਖਾਕੇ ਐੱਸਐੱਸਪੀ ਅਜੀਤ ਸਿੰਘ ਸੰਧੂ ਦੀ ਅਗਵਾਈ ਵਿਚ ਸਥਾਨਕ ਪੁਲਿਸ ਅਧਿਕਾਰੀਆਂ ਨੇ 6 ਸਤੰਬਰ 1995 ਨੂੰ ਉਨ੍ਹਾਂ ਨੂੰ ਉਨ੍ਹਾਂ ਦੀ ਅੰਮ੍ਰਿਤਸਰ ਦੇ ਕਬੀਰ ਪਾਰਕ ਸਥਿਤ ਰਿਹਾਇਸ਼ੀ ਘਰ ਤੋਂ ਅਗਵਾ ਕਰ ਲਿਆ। ਉਨ੍ਹਾਂ ਨੂੰ ਗ਼ੈਰਕਾਨੂੰਨੀ ਹਿਰਾਸਤ ਵਿੱਚ ਰੱਖਣ ਤੋਂ ਬਾਅਦ ਕਤਲ ਕਰ ਦਿੱਤਾ। ਉਨ੍ਹਾਂ ਦੀ ਲਾਸ਼ ਹਰੀਕੇ ਇਲਾਕੇ ਵਿੱਚ ਨਹਿਰ ਵਿੱਚ ਸੁੱਟ ਦਿੱਤੀ ਗਈ।

ਗਵਾਹ ਬਣੇ ਕਿਰਪਾਲ ਸਿੰਘ ਰੰਧਾਵਾ ਨੇ ਡੀਐੱਸਪੀ ਜਸਪਾਲ ਸਿੰਘ, ਸੁਰਿੰਦਰਪਾਲ ਸਿੰਘ, ਜਸਬੀਰ ਸਿੰਘ ਤੇ ਸਤਨਾਮ ਸਿੰਘ ਨੂੰ ਹੋਰ ਮੁਲਜ਼ਮਾਂ ਸਮੇਤ ਜਸਵੰਤ ਸਿੰਘ ਖਾਲੜਾ ਨੂੰ ਚਿੱਟੇ ਰੰਗ ਦੀ ਮਾਰੂਤੀ ਵੈਨ ਵਿੱਚ ਕਬੀਰ ਪਾਰਕ ਵਿੱਚੋਂ ਲੰਘਦੇ ਹੋਏ ਵੇਖਿਆ ਸੀ।

ਯੂਨੀਵਰਸਿਟੀ ਵਿੱਚ ਕੰਮ ਕਰਨ ਵਾਲੀ ਜਸਵੰਤ ਸਿੰਘ ਖਾਲੜਾ ਦੀ ਪਤਨੀ ਪਰਮਜੀਤ ਕੌਰ ਇਹ ਖ਼ਬਰ ਮਿਲਦਿਆਂ ਹੀ ਘਰ ਪਹੁੰਚ ਗਈ ਸੀ। ਉਨ੍ਹਾਂ ਨੇ ਉਸੇ ਦਿਨ ਪੁਲਿਸ ਨੂੰ ਸ਼ਿਕਾਇਤ ਕੀਤੀ ਕਿ ਉਨ੍ਹਾਂ ਦੇ ਪਤੀ ਨੂੰ

(**ਬਾਕੀ ਸਫ਼ਾ** 30 'ਤੇ)

# ਕੀ ਹੋਵੇਗਾ ਪੰਜਾਬ ਦੀ 'ਪੰਥਕ ਸਿਆਸਤ' ਦਾ ਭਵਿੱਖ ?

## 'ਅਕਾਲੀ ਦਲ-ਵਾਰਿਸ ਪੰਜਾਬ ਦੇ' ਦੇ ਗਠਨ ਨਾਲ ਪੰਥਕ ਸਿਆਸਤ 'ਚ ਹੋਈ ਵੱਡੀ ਹਲਚਲ

### ਬਾਗੀ ਅਕਾਲੀ ਆਗੂ ਵੀ ਮੁੜ ਹੋਏ ਸਰਗਰਮ

**ਜਗਮੋਹਨ ਸਿੰਘ 'ਲੱਕੀ'**





ਜਦੋਂ ਤੱਕ ਧਰਮ ਰਾਜਨੀਤੀ 'ਤੇ ਭਾਰੂ ਰਹਿੰਦਾ ਹੈ, ਤਾਂ ਰਾਜਨੀਤੀ ਵਿੱਚ ਵੀ ਕੁਝ ਚੰਗਾ ਹੋਣ ਦੇ ਆਸਾਰ ਬਣ ਜਾਂਦੇ ਹਨ ਪਰ ਜਦੋਂ ਰਾਜਨੀਤੀ ਹੀ ਧਰਮ 'ਤੇ ਭਾਰੂ ਹੋਣ ਦਾ ਯਤਨ ਕਰਨ ਲੱਗ ਪਵੇ ਤਾਂ ਧਰਮ ਦੇ ਮੁੱਖ ਆਗੂਆਂ ਤੇ ਪੈਰੋਕਾਰਾਂ ਨੂੰ ਆਪਣੇ ਮੁੱਖ ਫ਼ਰਜ਼ ਨਿਭਾਉਣੇ ਪੈਂਦੇ ਹਨ। ਧਰਮ ਦੀ ਅਗਵਾਈ ਵਿੱਚ ਹੀ ਰਾਜਨੀਤੀ ਦਾ ਮੁਹਾਂਦਰਾਂ ਨਿਖਰਦਾ ਹੈ

ਭਗਤੀ ਅਤੇ ਸ਼ਕਤੀ ਦੇ ਸੋਮੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿੱਚ ਇੱਕ ਪਾਸੇ ਵੱਖ -ਵੱਖ ਅਕਾਲੀ ਧੜਿਆਂ ਨੂੰ ਭੰਗ ਕਰਕੇ ਇੱਕੋ ਹੀ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਦੀ ਕਵਾਇਦ ਚੱਲ ਰਹੀ ਹੈ, ਪਰ ਦੂਜੇ ਪਾਸੇ ਮਾਘੀ ਦੇ ਪਵਿੱਤਰ ਤਿਉਹਾਰ 'ਤੇ ਇੱਕ ਹੋਰ ਅਕਾਲੀ ਦਲ ਦਾ ਜਨਮ ਹੋ ਗਿਆ ਹੈ। ਇਸ ਤਰ੍ਹਾਂ ਅਕਾਲੀ ਦਲਾਂ ਦੀ ਗਿਣਤੀ ਵਿੱਚ ਹੋਰ ਵਾਧਾ ਹੋ ਗਿਆ ਹੈ। ਪੰਥਕ ਹਲਕਿਆਂ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਭਾਵ ਬਾਦਲ ਦਲ ਦੇ ਪੰਥਕ ਸੋਚ ਨੂੰ ਪ੍ਰਨਾਏ ਵੱਡੀ ਗਿਣਤੀ ਲੋਕਾਂ ਤੋਂ ਦੂਰ ਹੋਣ ਕਾਰਨ ਇਸ ਸਮੇਂ ਨਿਰੋਲ ਪੰਥਕ ਪਾਰਟੀ ਦੀ ਵੱਡੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ, ਸ਼ਾਇਦ ਇਸੇ ਨੂੰ ਮੁੱਖ ਰੱਖਦਿਆਂ ਹੀ ਬਾਗੀ ਅਕਾਲੀ, ਸ਼੍ਰੋਮਣੀ ਅਕਾਲੀ ਦਲ ਤੋਂ ਇੱਕ ਪਰਿਵਾਰ ਦਾ ਕਬਜ਼ਾ ਦੂਰ ਕਰਨ ਲਈ ਅਤੇ ਅਕਾਲੀ ਦਲ ਨੂੰ ਨਿਰੋਲ ਪੰਥਕ ਪਾਰਟੀ ਵਜੋਂ ਉਭਾਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸ਼ਰਨ ਵਿੱਚ ਗਏ ਸਨ। ਅਕਾਲੀ ਦਲ ਦੇ ਇਹਨਾਂ ਦੋਵਾਂ ਮੁੱਖ ਧੜਿਆਂ ਨੂੰ ਏਕਤਾ ਸੂਤਰ ਵਿੱਚ ਪਰੋਨ ਦੀ ਗੱਲ ਅਜੇ ਸਿਰੇ ਵੀ ਨਹੀਂ ਸੀ ਚੜ੍ਹੀ ਕਿ 'ਅਕਾਲੀ ਦਲ-ਵਾਰਿਸ ਪੰਜਾਬ ਦੇ' ਦੇ ਨਾਂਅ ਹੇਠ ਨਵੀਂ ਪੰਥਕ ਪਾਰਟੀ ਦਾ ਗਠਨ ਹੋ ਗਿਆ। ਇਸ ਨਵੀਂ ਪਾਰਟੀ ਦੇ ਗਠਨ ਨਾਲ ਪੰਜਾਬ ਦੀ ਪੰਥਕ ਸਿਆਸਤ ਵਿੱਚ ਇੱਕਦਮ ਹੀ ਵੱਡੀ ਹਲਚਲ ਹੋਣ ਲੱਗ ਪਈ ਹੈ।

ਹੁਣ ਖਡੂਰ ਸਾਹਿਬ ਤੋਂ ਸਾਂਸਦ ਅੰਮ੍ਰਿਤਪਾਲ ਸਿੰਘ ਅਤੇ ਫ਼ਰੀਦਕੋਟ ਤੋਂ ਸਾਂਸਦ ਭਾਈ ਸਰਬਜੀਤ ਸਿੰਘ ਖ਼ਾਲਸਾ ਦੇ ਰੂਪ ਵਿੱਚ ਨਵੀਂ ਪੰਥਕ ਲੀਡਰਸ਼ਿਪ ਦਾ ਉਭਾਰ ਹੋ ਚੁੱਕਿਆ ਹੈ। ਦੋਵਾਂ ਨੌਜਵਾਨ ਪੰਥਕ ਆਗੂਆਂ ਤੋਂ ਸਿੱਖ ਪੰਥ ਨੂੰ ਬਹੁਤ ਉਮੀਦਾਂ ਹਨ। ਭਾਈ ਅੰਮ੍ਰਿਤਪਾਲ ਸਿੰਘ ਦੇ ਜੇਲ੍ਹ ਵਿੱਚ ਬੰਦ ਹੋਣ ਕਾਰਨ ਉਹਨਾਂ ਦੇ ਸਮਰਥਕ ਹੀ ਪੰਥਕ ਸਰਗਰਮੀਆਂ ਚਲਾ ਰਹੇ ਹਨ।

ਪੰਥਕ ਸਿਆਸਤ ਦੇ ਮੁੜ ਪੂਰੀ ਤਰ੍ਹਾਂ ਉਭਾਰ ਲਈ ਅਤੇ ਪੰਥ ਦੇ ਅਹਿਮ ਮਸਲੇ ਹੱਲ ਕਰਵਾਉਣ ਲਈ ਨਵੀਂ ਪੰਥਕ ਲੀਡਰਸ਼ਿਪ ਦੀ ਲੋੜ ਇਸ ਸਮੇਂ ਪੰਥ ਨੂੰ ਮਹਿਸੂਸ ਹੋ ਰਹੀ ਹੈ। ਲੰਬਾ ਸਮਾਂ ਪੰਥ ਦੀ ਅਗਵਾਈ ਕਰਨ ਵਾਲੀ ਪੰਥਕ ਪਾਰਟੀ ਅਕਾਲੀ ਦਲ ਇਸ ਸਮੇਂ ਅੰਦਰੂਨੀ ਫ਼ੁੱਟ ਦਾ ਸ਼ਿਕਾਰ ਹੋ ਗਈ ਹੈ, ਜਿਸ ਕਰਕੇ ਪੰਜਾਬ ਵਿੱਚ ਹੋਰ ਕੋਈ ਅਜਿਹੀ ਸਿਆਸੀ ਪਾਰਟੀ ਨਹੀਂ ਜੋ ਕਿ ਪੂਰੀ ਤਰ੍ਹਾਂ ਪੰਥਕ ਪਾਰਟੀ ਕਹਿਲਾਅ ਸਕੇ। ਹੋਰਨਾਂ ਸਿਆਸੀ ਪਾਰਟੀਆਂ ਨੇ ਪੰਥਕ ਮੁੱਦਿਆਂ ਤੋਂ ਇੱਕ ਤਰ੍ਹਾਂ ਦੂਰੀ ਬਣਾ ਕੇ ਰੱਖੀ ਹੋਈ ਹੈ। ਇਥੋਂ ਤੱਕ ਕਿ ਕਿਸਾਨ ਜਥੇਬੰਦੀਆਂ ਨੇ ਵੀ ਪੰਥਕ ਮੁੱਦਿਆਂ ਤੋਂ ਦੂਰੀ ਬਣਾਈ ਹੋਈ ਹੈ, ਜਿਸ ਕਰਕੇ ਪੰਜਾਬ ਵਿੱਚ ਨਵੀਂ ਪੰਥਕ ਪਾਰਟੀ ਦੀ ਲੋੜ ਵੱਡੇ ਪੱਧਰ 'ਤੇ ਮਹਿਸੂਸ ਕੀਤੀ ਜਾ ਰਹੀ ਹੈ।

ਪੰਜਾਬ ਦਾ ਇਤਿਹਾਸ ਗਵਾਹ ਹੈ ਕਿ ਪਿਛਲੇ ਦਹਾਕਿਆਂ ਦੌਰਾਨ ਪੰਜਾਬ ਦੀ ਸਿਆਸਤ 'ਤੇ ਪੰਥਕ ਸੋਚ ਵਾਲੇ ਆਗੂਆਂ ਦਾ ਵੱਡਾ ਪ੍ਰਭਾਵ ਰਿਹਾ ਹੈ ਅਤੇ ਪੰਥਕ ਸੋਚ ਨੂੰ ਪ੍ਰਨਾਏ ਆਗੂ ਸਿਆਸਤ ਵਿੱਚ ਮੋਹਰੀ ਭੂਮਿਕਾ ਨਿਭਾਉਂਦੇ ਰਹੇ ਹਨ। ਕਿਸੇ ਸਮੇਂ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਪੰਥ ਦੇ ਨਾਲ ਪੰਜਾਬ ਦੀ ਸਿਆਸਤ 'ਤੇ ਵੀ ਪੂਰਾ ਪ੍ਰਭਾਵ ਹੁੰਦਾ ਸੀ ਅਤੇ ਉਹਨਾਂ ਨੇ ਪੰਜਾਬ ਦੇ ਸੀਨੀਅਰ ਆਗੂ ਵਜੋਂ ਵਿਚਰਦਿਆਂ ਹੀ ਉਸ ਸਮੇਂ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਲ 'ਰਾਜੀਵ ਲੌਂਗੋਵਾਲ ਸਮਝੌਤਾ' ਕੀਤਾ ਸੀ। ਪਿਛਲੇ ਸਮੇਂ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਰਹਿੰਦਿਆਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਪੰਜਾਬ ਦੀ ਸਿਆਸਤ 'ਤੇ ਵੀ ਪੂਰਾ ਦਬਦਬਾ ਹੁੰਦਾ ਸੀ। ਉਸ ਤੋਂ ਬਾਅਦ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਹੋਰ ਆਗੂ ਵੀ ਪੰਥਕ ਸਿਆਸਤ ਦੇ ਨਾਲ-



ਨਾਲ ਪੰਜਾਬ ਦੀ ਸਿਆਸਤ ਵਿੱਚ ਛਾਏ ਰਹੇ।

ਇਤਿਹਾਸ ਗਵਾਹ ਹੈ ਕਿ ਜਦੋਂ ਰੋਮ ਵਿੱਚ ਪੋਪ ਯਾਨੀ ਧਰਮ ਦਾ ਰੋਮ ਦੀ ਰਾਜਨੀਤੀ 'ਤੇ ਦਬਦਬਾ ਰਿਹਾ ਤਾਂ ਰੋਮ ਵਿੱਚ ਸਭ ਕੁਝ ਠੀਕ ਸੀ ਪਰ ਜਦੋਂ ਰੋਮ ਵਿੱਚ ਪੋਪ ਦਾ ਪ੍ਰਭਾਵ ਘਟਿਆ ਅਤੇ ਧਰਮ ਵਿੱਚ ਵੀ ਰਾਜਨੀਤੀ ਦੀ ਦਖਲਅੰਦਾਜੀ ਹੋਣ ਲੱਗੀ ਤਾਂ ਰੋਮ ਦਾ ਜੋ ਹਾਲ ਹੋਇਆ ਸੀ, ਉਹ ਸਭ ਨੂੰ ਪਤਾ ਹੈ। ਉਸ ਸਮੇਂ ਹੀ ਕਹਾਵਤ ਬਣੀ ਕਿ 'ਰੋਮ ਜਲਦਾ ਰਿਹਾ, ਤੇ ਨੀਰੋ ਬੰਸਰੀ ਵਜਾਉਂਦਾ ਰਿਹਾ। ਪੰਜਾਬ ਦੀ ਪੰਥਕ ਸਿਆਸਤ ਵਿੱਚ ਇਸ ਸਮੇਂ 'ਨੀਰੋ' ਵਰਗੇ ਆਗੂਆਂ ਦੀ ਲੋੜ ਨਹੀਂ ਹੈ, ਸਗੋਂ ਧਾਰਮਿਕ ਤੇ ਪੰਥਕ ਜਜ਼ਬੇ ਵਾਲੇ ਆਗੂਆਂ ਦੀ ਲੋੜ ਹੈ।

ਪੰਜਾਬ ਵਿੱਚ ਪੱਕੀਆਂ ਪੰਥਕ ਵੋਟਾਂ ਦੀ ਗਿਣਤੀ ਬਹੁਤ ਹੈ, ਇਹ ਪੰਥਕ ਵੋਟਾਂ ਕਿਸੇ ਵੀ ਪਾਰਟੀ ਦੀ ਜਿੱਤ ਹਾਰ ਨੂੰ ਬਦਲ ਸਕਦੀਆਂ ਹਨ ਅਤੇ ਪੰਥਕ ਵੋਟਾਂ ਕਾਰਨ ਪੰਜਾਬ ਦੀ ਸਿਆਸਤ ਦੇ ਸਮੀਕਰਨ ਵੀ ਬਦਲ ਸਕਦੇ ਹਨ। ਸਿੱਖਾਂ ਅਤੇ ਪੰਥ ਦੀ ਸਿਆਸੀ ਪਾਰਟੀ ਕਹਾਉਣ ਵਾਲੇ ਅਕਾਲੀ ਦਲ ਨੂੰ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਈ ਸਾਲ ਪਹਿਲਾਂ ਮੋਗਾ ਵਿਖੇ ਰੈਲੀ ਦੌਰਾਨ ਪੰਥਕ ਪਾਰਟੀ ਤੋਂ ਪੰਜਾਬ ਪਾਰਟੀ ਦਾ ਰੂਪ ਦੇ ਦਿੱਤਾ ਸੀ ਅਤੇ ਕਿਹਾ ਸੀ ਕਿ ਅਕਾਲੀ ਦਲ ਸਿਰਫ਼ ਪੰਥ ਜਾਂ ਸਿੱਖਾਂ ਦੀ ਪਾਰਟੀ ਨਹੀਂ ਸਗੋਂ ਸਾਰੇ ਪੰਜਾਬੀਆਂ ਦੀ ਪਾਰਟੀ ਹੈ। ਉਸ ਤੋਂ ਬਾਅਦ ਅਕਾਲੀ ਦਲ ਵਿੱਚ ਟਕਸਾਲੀ ਪੰਥਕ ਆਗੂਆਂ ਦੀ ਥਾਂ ਹੋਰਨਾਂ ਧਰਮਾਂ ਦੇ ਆਗੂਆਂ ਨੂੰ ਅਹਿਮ ਅਹੁਦੇ ਦਿੱਤੇ ਜਾਣ ਲੱਗੇ ਅਤੇ ਅਕਾਲੀ ਦਲ ਬਾਦਲ ਵਿੱਚ ਇਹ ਰਵਾਇਤ ਅਜੇ ਵੀ ਕਾਇਮ ਹੈ। ਪੰਥ ਦਰਦੀ ਇਹ ਵੀ ਸੋਚ ਰਹੇ ਹਨ ਕਿ ਜੇ ਅਕਾਲੀ ਦਲ ਮੁੜ ਪੰਥਕ ਸੋਚ ਨੂੰ ਅਪਨਾਅ ਲੈਂਦਾ ਹੈ ਤਾਂ ਉਹ ਪੰਜਾਬ ਵਿੱਚ ਮੁੜ ਮਜ਼ਬੂਤ ਹੋ ਸਕਦਾ ਹੈ। ਅਕਾਲੀ ਦਲ ਦਾ ਇਤਿਹਾਸ ਕੁਰਬਾਨੀਆਂ ਭਰਿਆ ਹੈ। ਇਸ ਸਮੇਂ ਵੀ ਇਹ ਪਾਰਟੀ ਆਪਣੇ ਹੀ ਆਗੂਆਂ ਤੋਂ ਕੁਰਬਾਨੀਆਂ ਮੰਗ ਰਹੀ ਹੈ। ਅਕਾਲੀ ਆਗੂਆਂ ਨੂੰ ਕੰਧ 'ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ ਅਤੇ ਆਪਣੇ ਅਹੁਦਿਆਂ ਦਾ ਮੋਹ ਛੱਡ ਕੇ ਪਾਰਟੀ ਦੀ ਵਾਗ ਡੋਰ ਸਰਬ ਪ੍ਰਵਾਨਿਤ ਆਗੂ ਦੇ ਹੱਥ ਦੇ ਦੇਣੀ ਚਾਹੀਦੀ ਹੈ ਤਾਂ ਕਿ ਪਾਰਟੀ ਮੁੜ ਮਜ਼ਬੂਤ ਹੋ ਸਕੇ।

ਪੰਥ ਹਮੇਸ਼ਾ ਚੜ੍ਹਦੀਕਲਾ ਵਿੱਚ ਰਿਹਾ ਹੈ ਅਤੇ ਚੜ੍ਹਦੀਕਲਾ ਵਿੱਚ ਹੀ ਰਹੇਗਾ। ਭਾਵੇਂ ਕਿ ਸਮੇਂ ਸਮੇਂ ਵੱਖ- ਵੱਖ ਹਾਕਮਾਂ ਨੇ ਪੰਥ ਨਾਲ ਟੱਕਰ ਲਈ ਹੈ, ਪਰ ਉਹਨਾਂ ਨੂੰ ਮੂੰਹ ਦੀ ਖਾਣੀ ਪਈ ਹੈ। ਇਹੋ ਕਾਰਨ ਹੈ ਕਿ ਅਨੇਕਾਂ ਉਤਰਾਓ ਚੜ੍ਹਾਓ ਆਉਣ ਦੇ ਬਾਵਜੂਦ ਪੰਥ ਪੂਰੀ ਤਰ੍ਹਾਂ ਮਜ਼ਬੂਤ ਦਿਖਾਈ ਦੇ ਰਿਹਾ ਹੈ। ਇਸ ਸਮੇਂ ਲੋੜ ਤਾਂ ਅਜਿਹੇ ਧੜੱਲੇਦਾਰ ਸਿੱਖ ਆਗੂਆਂ ਦੀ ਹੈ, ਜੋ ਪੰਥ ਨੂੰ ਯੋਗ ਅਗਵਾਈ ਦੇ ਸਕਣ।

ਪੰਜਾਬ ਦੀ ਪੰਥਕ ਸਿਆਸਤ ਵਿੱਚ ਨਵੇਂ ਉਭਰੇ ਨੌਜਵਾਨ ਆਗੂ ਭਾਈ ਸਰਬਜੀਤ ਸਿੰਘ ਅਤੇ ਭਾਈ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਵਿੱਚ ਜੋ ਨਵੀਂ ਪੰਥਕ ਪਾਰਟੀ ਬਣੀ ਹੈ, ਉਸ ਸਬੰਧੀ ਪੰਥ ਵਿੱਚ ਕਿਆਸ ਅਰਾਈਆਂ ਦਾ ਦੌਰ ਜਾਰੀ ਹੈ। ਇਹ ਦੋਵੇਂ ਆਗੂ ਵੱਡੀ ਗਿਣਤੀ ਲੋਕਾਂ ਦੇ ਸਮਰਥਨ ਨਾਲ ਸੰਸਦ ਮੈਂਬਰ ਬਣੇ ਹਨ ਅਤੇ ਲੱਖਾਂ ਲੋਕਾਂ ਨੇ ਇਹਨਾਂ ਆਗੂਆਂ ਵਿੱਚ ਆਪਣਾ ਭਰੋਸਾ ਪ੍ਰਗਟਾਇਆ ਹੈ। ਹੁਣ ਇਹਨਾਂ ਆਗੂਆਂ ਤੋਂ ਵੀ ਆਸ ਕੀਤੀ ਜਾ ਰਹੀ ਹੈ ਕਿ ਉਹ ਆਪਣੇ ਵਿੱਚ ਪ੍ਰਗਟਾਏ ਗਏ ਲੱਖਾਂ ਲੋਕਾਂ ਦੇ ਭਰੋਸੇ ਨੂੰ ਕਾਇਮ ਰੱਖਣਗੇ ਅਤੇ ਪੰਥ ਦੀ ਚੜ੍ਹਦੀਕਲਾ ਲਈ ਆਪਣਾ ਵੱਡਾ ਯੋਗਦਾਨ ਪਾਉਣਗੇ।

ਇਸ ਸਮੇਂ ਪੰਥਕ ਏਕਤਾ ਦੀ ਵੱਡੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ। ਇਸ ਲਈ ਪੰਥ ਦੇ ਨੌਜਵਾਨ ਆਗੂਆਂ ਸਮੇਤ ਹੋਰਨਾਂ ਸੀਨੀਅਰ ਆਗੂਆਂ ਨੂੰ ਵੀ ਰਲ ਮਿਲ ਕੇ ਪੰਥ ਦੀ ਵਾਗ ਡੋਰ ਸੰਭਾਲਣੀ ਚਾਹੀਦੀ ਹੈ ਅਤੇ ਪੰਥਕ ਮਸਲੇ ਹੱਲ ਕਰਵਾਉਣ ਲਈ ਆਪਣੀ ਆਵਾਜ਼ ਉਠਾਉਣੀ ਚਾਹੀਦੀ ਹੈ। ਆਸ ਕੀਤੀ ਜਾਣੀ ਚਾਹੀਦੀ ਹੈ ਕਿ ਪੰਥਕ ਸਿਆਸਤ ਵਿੱਚ ਨਵੇਂ ਉਭਰੇ ਨੌਜਵਾਨ ਆਗੂ ਪੰਥ ਦੀਆਂ ਉਮੀਦਾਂ 'ਤੇ ਖਰੇ ਉਤਰਣਗੇ।

ਪੰਜਾਬ ਦੀ ਪੰਥਕ ਸਿਆਸਤ ਵਿੱਚ ਸਰਗਰਮ ਕੁਝ ਧਿਰਾਂ ਵੱਲੋਂ ਜਿਥੇ ਆਪਣੀ ਜ਼ਮੀਨ ਬਚਾਉਣ ਦੇ ਯਤਨ ਕੀਤੇ ਜਾ ਰਹੇ ਹਨ, ਉਥੇ ਹੋਰਨਾਂ ਧਿਰਾਂ ਵੱਲੋਂ ਨਵੀਂ ਜ਼ਮੀਨ ਬਣਾਉਣ ਦੇ ਵੀ ਯਤਨ ਸ਼ੁਰੂ ਹੋ ਗਏ ਹਨ। ਹੁਣ ਪੰਜਾਬ ਦੀ ਪੰਥਕ ਸਿਆਸਤ ਦਾ ਭਵਿੱਖ ਕੀ ਹੋਵੇਗਾ ? ਇਸ ਦਾ ਜਵਾਬ ਤਾਂ ਸਮੇਂ ਦੀ ਬੁੱਕਲ ਦੇ ਵਿੱਚ ਹੈ।

### ਭਰਤੀ ਨਵੀਂ, ਵਿਵਾਦ ਪੁਰਾਣਾ

ਸ਼੍ਰੋਮਣੀ ਅਕਾਲੀ ਦਲ ਭਾਵ ਬਾਦਲ ਵੱਲੋਂ ਅਕਾਲੀ ਦਲ ਵਿੱਚ ਨਵੀਂ ਭਰਤੀ ਮੁਹਿੰਮ ਸ਼ੁਰੂ ਕਰ ਦਿੱਤੀ ਗਈ ਹੈ, ਜਿਸ ਤਹਿਤ ਸੁਖਬੀਰ ਬਾਦਲ ਵੀ ਅਕਾਲੀ ਦਲ ਦੇ ਮੈਂਬਰ ਬਣੇ ਹਨ। ਦੂਜੇ ਪਾਸੇ ਬਾਗੀ ਅਕਾਲੀ ਆਗੂਆਂ ਨੇ ਜਥੇਦਾਰ ਅਕਾਲ ਤਖ਼ਤ ਸਾਹਿਬ ਕੋਲ ਪਹੁੰਚ ਕਰਕੇ ਅਕਾਲੀ ਦਲ ਦੀ ਭਰਤੀ ਮੁਹਿੰਮ ਜਥੇਦਾਰ ਸਾਹਿਬਾਨ ਵੱਲੋਂ ਬਣਾਈ ਕਮੇਟੀ ਦੀ ਅਗਵਾਈ ਵਿੱਚ ਹੀ ਕਰਨ ਦੀ ਮੰਗ ਕੀਤੀ ਹੈ। ਜਦੋਂਕਿ ਬਾਦਲ ਦਲ ਦੇ ਆਗੂਆਂ ਦਾ ਕਹਿਣਾ ਹੈ ਕਿ ਚੋਣ ਕਮਿਸ਼ਨ ਅਤੇ ਹੋਰ ਕਾਨੂੰਨੀ ਪੱਖਾਂ ਨੂੰ ਵੇਖਦਿਆਂ ਜਥੇਦਾਰ ਸਾਹਿਬਾਨ ਵੱਲੋਂ ਬਣਾਈ ਕਮੇਟੀ ਅਧੀਨ ਨਵੀਂ ਭਰਤੀ ਕਰਨੀ ਸੰਭਵ ਨਹੀਂ। ਇਸ ਕਰਕੇ ਹੀ ਅਕਾਲੀ ਦਲ ਬਾਦਲ ਵੱਲੋਂ ਆਪਣੀ ਬਣਾਈ ਕਮੇਟੀ ਦੀ ਅਗਵਾਈ ਵਿੱਚ ਨਵੀਂ ਭਰਤੀ ਕੀਤੀ ਜਾ ਰਹੀ ਹੈ। ਕਿਹਾ ਜਾ ਰਿਹਾ ਹੈ ਕਿ ਅਕਾਲੀ ਦਲ ਵਿੱਚ ਭਾਵੇਂ ਨਵੀਂ ਭਰਤੀ ਸ਼ੁਰੂ ਹੋ ਗਈ ਹੈ, ਪਰ ਇਸ ਸਬੰਧੀ ਵਿਵਾਦ ਪੁਰਾਣਾ ਹੀ ਚੱਲ ਰਿਹਾ ਹੈ।

## ਪਾਕਿ 'ਚ ਪਹਿਲੀ ਵਾਰ ਸਿੱਖ ਜੋੜੇ ਨੂੰ ਮਿਲਿਆ ਆਨੰਦ ਕਾਰਜ ਰਜਿਸਟ੍ਰੇਸ਼ਨ ਸਰਟੀਫ਼ਿਕੇਟ

### ਖ਼ੈਬਰ ਸਰਕਾਰ ਨੇ ਗੁਰਪਾਲ ਨੂੰ ਹੀ ਬਣਾਇਆ ਸਿੱਖ ਮੈਰਿਜ ਸਰਟੀਫ਼ਿਕੇਟ ਰਜਿਸਟਰਾਰ




ਲਾਹੌਰ/ਏ.ਟੀ.ਨਿਊਜ਼: ਪਾਕਿਸਤਾਨ 'ਚ ਪਹਿਲੀ ਵਾਰ ਕਿਸੇ ਸਿੱਖ ਨੂੰ ਆਨੰਦ ਕਾਰਜ ਐਕਟ 'ਚ 'ਸਿੱਖ ਮੈਰਿਜ ਸਰਟੀਫ਼ਿਕੇਟ' ਪ੍ਰਦਾਨ ਕੀਤਾ ਗਿਆ। ਖ਼ੈਬਰ ਪਖ਼ਤੂਨਖਵਾ ਸੂਬਾ ਸਰਕਾਰ ਤੋਂ ਮਾਨਤਾ ਹਾਸਲ ਇਹ ਪਹਿਲਾ ਸਰਟੀਫ਼ਿਕੇਟ ਪਿਸ਼ਾਵਰ ਸ਼ਹਿਰ ਦੇ ਨਿਵਾਸੀ ਗੁਰਪਾਲ ਸਿੰਘ ਤੇ ਉਨ੍ਹਾਂ ਦੀ ਪਤਨੀ ਹਰਮੀਤ ਕੌਰ ਨੂੰ ਨੇਬਰਹੁਡ ਕੌਂਸਲ ਟਾਊਨ ਵਨ ਦੇ ਅਧਿਕਾਰੀ ਉਬੈਦੁਰ ਰਹਿਮਾਨ ਨੇ ਸੌਂਪਿਆ। ਇਸ ਸਰਟੀਫ਼ਿਕੇਟ 'ਤੇ ਬਾਰਕੋਡ ਵੀ ਲਾਇਆ ਗਿਆ ਹੈ। ਸਿੱਖ ਆਨੰਦ ਕਾਰਜ ਮੈਰਿਜ ਬਿੱਲ ਪਾਸ ਕਰਵਾਉਣ ਲਈ ਗੁਰਪਾਲ ਸਿੰਘ ਨੇ ਕਾਫ਼ੀ ਸੰਘਰਸ਼ ਕੀਤਾ ਸੀ। ਉਨ੍ਹਾਂ ਨੇ ਦੱਸਿਆ ਕਿ ਖ਼ੈਬਰ ਪਖ਼ਤੂਨਖਵਾ ਸੂਬੇ ਦੇ ਗ੍ਰਾਮੀਣ ਵਿਕਾਸ ਵਿਭਾਗ ਨੇ ਯੂਨੀਅਨ ਕੌਂਸਲ ਨੂੰ ਸਿੱਖ ਵਿਆਹ ਲਈ ਅਧਿਕਾਰਕ ਸਿੱਖ ਮੈਰਿਜ ਰਜਿਸਟ੍ਰੇਸ਼ਨ ਸਰਟੀਫ਼ਿਕੇਟ ਜਾਰੀ ਕਰਨ ਦੀ 31 ਦਸੰਬਰ 2024 ਨੂੰ ਮਨਜ਼ੂਰੀ ਦਿਤੀ ਸੀ। ਉਸ ਤੋਂ ਬਾਅਦ 16 ਜਨਵਰੀ 2025 ਨੂੰ ਪਹਿਲਾ ਸਿੱਖ ਮੈਰਿਜ ਸਰਟੀਫ਼ਿਕੇਟ ਉਨ੍ਹਾਂ ਨੂੰ (ਗੁਰਪਾਲ ਸਿੰਘ ਨੂੰ) ਜਾਰੀ ਕੀਤਾ ਗਿਆ ਹੈ। ਉਨ੍ਹਾਂ ਨੇ ਇਹ ਵੀ ਦਸਿਆ ਕਿ ਸੂਬਾ ਸਰਕਾਰ ਨੇ ਨਵੇਂ ਵਿਆਹੇ ਸਿੱਖਾਂ ਨੂੰ ਅਜਿਹੇ ਸਰਟੀਫ਼ਿਕੇਟ ਜਾਰੀ ਕਰਨ ਤੇ ਉਨ੍ਹਾਂ 'ਤੇ ਹਸਤਾਖ਼ਰ ਕਰਨ ਲਈ ਗੁਰਪਾਲ ਸਿੰਘ ਨੂੰ ਮੈਰਿਜ ਰਜਿਸਟਰਾਰ ਦੇ ਰੂਪ 'ਚ ਨਿਯੁਕਤ ਕਰ ਦਿੱਤਾ ਹੈ।

ਗੁਰਪਾਲ ਸਿੰਘ ਨੇ ਦਸਿਆ ਕਿ ਹੁਣ ਤੱਕ ਪਿਸ਼ਾਵਰੀ ਸਿੱਖਾਂ ਨੂੰ ਵਿਆਹ ਦੇ ਸਰਟੀਫ਼ਿਕੇਟ ਦੇ ਰੂਪ 'ਚ

(ਬਾਕੀ ਸਫ਼ਾ 30 'ਤੇ)

## ਸਿੱਖ ਕਤਲੇਆਮ ਮਾਮਲੇ 'ਚ ਸੱਜਣ ਕੁਮਾਰ ਵਿਰੁੱਧ ਕਤਲ ਕੇਸ ਦਾ ਫ਼ੈਸਲਾ ਮੁਲਤਵੀ



ਨਵੀਂ ਦਿੱਲੀ/ਏ.ਟੀ.ਨਿਊਜ਼: ਦਿੱਲੀ ਦੀ ਇੱਕ ਅਦਾਲਤ ਨੇ ਸਾਬਕਾ ਕਾਂਗਰਸੀ ਸੰਸਦ ਮੈਂਬਰ ਸੱਜਣ ਕੁਮਾਰ ਵਿਰੁੱਧ 1984 ਦੇ ਸਿੱਖ ਵਿਰੋਧੀ ਦੰਗਿਆਂ ਨਾਲ ਜੁੜੇ ਕਤਲ ਕੇਸ ਵਿੱਚ ਆਪਣਾ ਫ਼ੈਸਲਾ ਮੁਲਤਵੀ ਕਰ ਦਿੱਤਾ।

ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੇ ਇਸਤਗਾਸਾ ਪੱਖ ਵੱਲੋਂ ਕੁਝ ਖਾਸ ਨੁਕਤਿਆਂ 'ਤੇ ਹੋਰ ਦਲੀਲਾਂ ਪੇਸ਼ ਕਰਨ ਲਈ ਸਮਾਂ ਮੰਗਣ ਤੋਂ ਬਾਅਦ ਫ਼ੈਸਲਾ 31 ਜਨਵਰੀ ਤਕ ਮੁਲਤਵੀ ਕਰ ਦਿੱਤਾ। ਜੱਜ ਨੇ ਕਿਹਾ ਕਿ ਅਗਲੀ ਤਾਰੀਖ 31 ਜਨਵਰੀ ਹੈ।

ਇਹ ਮਾਮਲਾ ਸਿੱਖ ਵਿਰੋਧੀ ਦੰਗਿਆਂ ਦੌਰਾਨ ਸਰਸਵਤੀ ਵਿਹਾਰ ਇਲਾਕੇ ਵਿੱਚ ਦੋ ਲੋਕਾਂ ਦੀ ਹੱਤਿਆ ਨਾਲ ਸਬੰਧਿਤ ਹੈ। ਸੱਜਣ ਕੁਮਾਰ, ਜੋ ਇਸ ਸਮੇਂ ਤਿਹਾੜ ਜੇਲ ਵਿੱਚ ਬੰਦ ਹੈ, ਵੀਡੀਓ ਕਾਨਫ਼ਰੰਸ ਰਾਹੀਂ ਅਦਾਲਤ ਵਿੱਚ ਪੇਸ਼ ਹੋਇਆ।

ਅਦਾਲਤ ਨੇ 1 ਨਵੰਬਰ, 1984 ਨੂੰ ਜਸਵੰਤ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਤਰੁਣਦੀਪ ਸਿੰਘ ਦੇ ਕਤਲ ਨਾਲ ਸਬੰਧਤ ਮਾਮਲੇ ਵਿੱਚ ਅੰਤਿਮ ਦਲੀਲਾਂ ਸੁਣਨ ਤੋਂ ਬਾਅਦ ਫ਼ੈਸਲਾ ਸੁਰੱਖਿਅਤ ਰੱਖ ਲਿਆ ਸੀ।

ਸ਼ੁਰੂ ਵਿੱਚ ਪੰਜਾਬੀ ਬਾਗ ਪੁਲਿਸ ਸਟੇਸ਼ਨ ਵਿੱਚ ਇੱਕ ਕੇਸ ਦਰਜ ਕੀਤਾ ਗਿਆ ਸੀ, ਪਰ ਬਾਅਦ ਵਿੱਚ ਇੱਕ ਵਿਸ਼ੇਸ਼ ਜਾਂਚ ਟੀਮ ਨੇ ਜਾਂਚ ਆਪਣੇ ਹੱਥਾਂ ਵਿੱਚ ਲੈ ਲਈ। 16 ਦਸੰਬਰ, 2021 ਨੂੰ, ਅਦਾਲਤ ਨੇ ਕੁਮਾਰ ਵਿਰੁੱਧ ਪਹਿਲੀ ਨਜ਼ਰੇ ਮਾਮਲਾ ਲੱਭਣ ਤੋਂ ਬਾਅਦ ਦੋਸ਼ ਤੈਅ ਕੀਤੇ ਸਨ।

(ਬਾਕੀ ਸਫ਼ਾ 30 'ਤੇ)

# ਹੱਡ-ਚੀਰਵੀਂ ਠੰਡ ਦੀ ਲਪੇਟ 'ਚ ਆਇਆ ਅਮਰੀਕਾ

## ਦੱਖਣ ਤੋਂ ਉੱਤਰ-ਪੂਰਬ ਤੱਕ ਘਾਤਕ ਠੰਡ ਅਤੇ ਬਰਫ਼ੀਲੇ ਤੂਫ਼ਾਨਾਂ ਦਾ ਸਾਹਮਣਾ ਕਰਨਾ ਪੈ ਸਕਦੈ ਲਗਭਗ 7 ਕਰੋੜ ਅਮਰੀਕੀਆਂ ਨੂੰ



ਕੈਲੀਫ਼ੋਰਨੀਆ/ਏ.ਟੀ.ਨਿਊਜ਼: ਅਮਰੀਕਾ ਹੱਡ-ਚੀਰਵੀਂ ਠੰਡ ਦੀ ਲਪੇਟ ਵਿੱਚ ਹੈ। ਇਸ ਹਫ਼ਤੇ ਦੱਖਣ ਤੋਂ ਉੱਤਰ-ਪੂਰਬ ਤੱਕ ਲਗਭਗ 7 ਕਰੋੜ ਅਮਰੀਕੀਆਂ ਨੂੰ ਘਾਤਕ ਠੰਡ ਅਤੇ ਬਰਫ਼ੀਲੇ ਤੂਫ਼ਾਨਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਰਾਸ਼ਟਰੀ ਮੌਸਮ ਰਿਪੋਰਟ ਅਨੁਸਾਰ, ਧਰੁਵੀ ਵਾਵਰੋਲਾ ਅਮਰੀਕਾ ਨਾਲ ਟਕਰਾ ਚੁੱਕਾ ਹੈ। ਪੋਲਰ ਵੌਰਟੈਕਸ, ਜਦੋਂ ਉੱਤਰੀ ਧਰੁਵ ਦੁਆਲੇ ਘੁੰਮਦਾ ਹੈ ਅਤੇ ਦੱਖਣ ਵੱਲ ਵਧਦਾ ਹੈ, ਤਾਂ ਇਹ ਅਮਰੀਕਾ, ਯੂਰਪ ਅਤੇ ਏਸ਼ੀਆ ਵਿੱਚ ਬਰਫ਼ੀਲੇ ਤੂਫ਼ਾਨ ਦਾ ਕਾਰਨ ਬਣਦਾ ਹੈ। ਇਸ ਸਮੇਂ ਦੌਰਾਨ ਪੈਣ ਵਾਲੀ ਠੰਢ ਜਾਨਲੇਵਾ ਸਾਬਤ ਹੋ ਸਕਦੀ ਹੈ।

ਯੂ.ਐਸ.ਏ. ਟੂਡੇ ਦੀ ਰਿਪੋਰਟ ਅਨੁਸਾਰ, ਅਮਰੀਕੀ ਮੌਸਮ ਵਿਭਾਗ ਨੇ ਪੂਰਬੀ ਤੱਟ ਦੇ ਲੋਕਾਂ ਨੂੰ ਸਾਵਧਾਨ ਰਹਿਣ ਲਈ ਕਿਹਾ ਹੈ। ਲੋਕਾਂ ਨੂੰ ਘਰ ਦੇ ਅੰਦਰ ਰਹਿਣ ਲਈ ਕਿਹਾ ਗਿਆ ਹੈ ਕਿਉਂਕਿ ਉੱਤਰੀ ਮੈਦਾਨੀ ਇਲਾਕਿਆਂ ਅਤੇ ਮੱਧ-ਪੱਛਮੀ ਅਮਰੀਕਾ ਵਿੱਚ 15 ਤੋਂ 25 ਸੈਂਟੀਮੀਟਰ ਬਰਫ਼ਬਾਰੀ ਹੋਣ ਦੀ ਸੰਭਾਵਨਾ ਹੈ। ਕਈ ਸ਼ਹਿਰਾਂ ਵਿੱਚ ਮੋਹਲੇਧਾਰ ਮੀਂਹ ਪੈ ਸਕਦਾ ਹੈ। ਐਤਵਾਰ ਦੁਪਹਿਰ ਤੋਂ ਹੀ ਨਿਊ ਇੰਗਲੈਂਡ ਅਤੇ ਮਿਡ-ਐਟਲਾਂਟਿਕ ਵਿੱਚ ਐਮਰਜੈਂਸੀ ਲਾਗੂ ਹੋ ਗਈ ਹੈ। ਲੋਕਾਂ ਨੂੰ ਗੱਡੀ ਚਲਾਉਣ ਤੋਂ ਬਚਣ ਲਈ ਵੀ ਕਿਹਾ ਗਿਆ ਹੈ, ਕਿਉਂਕਿ ਮੀਂਹ ਅਤੇ ਬਰਫ਼ਬਾਰੀ ਕਾਰਨ ਸੜਕਾਂ 'ਤੇ ਤਿਲਕਣ ਹੋਵੇਗੀ। ਮੈਸੇਚਿਉਸੇਟਸ, ਨਿਊ ਹੈਂਪਸ਼ਾਇਰ, ਮੇਨ ਅਤੇ ਕਨੈਕਟੀਕਟ ਦੇ ਕੁਝ ਹਿੱਸਿਆਂ ਵਿੱਚ 10 ਇੰਚ (25 ਸੈਂਟੀਮੀਟਰ) ਤੱਕ ਬਰਫ਼ ਪੈਣ ਦੀ ਸੰਭਾਵਨਾ ਜਤਾਈ ਗਈ ਹੈ।

ਨੈਸ਼ਨਲ ਵੈਦਰ ਸਰਵਿਸ ਦੇ ਮੈਰੀਲੈਂਡ ਦੇ ਮੌਸਮ ਵਿਗਿਆਨੀ ਮਾਰਕ ਚੇਨਾਰਡ ਨੇ ਅੰਦਾਜ਼ਾ ਲਗਾਇਆ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਨਿਊ ਇੰਗਲੈਂਡ ਅਤੇ ਮਿਡ-ਐਟਲਾਂਟਿਕ ਸਮੇਤ ਲਗਭਗ 7 ਕਰੋੜ ਵਸਨੀਕ ਕਿਸੇ ਨਾ ਕਿਸੇ ਕਿਸਮ ਦੇ ਸਰਦੀਆਂ ਦੇ ਤੂਫ਼ਾਨ ਦੀ ਚੇਤਾਵਨੀ ਦੇ ਅਧੀਨ ਹੋਣਗੇ। ਫ਼ਿਲਾਡੇਲਫ਼ੀਆ, ਨਿਊਯਾਰਕ ਅਤੇ ਬੋਸਟਨ ਵਰਗੇ ਵੱਡੇ ਸ਼ਹਿਰਾਂ ਵਿੱਚ ਵੀ ਕਈ ਇੰਚ ਬਰਫ਼ ਪੈ ਸਕਦੀ ਹੈ, ਜਿਸ ਵਿੱਚ ਸਭ ਤੋਂ ਵੱਧ ਬਰਫ਼ਬਾਰੀ ਵੱਡੇ ਸ਼ਹਿਰਾਂ ਤੋਂ ਬਾਹਰ ਹੋਵੇਗੀ। ਉਨ੍ਹਾਂ ਕਿਹਾ ਕਿ ਵਾਸ਼ਿੰਗਟਨ ਡੀ.ਸੀ. ਤੋਂ ਲੈ ਕੇ ਪੂਰੇ ਆਈ-95 ਕੋਰੀਡੋਰ ਅਤੇ ਫ਼ਿਰ ਉਥੋਂ ਹੋਰ ਅੰਦਰੂਨੀ ਹਿੱਸਿਆਂ ਤੱਕ ਸੜਕਾਂ ਦੀ ਸਥਿਤੀ ਖ਼ਤਰਨਾਕ ਹੋ ਸਕਦੀ ਹੈ। ਆਰਕਟਿਕ ਧਮਾਕੇ ਕਾਰਨ, ਆਉਣ ਵਾਲੇ ਸਮੇਂ ਵਿੱਚ ਹੋਰ ਵੀ ਸਖ਼ਤ ਮੌਸਮ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਰੌਕੀ ਪਰਬਤ ਤੋਂ ਲੈ ਕੇ ਉੱਤਰੀ ਮੈਦਾਨੀ ਇਲਾਕਿਆਂ ਤੱਕ, ਤਾਪਮਾਨ ਮਾਈਨਸ 34 ਡਿਗਰੀ ਸੈਲਸੀਅਸ ਤੋਂ ਮਾਈਨਸ 48 ਡਿਗਰੀ ਸੈਲਸੀਅਸ ਤੱਕ ਡਿੱਗ ਸਕਦਾ ਹੈ। ਨੌਰਥ ਡਕੋਟਾ ਅਤੇ ਮਿਨੀਸੋਟਾ ਦੇ ਕੁਝ ਹਿੱਸਿਆਂ ਵਿੱਚ ਮਾਈਨਸ 40 ਡਿਗਰੀ ਸੈਲਸੀਅਸ ਤੱਕ ਠੰਢੀਆਂ ਹਵਾਵਾਂ ਚੱਲ ਰਹੀਆਂ ਹਨ।

ਓਕਲਾਹੋਮਾ ਅਤੇ ਟੈਨੇਸੀ ਵੈਲੀ ਤੱਕ ਦੱਖਣ ਵਿੱਚ ਜ਼ੀਰੋ ਤੋਂ ਹੇਠਾਂ ਹਵਾਵਾਂ ਚੱਲਣ ਦੀ ਉਮੀਦ ਹੈ। ਮੱਧ ਅਤੇ ਪੂਰਬੀ ਅਮਰੀਕਾ ਵਿੱਚ ਵੱਧ ਤੋਂ ਵੱਧ ਤਾਪਮਾਨ 10 ਤੋਂ 20 ਡਿਗਰੀ ਸੈਲਸੀਅਸ ਦੇ ਵਿਚਕਾਰ ਰਹੇਗਾ। ਕੇਂਦਰੀ ਅਟਲਾਂਟਿਕ ਅਤੇ ਉੱਤਰ-ਪੂਰਬ ਵਿੱਚ ਵੀ ਵੱਧ ਤੋਂ ਵੱਧ ਤਾਪਮਾਨ 10 ਤੋਂ 20 ਡਿਗਰੀ ਸੈਲਸੀਅਸ ਦੇ ਵਿਚਕਾਰ ਰਹੇਗਾ, ਘੱਟੋ-ਘੱਟ ਤਾਪਮਾਨ ਜ਼ੀਰੋ ਤੋਂ 18 ਡਿਗਰੀ ਸੈਲਸੀਅਸ ਤੱਕ ਡਿੱਗ ਸਕਦਾ ਹੈ। ਦੱਖਣੀ ਅਮਰੀਕਾ ਦੇ 30 ਮਿਲੀਅਨ ਲੋਕਾਂ ਨੂੰ ਵੀ ਬਰਫ਼ਬਾਰੀ, ਗੜੇਮਾਰੀ ਅਤੇ ਮੀਂਹ ਕਾਰਨ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਟੈਕਸਾਸ ਤੋਂ ਲੈ ਕੇ ਉੱਤਰੀ ਫ਼ਲੋਰੀਡਾ ਅਤੇ ਕੈਰੋਲੀਨਾ ਤੱਕ ਮੌਸਮ ਖਰਾਬ ਰਹੇਗਾ। ਹਿਊਸਟਨ ਸ਼ਹਿਰ ਅਤੇ ਆਰਕਟਿਕ ਖੇਤਰ ਵੀ ਬਰਫ਼ਬਾਰੀ ਅਤੇ ਮੀਂਹ ਲਈ ਤਿਆਰ ਹਨ। ਇਹ ਸੀਜ਼ਨ ਹਿਊਸਟਨ ਸ਼ਹਿਰ ਲਈ ਦਿਲਚਸਪ ਅਤੇ ਚੁਣੌਤੀਪੂਰਨ ਦੋਵੇਂ ਹੋਵੇਗਾ, ਕਿਉਂਕਿ ਇਸ ਸ਼ਹਿਰ ਵਿੱਚ 4 ਸਾਲਾਂ ਵਿੱਚ ਇੱਕ ਵਾਰ ਬਰਫ਼ਬਾਰੀ ਹੁੰਦੀ ਹੈ। ਲੁਈਸਿਆਨਾ ਦੇ ਗਵਰਨਰ ਜੈਫ਼ ਲੈਂਡਰੀ ਨੇ ਐਮਰਜੈਂਸੀ ਦੀ ਸਥਿਤੀ ਦਾ ਐਲਾਨ ਕੀਤਾ ਹੈ।

# ਅਮਰੀਕਾ ਨੇ ਬਾਰਕ ਤੇ ਦੋ ਹੋਰ ਭਾਰਤੀ ਕੰਪਨੀਆਂ ਤੋਂ ਪਾਬੰਦੀਆਂ ਹਟਾਈਆਂ

## 'ਪੀਪਲਜ਼ ਰਿਪਬਲਿਕ ਆਫ਼ ਚਾਈਨਾ' ਦੇ ਟੀਚੇ ਤਹਿਤ 11 ਸੰਸਥਾਵਾਂ ਨੂੰ 'ਐਂਟਿਟੀਜ਼ ਲਿਸਟ' 'ਚ ਜੋੜਿਆ



ਵਾਸ਼ਿੰਗਟਨ/ਏ.ਟੀ. ਨਿਊਜ਼: ਅਮਰੀਕਾ ਪ੍ਰਸ਼ਾਸਨ ਨੇ ਤਿੰਨ ਭਾਰਤੀ ਸੰਸਥਾਵਾਂ ਇੰਡੀਅਨ ਰੇਅਰ ਅਰਥਜ਼, ਇੰਦਰਾ ਗਾਂਧੀ ਪਰਮਾਣੂ ਖੋਜ ਕੇਂਦਰ (ਆਈ.ਜੀ.ਸੀ.ਏ.ਆਰ.) ਅਤੇ ਭਾਭਾ ਪਰਮਾਣੂ ਖੋਜ ਕੇਂਦਰ (ਬਾਰਕ) ਉੱਪਰੋਂ ਪਾਬੰਦੀਆਂ ਹਟਾਉਣ ਦਾ ਐਲਾਨ ਕੀਤਾ ਹੈ। ਅਮਰੀਕਾ ਵਿੱਚ ਭਾਰਤ ਦੇ ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਇਸ ਕਦਮ ਦਾ ਸਵਾਗਤ ਕੀਤਾ ਅਤੇ ਇਸ ਨੂੰ ਭਾਰਤ-ਅਮਰੀਕਾ ਸਾਂਝੇਦਾਰੀ ਦੇ 'ਡੂੰਘੇ' ਹੋਣ ਦਾ ਨਤੀਜਾ ਕਰਾਰ ਦਿੱਤਾ।

ਵਣਜ ਵਿਭਾਗ ਦੇ ਉਦਯੋਗ ਤੇ ਸੁਰੱਖਿਆ ਬਿਊਰੋ (ਬੀ.ਆਈ.ਐੱਸ.) ਨੇ ਕਿਹਾ ਕਿ ਇਨ੍ਹਾਂ ਤਿੰਨ ਭਾਰਤੀ ਸੰਸਥਾਵਾਂ 'ਤੇ ਸੀਤ ਯੁੱਧ ਦੇ ਦੌਰ ਵਿੱਚ ਲਗਾਈਆਂ ਗਈਆਂ ਪਾਬੰਦੀਆਂ ਹਟਾਉਣ ਨਾਲ ਸਾਂਝੀਆਂ ਊਰਜਾ ਜ਼ਰੂਰਤਾਂ ਅਤੇ ਟੀਚਿਆਂ ਦੀ ਦਿਸ਼ਾ ਵਿੱਚ ਸਾਂਝੀ ਖੋਜ ਤੇ ਵਿਕਾਸ, ਵਿਗਿਆਨ ਤੇ ਤਕਨਾਲੋਜੀ ਸਹਿਯੋਗ ਸਣੇ ਉੱਨਤ ਊਰਜਾ ਸਹਿਯੋਗ ਵਿੱਚ ਅੜਿੱਕਿਆਂ ਨੂੰ ਘੱਟ ਕਰ ਕੇ ਅਮਰੀਕੀ ਵਿਦੇਸ਼ ਨੀਤੀ ਦੇ ਉਦੇਸ਼ਾਂ ਨੂੰ ਬਲ ਮਿਲੇਗਾ। ਇਸ ਦੇ ਨਾਲ ਹੀ, ਬੀ.ਆਈ.ਐੱਸ. ਨੇ ਅਮਰੀਕਾ ਦੀ ਕੌਮੀ ਸੁਰੱਖਿਆ ਅਤੇ ਵਿਦੇਸ਼ ਨੀਤੀ ਦੇ ਹਿੱਤਾਂ ਦੇ ਉਲਟ ਗਤੀਵਿਧੀਆਂ ਲਈ 'ਪੀਪਲਜ਼ ਰਿਪਬਲਿਕ ਆਫ਼ ਚਾਈਨਾ' ਦੇ ਟੀਚੇ ਤਹਿਤ 11 ਸੰਸਥਾਵਾਂ ਨੂੰ 'ਐਂਟਿਟੀਜ਼ ਲਿਸਟ' ਵਿੱਚ ਜੋੜਿਆ ਹੈ। 'ਐਂਟਿਟੀਜ਼ ਲਿਸਟ' ਦਾ ਇਸਤੇਮਾਲ ਉਨ੍ਹਾਂ ਸੰਸਥਾਵਾਂ ਦੇ ਨਾਲ ਵਪਾਰ ਨੂੰ ਕੰਟਰੋਲ ਕਰਨ ਲਈ ਕੀਤਾ ਜਾਂਦਾ ਹੈ ਜਿਨ੍ਹਾਂ ਨੂੰ ਅਮਰੀਕੀ ਕੌਮੀ ਸੁਰੱਖਿਆ ਜਾਂ ਵਿਦੇਸ਼ ਨੀਤੀ ਲਈ ਖਤਰਨਾਕ ਮੰਨਿਆ ਜਾਂਦਾ ਹੈ। ਇਹ ਸੂਚੀ ਅਮਰੀਕੀ ਵਣਜ ਵਿਭਾਗ ਵੱਲੋਂ ਜਾਰੀ ਕੀਤੀ ਜਾਂਦੀ ਹੈ।

# ਟਰੰਪ ਦੀ ਸੱਤਾ 'ਚ ਵਾਪਸੀ ਦੇ ਨਾਲ ਹੀ ਅਨੇਕਾਂ ਪਰਿਵਾਰ ਕਰ ਰਹੇ ਨੇ 'ਸਮੂਹਿਕ ਦੇਸ਼ ਨਿਕਾਲੇ' ਦੀ ਤਿਆਰੀ



ਮਿਆਮੀ/ਏ.ਟੀ.ਨਿਊਜ਼: ਡੋਨਾਲਡ ਟਰੰਪ ਦੀ ਸੱਤਾ ਵਿੱਚ ਵਾਪਸੀ ਦੇ ਨਾਲ ਹੀ ਗੈਰ-ਕਾਨੂੰਨੀ ਤੌਰ 'ਤੇ ਜਾਂ ਅਸਥਾਈ ਕਾਨੂੰਨੀ ਸਥਿਤੀ ਵਾਲੇ ਲੱਖਾਂ ਲੋਕਾਂ 'ਤੇ ਦੇਸ਼ ਨਿਕਾਲੇ ਦੀ ਤਲਵਾਰ ਲਟਕ ਗਈ ਹੈ। ਸੈਂਡੀਗੋ ਦੇ ਦੱਖਣ-ਪੱਛਮੀ ਮਿਆਮੀ ਘਰ ਵਿੱਚ ਮੌਜੂਦ ਸਮੂਹ ਅਤੇ ਸੰਯੁਕਤ ਰਾਜ ਅਮਰੀਕਾ ਵਿੱਚ ਗੈਰ-ਕਾਨੂੰਨੀ ਤੌਰ 'ਤੇ ਜਾਂ ਅਸਥਾਈ ਕਾਨੂੰਨੀ ਸਥਿਤੀ ਵਾਲੇ ਲੱਖਾਂ ਲੋਕਾਂ ਲਈ ਰਾਸ਼ਟਰਪਤੀ ਵਜੋਂ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਦੀ ਸ਼ੁਰੂਆਤ ਇਸ ਭਾਵਨਾ ਨਾਲ ਹੋਈ ਹੈ ਕਿ ਅਮਰੀਕਾ ਵਿੱਚ ਉਨ੍ਹਾਂ ਦਾ ਸਮਾਂ ਜਲਦੀ ਹੀ ਖ਼ਤਮ ਹੋ ਸਕਦਾ ਹੈ। ਟਰੰਪ ਨੇ ਸਮੂਹਿਕ ਦੇਸ਼ ਨਿਕਾਲੇ ਨੂੰ ਆਪਣੀ ਮੁਹਿੰਮ ਦਾ ਇੱਕ ਅਹਿਮ ਮੁੱਦਾ ਬਣਾਇਆ ਹੈ ਅਤੇ ਇਮੀਗ੍ਰੇਸ਼ਨ ਨੀਤੀ ਨੂੰ ਦੁਬਾਰਾ ਬਣਾਉਣ ਲਈ ਪਹਿਲੇ ਦਿਨ ਦੇ ਆਦੇਸ਼ਾਂ ਦਾ ਇੱਕ ਸਮੂਹ ਬਣਾਉਣ ਦਾ ਵਾਅਦਾ ਕੀਤਾ ਹੈ।

ਇਸ ਦੌਰਾਨ ਨੋਰਾ ਸੈਨਿਡਗੋ ਦੇ ਵੱਡੇ, ਆਇਤਾਕਾਰ ਡਾਇਨਿੰਗ ਟੇਬਲ ਦੇ ਆਲੇ-ਦੁਆਲੇ ਮਾਪਿਆਂ ਨੇ ਲੰਚ ਕੀਤਾ ਅਤੇ ਫ਼ਿਰ ਉਨ੍ਹਾਂ ਦਸਤਾਵੇਜ਼ਾਂ 'ਤੇ ਦਸਤਖ਼ਤ ਕੀਤੇ ਜਿਸ ਵਿੱਚ ਨਿਕਾਰਾਗੁਆ ਦੇ ਗੈਰ ਪ੍ਰਵਾਸੀਆਂ ਨੂੰ ਆਪਣੇ ਬੱਚਿਆਂ ਦਾ ਕਾਨੂੰਨੀ ਸਰਪ੍ਰਸਤ ਬਣਾਇਆ ਗਿਆ ਤਾਂ ਜੋ ਜੇਕਰ ਉਨ੍ਹਾਂ ਨੂੰ ਦੇਸ਼ ਨਿਕਾਲਾ ਦਿੱਤਾ ਜਾਂਦਾ ਹੈ ਤਾਂ ਉਹ ਬੱਚਿਆਂ ਨੂੰ ਉਨ੍ਹਾਂ ਨੂੰ ਸੌਂਪ ਸਕਣ। ਉਨ੍ਹਾਂ ਨੂੰ ਆਪਣੇ ਨਾਲ ਲਿਜਾਣ ਵਾਲੇ ਦਸਤਾਵੇਜ਼ਾਂ ਦੀ ਸੂਚੀ ਦਿੱਤੀ ਗਈ ਜਿਸ ਵਿੱਚ ਜਨਮ ਸਰਟੀਫ਼ਿਕੇਟ, ਮੈਡੀਕਲ ਅਤੇ ਸਕੂਲ ਰਿਕਾਰਡ, ਇਮੀਗ੍ਰੇਸ਼ਨ ਦਸਤਾਵੇਜ਼ ਅਤੇ ਫ਼ੋਨ ਨੰਬਰ ਸ਼ਾਮਲ ਸੀ। ਬੱਚਿਆਂ ਨੂੰ ਵੀ ਸਥਿਤੀ ਨਾਲ ਨਜਿੱਠਣ ਲਈ ਸਮਝਾਇਆ ਗਿਆ।

ਸੈਂਡੀਗੋ ਨੇ ਲਗਭਗ 20 ਲੋਕਾਂ ਦੇ ਸਮੂਹ ਨੂੰ ਕਿਹਾ ਕਿ ਤੁਹਾਨੂੰ ਡਰਨ ਦੀ ਲੋੜ ਨਹੀਂ ਹੈ। ਸਮੂਹ, ਜਿਸ ਵਿੱਚ ਛੋਟੇ ਬੱਚੇ ਵੀ ਸ਼ਾਮਲ ਸਨ, ਨੂੰ ਵੀ ਇਮੀਗ੍ਰੇਸ਼ਨ ਅਧਿਕਾਰੀਆਂ ਦੇ ਆਉਣ 'ਤੇ ਸਥਿਤੀ ਨਾਲ ਨਜਿੱਠਣ ਬਾਰੇ ਹਰ ਤਰੀਕੇ ਨਾਲ ਸਮਝਾਇਆ ਗਿਆ। ਇੱਥੇ ਦੱਸ ਦਈਏ ਕਿ ਸੈਂਡੀਗੋ, ਜੋ 1988 ਵਿੱਚ ਅਮਰੀਕਾ ਆਈ ਸੀ, (**ਬਾਕੀ ਸਫ਼ਾ 31 'ਤੇ**)

# ਸੁਨੀਤਾ ਵਿਲੀਅਮਜ਼ ਵੱਲੋਂ ਪੁਲਾੜ 'ਚ ਚਹਿਲਕਦਮੀ



ਕੇਪ ਕੈਨਵੇਰਲ (ਅਮਰੀਕਾ) ਏ.ਟੀ.ਨਿਊਜ਼ : ਭਾਰਤੀ ਮੂਲ ਦੀ ਅਮਰੀਕੀ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਨੇ ਕੌਮਾਂਤਰੀ ਪੁਲਾੜ ਸਟੇਸ਼ਨ 'ਤੇ ਸੱਤ ਮਹੀਨੇ ਤੋਂ ਵਧ ਸਮਾਂ ਗੁਜ਼ਾਰਨ ਮਗਰੋਂ ਪਹਿਲੀ ਵਾਰ ਚਹਿਲਕਦਮੀ ਕੀਤੀ। ਸਟੇਸ਼ਨ ਕਮਾਂਡਰ ਸੁਨੀਤਾ ਵਿਲੀਅਮਜ਼ ਨੇ ਨਾਸਾ ਦੇ ਨਿਕ ਹੇਗ ਨਾਲ ਮਿਲ ਕੇ ਕੁਝ ਜ਼ਰੂਰੀ ਬਾਹਰੀ ਮੁਰੰਮਤ ਦਾ ਕੰਮ ਕੀਤਾ। ਉਹ ਤੁਰਕਮੇਨਿਸਤਾਨ ਤੋਂ 260 ਮੀਲ ਉੱਪਰ ਆਰਬਿਟ ਲੈਬ ਤੋਂ ਬਾਹਰ ਨਿਕਲੇ ਸਨ। ਯੋਜਨਾ ਮੁਤਾਬਕ ਅਗਲੇ ਹਫ਼ਤੇ ਸੁਨੀਤਾ ਅਤੇ ਬੁੱਚ ਵਿਲਮੋਰ ਦੁਬਾਰਾ ਤੋਂ ਸਪੇਸਵਾਕ ਕਰਨਗੇ। ਇਸ ਤੋਂ ਪਹਿਲਾਂ ਪਿਛਲੇ ਸਾਲ ਵੀ ਕੂਲਿੰਗ ਲੂਪ 'ਚ ਸਮੱਸਿਆ ਆਈ ਸੀ। ਨਾਸਾ ਦੇ ਦੋ ਪੁਲਾੜ ਯਾਤਰੀ ਸੁਨੀਤਾ ਅਤੇ ਬੁੱਚ ਵਿਲਮੋਰ ਉਥੇ ਫਸੇ ਹੋਏ ਹਨ ਅਤੇ ਉਨ੍ਹਾਂ ਦੇ ਮਾਰਚ ਅਖੀਰ ਜਾਂ ਅਪਰੈਲ ਦੇ ਸ਼ੁਰੂ 'ਚ ਧਰਤੀ 'ਤੇ ਪਰਤਣ ਦੀ ਸੰਭਾਵਨਾ ਹੈ। ਵਿਲੀਅਮਜ਼ ਅਤੇ ਵਿਲਮੋਰ ਨੇ ਪਿਛਲੇ ਸਾਲ ਜੂਨ 'ਚ ਬੋਇੰਗ ਦੇ ਨਵੇਂ ਸਟਾਰਲਾਈਨਰ ਕੈਪਸੂਲ ਨਾਲ ਉਡਾਣ ਭਰੀ ਸੀ ਜੋ ਇਕ ਹਫ਼ਤੇ ਦਾ ਪ੍ਰੀਖਣ ਮਿਸ਼ਨ ਸੀ ਪਰ ਸਟਾਰਲਾਈਨਰ 'ਚ ਕੁਝ ਦਿੱਕਤਾਂ ਆ ਗਈਆਂ ਸਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

**Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu**

**Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.**

**Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.**

**All legal disputes must be handled in the courts of State of Punjab in India.**

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

## ਸਿਆਸਤ 'ਚ ਧੁੰਦਲਾ ਕਿਉਂ ਪੈ ਗਿਆ ਕ੍ਰਿਕਟ ਦਾ ਚਮਕਦਾ ਸਿਤਾਰਾ



# ਇਮਰਾਨ ਖ਼ਾਨ

### ਬੇਹੱਦ ਰੋਮਾਂਚ ਭਰਿਆ ਹੈ ਇਮਰਾਨ ਖਾਨ ਦਾ 22 ਗਜ਼ ਦੀ ਪਿੱਚ ਤੋਂ 22 ਸਾਲਾਂ ਦੇ ਸਿਆਸੀ ਕੈਰੀਅਰ ਤੋਂ ਬਾਅਦ ਪਾਕਿਸਤਾਨ ਦੇ 22ਵੇਂ ਪ੍ਰਧਾਨ ਮੰਤਰੀ ਬਣਨ ਤੱਕ ਦਾ ਸਫ਼ਰ






ਪਾਕਿਸਤਾਨ ਦੇ ਕ੍ਰਿਕਟ 'ਚ ਇਮਰਾਨ ਖਾਨ ਦਾ ਨਾਂਅ ਕਿਸੇ ਸਿਤਾਰੇ ਵਾਂਗ ਚਮਕਦਾ ਹੈ ਪਰ ਹੈਰਾਨੀ ਦੀ ਗੱਲ ਹੈ ਕਿ ਕ੍ਰਿਕਟ ਜਗਤ ਦਾ ਇਹ ਚਮਕਦਾ ਸਿਤਾਰਾ ਪਾਕਿਸਤਾਨ ਦੀ ਸਿਆਸਤ ਵਿੱਚ ਕੁਝ ਸਮਾਂ ਚਮਕਣ ਤੋਂ ਬਾਅਦ ਹੀ ਆਪਣੀ ਚਮਕ ਹੀ ਗੁਆ ਬੈਠਾ। ਇਸ ਤਰ੍ਹਾਂ ਲੱਗਦਾ ਹੈ ਕਿ ਜਿਵੇਂ ਪਾਕਿਸਤਾਨ ਦੀ ਸਿਆਸਤ ਉਸ ਨੂੰ ਰਾਸ ਨਹੀਂ ਆਈ। ਉਸ ਦੀ ਕ੍ਰਿਕਟ ਯੋਗਤਾ 'ਤੇ ਕੋਈ ਕਿੰਤੂ ਪ੍ਰੰਤੂ ਨਹੀਂ ਕੀਤਾ ਜਾ ਸਕਦਾ ਪਰ ਉਸ ਦੇ ਸਿਆਸੀ ਕੈਰੀਅਰ 'ਤੇ ਅਜਿਹੇ ਵਿਵਾਦ ਪੈਦਾ ਹੋ ਗਏ ਕਿ ਉਸ ਨੂੰ ਅਟਕ ਦੀ ਜੇਲ੍ਹ ਵਿੱਚ ਡੱਕ ਦਿੱਤਾ ਗਿਆ।

ਇਮਰਾਨ ਖਾਨ ਦਾ ਸਿਆਸੀ ਕੈਰੀਅਰ ਜੋ ਵੀ ਰਿਹਾ ਹੈ ਪਰ ਪਾਕਿਸਤਾਨ ਦੇ ਕ੍ਰਿਕਟ ਵਿੱਚ ਇਮਰਾਨ ਖਾਨ ਦੀ ਮਹੱਤਤਾ ਨੂੰ ਕਦੇ ਨਹੀਂ ਭੁਲਾਇਆ ਜਾ ਸਕਦਾ। ਹੁਣ, ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਦੋਸ਼ੀ ਪਾਏ ਗਏ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ 14 ਸਾਲ ਤੇ ਉਹਨਾਂ ਦੀ ਪਤਨੀ ਨੂੰ 7 ਸਾਲ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ ਪਰ ਅੱਜ ਵੀ, ਪਾਕਿਸਤਾਨ ਦੇ ਸਾਬਕਾ ਕਪਤਾਨ ਇਮਰਾਨ ਖਾਨ ਦਾ ਕ੍ਰਿਕਟ ਪ੍ਰੇਮੀਆਂ ਦੇ ਦਿਲਾਂ ਵਿੱਚ ਜੇਲ੍ਹ ਵਿੱਚ ਬੰਦ ਪ੍ਰਧਾਨ ਮੰਤਰੀ ਨਾਲੋਂ ਵੱਧ ਪ੍ਰਭਾਵ ਹੈ।

ਜਦੋਂ ਇਮਰਾਨ ਖਾਨ ਦੀ ਅਗਵਾਈ ਵਿੱਚ ਪਾਕਿਸਤਾਨ ਦੀ ਕ੍ਰਿਕਟ ਟੀਮ ਨੇ ਵਿਸ਼ਵ ਕੱਪ ਜਿੱਤਿਆ ਸੀ ਤਾਂ ਪੂਰੀ ਦੁਨੀਆਂ ਵਿੱਚ ਇਮਰਾਨ ਖਾਨ ਅਤੇ ਪਾਕਿਸਤਾਨੀ ਟੀਮ ਦੀ ਖੇਡ ਦਾ ਤਹਿਲਕਾ ਮੱਚ ਗਿਆ ਸੀ। ਇਮਰਾਨ ਖਾਨ ਦੀ ਪ੍ਰਸਿੱਧੀ ਦਾ ਇੱਥੋਂ ਪਤਾ ਚੱਲ ਜਾਂਦਾ ਹੈ ਕਿ ਵਿਦੇਸ਼ਾਂ ਦੀਆਂ ਕਈ ਵਪਾਰਕ ਕੰਪਨੀਆਂ ਨੇ ਵੀ ਇਮਰਾਨ ਖਾਨ ਤੋਂ ਆਪਣੇ ਇਸ਼ਤਿਹਾਰਾਂ ਵਿੱਚ ਅਦਾਕਾਰੀ ਕਰਵਾਈ ਸੀ ਤਾਂ ਕਿ ਇਮਰਾਨ ਖਾਨ ਦੀ ਪ੍ਰਸਿੱਧੀ ਨੂੰ ਕੈਸ਼ ਕੀਤਾ ਜਾ ਸਕੇ।

ਇਮਰਾਨ ਖਾਨ ਨੇ ਜਿਥੇ ਪਾਕਿਸਤਾਨ ਕ੍ਰਿਕਟ ਦੀ ਖੇਡ ਪ੍ਰਤਿਭਾ ਨੂੰ ਨਿਖਾਰਿਆ ਉਥੇ ਪਾਕਿਸਤਾਨ ਦੀ ਸਿਆਸਤ ਵਿੱਚ ਵੀ ਉਸ ਨੇ ਨਵੇਂ ਕੀਰਤੀਮਾਨ ਬਣਾਉਣ ਦੇ ਯਤਨ ਕੀਤੇ ਅਤੇ ਉਹ ਦੇਸ਼ ਦੇ ਪ੍ਰਧਾਨ ਮੰਤਰੀ ਦੀ ਕੁਰਸੀ ਤੱਕ ਪਹੁੰਚਿਆ ਪਰ ਪ੍ਰਧਾਨ ਮੰਤਰੀ ਵਜੋਂ ਉਸ ਦਾ ਕਾਰਜਕਾਲ ਵਿਵਾਦਾਂ ਭਰਿਆ ਰਿਹਾ। ਇਮਰਾਨ ਖਾਨ ਦੀ ਕਹਾਣੀ ਵੀ ਪਵੇਲੀਅਨ ਤੋਂ ਪਿੱਚ ਤੱਕ ਦੀ ਕਹਾਣੀ ਵਰਗੀ ਹੈ ਅਤੇ ਇਸ ਦੌਰਾਨ ਉਸਨੇ ਸਿਆਸੀ ਛੱਕੇ ਮਾਰ ਕੇ ਆਪਣੇ ਰਾਜਨੀਤਿਕ ਵਿਰੋਧੀਆਂ ਨੂੰ ਇਸ ਹੱਦ ਤੱਕ ਹਰਾਇਆ ਹੈ ਕਿ ਉਹ ਉਸ ਦੇ ਨਾਲ ਖੇਡੀ ਗਈ ਪਾਰੀ ਨੂੰ ਕਦੇ ਨਹੀਂ ਭੁੱਲ ਸਕਦੇ।

ਇਮਰਾਨ ਖਾਨ ਦਾ ਜਨਮ ਪਾਕਿਸਤਾਨ ਦੇ ਪੰਜਾਬ ਸੂਬੇ ਦੇ ਪੂਰਬੀ ਸ਼ਹਿਰ ਲਾਹੌਰ ਵਿੱਚ ਇੱਕ ਖੁਸ਼ਹਾਲ ਪਸ਼ਤੂਨ ਪਰਿਵਾਰ ਵਿੱਚ ਹੋਇਆ ਸੀ। ਉਸਨੇ 1975 ਵਿੱਚ ਆਕਸਫ਼ੋਰਡ ਯੂਨੀਵਰਸਿਟੀ ਤੋਂ ਗ੍ਰੈਜੂਏਟ ਡਿਗਰੀ ਪ੍ਰਾਪਤ ਕਰਨ ਤੋਂ ਪਹਿਲਾਂ ਲਾਹੌਰ ਦੇ ਵੱਕਾਰੀ ਐਚਿਸਨ ਕਾਲਜ ਤੋਂ ਦਰਸ਼ਨ, ਰਾਜਨੀਤੀ ਅਤੇ ਅਰਥ ਸ਼ਾਸਤਰ ਵਿੱਚ ਬੈਚਲਰ ਦੀ ਡਿਗਰੀ ਵੀ ਪੂਰੀ ਕੀਤੀ। 1992 ਵਿੱਚ ਪਾਕਿਸਤਾਨ ਨੂੰ ਆਪਣਾ ਪਹਿਲਾ ਕ੍ਰਿਕਟ ਵਿਸ਼ਵ ਕੱਪ ਜਿੱਤਣ ਵਿੱਚ ਮਦਦ ਕੀਤੀ। ਕ੍ਰਿਕਟ ਤੋਂ ਸੰਨਿਆਸ ਲੈਣ ਤੋਂ ਬਾਅਦ, ਖਾਨ ਨੇ ਆਪਣਾ ਜ਼ਿਆਦਾਤਰ ਸਮਾਂ ਸਮਾਜ ਸੇਵਾ ਵਿੱਚ ਸਮਰਪਿਤ ਕੀਤਾ। ਉਸਨੇ ਪਾਕਿਸਤਾਨ ਦਾ ਪਹਿਲਾ ਕੈਂਸਰ ਸੰਸਥਾਨ 'ਸ਼ੌਕਰ ਖਾਨਮ' ਸ਼ੁਰੂ ਕੀਤਾ, ਜਿਸ ਦਾ ਨਾਮ ਉਸ ਦੀ ਮਾਂ ਦੇ ਨਾਮ 'ਤੇ ਰੱਖਿਆ ਗਿਆ ਸੀ। 2008 ਵਿੱਚ, ਖਾਨ ਨੇ ਪੰਜਾਬ, ਪਾਕਿਸਤਾਨ ਦੇ ਮੀਆਂਵਾਲੀ ਜ਼ਿਲ੍ਹੇ ਵਿੱਚ ਇੱਕ ਨਿੱਜੀ ਤਕਨੀਕੀ ਕਾਲਜ ਦੀ ਨੀਂਹ ਰੱਖੀ।

ਇਮਰਾਨ ਖਾਨ ਤਿੰਨ ਦਹਾਕੇ ਪਹਿਲਾਂ ਕ੍ਰਿਕਟ ਤੋਂ ਸੰਨਿਆਸ ਲੈ ਚੁੱਕੇ ਹਨ, ਪਰ ਉਹ ਆਪਣੇ ਦੇਸ਼ ਦੇ ਪ੍ਰਸੰਸਕਾਂ ਦੀਆਂ ਯਾਦਾਂ ਵਿੱਚ ਏਨਾ ਡੂੰਘਾ ਕਿਉਂ ਉੱਕਰਿਆ ਹੋਇਆ ਹੈ? ਆਪਣੇ ਵਿਵਾਦਪੂਰਨ ਰਾਜਨੀਤਿਕ ਕੈਰੀਅਰ ਦੇ ਬਾਵਜੂਦ ਪਾਕਿਸਤਾਨ ਕ੍ਰਿਕਟ ਵਿੱਚ ਉਸ ਦੀ ਸਥਿਤੀ ਏਨੀ ਮਜ਼ਬੂਤ ਕਿਵੇਂ ਹੈ? ਇਹ ਵੀ ਇੱਕ ਵੱਡਾ ਸਵਾਲ ਹੈ। ਜਿਹੜੇ ਲੋਕ ਕ੍ਰਿਕਟਰ ਇਮਰਾਨ ਦੇ ਯੁੱਗ ਤੋਂ ਬਾਅਦ ਵੱਡੇ ਹੋਏ ਹਨ, ਉਨ੍ਹਾਂ ਲਈ ਕ੍ਰਿਕਟਰ ਇਮਰਾਨ ਅਤੇ ਕਪਤਾਨ ਇਮਰਾਨ ਦਾ ਅਰਥ ਜਾਣਨਾ ਮਹੱਤਵਪੂਰਨ ਹੈ।

1970 ਅਤੇ 1980 ਦੇ ਦਹਾਕੇ ਦੌਰਾਨ ਇੰਗਲੈਂਡ ਅਤੇ ਆਸਟ੍ਰੇਲੀਆ ਦੀਆਂ ਕ੍ਰਿਕਟ ਟੀਮਾਂ ਅਜੇਤੂ ਸਮਝੀਆਂ ਜਾਂਦੀਆਂ ਸਨ। ਇਸ ਦਾ ਵੱਡਾ ਕਾਰਨ ਇਹ ਸੀ ਕਿ ਕ੍ਰਿਕਟ ਦੀ ਖੇਡ ਉਨ੍ਹਾਂ ਦੇ ਨਿਯਮਾਂ ਅਨੁਸਾਰ ਖੇਡੀ ਜਾਂਦੀ ਸੀ। ਉਨ੍ਹਾਂ ਦਾ ਕ੍ਰਿਕਟ ਸੱਭਿਆਚਾਰ ਏਨਾ ਭਾਰੂ ਸੀ ਕਿ ਇਹ ਨਿਰਧਾਰਤ ਕਰਦਾ ਸੀ ਕਿ ਕ੍ਰਿਕਟ ਕਿਵੇਂ ਖੇਡਿਆ ਜਾਣਾ ਚਾਹੀਦਾ ਹੈ? ਅਤੇ ਇਸ ਨੂੰ ਕਿਵੇਂ ਚਲਾਇਆ ਜਾਣਾ ਚਾਹੀਦਾ ਹੈ?

ਉਸ ਸਮੇਂ, ਏਸ਼ੀਆ ਤੋਂ ਆਉਣ ਵਾਲੇ ਕ੍ਰਿਕਟਰਾਂ ਲਈ ਇਹ ਕਿਹਾ ਜਾਂਦਾ ਸੀ ਕਿ ਉਹ (ਏਸ਼ੀਆਈ ਕ੍ਰਿਕਟਰ) ਬਹੁਤ ਪ੍ਰਤਿਭਾਸ਼ਾਲੀ ਹਨ ਪਰ ਸੁਭਾਅ ਤੋਂ ਕਮਜ਼ੋਰ ਅਤੇ ਅਸਥਿਰ ਹਨ। ਉਹ ਘਰੇਲੂ ਹਾਲਾਤਾਂ ਤੋਂ ਬਾਹਰ ਨਹੀਂ ਜਿੱਤ ਸਕਦੇ।

ਉਸ ਸਮੇਂ ਦੌਰਾਨ, ਇਮਰਾਨ ਨੇ ਇਹ ਯਕੀਨੀ ਬਣਾਇਆ ਕਿ ਪਾਕਿਸਤਾਨ ਇੱਕ ਅਜਿਹਾ ਏਸ਼ੀਆਈ ਦੇਸ਼ ਬਣੇ ਜੋ ਆਪਣੀ ਤੇਜ਼ ਗੇਂਦਬਾਜ਼ੀ ਯੋਗਤਾ, ਸਟਾਈਲਿਸ਼ ਬੱਲੇਬਾਜ਼ੀ ਅਤੇ ਆਪਣੀ ਲੀਡਰਸ਼ਿਪ ਦੇ ਆਧਾਰ 'ਤੇ ਬਾਕੀ ਦੁਨੀਆਂ ਦੇ ਸਾਹਮਣੇ ਖੜ੍ਹਾ ਹੋ ਸਕੇ।

1980 ਦੇ ਦਹਾਕੇ ਦੌਰਾਨ, ਪਾਕਿਸਤਾਨ ਟੀਮ ਨੇ ਇਮਰਾਨ ਦੀ ਕਪਤਾਨੀ ਹੇਠ ਵਿਦੇਸ਼ੀ ਧਰਤੀ 'ਤੇ ਅੱਠ ਸੀਰੀਜ਼ ਖੇਡੀਆਂ ਅਤੇ ਵਿਰੋਧੀ ਟੀਮਾਂ ਨੂੰ ਸਖ਼ਤ ਮੁਕਾਬਲਾ ਦਿੱਤਾ।



1987 ਵਿੱਚ, ਇਮਰਾਨ ਨੇ ਪਾਕਿਸਤਾਨ ਨੂੰ ਭਾਰਤ ਅਤੇ ਇੰਗਲੈਂਡ ਦੋਵਾਂ ਵਿੱਚ ਪਹਿਲੀ ਟੈਸਟ ਸੀਰੀਜ਼ ਜਿੱਤਣ ਵਿੱਚ ਅਗਵਾਈ ਕੀਤੀ। ਇਮਰਾਨ ਦੀ ਅਗਵਾਈ ਹੇਠ, ਪਾਕਿਸਤਾਨ ਮਾਰਚ 1976 ਤੋਂ ਮਾਰਚ 1995 ਤੱਕ ਵੈਸਟਇੰਡੀਜ਼ ਵਿਰੁੱਧ ਇੱਕ ਵੀ ਟੈਸਟ ਲੜੀ ਨਾ ਹਾਰਨ ਵਾਲੀ ਇਕਲੌਤੀ ਟੀਮ ਬਣ ਗਈ। ਅਪ੍ਰੈਲ 1988 ਵਿੱਚ, ਦੋਵਾਂ ਦੇਸ਼ਾਂ ਵਿਚਕਾਰ ਟੈਸਟ ਲੜੀ 1-1 ਨਾਲ ਬਰਾਬਰੀ 'ਤੇ ਖਤਮ ਹੋਈ ਅਤੇ ਇਮਰਾਨ ਖਾਨ ਨੂੰ 'ਮੈਨ ਆਫ਼ ਦ ਸੀਰੀਜ਼' ਐਲਾਨਿਆ ਗਿਆ। ਇਮਰਾਨ ਦੀਆਂ ਆਪਣੀਆਂ ਕ੍ਰਿਕਟ ਪ੍ਰਾਪਤੀਆਂ ਬਹੁਤ ਵਧੀਆ ਹਨ। ਇਮਰਾਨ ਖਾਨ ਟੈਸਟ ਕ੍ਰਿਕਟ ਵਿੱਚ ਪਾਕਿਸਤਾਨ ਲਈ ਸਭ ਤੋਂ ਵੱਧ ਵਿਕਟਾਂ ਲੈਣ ਵਾਲੇ ਤੀਜੇ ਗੇਂਦਬਾਜ਼ ਹਨ (362 ਵਿਕਟਾਂ), ਸਿਰਫ਼ ਵਸੀਮ ਅਕਰਮ (414 ਵਿਕਟਾਂ) ਅਤੇ ਵਕਾਰ ਯੂਨਿਸ (373 ਵਿਕਟਾਂ) ਤੋਂ ਬਾਅਦ।

ਬੱਲੇਬਾਜ਼ੀ ਵਿੱਚ, ਇਮਰਾਨ ਨੇ ਟੈਸਟ ਕ੍ਰਿਕਟ ਵਿੱਚ 3807 ਦੌੜਾਂ ਬਣਾਈਆਂ ਹਨ, ਜਿਸ ਵਿੱਚ ਛੇ ਸੈਂਕੜੇ ਅਤੇ 18 ਅਰਧ ਸੈਂਕੜੇ ਸ਼ਾਮਲ ਹਨ। ਇਨ੍ਹਾਂ ਬੱਲੇਬਾਜ਼ੀ ਅੰਕੜਿਆਂ ਦੇ ਨਾਲ, ਇਮਰਾਨ ਟੈਸਟ ਵਿੱਚ ਪਾਕਿਸਤਾਨ ਲਈ ਸਭ ਤੋਂ ਵੱਧ ਦੌੜਾਂ ਬਣਾਉਣ ਵਾਲੇ ਚੋਟੀ ਦੇ 15 ਖਿਡਾਰੀਆਂ ਦੀ ਸੂਚੀ ਵਿੱਚ ਸ਼ਾਮਲ ਹੈ। ਕਪਤਾਨ ਬਾਬਰ ਆਜ਼ਮ ਵੀ ਇਮਰਾਨ ਖਾਨ ਤੋਂ 35 ਦੌੜਾਂ ਪਿੱਛੇ ਹਨ। ਇਮਰਾਨ ਖਾਨ 182 ਵਿਕਟਾਂ ਨਾਲ ਇੱਕ ਰੋਜ਼ਾ ਕ੍ਰਿਕਟ ਵਿੱਚ ਪਾਕਿਸਤਾਨ ਦੇ ਚੋਟੀ ਦੇ 10 ਗੇਂਦਬਾਜ਼ਾਂ ਵਿੱਚੋਂ ਇੱਕ ਹੈ। ਬੱਲੇਬਾਜ਼ੀ ਵਿੱਚ, ਇਮਰਾਨ ਖਾਨ ਨੇ 33.1 ਦੀ ਔਸਤ ਅਤੇ 72.65 ਦੇ ਸਟ੍ਰਾਈਕ ਰੇਟ ਨਾਲ 3709 ਦੌੜਾਂ ਬਣਾਈਆਂ ਹਨ।

ਇਮਰਾਨ ਨਿਰਪੱਖ ਅੰਪਾਇਰਿੰਗ ਦੇ ਚੈਂਪੀਅਨ ਸਨ ਅਤੇ ਲੋਕ ਭੁੱਲ ਜਾਂਦੇ ਹਨ ਕਿ ਪਹਿਲੀ ਵਾਰ ਟੈਸਟ ਲੜੀ ਵਿੱਚ ਨਿਰਪੱਖ ਅੰਪਾਇਰ ਰੱਖਣ ਦਾ ਵਿਚਾਰ ਇਮਰਾਨ ਖਾਨ ਦਾ ਸੀ।

1992 ਦਾ ਵਿਸ਼ਵ ਕੱਪ ਇਮਰਾਨ ਅਤੇ ਪਾਕਿਸਤਾਨ ਕ੍ਰਿਕਟ ਦਾ ਸਭ ਤੋਂ ਵੱਡਾ ਪਲ ਸੀ। ਫ਼ਿਰ, ਪਹਿਲੇ ਦੌਰ ਦੇ ਅੱਠ ਵਿੱਚੋਂ ਪੰਜ ਮੈਚਾਂ ਵਿੱਚ, ਪਾਕਿਸਤਾਨ ਸਿਰਫ਼ ਇੱਕ ਮੈਚ ਜਿੱਤਣ ਵਿੱਚ ਕਾਮਯਾਬ ਰਿਹਾ ਸੀ। ਇਸ ਤੋਂ ਬਾਅਦ ਪਾਕਿਸਤਾਨ ਨੇ ਤਿੰਨ ਮੈਚ ਜਿੱਤੇ ਅਤੇ ਫ਼ਿਰ ਕੋਈ ਵੀ ਉਨ੍ਹਾਂ ਨੂੰ ਰੋਕ ਨਹੀਂ ਸਕਿਆ। ਇਮਰਾਨ ਨੇ ਉਹ ਟੂਰਨਾਮੈਂਟ ਆਪਣੇ ਸੱਜੇ ਮੋਢੇ ਦੀ ਟੁੱਟੀ ਹੋਈ ਹੱਡੀ ਨਾਲ ਖੇਡਿਆ ਅਤੇ ਲਗਾਤਾਰ ਸ਼ਾਟ ਖੇਡਦੇ ਹੋਏ ਸੱਟ ਨੂੰ ਗੁਪਤ ਰੱਖਿਆ।

ਛੇ ਮਹੀਨੇ ਬਾਅਦ ਹੀ ਉਸਨੇ ਆਪਣੀਆਂ ਚਾਰ ਆਤਮਕਥਾਵਾਂ ਵਿੱਚੋਂ ਇੱਕ ਵਿੱਚ ਲਿਖਿਆ ਕਿ ਉਹ ਆਪਣੇ ਹੱਥ ਦੇ ਦਰਦ ਕੀਤੇ ਬਿਨਾਂ ਪਾਣੀ ਦਾ ਗਲਾਸ ਵੀ ਨਹੀਂ ਚੁੱਕ ਸਕਦਾ ਸੀ। ਉਸ ਨੇ ਛੇ ਮਹੀਨਿਆਂ ਬਾਅਦ ਕ੍ਰਿਕਟ ਤੋਂ ਸੰਨਿਆਸ ਲੈ ਲਿਆ ਅਤੇ ਸੇਵਾਮੁਕਤੀ ਤੋਂ ਬਾਅਦ ਇੱਕ ਪਰਉਪਕਾਰੀ ਵਜੋਂ ਆਪਣਾ ਕੈਰੀਅਰ ਬਣਾਇਆ। ਇਮਰਾਨ ਖਾਨ ਅਤੇ ਉਨ੍ਹਾਂ ਦਾ ਯੋਗਦਾਨ ਪਾਕਿਸਤਾਨ ਕ੍ਰਿਕਟ ਦੀ ਨੀਂਹ ਦਾ ਇੱਕ ਬੁਨਿਆਦੀ ਹਿੱਸਾ ਹਨ।

ਉਸਨੇ 1998 ਵਿੱਚ ਆਪਣੀ ਰਾਜਨੀਤਿਕ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਦੀ ਸਥਾਪਨਾ ਕੀਤੀ ਸੀ। ਉਸ ਦੀ ਰਾਜਨੀਤਿਕ ਜ਼ਿੰਦਗੀ ਨੇ ਉਸ ਦੇ ਸਫ਼ਲ ਕ੍ਰਿਕਟ ਕੈਰੀਅਰ ਤੋਂ ਬਹੁਤ ਵੱਖਰਾ ਰਸਤਾ ਅਪਣਾਇਆ।

### ਇਮਰਾਨ ਦੀ ਜ਼ਿੰਦਗੀ ਵਿੱਚ 22 ਨੰਬਰ ਦਾ ਮਹੱਤਵ

ਇੱਕ ਸਫ਼ਲ ਕ੍ਰਿਕਟਰ ਤੋਂ ਲੈ ਕੇ ਇੱਕ ਸਫ਼ਲ ਸਿਆਸਤਦਾਨ ਤੱਕ, ਇਮਰਾਨ ਖਾਨ ਦੀ ਜ਼ਿੰਦਗੀ ਦਾ 22 ਨੰਬਰ ਨਾਲ ਡੂੰਘਾ ਸਬੰਧ ਹੈ। ਭਾਵੇਂ ਇਹ 22-ਗਜ਼ ਦੀ ਕ੍ਰਿਕਟ ਪਿੱਚ 'ਤੇ ਉਸ ਦੇ ਮਹਾਨ ਕਾਰਨਾਮੇ ਹੋਣ ਜਾਂ 22 ਸਾਲਾਂ ਦੇ ਰਾਜਨੀਤਿਕ ਸਫ਼ਰ ਤੋਂ ਬਾਅਦ ਪਾਕਿਸਤਾਨ ਵਿੱਚ ਆਪਣੇ ਵਿਰੋਧੀਆਂ ਨੂੰ ਸੱਤਾ ਤੋਂ ਬਾਹਰ ਕੱਢਣ ਦੀ ਉਸ ਦੀ ਪਾਰੀ। ਇਹ ਵੀ ਇੱਕ ਵੱਡਾ ਸੰਯੋਗ ਹੈ ਕਿ ਉਹ ਪਾਕਿਸਤਾਨ ਦੇ 22ਵੇਂ ਪ੍ਰਧਾਨ ਮੰਤਰੀ ਬਣੇ ਸਨ।

### 1996 ਵਿੱਚ ਰਾਜਨੀਤਿਕ ਪਾਰੀ ਦੀ ਸ਼ੁਰੂਆਤ

ਇਮਰਾਨ ਖਾਨ ਨੇ 1996 ਵਿੱਚ ਆਪਣਾ ਕ੍ਰਿਕਟ ਕੈਰੀਅਰ ਖਤਮ ਕਰ ਦਿੱਤਾ ਅਤੇ ਰਾਜਨੀਤੀ ਵੱਲ ਮੁੜ ਗਏ। ਉਨ੍ਹਾਂ ਨੇ 'ਸਭ ਦੇ ਨਾਲ ਇਨਸਾਫ਼' ਦੇ ਮੰਤਰ ਨਾਲ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ (ਪੀ.ਟੀ.ਆਈ.) ਬਣਾਈ। ਇਮਰਾਨ ਦੀ ਰਾਜਨੀਤਿਕ ਪਾਰੀ ਅਸਲ ਵਿੱਚ ਸਾਲ 2002 ਵਿੱਚ ਸ਼ੁਰੂ ਹੋਈ ਸੀ। (ਬਾਕੀ ਸਫ਼ਾ 31 'ਤੇ)

### ਇਮਰਾਨ ਆਪਣੀ ਨਿੱਜੀ ਜ਼ਿੰਦਗੀ ਵਿੱਚ

ਇਮਰਾਨ ਖਾਨ ਆਪਣੇ ਕਾਲਜ ਦੇ ਦਿਨਾਂ ਤੋਂ ਹੀ ਕੁੜੀਆਂ ਵਿੱਚ ਬਹੁਤ ਮਸ਼ਹੂਰ ਰਹੇ ਹਨ। ਕਈ ਕੁੜੀਆਂ ਅਤੇ ਫ਼ਿਲਮੀ ਅਭਿਨੇਤਰੀਆਂ ਨਾਲ ਉਸ ਦੇ ਅਫ਼ੇਅਰ ਦੀਆਂ ਖ਼ਬਰਾਂ ਸਨ। ਇਨ੍ਹਾਂ ਵਿੱਚ ਭਾਰਤੀ ਅਦਾਕਾਰਾ ਜ਼ੀਨਤ ਅਮਾਨ ਅਤੇ ਪਾਕਿਸਤਾਨ ਦੀ ਸਾਬਕਾ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਦੇ ਨਾਮ ਸ਼ਾਮਲ ਹਨ। ਇਮਰਾਨ ਨੇ ਪਹਿਲਾ ਵਿਆਹ 16 ਮਈ 1995 ਨੂੰ ਜੇਮਿਮਾ ਗੋਲਡਸਮਿਥ ਨਾਲ ਕੀਤਾ ਸੀ। ਹਾਲਾਂਕਿ, 9 ਸਾਲਾਂ ਬਾਅਦ, ਦੋਵੇਂ ਆਪਸੀ ਸਹਿਮਤੀ ਨਾਲ ਵੱਖ ਹੋ ਗਏ। ਉਸਨੇ 2015 ਵਿੱਚ ਬ੍ਰਿਟਿਸ਼-ਪਾਕਿਸਤਾਨੀ ਪੱਤਰਕਾਰ ਰੇਹਮ ਖਾਨ ਨਾਲ ਵਿਆਹ ਕੀਤਾ। ਪਰ 10 ਮਹੀਨਿਆਂ ਬਾਅਦ ਦੋਵਾਂ ਦਾ ਤਲਾਕ ਹੋ ਗਿਆ। ਇਸ ਤੋਂ ਬਾਅਦ ਇਮਰਾਨ ਨੇ 2018 ਵਿੱਚ ਬੁਸ਼ਰਾ ਨਾਲ ਤੀਜੀ ਵਾਰ ਵਿਆਹ ਕੀਤਾ।



# ਮਿਸਟਰ ਐਂਡ ਮਿਸੇਜ਼

## ਨਟਵਰ ਲਾਲ ਦਾ ਮੱਕੜਜਾਲ




ਜਗਮੋਹਨ ਸਿੰਘ 'ਲੱਕੀ'

> ਵਿਆਹਾਂ ਦੇ ਨਾਂਅ 'ਤੇ ਵੀ ਹੋ ਜਾਂਦੀਆਂ ਨੇ ਠੱਗੀਆਂ
> ਠੱਗ ਲਾੜੇ- ਲਾੜੀਆਂ ਤੋਂ ਰਹੋ ਬਚ ਕੇ

### ਆਨਲਾਈਨ ਵਿਆਹਾਂ ਦੇ ਨਾਂਅ 'ਤੇ ਵੀ ਹੁੰਦਾ ਹੈ ਧੋਖਾ



ਆਧੁਨਿਕ ਕਹੇ ਜਾਂਦੇ ਇਸ ਯੁੱਗ ਵਿੱਚ ਸੰਚਾਰ ਸਾਧਨਾਂ ਨਾਲ ਦੁਨੀਆਂ ਇੱਕ ਗਲੋਬਲ ਪਿੰਡ ਬਣ ਗਈ ਹੈ। ਹੁਣ ਇਨਸਾਨ 24 ਘੰਟੇ ਇੱਕ ਦੂਜੇ ਦੇ ਸੰਪਰਕ ਵਿੱਚ ਰਹਿੰਦੇ ਹਨ ਭਾਵੇਂ ਕਿ ਉਹ ਕਿੰਨੀ ਵੀ ਦੂਰ ਕਿਉਂ ਨਾ ਰਹਿੰਦੇ ਹੋਣ। ਪੂਰੀ ਦੁਨੀਆਂ ਵਿੱਚ ਇਸ ਸਮੇਂ ਸੋਸ਼ਲ ਮੀਡੀਆ ਦਾ ਨੈੱਟਵਰਕ ਫ਼ੈਲਿਆ ਹੋਇਆ ਹੈ ਅਤੇ ਇਸ ਦੀ ਵਰਤੋ ਕਰਨ ਵਾਲੇ ਕਰੋੜਾਂ ਲੋਕ ਇਸ ਤੋਂ ਪ੍ਰਭਾਵਿਤ ਵੀ ਹੋ ਰਹੇ ਹਨ। ਇਹਨਾਂ ਆਧੁਨਿਕ ਤਕਨੀਕਾਂ ਦੇ ਜਿੱਥੇ ਵੱਡੇ ਫ਼ਾਇਦੇ ਹਨ, ਉਥੇ ਵੱਡੇ ਨੁਕਸਾਨ ਵੀ ਹੋ ਰਹੇ ਹਨ। ਨਵੀਂ ਪੀੜ੍ਹੀ ਸੰਚਾਰ ਸਾਧਨਾਂ ਜਾਂ ਸੋਸ਼ਲ ਮੀਡੀਆ ਦੀ ਏਨੀ ਆਦੀ ਹੋ ਗਈ ਹੈ ਕਿ ਉਸ ਵੱਲੋਂ ਵਿਆਹ ਦੇ ਪਵਿੱਤਰ ਰਿਸ਼ਤੇ ਵੀ ਸੋਸ਼ਲ ਮੀਡੀਆ 'ਤੇ ਲੱਭੇ ਜਾ ਰਹੇ ਹਨ। ਸੋਸ਼ਲ ਮੀਡੀਆ ਰਾਹੀਂ ਹੋਏ ਅਨੇਕਾਂ ਰਿਸ਼ਤੇ ਸਫ਼ਲ ਵੀ ਰਹੇ ਹਨ ਪਰ ਵੱਡੀ ਗਿਣਤੀ ਲੋਕਾਂ ਨਾਲ ਆਨਲਾਈਨ ਵਿਆਹ ਦੇ ਨਾਂਅ 'ਤੇ ਠੱਗੀਆਂ ਵੀ ਹੋਈਆਂ ਹਨ।

ਠੱਗ ਲਾੜੇ ਲਾੜੀਆਂ ਅਸਲ ਵਿੱਚ ਸੋਸ਼ਲ ਮੀਡੀਆ ਸਮੇਤ ਪੂਰੇ ਸਮਾਜ 'ਚ ਸਰਗਰਮ ਹਨ। ਜਿਸ ਤਰ੍ਹਾਂ ਹਰ ਸਿੱਕੇ ਦੇ ਦੋ ਪਾਸੇ ਹੁੰਦੇ ਹਨ, ਉਸੇ ਤਰਾਂ ਸੋਸ਼ਲ ਮੀਡੀਆ ਦੇ ਲਾਭ ਹੋਣ ਦੇ ਨਾਲ ਕਈ ਨੁਕਸਾਨ ਵੀ ਹਨ। ਸੋਸ਼ਲ ਮੀਡੀਆ ਦੀ ਦੁਰਵਰਤੋਂ ਕਰਕੇ ਕਈ ਲੋਕ ਠੱਗੇ ਗਏ ਹਨ ਅਤੇ ਉਹਨਾਂ ਨੂੰ ਆਰਥਿਕ ਅਤੇ ਮਾਨਸਿਕ ਤਸ਼ੱਦਦ ਦਾ ਵੀ ਸਾਹਮਣਾ ਕਰਨਾ ਪਿਆ ਹੈ। ਇਹ ਇੱਕ ਕੁਸੈਲੀ ਹਕੀਕਤ ਹੈ ਕਿ ਭਾਰਤ ਵਿੱਚ ਇੱਕ ਅਣਵਿਆਹੀ ਔਰਤ ਦਾ ਜੀਵਨ ਜਿਊਣਾ ਆਸਾਨ ਨਹੀਂ ਹੈ। ਸਮੇਂ ਸਿਰ ਵਿਆਹ ਕਰਵਾਉਣ ਲਈ ਸਮਾਜ ਅਤੇ ਪਰਿਵਾਰ ਦਾ ਉਸ 'ਤੇ ਬਹੁਤ ਦਬਾਅ ਰਹਿੰਦਾ ਹੈ ਕਿਉਂਕਿ ਅੱਜ-ਕੱਲ੍ਹ ਸ਼ਹਿਰਾਂ ਵਿੱਚ ਕੁੜੀਆਂ ਪੜ੍ਹੀਆਂ-ਲਿਖੀਆਂ ਹਨ ਅਤੇ ਚੰਗੀ ਤਨਖਾਹ ਵਾਲੀਆਂ ਨੌਕਰੀਆਂ ਵੀ ਕਰ ਰਹੀਆਂ ਹਨ, ਇਸ ਲਈ ਅਜਿਹੀਆਂ ਔਰਤਾਂ ਆਪਣੇ ਮਾਪਿਆਂ ਦੀ ਸਲਾਹ ਮੰਨ ਕੇ ਪੁਰਾਣੀਆਂ ਲੀਹਾਂ 'ਤੇ ਵਿਆਹ ਨਹੀਂ ਕਰਵਾਉਣਾ ਚਾਹੁੰਦੀਆਂ। ਉਹ ਆਪਣੇ ਕੰਮ ਦੇ ਖੇਤਰ ਜਾਂ ਸੋਸ਼ਲ ਮੀਡੀਆ 'ਤੇ ਆਪਣੀ ਪਸੰਦ ਦੇ ਜੀਵਨ ਸਾਥੀ ਦੀ ਖੋਜ ਕਰਦੀਆਂ ਰਹਿੰਦੀਆਂ ਹਨ। ਇਸ ਦੇ ਨਾਲ ਹੀ ਛੋਟੀ ਉਮਰ ਵਿੱਚ ਤਲਾਕ ਲੈਣ ਜਾਂ ਵਿਧਵਾ ਹੋਣ ਵਾਲੀਆਂ ਔਰਤਾਂ ਦੀ ਗਿਣਤੀ ਵੀ ਘੱਟ ਨਹੀਂ ਹੈ। ਇਨ੍ਹਾਂ ਔਰਤਾਂ ਨੂੰ ਆਪਣੇ ਰਹਿਣ-ਸਹਿਣ ਲਈ ਵਿੱਤੀ ਸੁਰੱਖਿਆ ਵੀ ਯਕੀਨੀ ਤੌਰ 'ਤੇ ਹੁੰਦੀ ਹੈ ਪਰ ਭਾਵਨਾਤਮਕ ਅਸੁਰੱਖਿਆ ਕਾਰਨ ਉਨ੍ਹਾਂ ਨੂੰ ਫ਼ਿਰ ਤੋਂ ਜੀਵਨ ਸਾਥੀ ਦੀ ਭਾਲ ਵੀ ਕਰਨੀ ਪੈਂਦੀ ਹੈ। ਇਨ੍ਹਾਂ ਦੋਵਾਂ ਕਿਸਮਾਂ ਦੀਆਂ ਔਰਤਾਂ ਨੂੰ ਅਕਸਰ ਦੁਨੀਆਂ ਭਰ ਦੇ ਠੱਗ ਲੋਕਾਂ ਦੁਆਰਾ ਮੂਰਖ ਬਣਾਇਆ ਜਾਂਦਾ ਹੈ ਅਤੇ ਮੋਟੀਆਂ ਰਕਮਾਂ ਵਸੂਲੀਆਂ ਜਾਂਦੀਆਂ ਹਨ। ਇਸ ਤਰਾਂ ਅਨੇਕਾਂ ਮਹਿਲਾਵਾਂ ਬਿਨਾਂ ਵਿਆਹ ਕੀਤੇ ਆਪਣੀ ਜ਼ਿੰਦਗੀ ਬਰਬਾਦ ਕਰ ਲੈਂਦੀਆਂ ਹਨ। ਅਜਿਹੀਆਂ ਔਰਤਾਂ ਨਾਲ ਅਕਸਰ ਠੱਗ ਕਿਸਮ ਦੇ ਲੋਕ ਮਿੱਠੀਆਂ ਮਿੱਠੀਆਂ ਗੱਲਾਂ ਕਰਕੇ ਠੱਗੀ ਮਾਰ ਜਾਂਦੇ ਹਨ। ਤਲਾਕ ਸ਼ੁਦਾ ਅਤੇ ਵਿਧਵਾ ਔਰਤਾਂ ਨੂੰ ਅਕਸਰ ਅਨੇਕਾਂ ਮਰਦ ਆਪਣੇ ਜਾਲ ਵਿੱਚ ਫ਼ਸਾਉਣ ਲਈ ਬਹੁਤ ਯਤਨ ਕਰਦੇ ਹਨ ਅਤੇ ਇਹਨਾਂ ਭੋਲ਼ੀਆਂ ਭਾਲੀਆਂ ਮਹਿਲਾਵਾਂ ਨੂੰ ਬਹਿਲਾ ਫ਼ੁਸਲਾ ਕੇ ਉਹਨਾਂ ਦੀ ਸਾਰੀ ਜਮਾਂ ਪੂੰਜੀ ਆਪਣੇ ਨਾਮ ਟਰਾਂਸਫ਼ਰ ਕਰਵਾ ਲੈਂਦੇ ਹਨ ਅਤੇ ਪੈਸੇ ਮਿਲਣ ਤੋਂ ਬਾਅਦ ਵਿਆਹ ਕਰਵਾਉਣ ਦੀ ਥਾਂ ਗਾਇਬ ਹੋ ਜਾਂਦੇ ਹਨ ਜਾਂ ਵਿਆਹ ਤੋਂ ਇਨਕਾਰ ਕਰ ਦਿੰਦੇ ਹਨ।





ਪੰਜਾਬ ਵਿੱਚ ਕੁਝ ਸਾਲ ਪਹਿਲਾਂ ਸਿਰਫ਼ ਠੱਗ ਲਾੜਿਆਂ ਬਾਰੇ ਹੀ ਖ਼ਬਰਾਂ ਆਉਂਦੀਆਂ ਸਨ ਅਤੇ ਕਿਹਾ ਜਾਂਦਾ ਸੀ ਕਿ ਕੁਝ ਐਨ.ਆਰ.ਆਈ ਲਾੜੇ ਪੰਜਾਬ ਦੀਆਂ ਕੁੜੀਆਂ ਨਾਲ ਵਿਆਹ ਕਰਵਾ ਕੇ ਇੱਕ ਦੋ ਮਹੀਨੇ ਉਹਨਾਂ ਨਾਲ ਰਹਿ ਕੇ ਵਿਦੇਸ਼ ਉਡਾਰੀ ਮਾਰ ਜਾਂਦੇ ਹਨ ਅਤੇ ਫ਼ਿਰ ਮੁੜਕੇ ਉਹਨਾਂ ਦਾ ਕੁਝ ਪਤਾ ਨਹੀਂ ਚੱਲਦਾ ਜਾਂ ਲਾੜੀ ਨੂੰ ਵਿਦੇਸ਼ ਜਾ ਕੇ ਪਤਾ ਚੱਲਦਾ ਹੈ ਕਿ ਉਸ ਦਾ ਵਿਦੇਸ਼ੀ ਲਾੜਾ ਵਿਦੇਸ਼ ਵਿੱਚ ਪਹਿਲਾਂ ਹੀ ਵਿਆਹਿਆ ਹੋਇਆ ਹੈ ਅਤੇ ਵਿਆਹ ਦੇ ਨਾਂਅ ਤੇ ਉਸ ਨਾਲ ਧੋਖਾ ਹੋ ਗਿਆ ਹੈ। ਇਸ ਤਰਾਂ ਇਸ ਨਕਲੀ ਵਿਆਹ ਦੌਰਾਨ ਬਾਰਾਤ ਵਿੱਚ ਆਏ ਮਾਮੇ, ਚਾਚੇ, ਤਾਏ ਤੇ ਫ਼ੁੱਫੜ ਵੀ ਨਕਲੀ ਨਿਕਲਦੇ ਹਨ।

ਹੁਣ ਯੁੱਗ ਬਦਲ ਗਿਆ ਹੈ ਹੁਣ ਵਿਆਹ ਦੇ ਨਾਂਅ 'ਤੇ ਠੱਗੀਆਂ ਲਾੜਿਆਂ ਦੀ ਥਾਂ ਲਾੜੀਆਂ ਵੱਲੋਂ ਵੀ ਮਾਰੀਆਂ ਜਾਂਦੀਆਂ ਹਨ। ਜਦੋਂ ਤੋਂ ਆਈਲੈਟਸ ਸਿਸਟਮ ਸ਼ੁਰੂ ਹੋਇਆ ਹੈ, ਉਦੋਂ ਤੋਂ ਆਈਲੈਟਸ ਪਾਸ ਕੁੜੀ ਨਾਲ ਮੁੰਡੇ ਦਾ ਵਿਆਹ ਕਰਵਾ ਕੇ ਲੜਕੀ ਨੂੰ ਵਿਦੇਸ਼ ਭੇਜਣ ਦਾ ਸਾਰਾ ਖ਼ਰਚਾ ਮੁੰਡੇ ਵਾਲਿਆਂ ਵੱਲੋਂ ਕੀਤੀ ਜਾਂਦਾ ਹੈ। ਅਕਸਰ ਖ਼ਬਰਾਂ ਆਉਂਦੀਆਂ ਹਨ ਕਿ ਸਹੁਰੇ ਪਰਿਵਾਰ ਦਾ ਲੱਖਾਂ ਰੁਪਇਆ ਲਗਵਾ ਕੇ ਆਈਲੈਟਸ ਪਾਸ ਅਨੇਕਾਂ ਕੁੜੀਆਂ ਵਿਦੇਸ਼ ਵਿੱਚ ਜਾ ਕੇ ਬਦਲ ਗਈਆਂ ਅਤੇ ਉਹਨਾਂ ਵੱਲੋਂ ਆਪਣੇ ਲਾੜੇ ਨੂੰ ਵਿਦੇਸ਼ ਵਿੱਚ ਬੁਲਾਉਣ ਤੋਂ ਸਾਫ਼ ਇਨਕਾਰ ਕਰ ਦਿੱਤਾ ਗਿਆ। ਅਜਿਹੀ ਤਰ੍ਹਾਂ ਠੱਗੇ ਗਏ ਲਾੜੇ ਫ਼ਿਰ ਰੋਣ ਜੋਗੇ ਹੀ ਰਹਿ ਜਾਂਦੇ ਹਨ, ਕਿਉਂਕਿ ਠੱਗ ਲਾੜੀਆਂ ਵੱਲੋਂ ਉਹਨਾਂ ਨਾਲ ਵਿਆਹਾਂ ਦੇ ਨਾਂਅ 'ਤੇ ਠੱਗੀ ਕਰ ਦਿੱਤੀ ਜਾਂਦੀ ਹੈ। ਠੱਗੀ ਦਾ ਸ਼ਿਕਾਰ ਹੋਏ ਇਹ ਨੌਜਵਾਨ ਅਕਸਰ ਲੋਕਾਂ ਦੇ ਤਾਨੇ ਸੁਣਨ ਤੋਂ ਬਾਅਦ ਆਤਮ ਹੱਤਿਆ ਵਰਗਾ ਕਦਮ ਚੁੱਕਣ ਬਾਰੇ ਵੀ ਸੋਚਦੇ ਹਨ। ਕਈ ਮਾਮਲੇ ਅਜਿਹੇ ਵੀ ਸਾਹਮਣੇ ਆਏ ਹਨ ਕਿ ਠੱਗ ਲਾੜੀਆਂ ਵਿਦੇਸ਼ ਜਾ ਕੇ ਏਅਰਪੋਰਟ ਤੋਂ ਹੀ ਗਾਇਬ ਹੋ ਗਈਆਂ ਜਾਂ ਆਪਣੇ ਪ੍ਰੇਮੀ ਨਾਲ ਚਲੀਆਂ ਗਈਆਂ। ਮੀਡੀਆ ਰਿਪੋਰਟਾਂ ਦੱਸਦੀਆਂ ਹਨ ਕਿ ਪੰਜਾਬ ਵਿੱਚ ਬਹੁਤ ਮਾਮਲੇ ਅਜਿਹੇ ਸਾਹਮਣੇ ਆਏ ਹਨ ਜਿਥੇ ਕਿ ਆਈਲੈਟਸ ਪਾਸ ਕੁੜੀ ਨਾਲ ਲੱਖਾਂ ਰੁਪਏ ਖ਼ਰਚ ਕੇ ਅਨੇਕਾਂ ਲੋਕਾਂ ਨੇ ਆਪਣੇ ਮੁੰਡੇ ਵਿਆਹੇ ਅਤੇ ਆਪਣੀ ਨੂੰਹ ਨੂੰ ਵਿਦੇਸ਼ ਭੇਜਣ ਲਈ ਲੱਖਾਂ ਰੁਪਏ ਖ਼ਰਚਾ ਕੀਤਾ ਪਰ ਇਹ ਲਾੜੀ ਠੱਗ ਨਿਕਲੀ ਅਤੇ ਵਿਦੇਸ਼ ਜਾ ਕੇ ਉਸ ਵੱਲੋਂ ਆਪਣੇ ਪਤੀ ਨੂੰ ਵਿਦੇਸ਼ ਬੁਲਾਉਣ ਤੋਂ ਸਾਫ਼ ਇਨਕਾਰ ਕਰ ਦਿੱਤਾ ਗਿਆ। ਫ਼ਿਰ ਠੱਗੀ ਦਾ ਸ਼ਿਕਾਰ ਹੋਏ ਅਜਿਹੇ ਨੌਜਵਾਨ ਨਾ ਘਰ ਦੇ ਰਹਿੰਦੇ ਹਨ ਤੇ ਨਾ ਹੀ ਘਾਟ ਦੇ। ਕਈ ਕੁੜੀਆਂ ਦਾ ਵਿਦੇਸ਼ ਵਿੱਚ ਜਾ ਕੇ ਨਾ ਤਾਂ ਆਪਣੇ ਪਤੀ ਨੂੰ ਵਿਦੇਸ਼ ਬੁਲਾਉਂਦੀਆਂ ਹਨ ਤੇ ਨਾ ਹੀ ਤਲਾਕ ਦਿੰਦੀਆਂ ਹਨ ਸਗੋਂ ਆਪਣੇ ਪਤੀ ਅਤੇ ਸਹੁਰਿਆਂ ਵਿਰੁੱਧ ਅਦਾਲਤ ਜਾਂ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾ ਦਿੰਦੀਆਂ ਹਨ ਅਤੇ ਆਪਣੇ ਪਤੀ ਅਤੇ ਸਹੁਰਾ ਪਰਿਵਾਰ ਨੂੰ ਤੰਗ ਪ੍ਰੇਸ਼ਾਨ ਕਰਦੀਆਂ ਹਨ।

ਠੱਗ ਲਾੜੇ ਤੇ ਠੱਗ ਲਾੜੀਆਂ ਅਕਸਰ ਵਿਆਹਾਂ ਦੇ ਨਾਂਅ 'ਤੇ ਠੱਗੀ ਮਾਰ ਕੇ ਭੋਲੇ ਭਾਲੇ ਲੋਕਾਂ ਦੀ ਜਿੰਦਗੀ ਖ਼ਰਾਬ ਕਰ ਦਿੰਦੇ ਹਨ। ਅਜਿਹੀ ਠੱਗੀ ਦਾ ਸ਼ਿਕਾਰ ਹੋਏ ਲੋਕ ਫ਼ਿਰ ਕਿਸੇ ਨੂੰ ਮੂੰਹ ਦਿਖਾਉਣ ਜੋਗੇ ਨਹੀਂ ਰਹਿੰਦੇ ਅਤੇ ਅਜਿਹੇ ਲੋਕਾਂ ਦਾ ਅਕਸਰ ਦੁਨੀਆਂ ਮਜ਼ਾਕ ਉਡਾਉਂਦੀ ਹੈ। ਇਸ ਲਈ ਆਮ ਲੋਕਾਂ ਨੂੰ ਆਪਣੇ ਬੱਚਿਆਂ ਦੇ ਵਿਆਹ ਕਰਨ ਮੌਕੇ ਬਹੁਤ ਸਾਵਧਾਨੀ ਤੋਂ ਕੰਮ ਲੈਣਾ ਚਾਹੀਦਾ ਹੈ ਅਤੇ ਠੱਗ ਲਾੜੇ ਲਾੜੀਆਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ। ਇਸ ਤੋਂ ਇਲਾਵਾ ਵਿਆਹ ਯੋਗ ਹਰ ਨੌਜਵਾਨ ਮੁੰਡਿਆਂ ਅਤੇ ਕੁੜੀਆਂ ਨੂੰ ਵੀ ਮਿੱਠਾ ਬੋਲਣ ਵਾਲੇ ਸ਼ਾਤਿਰ ਲੋਕਾਂ ਤੋਂ ਬੱਚ ਕੇ ਰਹਿਣਾ ਚਾਹੀਦਾ ਹੈ ਤਾਂ ਕਿ ਉਹ ਵਿਆਹ ਦੇ ਨਾਂਅ 'ਤੇ ਠੱਗੀ ਦਾ ਸ਼ਿਕਾਰ ਨਾ ਹੋ ਸਕਣ।



ਪਾਠਕਾਂ ਲਈ ਵਿਸ਼ੇਸ਼ ਸੂਚਨਾ

ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵੱਲੋਂ ਪਾਠਕਾਂ ਦੀ ਜਾਣਕਾਰੀ ਵਿੱਚ ਵਾਧਾ ਕਰਨ ਲਈ ਨਵੀਂ ਵੈਬਸਾਈਟ

www.amritsartimes.live

ਸ਼ੁਰੂ ਕੀਤੀ ਗਈ ਹੈ। ਜਿਸ ਵਿੱਚ ਦੇਸ਼ ਵਿਦੇਸ਼ ਵਿੱਚ ਹਰ ਦਿਨ ਵਾਪਰਦੀਆਂ ਘਟਨਾਵਾਂ ਦਾ ਵੇਰਵਾ, ਪੰਥਕ ਖ਼ਬਰਾਂ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਿਤ ਮਾਹਿਰ ਵਿਦਵਾਨਾਂ ਦੇ ਲੇਖ, ਵਿਸ਼ੇਸ਼ ਟਿੱਪਣੀਆਂ, ਕਵਰ ਸਟੋਰੀਆਂ, ਕਹਾਣੀਆਂ ਅਤੇ ਹੋਰ ਬਹੁਤ ਕੁਝ ਜਾਣਕਾਰੀ ਭਰਪੂਰ ਦੇਣ ਦਾ ਯਤਨ ਕੀਤਾ ਗਿਆ ਹੈ। ਇਕ ਵਾਰ ਜ਼ਰੂਰ ਵਿਜ਼ਟ ਕਰੋ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
LIKE & SHARE
www.amritsartimes.live
Please like and share

# ਗਾਜ਼ਾ ’ਚ ਜੰਗਬੰਦੀ ਦਾ ਅਮਲ ਸ਼ੁਰੂ, ਹਮਾਸ ਵੱਲੋਂ ਤਿੰਨ ਮਹਿਲਾ ਬੰਦੀ ਰਿਹਾਅ

ਦੀਰ ਅਲ-ਬਲਾਹ/ਏ.ਟੀ. ਨਿਊਜ਼: ਅਮਰੀਕਾ ’ਚ ਡੋਨਲਡ ਟਰੰਪ ਦੇ ਰਾਸ਼ਟਰਪਤੀ ਵਜੋਂ ਹਲਫ਼ ਲੈਣ ਤੋਂ ਇੱਕ ਦਿਨ ਪਹਿਲਾਂ ਗਾਜ਼ਾ ਪੱਟੀ ’ਚ ਸ਼ਾਂਤੀ ਦਾ ਰਾਹ ਪੱਧਰਾ ਹੋ ਗਿਆ। ਇਜ਼ਰਾਇਲ ਅਤੇ ਹਮਾਸ ਵਿਚਕਾਰ ਹੋਏ ਸਮਝੌਤੇ ਮਗਰੋਂ ਗਾਜ਼ਾ ਪੱਟੀ ’ਚ ਜੰਗਬੰਦੀ ਦਾ ਅਮਲ ਸ਼ੁਰੂ ਹੋ ਗਿਆ। ਸਮਝੌਤੇ ਤਹਿਤ ਹਮਾਸ ਨੇ ਪਿਛਲੇ 470 ਦਿਨਾਂ ਤੋਂ ਬੰਧਕ ਤਿੰਨ ਮਹਿਲਾਵਾਂ ਰੋਮੀ ਗੋਨੇਨ (24), ਐਮਿਲੀ ਦਮਾਰੀ (28) ਅਤੇ ਡੋਰੋਨ ਸਟੀਨਬ੍ਰੇਸ਼ਰ (31) ਨੂੰ ਰਿਹਾਅ ਕਰ ਦਿੱਤਾ। ਤਿੰਨੋਂ ਬੰਧਕਾਂ ਨੂੰ ਰੈੱਡਕ੍ਰਾਸ ਨੇ ਇਜ਼ਰਾਇਲੀ ਡਿਫੈਂਸ ਫੋਰਸ ਹਵਾਲੇ ਕੀਤਾ ਗਿਆ ਜੋ ਬਾਅਦ ’ਚ ਇਜ਼ਰਾਇਲ ਪਹੁੰਚ ਗਈਆਂ। ਉਧਰ ਇਜ਼ਰਾਇਲ ਵੱਲੋਂ 90 ਫਲਸਤੀਨੀਆਂ ਨੂੰ ਛੱਡਿਆ ਜਾਵੇਗਾ ਜਿਨ੍ਹਾਂ ’ਚ ਜ਼ਿਆਦਾਤਰ ਬੱਚੇ ਅਤੇ ਔਰਤਾਂ ਸ਼ਾਮਲ ਹਨ। ਕਰੀਬ 15 ਮਹੀਨਿਆਂ ਦੀ ਜੰਗ ਮਗਰੋਂ ਫਲਸਤੀਨੀਆਂ ਨੇ ਹੁਣ ਜਾ ਕੇ ਸੁੱਖ ਦਾ ਸਾਹ ਲਿਆ ਹੈ ਅਤੇ ਉਹ ਮਲਬੇ ’ਚ ਤਬਦੀਲ ਹੋ ਚੁੱਕੇ ਆਪਣੇ ਘਰਾਂ ਨੂੰ ਪਰਤਣਾ ਸ਼ੁਰੂ ਹੋ ਗਏ ਹਨ। ਅਮਰੀਕਾ, ਕਤਰ ਅਤੇ ਮਿਸਰ ਦੀ ਵਿਚੋਲਗੀ ਨਾਲ ਜੰਗਬੰਦੀ ਦਾ ਸਮਝੌਤਾ ਸਿਰੇ ਚੜ੍ਹਿਆ ਹੈ। ਜੰਗਬੰਦੀ ਦਾ ਅਮਲ ਸ਼ੁਰੂ ਹੋਣ ਦੇ ਨਾਲ ਹੀ ਮਿਸਰ ਤੋਂ ਰਾਹਤ ਸਮੱਗਰੀ ਨਾਲ ਭਰੇ ਟਰੱਕ ਗਾਜ਼ਾ ’ਚ ਦਾਖ਼ਲ ਹੋਏ।

ਇਸ ਤੋਂ ਪਹਿਲਾਂ ਜੰਗਬੰਦੀ ਦਾ ਅਮਲ ਤਿੰਨ ਘੰਟੇ ਦੀ ਦੇਰੀ ਨਾਲ ਸ਼ੁਰੂ ਹੋਇਆ ਕਿਉਂਕਿ ਹਮਾਸ ਨੇ ਰਿਹਾਅ ਕੀਤੇ ਜਾਣ ਵਾਲੇ ਤਿੰਨ ਬੰਧਕਾਂ ਦੇ ਨਾਮ ਨਸ਼ਰ ਨਹੀਂ ਕੀਤੇ ਸਨ ਜਦਕਿ ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਇਸ ਗੱਲ ’ਤੇ ਅੜ ਗਏ ਸਨ ਕਿ ਹਮਾਸ ਬੰਧਕਾਂ ਦੇ ਨਾਵਾਂ ਦੀ ਸੂਚੀ ਜਾਰੀ ਕਰੇ। ਹਮਾਸ ਨੇ ਬੰਧਕਾਂ ਦੇ ਨਾਮ ਜਾਰੀ ਕਰਨ ਵਿੱਚ ਦੇਰੀ ਲਈ ਤਕਨੀਕੀ ਕਾਰਨਾਂ ਦਾ ਹਵਾਲਾ ਦਿੱਤਾ। ਇਜ਼ਰਾਈਲ ਮੁਤਾਬਕ ਗੋਨੇਨ ਨੂੰ ਨੋਵਾ ਸੰਗੀਤ ਉਤਸਵ ਜਦਕਿ ਦੋ ਹੋਰਾਂ ਨੂੰ ਕਿਬੁਤਜ਼ ਕਫਾਰ ਅਜ਼ਾ ਤੋਂ ਅਗ਼ਵਾ ਕੀਤਾ ਗਿਆ ਸੀ। ਦਮਾਰੀ ਇਜ਼ਰਾਇਲੀ-ਬਰਤਾਨਵੀ ਨਾਗਰਿਕ ਹੈ। ਜੰਗਬੰਦੀ ਦੇ ਅਮਲ ’ਚ ਦੇਰੀ ਦੌਰਾਨ ਹੀ ਇਜ਼ਰਾਈਲ ਨੇ ਖ਼ਾਨ ਯੂਨਿਸ ’ਚ ਹਵਾਈ ਹਮਲਾ ਕੀਤਾ ਜਿਸ ’ਚ 26 ਵਿਅਕਤੀਆਂ ਦੀ ਮੌਤ ਦਾ ਦਾਅਵਾ ਕੀਤਾ ਗਿਆ ਹੈ। ਇੱਕ ਹੋਰ ਵੱਖਰੇ ਘਟਨਾਕ੍ਰਮ ਤਹਿਤ ਇਜ਼ਰਾਈਲ ਨੇ ਐਲਾਨ ਕੀਤਾ ਕਿ ਉਸ ਨੂੰ ਇੱਕ ਵਿਸ਼ੇਸ਼ ਅਪਰੇਸ਼ਨ ਦੌਰਾਨ ਆਪਣੇ ਫੌਜੀ ਓਰੋਨ ਸ਼ੌਲ ਦੀ ਲਾਸ਼ ਮਿਲ ਗਈ ਹੈ, ਜੋ 2014 ਇਜ਼ਰਾਈਲ-ਹਮਾਸ ਜੰਗ ਵਿੱਚ ਮਾਰਿਆ ਗਿਆ ਸੀ। ਸਾਲ 2014 ਦੀ ਜੰਗ ਮਗਰੋਂ ਸ਼ੌਲ ਅਤੇ ਇੱਕ ਹੋਰ ਇਜ਼ਰਾਇਲੀ ਫੌਜੀ ਹੈਦਰ ਗੋਲਡਿਨ ਦੀਆਂ ਦੇਹਾਂ ਗਾਜ਼ਾ ਵਿੱਚ ਰਹਿ ਗਈਆਂ ਸਨ। ਇਨ੍ਹਾਂ ਫੌਜੀਆਂ ਦੇ ਪਰਿਵਾਰਾਂ ਵੱਲੋਂ ਕੀਤੇ ਜਨਤਕ ਅੰਦੋਲਨਾਂ ਦੇ ਬਾਵਜੂਦ ਲਾਸ਼ਾਂ ਨਹੀਂ ਮੋੜੀਆਂ ਗਈਆਂ ਸਨ।

## ਰਾਹਤ ਸਮੱਗਰੀ ਨਾਲ ਭਰੇ ਟਰੱਕ ਗਾਜ਼ਾ ਪੁੱਜੇ, ਘਰਾਂ ਨੂੰ ਪਰਤਣ ਲੱਗੇ ਲੋਕ






# ਸਿਲੀਕੋਨ ਵੈਲੀ ਗੁਰਦੁਆਰਾ ਸੈਂਟਾ ਕਲਾਰਾ ਵਿਖੇ ਧਾਰਮਿਕ ਕਵੀ ਦਰਬਾਰ ਕਰਵਾਇਆ



ਸੈਂਟਾ ਕਲਾਰਾ(ਅਮਰੀਕਾ)/ ਏ.ਟੀ.ਨਿਊਜ਼: ਪਿਛਲੇ ਦਿਨੀਂ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਸਿਲੀਕੋਨ ਵੈਲੀ ਗੁਰਦੁਆਰਾ ਸੈਂਟਾ ਕਲਾਰਾ, ਅਮਰੀਕਾ ਵਿਖੇ ਸਜੇ ਹਫ਼ਤਾਵਾਰੀ ਦੀਵਾਨਾਂ ਵਿੱਚ ‘ਪ੍ਰਕਾਸ਼ ਪੂਰਬ ਗੁਰੂ ਗੋਬਿੰਦ ਸਿੰਘ ਸਾਹਿਬ ਜੀ’ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਅਤੇ ਸਿੱਖਿਆਵਾਂ ’ਤੇ ਰੌਸ਼ਨੀ ਪਾਉਂਦਿਆਂ ਦਸਿਆ ਗਿਆ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਅਜਿਹਾ ਖ਼ਾਲਸਾ ਸਾਜਿਆ ਕਿ ਇੱਕ ਪਰਮਾਤਮਾ ਤੋਂ ਬਿਨਾ ਕਿਸੇ ਅੱਗੇ ਸਿਰ ਨਾ ਝੁਕਾਵੇ। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵਿਸ਼ਵਾਸ਼ ਰੱਖੇ ਤੇ ਗੁਰੂ ਮੰਨੇ। ਆਪਣੇ ਸਿੱਖਾਂ ਨੂੰ ਉਪਦੇਸ਼ ਦਿੱਤਾ ਕਿ ਜਬਰ ਅਤੇ ਅਨਿਆਂਏ ਅੱਗੇ ਝੁਕਣਾ ਅਧਰਮ ਹੈ। ਸਿੱਖ ਕੌਮ ਵਿੱਚ ਅਜਿਹਾ ਜੋਸ਼ ਭਰਿਆ ਕਿ ਨਿਮਾਣੇ, ਨਿਤਾਣੇ, ਦੱਬੇ ਕੁਚੇ ਨਿਕੰਮੇ ਸਮਝੇ ਜਾਣ ਵਾਲਿਆਂ ਨੂੰ ਸੰਤ ਸਿਪਾਹੀ ਬਨਣ ਵੱਲ ਤੋਰਿਆ। ਜਿਨ੍ਹਾਂ ਦੀਆਂ ਕੁਰਬਾਨੀਆਂ ਹਮੇਸ਼ਾ ਅਮਰ ਹਨ। ਅਧਿਆਤਮਕ ਤੇ ਭੌਤਿਕ, ਆਤਮਿਕ ਤੇ ਸੰਸਾਰਕ ਨੂੰ ਇੱਕ ਕਲਾਵੇ ਵਿੱਚ ਲੈ ਲਿਆ। ‘ਦੇਗ ਤੇਗ਼ ਫਤਹਿ’ ਦੀ ਦਾਤ ਖ਼ਾਲਸੇ ਨੂੰ ਬਖਸ਼ੀ। ਗੁਰੂ ਸਾਹਿਬ ਜੀ ਨੇ ਨਰੋਏ ਸਮਾਜ ਦੀ ਉਸਾਰੀ ਕਰਦਿਆਂ ਸਿੱਖ ਧਰਮ ਦੀ ਅਗਵਾਈ ਕੀਤੀ।

ਧਾਰਮਿਕ ਕਵੀ ਦਰਬਾਰ ਦੇ ਦੌਰ ਵਿੱਚ ਕਵੀ ਤਰਲੋਚਨ ਸਿੰਘ ਦੁਪਾਲਪੁਰੀ, ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮੋਂਟ, ਪ੍ਰਮਿੰਦਰ ਸਿੰਘ ਪ੍ਰਵਾਨਾ, ਬਲਕਾਰ ਸਿੰਘ, ਅਮਰਜੀਤ ਸਿੰਘ ਮੁਲਤਾਨੀ ਨੇ ਗੁਰਮਤਿ ਆਸ਼ੇ ਅਨੁਸਾਰ ਬੀਰ ਰਸੀ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਗੁਰਦੁਆਰਾ ਸਾਹਿਬ ਦੇ ਸਕੱਤਰ ਹਰਪ੍ਰੀਤ ਸਿੰਘ ਵੱਲੋਂ ਪ੍ਰੋਗਰਾਮ ਦੀ ਸਫਲਤਾ ’ਤੇ (ਬਾਕੀ ਸਫ਼ਾ 30 ’ਤੇ)

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ’ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ ’ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**


CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.



Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



Capital DRUG TESTING
CAPITAL DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.



Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

## ਕੋਲਕਾਤਾ ਜਬਰ-ਜਨਾਹ ਤੇ ਕਤਲ ਮਾਮਲਾ

# ਸੰਜੈ ਰਾਏ ਨੂੰ ਮੌਤ ਤੱਕ ਉਮਰ ਕੈਦ ਦੀ ਸਜ਼ਾ

## ਪੱਛਮੀ ਬੰਗਾਲ ਸਰਕਾਰ ਨੂੰ ਪੀੜ੍ਹਤ ਪਰਿਵਾਰ ਨੂੰ 17 ਲੱਖ ਰੁਪਏ ਮੁਆਵਜ਼ਾ ਦੇਣ ਦੇ ਹੁਕਮ



ਕੋਲਕਾਤਾ/ਏ.ਟੀ.ਨਿਊਜ਼: ਇੱਥੋਂ ਦੀ ਸਿਆਲਦਾਹ ਅਦਾਲਤ ਨੇ ਸਰਕਾਰੀ ਆਰਜੀ ਕਰ ਮੈਡੀਕਲ ਕਾਲਜ ਤੇ ਹਸਪਤਾਲ ਵਿੱਚ ਟਰੇਨੀ ਮਹਿਲਾ ਡਾਕਟਰ ਨਾਲ ਜਬਰ-ਜਨਾਹ ਤੇ ਕਤਲ ਮਾਮਲੇ ਵਿੱਚ ਦੋਸ਼ੀ ਠਹਿਰਾਏ ਸੰਜੈ ਰਾਏ ਨੂੰ ਮੌਤ ਤੱਕ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਦੋਸ਼ੀ ਨੂੰ 50 ਹਜ਼ਾਰ ਰੁਪਏ ਦਾ ਜੁਰਮਾਨਾ ਵੀ ਕੀਤਾ ਗਿਆ ਹੈ। ਸੀ.ਬੀ.ਆਈ. ਨੇ ਹਾਲਾਂਕਿ ਰਾਏ ਲਈ ਮੌਤ ਦੀ ਸਜ਼ਾ ਦੀ ਮੰਗ ਕੀਤੀ ਸੀ। ਅਦਾਲਤ ਨੇ ਸੂਬਾ ਸਰਕਾਰ ਨੂੰ ਹਦਾਇਤ ਕੀਤੀ ਕਿ ਉਹ ਪੀੜ੍ਹਤ ਮਹਿਲਾ ਡਾਕਟਰ ਦੇ ਪਰਿਵਾਰ ਨੂੰ ਮੁਆਵਜ਼ੇ ਵਜੋਂ 17 ਲੱਖ ਰੁਪਏ ਦੀ ਅਦਾਇਗੀ ਕਰੇ।

ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਅਨਿਰਬਾਨ ਦਾਸ ਨੇ ਕਿਹਾ ਕਿ ਇਹ ਅਪਰਾਧ 'ਵਿਰਲਿਆਂ 'ਚੋਂ ਵਿਰਲੇ' ਵਰਗ ਵਿੱਚ ਨਹੀਂ ਆਉਂਦਾ ਜੋ ਦੋਸ਼ੀ ਨੂੰ ਮੌਤ ਦੀ ਸਜ਼ਾ ਨਾ ਦੇਣ ਦਾ ਇੱਕ ਕਾਰਨ ਹੈ। ਅਦਾਲਤ ਨੇ ਰਾਏ ਨੂੰ ਬੀ.ਐੱਨ.ਐੱਸ. ਦੀ ਧਾਰਾ 64, 66 ਤੇ 103 (1) ਤਹਿਤ ਦੋਸ਼ੀ ਠਹਿਰਾਇਆ ਸੀ। ਜੱਜ ਨੇ ਫ਼ੈਸਲੇ 'ਚ ਕਿਹਾ, 'ਸੀ.ਬੀ.ਆਈ. ਨੇ ਮੌਤ ਦੀ ਸਜ਼ਾ ਦੀ ਮੰਗ ਕੀਤੀ ਸੀ। ਬਚਾਅ ਪੱਖ ਦੇ ਵਕੀਲ ਨੇ ਮੰਗ ਕੀਤੀ ਕਿ ਮੌਤ ਦੀ ਸਜ਼ਾ ਮਗਰੋਂ ਜੇਲ੍ਹ ਦੀ ਸਜ਼ਾ ਦਿੱਤੀ ਜਾਵੇ। ਇਹ ਅਪਰਾਧ ਵਿਰਲਿਆਂ 'ਚੋਂ ਵਿਰਲੇ ਅਪਰਾਧ ਦੀ ਸ਼੍ਰੇਣੀ 'ਚ ਨਹੀਂ ਆਉਂਦਾ।' ਜੱਜ ਨੇ ਕਿਹਾ ਕਿ ਰਾਏ ਨੂੰ ਇਸ ਫ਼ੈਸਲੇ ਖ਼ਿਲਾਫ਼ ਕਲਕੱਤਾ ਹਾਈ ਕੋਰਟ 'ਚ ਅਪੀਲ ਕਰਨ ਦਾ ਅਧਿਕਾਰ ਹੈ ਅਤੇ ਲੋੜ ਪੈਣ 'ਤੇ ਉਸ ਨੂੰ ਕਾਨੂੰਨੀ ਸਹਾਇਤਾ ਮੁਹੱਈਆ ਕਰਵਾਈ ਜਾਵੇਗੀ।

### ਮੈਂ ਨਿਰਦੋਸ਼ ਹਾਂ, ਮੈਨੂੰ ਫ਼ਸਾਇਆ ਗਿਆ: ਸੰਜੈ ਰਾਏ

ਕੋਲਕਾਤਾ: ਅਦਾਲਤ ਵੱਲੋਂ ਸਜ਼ਾ ਸੁਣਾਏ ਜਾਣ ਤੋਂ ਪਹਿਲਾਂ ਦੋਸ਼ੀ ਸੰਜੈ ਰਾਏ ਦਾਅਵਾ ਕੀਤਾ ਕਿ ਉਹ ਨਿਰਦੋਸ਼ ਹੈ ਤੇ ਉਸ ਨੂੰ ਗ਼ਲਤ ਢੰਗ ਨਾਲ ਫ਼ਸਾਇਆ ਗਿਆ ਹੈ। ਰਾਏ ਨੇ ਅਦਾਲਤ ਨੂੰ ਕਿਹਾ, "ਮੈਨੂੰ ਫ਼ਸਾਇਆ ਗਿਆ ਹੈ ਤੇ ਮੈਂ ਕੋਈ ਅਪਰਾਧ ਨਹੀਂ ਕੀਤਾ। ਮੈਂ ਕੁਝ ਵੀ ਨਹੀਂ ਕੀਤਾ ਤੇ ਇਸ ਦੇ ਬਾਵਜੂਦ ਮੈਨੂੰ ਦੋਸ਼ੀ ਕਰਾਰ ਦਿੱਤਾ ਗਿਆ ਹੈ।"

### ਪੀੜ੍ਹਤ ਪਰਿਵਾਰ ਵੱਲੋਂ ਲੜਾਈ ਜਾਰੀ ਰੱਖਣ ਦਾ ਫ਼ੈਸਲਾ

ਕੋਲਕਾਤਾ: ਮ੍ਰਿਤਕ ਡਾਕਟਰ ਦੇ ਪੀੜ੍ਹਤ ਪਰਿਵਾਰ ਨੇ ਕਿਹਾ ਕਿ ਉਹ ਦੋਸ਼ੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ ਦੇ ਫ਼ੈਸਲੇ ਤੋਂ ਸੰਤੁਸ਼ਟ ਨਹੀਂ ਹਨ। ਉਨ੍ਹਾਂ ਕਿਹਾ ਕਿ ਮਾਮਲੇ ਦੀ ਜਾਂਚ ਅੱਧੀ-ਅਧੂਰੀ ਕੀਤੀ ਗਈ ਹੈ ਅਤੇ ਕਈ ਹੋਰ ਅਪਰਾਧੀਆਂ ਨੂੰ ਬਚਾ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਉਹ ਨਿਆਂ ਲਈ ਉੱਪਰਲੀ ਅਦਾਲਤ 'ਚ ਜਾਣਗੇ।

### ਫ਼ੈਸਲੇ ਤੋਂ ਸੰਤੁਸ਼ਟ ਨਹੀਂ: ਮਮਤਾ ਬੈਨਰਜੀ

ਕੋਲਕਾਤਾ: ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਸਿਆਲਦਾਹ ਅਦਾਲਤ ਦੇ ਫ਼ੈਸਲੇ ਮਗਰੋਂ ਦਾਅਵਾ ਕੀਤਾ ਕਿ ਕੇਸ ਦੀ ਜਾਂਚ ਦਾ ਜ਼ਿੰਮਾ ਕੋਲਕਾਤਾ ਪੁਲਿਸ ਤੋਂ ਜਬਰੀ ਲੈ ਲਿਆ ਗਿਆ ਸੀ। ਉਨ੍ਹਾਂ ਕਿਹਾ ਕਿ ਜੇ ਜਾਂਚ ਦਾ ਜ਼ਿੰਮਾ ਕੋਲਕਾਤਾ ਪੁਲਿਸ ਕੋਲ ਹੀ ਰਹਿੰਦਾ ਤਾਂ ਉਸ (ਸੰਜੈ ਰਾਏ) ਨੂੰ ਯਕੀਨੀ ਤੌਰ 'ਤੇ ਮੌਤ ਦੀ ਸਜ਼ਾ ਸੁਣਾਈ ਜਾਂਦੀ। ਉਨ੍ਹਾਂ ਮੁਰਸ਼ਿਦਾਬਾਦ ਜ਼ਿਲ੍ਹੇ 'ਚ ਪੱਤਰਕਾਰਾਂ ਨਾਲ ਗੱਲ ਕਰਦਿਆਂ ਸੀ.ਬੀ.ਆਈ. ਜਾਂਚ 'ਤੇ ਸਵਾਲ ਚੁੱਕੇ ਤੇ ਕਿਹਾ ਕਿ ਉਹ ਫ਼ੈਸਲੇ ਤੋਂ ਸੰਤੁਸ਼ਟ ਨਹੀਂ ਹਨ।

### ਉਮਰ ਕੈਦ ਦੀ ਸਜ਼ਾ 'ਨਿਆਂ ਦਾ ਮਜ਼ਾਕ': ਭਾਜਪਾ

ਨਵੀਂ ਦਿੱਲੀ:ਭਾਜਪਾ ਨੇ ਦੋਸ਼ੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ ਦੀ ਆਲੋਚਨਾ ਕਰਦਿਆਂ ਇਸ ਨੂੰ 'ਨਿਆਂ ਦਾ ਮਜ਼ਾਕ' ਕਰਾਰ ਦਿੱਤਾ। ਪਾਰਟੀ ਨੇ ਕਿਹਾ ਕਿ ਨਿਆਂ ਨਾ ਸਿਰਫ਼ ਕੀਤਾ ਜਾਣਾ ਚਾਹੀਦਾ ਹੈ ਬਲਕਿ ਹੁੰਦੇ ਹੋਏ ਵੀ ਦਿਖਾਈ ਦੇਣਾ ਚਾਹੀਦਾ ਹੈ। ਭਾਜਪਾ ਆਗੂ ਅਮਿਤ ਮਾਲਵੀਆ ਨੇ ਫ਼ੈਸਲੇ ਖ਼ਿਲਾਫ਼ ਅਪੀਲ ਕਰਨ ਅਤੇ ਜਾਂਚ ਏਜੰਸੀਆਂ ਤੋਂ ਕਥਿਤ ਤੌਰ 'ਤੇ ਸਬੂਤ ਨਸ਼ਟ ਕਰਨ ਲਈ ਕੋਲਕਾਤਾ ਦੇ ਤਤਕਾਲੀ ਕਮਿਸ਼ਨਰ ਤੇ ਸੂਬੇ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਭੂਮਿਕਾ ਦੀ ਜਾਂਚ ਕਰਨ ਦੀ ਮੰਗ ਕੀਤੀ।

# ਹਿੰਦੂ ਧਰਮ ਦੇ ਮਹਾਂਕੁੰਭ ਵਿੱਚ ਸਾਧੂਆਂ ਦੇ ਅਜੀਬੋ ਗ਼ਰੀਬ ਰੰਗ

## ਬਾਬੇ ਕਰ ਰਹੇ ਹਨ ਨਿਰਾਲੇ ਢੰਗ ਨਾਲ ਹਿੰਦੂ ਧਰਮ ਦਾ ਪ੍ਰਚਾਰ

ਹਿੰਦੂ ਧਰਮ ਵਿੱਚ ਮਹਾਂਕੁੰਭ ਦਾ ਬਹੁਤ ਮਹੱਤਵ ਹੈ। ਮਾਨਤਾਵਾਂ ਅਨੁਸਾਰ ਜੋ ਕੋਈ ਵੀ ਮਹਾਂਕੁੰਭ ਵਿੱਚ ਪਵਿੱਤਰ ਇਸ਼ਨਾਨ ਕਰਦਾ ਹੈ। ਉਸਦੇ ਸਾਰੇ ਪਾਪ ਮਿਟ ਜਾਂਦੇ ਹਨ। ਇਸ ਮਹਾਂਕੁੰਭ ਵਿੱਚ ਬਹੁਤ ਸਾਰੇ ਸੰਤ ਅਤੇ ਰਿਸ਼ੀ ਵੀ ਸ਼ਾਮਲ ਹਨ। 12 ਸਾਲਾਂ ਬਾਅਦ ਵਾਪਸ ਆਇਆ ਮਹਾਂਕੁੰਭ ਮੇਲਾ 13 ਜਨਵਰੀ ਨੂੰ ਸ਼ੁਰੂ ਹੋਇਆ ਸੀ ਅਤੇ 26 ਫ਼ਰਵਰੀ ਤੱਕ ਜਾਰੀ ਰਹੇਗਾ।

**ਅਘੋਰੀ ਸਾਧੂ**

ਇਨ੍ਹਾਂ ਸੰਤਾਂ ਅਤੇ ਰਿਸ਼ੀਆਂ ਵਿੱਚ ਅਘੋਰੀ ਰਿਸ਼ੀਆਂ ਦੀ ਇੱਕ ਸ਼੍ਰੇਣੀ ਹੈ, ਉਨ੍ਹਾਂ ਦਾ ਪਹਿਰਾਵਾ ਹੀ ਉਨ੍ਹਾਂ ਨੂੰ ਬਾਕੀਆਂ ਨਾਲੋਂ ਵੱਖਰਾ ਹੈ ਪਰ ਅਘੋਰੀ ਸਾਧੂਆਂ ਦਾ ਪਹਿਰਾਵਾ ਹੀ ਨਹੀਂ, ਸਗੋਂ ਉਨ੍ਹਾਂ ਦਾ ਰਹਿਣ-ਸਹਿਣ ਅਤੇ ਜੀਵਨ ਸ਼ੈਲੀ ਵੀ ਬਾਕੀ ਦੁਨੀਆਂ ਨਾਲੋਂ ਬਿਲਕੁਲ ਵੱਖਰੀ ਹੈ। ਅਘੋਰੀ ਸਾਧੂ ਭਗਵਾਨ ਸ਼ਿਵ ਦੇ ਉਪਾਸਕ ਹਨ। ਉਹ ਹਿੰਦੂ ਧਰਮ ਦੇ ਰਵਾਇਤੀ ਰੀਤੀ-ਰਿਵਾਜਾਂ ਦੀ ਪਾਲਣਾ ਨਹੀਂ ਕਰਦੇ। ਉਹ ਤੰਤਰ ਸਾਧਨਾ ਵਿੱਚ ਲੀਨ ਰਹਿੰਦੇ ਹਨ। ਤੁਹਾਨੂੰ ਦੱਸ ਦੇਈਏ ਕਿ ਭਗਵਾਨ ਸ਼ਿਵ ਦੇ ਪੰਜ ਰੂਪਾਂ ਵਿੱਚੋਂ ਇੱਕ ਅਘੋਰ ਹੈ। ਭਗਵਾਨ ਸ਼ਿਵ ਨੂੰ ਖੁਸ਼ ਕਰਨ





ਲਈ, ਅਘੋਰੀ ਸਾਧੂ ਇੱਕ ਲਾਸ਼ 'ਤੇ ਬੈਠ ਕੇ ਧਿਆਨ ਕਰਦੇ ਹਨ। ਇੰਨਾ ਹੀ ਨਹੀਂ, ਅਘੋਰੀ ਸਾਧੂ ਲਾਸ਼ਾਂ ਨਾਲ ਸਰੀਰਕ ਸੰਬੰਧ ਵੀ ਬਣਾਉਂਦੇ ਹਨ। ਇਹ ਵੀ ਉਨ੍ਹਾਂ ਦੀ ਸਾਧਨਾ ਦਾ ਇੱਕ ਹਿੱਸਾ ਹੈ। ਅਘੋਰੀ ਸਾਧੂ ਇਸ ਪਿੱਛੇ ਕਾਰਨ ਦੱਸਦੇ ਹਨ ਕਿ ਇਹ ਸ਼ਿਵ ਤੇ ਸ਼ਕਤੀ ਦੀ ਪੂਜਾ ਦਾ ਇੱਕ ਸਾਧਨ ਹੈ ਤੇ ਇਹ ਉਸਦੀ ਸਾਧਨਾ ਦਾ ਸਭ ਤੋਂ ਸਰਲ ਤਰੀਕਾ ਹੈ। ਸਾਧੂ ਕਹਿੰਦੇ ਹਨ ਕਿ ਜੇ ਕਿਸੇ ਮ੍ਰਿਤਕ ਸਰੀਰ ਨਾਲ ਸਰੀਰਕ ਸੰਬੰਧ ਬਣਾਉਂਦੇ ਹੋਏ ਵੀ ਮਨ ਸ਼ਿਵ ਦੀ ਭਗਤੀ ਵਿੱਚ ਡੁੱਬਿਆ ਰਹੇ ਤਾਂ ਇਸ ਤੋਂ ਵੱਡੀ ਤਪੱਸਿਆ ਹੋਰ ਕੋਈ ਨਹੀਂ ਹੋ ਸਕਦੀ। ਇਸ ਤੋਂ ਇਲਾਵਾ ਅਘੋਰੀ ਸਾਧੂ ਵੀ ਲਾਸ਼ਾਂ ਨਾਲ ਸਰੀਰਕ ਸੰਬੰਧ ਬਣਾਉਂਦੇ ਹਨ ਕਿਉਂਕਿ ਇਹ ਉਨ੍ਹਾਂ ਦੀ ਸ਼ਕਤੀ ਨੂੰ ਵਧਾਉਂਦਾ ਹੈ। ਉਹ ਤੰਤਰ ਵਿਦਿਆ ਵਿੱਚ ਹੋਰ ਮੁਹਾਰਤ ਹਾਸਲ ਕਰਦੇ ਹਨ।

(ਬਾਕੀ ਸਫ਼ਾ 31 'ਤੇ)

# ਮਹਾਂਕੁੰਭ 'ਚ ਆਏ ਬਾਬਿਆਂ ਦੀਆਂ ਅਜੀਬੋ ਗ਼ਰੀਬ ਹਰਕਤਾਂ



ਕੁੰਭ ਮੇਲਾ ਹਿੰਦੂ ਭਗਤੀ ਦਾ ਇੱਕ ਵਿਸ਼ਾਲ ਰੰਗਮੰਚ ਹੈ - ਇੱਕ ਅਜਿਹਾ ਮੰਚ ਜਿੱਥੇ ਸੰਤ, ਰਿਸ਼ੀ ਅਤੇ ਅਧਿਆਤਮਿਕ ਆਗੂ ਧਿਆਨ ਖਿੱਚਣ ਲਈ ਅਜੀਬੋ ਗਰੀਬ ਹਰਕਤਾਂ ਕਰਦੇ ਹਨ। ਉਹ ਇੱਥੇ ਪੁਰਾਣੀਆਂ ਕਾਰਾਂ, ਟਰੈਕਟਰਾਂ ਤੋਂ ਬਣੇ ਰੱਥਾਂ ਅਤੇ ਹਾਥੀਆਂ ਅਤੇ ਊਠਾਂ 'ਤੇ ਸਵਾਰ ਹੋ ਕੇ ਆਉਂਦੇ ਹਨ। ਉਹ ਸ਼ਰਧਾਲੂਆਂ ਨੂੰ ਅਸ਼ੀਰਵਾਦ ਦਿੰਦੇ ਹਨ ਅਤੇ ਸ਼ਰਧਾਲੂ ਉਨ੍ਹਾਂ 'ਤੇ ਗੁਲਾਬ ਦੀਆਂ ਪੱਤੀਆਂ ਵਰ੍ਹਾਉਂਦੇ ਹਨ।

ਸਵਾਮੀ ਅਮਰਜੀਤ, ਜੋ ਅਨਾਜ ਵਾਲੇ ਬਾਬਾ ਵਜੋਂ ਮਸ਼ਹੂਰ ਹਨ, ਦੇ ਸਿਰ 'ਤੇ ਕਣਕ, ਮੱਕੀ ਅਤੇ ਮਟਰਾਂ ਦੀ ਹਰੀ ਭਰੀ, ਚਮਕਦਾਰ ਫ਼ਸਲ ਉੱਗਦੀ ਹੈ। ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ ਵਿੱਚ ਮਹਾਂਕੁੰਭ ਮੇਲੇ ਵਿੱਚ ਖਿੱਚ ਦਾ ਕੇਂਦਰ ਬਣੇ ਹੋਏ ਹਨ।

ਹਨੂੰਮਾਨ ਮੰਦਿਰ ਦੇ ਨੇੜੇ ਸੜਕ 'ਤੇ ਬੈਠਾ, ਉਹ ਧਿਆਨ ਨਾਲ ਆਪਣੇ ਸਿਰ ਦੇ ਵਾਲਾਂ ਨੂੰ ਪਾਣੀ ਦਿੰਦਾ ਹੈ, ਬੂੰਦ-ਬੂੰਦ ਕਰਕੇ। ਉਸਦੇ ਸਿਰ ਤੋਂ ਹਰੇ ਰੰਗ ਦੀਆਂ ਬੂੰਦਾਂ ਟਪਕਦੀਆਂ ਹਨ, ਜੋ ਉਸਦੇ ਸਾਹਮਣੇ ਰੱਖੀ ਤਾਂਬੇ ਦੀ ਪਲੇਟ 'ਤੇ ਇਕੱਠੀਆਂ ਹੁੰਦੀਆਂ ਹਨ। ਬਾਬਾ ਚਾਹੁੰਦਾ ਹੈ ਕਿ ਨੌਜਵਾਨ ਰੁੱਖਾਂ ਅਤੇ ਹਰਿਆਲੀ ਦੀ ਮਹੱਤਤਾ ਨੂੰ ਸਮਝਣ। ਉਹ ਇੱਕ ਪਤਲੇ ਗੱਦੇ ਅਤੇ ਇੱਕ ਭਗਵਾਂ ਲੂੰਗੀ ਨਾਲ ਗੁਜ਼ਾਰਾ ਕਰਦਾ ਹੈ। ਉਹ ਦਾਨ 'ਤੇ ਗੁਜ਼ਾਰਾ ਕਰਦਾ ਹੈ ।

ਅਨਾਜ ਬਾਬੇ ਵਾਂਗ ਕੁੰਭ ਵਿੱਚ ਇੱਕ ਸਵਾਮੀ ਬਵੰਡਰ ਬਾਬਾ ਹੈ ਜੋ ਇੱਕ ਬੁਲੇਟ ਬਾਬਾ ਵਜੋਂ ਜਾਣਿਆ ਜਾਂਦਾ ਹੈ, ਜੋ ਆਪਣੇ ਮੋਟਰਸਾਈਕਲ ਤੋਂ ਪ੍ਰਚਾਰ ਕਰਦਾ ਹੈ । ਜੋ ਹਮੇਸ਼ਾ ਆਪਣੀ ਬਾਈਕ 'ਤੇ ਰਹਿੰਦਾ ਹੈ। ਉਹ ਹਿੰਦੂਆਂ ਨੂੰ ਇਕਜੁੱਟ ਕਰਨਾ ਚਾਹੁੰਦਾ ਹੈ, ਉਨ੍ਹਾਂ ਨੂੰ 'ਪੱਛਮੀ ਪ੍ਰਭਾਵਾਂ' ਤੋਂ ਦੂਰ ਰੱਖਣਾ ਚਾਹੁੰਦਾ ਹੈ ਅਤੇ ਡਿਸਪੋਜ਼ੇਬਲ ਉਤਪਾਦਾਂ 'ਤੇ ਦੇਵੀ-ਦੇਵਤਿਆਂ ਦੀਆਂ ਤਸਵੀਰਾਂ ਦੀ ਦੁਰਵਰਤੋਂ ਬਾਰੇ ਜਾਗਰੂਕਤਾ ਪੈਦਾ ਕਰਨਾ ਚਾਹੁੰਦਾ ਹੈ। ਉਸਦੀ ਬਾਈਕ ਦੀ ਟੇਲ ਲਾਈਟ 'ਤੇ ਇੱਕ ਵੱਡਾ ਭਗਵਾ ਝੰਡਾ ਲਹਿਰਾ ਰਿਹਾ ਹੈ। ਜਿਵੇਂ ਹੀ ਉਹ ਮੇਲੇ ਵਿੱਚ ਘੁੰਮਦੇ ਹਨ, ਉਨ੍ਹਾਂ ਦੇ ਸਪੀਕਰਾਂ ਤੋਂ 'ਬਮ ਬਮ ਭੋਲੇ' ਗੀਤ ਵੱਜਦਾ ਹੈ ਅਤੇ ਮਡਗਾਰਡਾਂ 'ਤੇ ਲਾਈਟਾਂ ਚਮਕਦੀਆਂ ਹਨ।

ਉਹ ਕੁੰਭ ਵਿੱਚ ਬੁਲੇਟ ਬਾਬਾ ਬਣ ਗਿਆ ਹੈ। ਹਾਲਾਂਕਿ, ਉਸ ਕੋਲ ਰਾਇਲ ਐਨਫ਼ੀਲਡ ਨਹੀਂ ਹੈ। ਉਹ ਬਜਾਜ ਅਵੈਂਜਰ ਚਲਾਉਂਦਾ ਹੈ।

ਉਸਨੇ ਕਿਹਾ ਕਿ ਅਸੀਂ ਬੀੜੀ ਦੇ ਰੈਪਰਾਂ, ਰਸਾਲਿਆਂ ਅਤੇ ਕੱਪੜਿਆਂ 'ਤੇ ਦੇਵੀ-ਦੇਵਤਿਆਂ ਦੀਆਂ ਤਸਵੀਰਾਂ ਦੇਖਦੇ ਹਾਂ, ਜਿਨ੍ਹਾਂ ਨੂੰ ਅਸੀਂ ਵਰਤੋਂ ਤੋਂ ਬਾਅਦ ਸੁੱਟ ਦਿੰਦੇ ਹਾਂ। ਇਹ ਬਹੁਤ ਹੀ ਅਪਮਾਨਜਨਕ ਹੈ।

ਉਸਦੀ ਸਾਈਕਲ ਦੀ ਵਿੰਡਸ਼ੀਲਡ 'ਤੇ ਉਸਦਾ ਫ਼ੋਨ ਨੰਬਰ ਅਤੇ ਮਿਸ਼ਨ ਸੰਤਰੀ ਰੰਗ ਵਿੱਚ ਲਿਖਿਆ ਹੋਇਆ ਹੈ। ਸੁਨੇਹੇ ਵਿੱਚ ਲਿਖਿਆ ਹੈ, ' ਹਿੰਦੂ ਆਪਣੇ ਦੇਵੀ-ਦੇਵਤਿਆਂ ਦਾ ਅਪਮਾਨ ਕਿਉਂ ਕਰ ਰਹੇ ਹਨ ? ਕਿਰਪਾ ਕਰਕੇ ਮੇਰੀ ਮੁਹਿੰਮ

(ਬਾਕੀ ਸਫ਼ਾ 31 'ਤੇ)

**ਦਰਪਣ ਝੂਠ ਨਹੀਂ ਬੋਲਦਾ**

# ਮਾਮਲਾ ਖ਼ਾਲਿਸਤਾਨੀਆਂ ਉੱਪਰ ਹਮਲਿਆਂ ਤੇ ਕਤਲਾਂ ਦੀ ਸਾਜ਼ਿਸ਼ ਦਾ

## ਪੰਨੂੰ ਦੇ ਕਤਲ ਦੀ ਸਾਜ਼ਿਸ਼ ਦੇ ਮਾਮਲੇ 'ਚ ਦੋਸ਼ੀ ਭਾਰਤੀ ਏਜੰਟ ਖ਼ਿਲਾਫ਼ ਹੋ ਸਕਦੀ ਹੈ ਕਾਨੂੰਨੀ ਕਾਰਵਾਈ

### ਅਮਰੀਕਾ ਅਤੇ ਕੈਨੇਡਾ ਸਬੰਧੀ ਦੋਹਰੇ ਮਾਪਦੰਡ ਕਿਉਂ ਅਪਣਾਅ ਰਿਹੇ ਭਾਰਤ ?

ਕੈਨੇਡਾ ਵਿੱਚ ਜਦੋਂ ਖ਼ਾਲਿਸਤਾਨ ਸਮਰਥਕ ਭਾਈ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਤੋਂ ਬਾਅਦ ਭਾਰਤ ਉੱਪਰ ਦੋਸ਼ ਲੱਗੇ ਸਨ, ਤਾਂ ਭਾਰਤ ਸਰਕਾਰ ਨੇ ਹਮਲਾਵਰ ਤੇਵਰ ਦਿਖਾਉਂਦਿਆਂ ਸਾਰੇ ਦੋਸ਼ਾਂ ਤੋਂ ਇਨਕਾਰ ਕੀਤਾ ਸੀ ਅਤੇ ਉਲਟਾ ਕੈਨੇਡਾ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਸੀ, ਪਰ ਜਦੋਂ ਅਮਰੀਕਾ ਨੇ ਸਿੱਖ ਫ਼ਾਰ ਜਸਟਿਸ ਦੇ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ ਸਾਜ਼ਿਸ਼ ਵਿੱਚ ਭਾਰਤ ਦੇ ਸ਼ਾਮਿਲ ਹੋਣ ਦਾ ਦੋਸ਼ ਲਗਾਇਆ ਤਾਂ ਭਾਰਤ ਸਰਕਾਰ ਨੇ ਨਵੰਬਰ 2023 ਵਿੱਚ ਜਾਂਚ ਕਮੇਟੀ ਬਣਾਈ ਸੀ।

ਗ੍ਰਹਿ ਮੰਤਰਾਲੇ ਨੇ ਕਿਹਾ ਕਿ ਕਮੇਟੀ ਨੇ ਆਪਣੀ ਜਾਂਚ ਕੀਤੀ ਸੀ ਅਤੇ ਅਮਰੀਕੀ ਪੱਖ ਵੱਲੋਂ ਮੁਹੱਈਆ ਕਰਵਾਈਆਂ ਗਈਆਂ ਲੀਡਾਂ ਦੀ ਵੀ ਜਾਂਚ ਕੀਤੀ ਗਈ ਸੀ। ਅਮਰੀਕੀ ਅਧਿਕਾਰੀਆਂ ਤੋਂ ਪੂਰਾ ਸਹਿਯੋਗ ਮਿਲਿਆ ਸੀ, ਜਿਸ ਤੋਂ ਬਾਅਦ ਵੱਖ-ਵੱਖ ਏਜੰਸੀਆਂ ਦੇ ਕਈ ਅਧਿਕਾਰੀਆਂ ਤੋਂ ਪੁੱਛਗਿੱਛ ਕੀਤੀ ਗਈ ਅਤੇ ਇਸ ਸਬੰਧੀ ਮਹੱਤਵਪੂਰਨ ਦਸਤਾਵੇਜ਼ਾਂ ਦੀ ਵੀ ਜਾਂਚ ਕੀਤੀ ਗਈ ਸੀ। ਭਾਰਤੀ ਗ੍ਰਹਿ ਮੰਤਰਾਲੇ ਵੱਲੋਂ ਕਿਹਾ ਗਿਆ ਹੈ, 'ਲੰਬੀ ਜਾਂਚ ਤੋਂ ਬਾਅਦ ਕਮੇਟੀ ਨੇ ਸਰਕਾਰ ਨੂੰ ਆਪਣੀ ਰਿਪੋਰਟ ਸੌਂਪ ਦਿੱਤੀ ਹੈ। ਪਿਛਲੇ ਅਪਰਾਧਿਕ ਸਬੰਧਾਂ ਅਤੇ ਪਿਛੋਕੜ ਦੀ ਜਾਂਚ ਕਰਨ ਤੋਂ ਬਾਅਦ ਕਿਸੇ ਦੋਸ਼ੀ ਵਿਰੁੱਧ ਕਾਨੂੰਨੀ ਕਾਰਵਾਈ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਕਮੇਟੀ ਨੇ ਸਿਫ਼ਾਰਸ਼ ਕੀਤੀ ਹੈ ਕਿ ਕਾਨੂੰਨੀ ਕਾਰਵਾਈ ਜਲਦੀ ਪੂਰੀ ਕੀਤੀ ਜਾਵੇ। ਹਾਲਾਂਕਿ ਅਜੇ ਤੱਕ ਏਜੰਟ ਦਾ ਨਾਂ




ਸਾਹਮਣੇ ਨਹੀਂ ਆਇਆ ਹੈ। ਇੰਝ ਲਗ ਰਿਹਾ ਹੈ ਕਿ ਅਮਰੀਕਾ ਦੇ ਨਵੇਂ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨਾਲ ਬਿਹਤਰ ਸੰਬੰਧ ਬਣਾਉਣ ਲਈ ਗੁਰਪਤਵੰਤ ਸਿੰਘ ਪੰਨੂੰ ਦੀ ਹੱਤਿਆ ਦੀ ਕੋਸ਼ਿਸ਼ ਦੇ ਮਾਮਲੇ ਵਿੱਚ ਭਾਰਤ ਦੀ ਵਿਦੇਸ਼ੀ ਖ਼ੁਫ਼ੀਆ ਏਜੰਸੀ ਰਾਅ ਨਾਲ ਜੁੜੇ ਰਹੇ ਵਿਕਾਸ ਯਾਦਵ 'ਤੇ ਕਾਰਵਾਈ ਦਾ ਫ਼ੈਸਲਾ ਹੁੰਦਾ ਦਿਖਾਈ ਦੇ ਰਿਹਾ ਹੈ।

ਭਾਰਤ ਸਰਕਾਰ ਦੀ ਕਮੇਟੀ ਦੀਆਂ ਸਿਫ਼ਾਰਿਸ਼ਾਂ ਨੂੰ ਲੈ ਕੇ ਉਸ ਦੇ ਦੋਹਰੇ ਰਵੱਈਏ ਦਾ ਮਾਮਲਾ ਵੀ ਉੱਠ ਰਿਹਾ ਹੈ। ਇਹ ਸੁਆਲ ਪੁੱਛਿਆ ਜਾ ਰਿਹਾ ਹੈ ਕਿ ਕੈਨੇਡਾ ਅਤੇ ਅਮਰੀਕਾ ਦੇ ਮਾਮਲੇ 'ਚ ਭਾਰਤ ਸਰਕਾਰ ਵੱਖਰਾ-ਵੱਖਰਾ ਰੁਖ਼ ਕਿਉਂ ਅਖ਼ਤਿਆਰ ਕਰ ਰਹੀ ਹੈ। ਕੀ ਇਹ ਸਿੱਧਾ-ਸਿੱਧਾ ਅਮਰੀਕਾ ਮੂਹਰੇ ਸਮਰਪਣ ਨਹੀਂ ਹੈ ?

# ਦਲਿਤ ਤੇ ਮਜ਼੍ਹਬੀ ਸਿੱਖਾਂ ਦਾ ਧਰਮ-ਪਰਿਵਰਤਨ, ਪਰਿਵਾਰ ਨਿਯੋਜਨ ਤੇ ਪ੍ਰਵਾਸ ਸਿੱਖਾਂ ਦੀ ਅਬਾਦੀ ਘਟਾ ਰਿਹੈ

## ਗਿਆਨੀ ਹਰਪ੍ਰੀਤ ਸਿੰਘ ਪੰਥਕ ਮੁਹਿੰਮ ਚਲਾਉਣ ਦੇ ਹੱਕ ਵਿੱਚ

ਇਸ ਵੇਲੇ ਸਿੱਖ ਕੌਮ ਪੰਜਾਬ ਵਿੱਚ ਰਾਜਨੀਤਕ ਤੌਰ ਉੱਪਰ ਕਮਜ਼ੋਰ ਦਿਖ ਰਹੀ ਹੈ। ਇਸ ਲਈ ਸਮੁੱਚੀਆਂ ਪੰਥਕ ਧਿਰਾਂ ਨੂੰ ਆਪਸੀ ਸੰਵਾਦ ਰਚਾਕੇ ਸੱਚਮੁੱਚ ਇਹ ਵਿਚਾਰਕੇ ਆਪਣੀ ਪ੍ਰਭੂਸਤਾ ਲਈ ਅਮਲ ਕਰਨ ਯੋਗ ਏਜੰਡਾ ਲਿਆਕੇ ਪਹਿਰਾ ਦੇਣ ਦੀ ਲੋੜ ਹੈ ਤਾਂ ਜੋ ਸਿੱਖ ਰਾਜਨੀਤੀ ਆਪਣੇ ਪੈਰਾਂ ਸਿਰ ਖੜੀ ਹੋ ਸਕੇ। ਅਜੋਕੀ ਪਾਟੋਧਾੜ ਵਾਲੀ ਗਰੁੱਪਾਂ ਵਿੱਚ ਵੰਡ ਸਿੱਖ ਰਾਜਨੀਤੀ ਸਿੱਖਾਂ ਨੂੰ 'ਰਾਜ ਕਰੇਗਾ ਖ਼ਾਲਸਾ' ਦੇ ਸੰਕਲਪ ਤੋਂ ਬਹੁਤ ਦੂਰ ਰਸਾਤਲ ਦੀ ਕਿਸੇ ਡੂੰਘੀ ਖਾਈ ਵੱਲ ਧੱਕਦੀ ਨਜ਼ਰ ਆ ਰਹੀ ਹੈ। ਇਹ ਇਕੱਲੀ ਅਕਾਲੀ ਰਾਜਨੀਤੀ ਦੀ ਗੱਲ ਨਹੀਂ, ਸਗੋਂ ਸਮੁੱਚੀ ਸਿੱਖ ਰਾਜਨੀਤੀ ਦੀ ਗੱਲ ਹੈ। ਇਤਿਹਾਸਕ ਸੱਚ ਇਹੀ ਹੈ ਕਿ 1948 ਤੇ 1966 ਦੀ ਸਿੱਖ ਲੀਡਰਸ਼ਿਪ ਜੋ ਪ੍ਰਤੱਖ ਰੂਪ ਵਿੱਚ ਅਕਾਲੀ ਲੀਡਰਸ਼ਿਪ ਹੀ ਸੀ, ਪੰਜਾਬੀ ਸੂਬੇ ਲਈ ਜੂਝਦੀ ਰਹੀ, ਕਿਉਂਕਿ ਦੇਸ਼ ਦੀ ਆਜ਼ਾਦੀ ਤੋਂ ਬਾਅਦ ਸਿੱਖ ਬਹੁਗਿਣਤੀ ਵਾਲਾ ਸੂਬਾ ਮੰਗਣਾ ਸੰਵਿਧਾਨਕ ਦਾਇਰੇ ਵਿੱਚ ਸੰਭਵ ਨਹੀਂ ਸੀ। ਇਸ ਲਈ ਪੰਜਾਬੀ ਭਾਸ਼ਾ ਦੇ ਅਧਾਰ 'ਤੇ ਸੂਬਾ ਮੰਗਿਆ ਗਿਆ, ਜੋ ਸੰਵਿਧਾਨਕ ਦਾਇਰੇ ਵਿੱਚ ਵੀ ਸੀ ਤੇ ਸਿੱਖਾਂ ਦੀ ਆਬਾਦੀ ਦਾ ਤਨਾਸਬ ਵੀ ਵਧਾਉਂਦਾ ਸੀ। ਗੌਰਤਲਬ ਹੈ ਕਿ ਭਾਰਤ-ਪਾਕਿਸਤਾਨ ਦੀ ਵੰਡ ਵੇਲੇ ਸਿੱਖਾਂ ਨੇ ਬਹੁਤ ਮਾਰ ਖਾਧੀ ਤੇ ਵੱਡੀ ਗਿਣਤੀ ਵਿੱਚ ਕਤਲੋਗਾਰਤ ਦੇ ਸ਼ਿਕਾਰ ਵੀ ਹੋਏ। ਪਰ ਇਸ ਦਾ ਇੱਕ ਫ਼ਾਇਦਾ ਇਹ ਜ਼ਰੂਰ ਹੋਇਆ ਕਿ ਉਹ ਭਾਰਤੀ ਪੰਜਾਬ ਦੇ ਇੱਕ ਹਿੱਸੇ ਵਿੱਚ ਇਕੱਠੇ ਹੋ ਗਏ।

ਹੁਣੇ ਮਾਘੀ ਦੇ ਮੌਕੇ 'ਤੇ ਵੀ ਲੋਕ ਸਭਾ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਅਤੇ ਭਾਈ ਸਰਬਜੀਤ ਸਿੰਘ ਦੀ ਅਗਵਾਈ ਵਿੱਚ ਇਕ ਨਵਾਂ ਅਕਾਲੀ ਦਲ (ਵਾਰਿਸ ਪੰਜਾਬ ਦੇ) ਬਣਾਇਆ ਗਿਆ ਹੈ। ਇਸ ਦਰਮਿਆਨ ਭਾਵੇਂ ਅਕਾਲੀ ਦਲ ਸੁਧਾਰ ਲਹਿਰ ਭੰਗ




ਕਰਨ ਵਾਲੇ ਨੇਤਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਮੁਲਾਕਾਤਾਂ ਕਰਕੇ ਅਜੇ 2 ਦਸੰਬਰ ਦੇ ਫ਼ੈਸਲੇ ਨੂੰ ਇੰਨ-ਬਿੰਨ ਲਾਗੂ ਕਰਵਾਉਣ 'ਤੇ ਜ਼ੋਰ ਦੇ ਰਹੇ ਹਨ ਪਰ ਜਿਸ ਤਰ੍ਹਾਂ ਦੀਆਂ ਸੂਚਨਾਵਾਂ ਮਿਲ ਰਹੀਆਂ ਤੇ ਜਿਸ ਤਰ੍ਹਾਂ ਦੀ ਕਰਵਟ ਹਾਲਾਤ ਲੈ ਰਹੇ ਹਨ, ਉਨ੍ਹਾਂ ਤੋਂ ਜਾਪਦਾ ਹੈ, ਕਿ ਇਹ ਧਿਰ ਵੀ ਅਖੀਰ ਇੱਕ ਨਵਾਂ ਅਕਾਲੀ ਦਲ ਬਣਾਉਣ ਵੱਲ ਵਧੇਗੀ। ਹਾਲਾਂਕਿ ਇਹ ਧਿਰ ਚਾਹੁੰਦੀ ਸੀ ਕਿ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਉਨ੍ਹਾਂ ਦੀ ਅਗਵਾਈ ਕਰਨ, ਪਰ ਜਾਣਕਾਰੀ ਅਨੁਸਾਰ ਜਥੇਦਾਰ ਹਰਪ੍ਰੀਤ ਸਿੰਘ ਅਜੇ ਸਰਗਰਮ ਰਾਜਨੀਤੀ ਤੋਂ ਦੂਰ ਪੰਥਕ ਲਹਿਰ ਚਲਾਉਣ ਨੂੰ ਤਰਜੀਹ ਦੇ ਰਹੇ ਹਨ।

ਇਨ੍ਹਾਂ ਹਾਲਤਾਂ ਵਿੱਚ ਇਸ ਸੰਭਾਵਿਤ ਅਕਾਲੀ ਦਲ ਦੀ ਰਾਜਨੀਤਕ ਅਗਵਾਈ ਗੁਰਪ੍ਰਤਾਪ ਸਿੰਘ ਵਡਾਲਾ ਜਾਂ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਜਾਂ ਰਵੀਇੰਦਰ ਸਿੰਘ ਨੂੰ ਸੌਂਪੇ ਜਾਣ ਦੇ ਆਸਾਰ ਦਿਖਾਈ ਦੇ ਰਹੇ ਹਨ। ਜਦੋਂ ਕਿ ਇਸ ਅਕਾਲੀ ਦਲ ਵੱਲੋਂ ਸ਼੍ਰੋਮਣੀ ਕਮੇਟੀ ਚੋਣਾਂ ਲਈ ਧਾਰਮਿਕ ਵਿੰਗ ਦੀ ਅਗਵਾਈ ਬੀਬੀ ਜਗੀਰ ਕੌਰ ਨੂੰ ਸੌਂਪੇ ਜਾਣ 'ਤੇ ਵਿਚਾਰ ਚੱਲ ਰਿਹਾ ਹੈ।

ਉਂਝ ਸਪੱਸ਼ਟ ਰੂਪ ਵਿੱਚ ਇਹ ਮੰਨਿਆ ਜਾਂਦਾ ਹੈ ਕਿ ਸਿੱਖਾਂ ਵਿੱਚ ਉਹ ਅਕਾਲੀ ਦਲ ਹੀ ਉਭਰਦਾ ਹੈ, ਜਿਹੜਾ ਸ਼੍ਰੋਮਣੀ ਕਮੇਟੀ ਚੋਣਾਂ ਜਿੱਤ ਲਵੇ। ਇਸ ਗੱਲ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸ਼੍ਰੋਮਣੀ ਕਮੇਟੀ ਚੋਣਾਂ ਦਾ ਐਲਾਨ ਹੋਣ ਉਪਰੰਤ ਸਾਰੇ ਬਾਦਲ ਵਿਰੋਧੀ ਅਕਾਲੀ ਦਲ ਸਮੂਹਿਕ ਤੌਰ 'ਤੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਧਾਰਮਿਕ ਖੇਤਰ ਵਿੱਚ ਅਗਵਾਈ ਦੇਣ ਲਈ ਕਹਿਣਗੇ। ਬਾਬਾ ਸਰਬਜੋਤ ਸਿੰਘ ਬੇਦੀ ਤੇ ਜਥੇਦਾਰ ਹਰਪ੍ਰੀਤ ਸਿੰਘ ਦੀ ਮੀਟਿੰਗ ਹੋ ਚੁਕੀ ਹੈ ਕਿ ਰਲਕੇ ਪੰਥਕ ਲਹਿਰ ਉਸਾਰੀ ਜਾਵੇ। ਬਾਬਾ ਬੇਦੀ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਨਾਲ ਗਿਆਨੀ ਹਰਪ੍ਰੀਤ ਸਿੰਘ ਦੀ ਏਕਤਾ ਕਰਾਉਣ ਦੇ ਪੱਖ ਵਿੱਚ ਹਨ ਤਾਂ ਜੋ ਧਾਰਮਿਕ ਪੱਖ ਮਜਬੂਤ ਕੀਤਾ ਜਾ ਸਕੇ। ਧਰਮ ਬਦਲੀਆਂ ਨੂੰ ਠੱਲ ਪਾਈ ਜਾ ਸਕੇ। ਦੁਖਾਂਤ ਇਸ ਗੱਲ ਦਾ ਹੈ ਕਿ ਇਸ ਸਮੇਂ ਤਾਂ ਸਾਰੇ ਅਕਾਲੀ ਦਲ ਹੰਨੇ ਹੰਨੇ ਦੀ ਮੀਰੀ ਦੀ ਵਾਲੀ ਸਥਿਤੀ ਵਿੱਚ ਵਿਚਰ ਰਹੇ ਹਨ, ਕੌਮ ਦੇ ਮਸਲੇ ਉਨ੍ਹਾਂ ਲਈ ਕੋਈ ਵਧੇਰੇ ਅਹਿਮੀਅਤ ਨਹੀਂ ਰੱਖਦੇ। ਲੋੜ ਤਾਂ ਸਿਧਾਂਤਕ ਏਕਤਾ ਦੀ ਹੈ।

# ਕੀ ਅਫ਼ਰੀਕਾ ਵਾਂਗ, ਭਾਰਤ ਵੀ ਦੋ ਹਿੱਸਿਆਂ 'ਚ ਵੰਡਿਆ ਜਾਵੇਗਾ ?

## ਧਰਤੀ ਦੇ ਹੇਠਾਂ ਟੁੱਟ ਕੇ ਖਿਸਕ ਰਹੀ ਹੈ ਭਾਰਤੀ ਪਲੇਟ-ਵਿਗਿਆਨੀਆਂ ਨੇ ਕੀਤਾ ਦਾਅਵਾ

### ਇੰਟਰਨੈਸ਼ਨਲ ਬਿਜ਼ਨਸ ਟਾਈਮਜ਼ ਯੂਕੇ ਦੀ ਰਿਪੋਰਟ ਵਿੱਚ ਹੋਇਆ ਖ਼ੁਲਾਸਾ

ਦੁਨੀਆ ਦੀਆਂ ਸਭ ਤੋਂ ਉੱਚੀਆਂ ਪਹਾੜੀ ਚੋਟੀਆਂ ਦਾ ਘਰ, ਹਿਮਾਲਿਆ ਨੇ ਹਮੇਸ਼ਾ ਭੂ-ਵਿਗਿਆਨੀਆਂ ਨੂੰ ਹੈਰਾਨ ਕੀਤਾ ਹੈ ਪਰ ਇਸਦੀਆਂ ਅਸਮਾਨ ਛੂਹਣ ਵਾਲੀਆਂ ਚੋਟੀਆਂ ਤੋਂ ਬਹੁਤ ਹੇਠਾਂ, ਭੂਮੀਗਤ ਇੱਕ ਹਲਚਲ ਚੱਲ ਰਹੀ ਹੈ, ਜਿੱਥੇ ਭਾਰਤੀ ਅਤੇ ਯੂਰੇਸ਼ੀਅਨ ਟੈਕਟੋਨਿਕ ਪਲੇਟਾਂ ਹੌਲੀ-ਹੌਲੀ ਟਕਰਾ ਰਹੀਆਂ ਹਨ। ਦਰਅਸਲ, 60 ਮਿਲੀਅਨ ਸਾਲ ਪਹਿਲਾਂ ਸ਼ੁਰੂ ਹੋਈ ਇਸ ਭੂ-ਵਿਗਿਆਨਕ ਟੱਕਰ ਨੇ ਇਨ੍ਹਾਂ ਉੱਚੀਆਂ ਚੋਟੀਆਂ ਨੂੰ ਬਣਾਇਆ ਸੀ। ਹਾਲੀਆ ਖੋਜ ਵਿੱਚ ਵਿਗਿਆਨੀਆਂ ਨੇ ਖੋਜ ਕੀਤੀ ਹੈ ਕਿ ਭਾਰਤੀ ਪਲੇਟ ਟੁੱਟ ਰਹੀ ਹੈ। ਇਸਦਾ ਮਤਲਬ ਹੈ ਕਿ ਭਾਰਤ ਦੀ ਧਰਤੀ ਦੋ ਟੁਕੜਿਆਂ ਵਿੱਚ ਵੰਡੇ ਜਾਣ ਦੀ ਸੰਭਾਵਨਾ ਹੈ। ਅਜਿਹਾ ਪਹਿਲਾਂ ਵੀ ਅਫ਼ਰੀਕਾ ਨਾਲ ਵਾਪਰ ਚੁਕਾ ਹੈ, ਜਦੋਂ ਇਹ ਏਸ਼ੀਆ ਤੋਂ ਵੱਖ ਹੋਇਆ ਸੀ। ਇਸੇ ਸਮੇਂ ਦੌਰਾਨ, ਭਾਰਤੀ ਉਪ-ਮਹਾਂਦੀਪ ਦਾ ਇੱਕ ਹਿੱਸਾ ਏਸ਼ੀਆ ਨਾਲ ਜੁੜਿਆ ਹੋਇਆ ਸੀ।

ਯੂਰੇਸ਼ੀਅਨ ਅਤੇ ਭਾਰਤੀ ਪਲੇਟਾਂ ਦੀ ਟੱਕਰ ਦੌਰਾਨ ਵਿਗਿਆਨੀਆਂ ਨੇ ਇਸਦੇ ਵਿਵਹਾਰ 'ਤੇ ਲੰਬੇ ਸਮੇਂ ਤੋਂ ਬਹਿਸ ਕੀਤੀ ਹੈ। ਸੰਘਣੀ ਸਮੁੰਦਰੀ ਪਲੇਟਾਂ ਦੇ ਉਲਟ, ਭਾਰਤੀ ਪਲੇਟ ਵਰਗੀਆਂ ਮਹਾਂਦੀਪੀ



ਪਲੇਟਾਂ ਧਰਤੀ ਦੇ ਪਰਦੇ ਵਿੱਚ ਡੁੱਬਣ ਦਾ ਵਿਰੋਧ ਕਰਦੀਆਂ ਹਨ। ਹਾਲੀਆ ਅਧਿਐਨਾਂ ਤੋਂ ਪਤਾ ਚੱਲਦਾ ਹੈ ਕਿ ਭਾਰਤੀ ਪਲੇਟ ਦੇ ਕੁਝ ਹਿੱਸੇ ਵੱਖ ਹੋ ਸਕਦੇ ਹਨ। ਇਸ ਸਿਧਾਂਤ ਨੂੰ ਭੂਚਾਲ ਦੀਆਂ ਲਹਿਰਾਂ ਅਤੇ ਤਿੱਬਤੀ ਝਰਨੇ ਤੋਂ ਮਿਲੀਆਂ ਗੈਸ ਦੇ ਨਮੂਨਿਆਂ ਦੇ ਡੇਟਾ ਤੋਂ ਸਮਰਥਨ ਮਿਲਿਆ ਹੈ।

ਹੀਲੀਅਮ ਆਈਸੋਟੋਪਸ ਨੇ ਸੰਕੇਤ ਦਿੱਤਾ ਹੈ ਕਿ ਪਲੇਟ ਦੇ ਵੱਖ ਹੋਣ ਨਾਲ ਮੈਂਟਲ ਚੱਟਾਨਾਂ ਉੱਭਰ ਰਹੀਆਂ ਹਨ। ਖੋਜਕਰਤਾਵਾਂ ਦਾ ਮੰਨਣਾ ਹੈ ਕਿ ਗਰਮ ਮੈਂਟਲ ਪਦਾਰਥ ਇਸ ਅਲੱਗਤਾ ਕਾਰਣ ਬਣੇ ਖਾਲੀਪਣ ਨੂੰ ਭਰ ਸਕਦਾ ਹੈ। ਯੂਟਰੇਕਟ ਯੂਨੀਵਰਸਿਟੀ ਦੇ ਜਿਯੋਡਾਇਨਮਿਸਿਸਟ ਡੋਵ ਵੈਨ ਨੇ ਕਿਹਾ ਕਿ 'ਸਾਨੂੰ ਨਹੀਂ ਪਤਾ ਸੀ ਕਿ ਮਹਾਂਦੀਪ ਇਸ ਤਰ੍ਹਾਂ ਵਿਵਹਾਰ ਕਰ ਸਕਦੇ ਹਨ। ਇਹ ਨਤੀਜੇ ਖੋਜ ਖੇਤਰ ਵਿੱਚ ਟੈਕਟੋਨਿਕ ਗਤੀਵਿਧੀ ਅਤੇ ਭੂਚਾਲ ਦੇ ਜੋਖ਼ਮਾਂ ਬਾਰੇ ਨਵੀਂ ਜਾਣਕਾਰੀ ਪ੍ਰਦਾਨ ਕਰ ਸਕਦੇ ਹਨ।

ਭੂ-ਵਿਗਿਆਨੀਆਂ ਦਾ ਮੰਨਣਾ ਹੈ ਕਿ ਭਾਰਤੀ ਪਲੇਟ ਆਪਣੀ ਵੱਖ-ਵੱਖ ਮੋਟਾਈ ਅਤੇ ਬਣਤਰ ਦੇ ਕਾਰਨ ਕਈ ਵਾਰ ਤਰੇੜਾਂ ਪਾ ਚੁੱਕੀ ਹੈ। ਭੂਟਾਨ ਦੇ ਨੇੜੇ ਇੱਕ ਵੱਡੇ ਖੇਤਰ ਵਿੱਚ ਪਾੜ ਦੇ ਸਬੂਤ ਮਿਲੇ ਹਨ, ਜਿੱਥੇ ਮੈਂਟਲ ਚੱਟਾਨਾਂ ਸ਼ਾਇਦ ਖਾਲੀ ਜਗ੍ਹਾ ਵਿੱਚ ਵਹਿ ਰਹੀਆਂ ਹਨ। ਭੂਚਾਲ ਦੀਆਂ ਲਹਿਰਾਂ ਦੀ ਮੈਪਿੰਗ ਕਰਕੇ, ਵਿਗਿਆਨੀਆਂ ਨੇ ਸਤ੍ਹਾ ਦੇ ਹੇਠਾਂ ਵੱਖ-ਵੱਖ ਥਾਵਾਂ ਦੀ ਪਛਾਣ ਕੀਤੀ ਜੋ ਦਰਸਾਉਂਦੇ ਸਨ ਕਿ ਪਲੇਟ ਦੇ ਕੁਝ ਹਿੱਸੇ ਟੁੱਟ ਗਏ ਸਨ। ਖੋਜਕਰਤਾ ਹੁਣ ਇਹ ਸਮਝਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਪਲੇਟ ਫ਼ਟਣ ਨਾਲ ਇਸ ਖੇਤਰ ਵਿੱਚ ਭੂਚਾਲ ਕਿਵੇਂ ਆ ਸਕਦੇ ਹਨ ?

# ਪਹਿਲੀਆਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ’ਚ ਕਿਸੇ ਧੜੇ ਨੂੰ ਨਾ ਮਿਲ ਸਕਿਆ ਸਪੱਸ਼ਟ ਬਹੁਮਤ

## ਕੁੱਲ 40 ਸੀਟਾਂ ’ਚੋਂ 21 ਆਜ਼ਾਦ ਉਮੀਦਵਾਰ ਜੇਤੂ ਰਹੇ * ਝੀਂਡਾ, ਨਲਵੀ ਤੇ ਕਿਆਮਪੁਰੀ ਵੱਲੋਂ ਜਿੱਤਾਂ ਦਰਜ



ਚੰਡੀਗੜ੍ਹ/ਏ.ਟੀ.ਨਿਊਜ਼: ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਚ.ਐੱਸ.ਜੀ.ਐੱਮ.ਸੀ.) ਲਈ ਪਹਿਲੀ ਵਾਰ ਹੋਈ ਚੋਣ ਦਾ ਅਮਲ ਸ਼ਾਂਤੀਪੂਰਨ ਢੰਗ ਨਾਲ ਮੁਕੰਮਲ ਹੋ ਗਿਆ ਹੈ ਅਤੇ ਇਨ੍ਹਾਂ ਚੋਣਾਂ ’ਚ 69.85 ਫ਼ੀਸਦ ਵੋਟਾਂ ਪੋਲ ਹੋਈਆਂ ਹਨ। ਖ਼ਬਰ ਲਿਖੇ ਜਾਣ ਸਾਹਮਣੇ ਆਏ ਚੋਣ ਨਤੀਜਿਆਂ ’ਚ ਝੀਂਡਾ ਧੜਾ ਭਾਰੂ ਰਿਹਾ ਜਦਕਿ ਅੱਧੀਆਂ ਤੋਂ ਵੱਧ ਸੀਟਾਂ ’ਤੇ ਆਜ਼ਾਦ ਉਮੀਦਵਾਰਾਂ ਨੇ ਜਿੱਤ ਦਰਜ ਕੀਤੀ ਹੈ। ਵਾਰਡ ਨੰਬਰ-25 (ਟੋਹਾਣਾ) ਤੋਂ ਅਮਨਪ੍ਰੀਤ ਕੌਰ ਬਿਨਾਂ ਮੁਕਾਬਲਾ ਜੇਤੂ ਕਰਾਰ ਦਿੱਤੀ ਜਾ ਚੁੱਕੀ ਹੈ ਜਿਸ ਕਾਰਨ 40 ’ਚੋਂ 39 ਵਾਰਡਾਂ ਲਈ 398 ਪੋਲਿੰਗ ਬੂਥਾਂ ’ਤੇ ਵੋਟਿੰਗ ਹੋਈ ਜਿੱਥੇ 3,50,980 ਵਿੱਚੋਂ 2,45,167 ਵੋਟਰਾਂ (69.85 ਫ਼ੀਸਦ) ਨੇ ਆਪਣੇ ਵੋਟ ਦੀ ਵਰਤੋਂ ਕੀਤੀ। ਚੋਣਾਂ ਵਿੱਚ ਪੰਥਕ ਦਲ (ਝੀਂਡਾ) ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ, ਸਿੱਖ ਸਮਾਜ ਸੰਗਠਨ ਦੇ ਪ੍ਰਧਾਨ ਦੀਦਾਰ ਸਿੰਘ ਨਲਵੀ ਅਤੇ ਹਰਿਆਣਾ ਸਿੱਖ ਪੰਥਕ ਦਲ ਦੇ ਪ੍ਰਧਾਨ ਬਲਦੇਵ ਸਿੰਘ ਕਿਆਮਪੁਰੀ ਨੇ ਜਿੱਤ ਹਾਸਲ ਕੀਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੰਥਕ ਦਲ (ਝੀਂਡਾ) ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਵਾਰਡ ਨੰਬਰ-18 (ਅਸੰਧ) ਤੋਂ 1941 ਵੋਟਾਂ ਦੇ ਫਰਕ ਨਾਲ ਜਿੱਤ ਹਾਸਲ ਕੀਤੀ ਹੈ। ਝੀਂਡਾ ਨੇ 4216 ਵੋਟਾਂ ਹਾਸਲ ਕੀਤੀਆਂ ਤੇ ਉਨ੍ਹਾਂ ਦੇ ਵਿਰੋਧੀ ਬਲਕਾਰ ਸਿੰਘ ਨੂੰ 2275 ਵੋਟਾਂ ਹੀ ਪਈਆਂ ਹਨ। ਇਸੇ ਤਰ੍ਹਾਂ ਸਿੱਖ ਸਮਾਜ ਸੰਗਠਨ ਦੇ ਪ੍ਰਧਾਨ ਦੀਦਾਰ ਸਿੰਘ ਨਲਵੀ ਨੇ ਵਾਰਡ ਨੰਬਰ-13 (ਸ਼ਾਹਬਾਦ) ਤੋਂ 200 ਵੋਟਾਂ ਦੇ ਫਰਕ ਨਾਲ ਜਿੱਤ ਹਾਸਲ ਕੀਤੀ ਹੈ। ਨਲਵੀ ਨੂੰ 2485 ਜਦਕਿ ਉਨ੍ਹਾਂ ਦੇ ਵਿਰੋਧੀ ਨੂੰ 2285 ਵੋਟਾਂ ਪਈਆਂ ਸਨ। ਵਾਰਡ ਨੰਬਰ-10 (ਬਿਲਾਸਪੁਰ) ਤੋਂ ਹਰਿਆਣਾ ਸਿੱਖ ਪੰਥਕ ਦਲ ਦੇ ਪ੍ਰਧਾਨ ਬਲਦੇਵ ਸਿੰਘ ਕਿਆਮਪੁਰੀ ਨੇ 249 ਵੋਟਾਂ ਦੇ ਫਰਕ ਨਾਲ ਜਿੱਤ ਹਾਸਲ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਦਲਜੀਤ ਸਿੰਘ ਚੀਮਾ ਨੇ 18 ਸੀਟਾਂ ’ਤੇ ਜਿੱਤ ਹਾਸਲ ਕਰਨ ਦਾ ਦਾਅਵਾ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਵਾਰਡ ਨੰਬਰ-1 (ਕਾਲਕਾ) ਤੋਂ ਗੁਰਮੀਤ ਸਿੰਘ, ਵਾਰਡ ਨੰਬਰ-2 (ਪੰਚਕੂਲਾ) ਤੋਂ ਸਵਰਣ ਸਿੰਘ, ਵਾਰਡ ਨੰਬਰ-3 (ਨਾਰਾਇਣਗੜ੍ਹ) ਤੋਂ ਗੁਰਜੀਤ ਸਿੰਘ ਧਮੋਲੀ, ਵਾਰਡ ਨੰਬਰ-4 (ਬਰਾੜਾ) ਤੋਂ ਰਾਜਿੰਦਰ ਸਿੰਘ, ਵਾਰਡ ਨੰਬਰ-5 (ਅੰਬਾਲਾ ਛਾਵਣੀ) ਤੋਂ ਸੁਦਰਸ਼ਨ ਸਿੰਘ ਸਹਿਗਲ, ਵਾਰਡ ਨੰਬਰ-6 (ਅੰਬਾਲਾ ਸ਼ਹਿਰ) ਤੋਂ ਗੁਰਤੇਜ ਸਿੰਘ, ਵਾਰਡ ਨੰਬਰ-7 (ਨਾਗਲ) ਤੋਂ ਸੁਖਦੇਵ ਸਿੰਘ, ਵਾਰਡ ਨੰਬਰ-8 (ਰਾਦੌੜ) ਤੋਂ ਗੁਰਬੀਰ ਸਿੰਘ ਛੀਨਾ, ਵਾਰਡ ਨੰਬਰ-9 (ਜਗਾਧਰੀ) ਤੋਂ ਜੋਗਾ ਸਿੰਘ, ਵਾਰਡ ਨੰਬਰ-14 (ਲਾਡਵਾ) ਤੋਂ ਜਸਬੀਰ ਕੌਰ ਮਾਨਸਾ, ਵਾਰਡ ਨੰਬਰ-15 (ਥਾਨੇਸਰ) ਤੋਂ ਹਰਮਨਪ੍ਰੀਤ ਸਿੰਘ, ਵਾਰਡ ਨੰਬਰ-16 (ਨੀਲੋਖੇੜੀ) ਤੋਂ ਕਪੂਰ ਕੌਰ, ਵਾਰਡ ਨੰਬਰ-17 (ਨੀਸਿੰਗ) ਤੋਂ ਗੁਰਨਾਮ ਸਿੰਘ ਲਾਡੀ, ਵਾਰਡ ਨੰਬਰ-19 (ਕਰਨਾਲ) ਤੋਂ ਪਲਵਿੰਦਰ ਸਿੰਘ, ਵਾਰਡ ਨੰਬਰ-20 (ਗੂਹਲਾ) ਤੋਂ ਮੇਜਰ ਸਿੰਘ, ਵਾਰਡ ਨੰਬਰ-22 (ਕੈਥਲ) ਤੋਂ ਬਲਦੇਵ ਸਿੰਘ, ਵਾਰਡ ਨੰਬਰ-23 (ਪਾਣੀਪਤ) ਤੋਂ ਮੋਹਨਜੀਤ ਸਿੰਘ, ਵਾਰਡ ਨੰਬਰ-24 (ਜੀਂਦ) ਤੋਂ ਕਰਨੈਲ ਸਿੰਘ, ਵਾਰਡ ਨੰਬਰ-26 (ਰਤਨਗੜ੍ਹ) ਤੋਂ ਕਾਕਾ ਸਿੰਘ, ਵਾਰਡ ਨੰਬਰ-27 (ਫਤਿਹਾਬਾਦ) ਤੋਂ ਕਰਮਜੀਤ ਸਿੰਘ, ਵਾਰਡ ਨੰਬਰ-28 (ਰਤੀਆ) ਤੋਂ ਇਕਬਾਲ ਸਿੰਘ, ਵਾਰਡ ਨੰਬਰ-29 (ਹਿਸਾਰ) ਤੋਂ ਬਲਵਿੰਦਰ ਸਿੰਘ, ਵਾਰਡ ਨੰਬਰ-30 (ਡੱਬਵਾਲੀ) ਤੋਂ ਕੁਲਦੀਪ ਸਿੰਘ, ਵਾਰਡ ਨੰਬਰ-31 (ਰਾਣੀਆ) ਤੋਂ ਹਰਜੀਤ ਸਿੰਘ, ਵਾਰਡ ਨੰਬਰ-32 (ਏਲਨਾਬਾਦ) ਤੋਂ ਗੁਰਪਾਲ ਸਿੰਘ, ਵਾਰਡ ਨੰਬਰ-33 (ਸਿਰਸਾ) ਤੋਂ ਗੁਰਮੇਜ ਸਿੰਘ, ਵਾਰਡ ਨੰਬਰ-34 (ਨਥੂਸਰੀ ਚੋਪਟਾ) ਤੋਂ ਪ੍ਰਕਾਸ਼ ਸਿੰਘ, ਵਾਰਡ ਨੰਬਰ-36 (ਰੋੜੀ) ਤੋਂ ਕੁਲਦੀਪ ਸਿੰਘ, ਵਾਰਡ ਨੰਬਰ-37 (ਵੱਡਾਗੁੜ੍ਹ) ਤੋਂ ਅੰਮ੍ਰਿਤਪਾਲ ਸਿੰਘ, ਵਾਰਡ ਨੰਬਰ-38 (ਪਿੱਪਲੀ) ਤੋਂ ਜਗਤਾਰ ਸਿੰਘ, ਵਾਰਡ ਨੰਬਰ-39 (ਗੁਰੂਗ੍ਰਾਮ) ਤੋਂ ਤਜਿੰਦਰ ਪਾਲ ਸਿੰਘ ਤੇ ਵਾਰਡ ਨੰਬਰ-40 (ਫਰੀਦਾਬਾਦ) ਤੋਂ ਰਵਿੰਦਰ ਸਿੰਘ ਜੇਤੂ ਰਹੇ। ਐਚ.ਐਸ.ਜੀ.ਐਮ.ਸੀ. ਦੀ 2014 ਦੀ ਸਥਾਪਨਾ ਤੋਂ ਬਾਅਦ ਇਹ ਪਹਿਲੀਆਂ ਚੋਣਾਂ ਸਨ। ਐਚ.ਐਸ.ਜੀ.ਐਮ.ਸੀ. ਦੀ ਸਥਾਪਨਾ ਅਸਲ ’ਚ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਨੇ ਹਰਿਆਣਾ ਭਰ ’ਚ ਸਿੱਖ ਗੁਰਦੁਆਰਿਆਂ ਦੀ ਨਿਗਰਾਨੀ ਲਈ ਕੀਤੀ ਸੀ। (ਬਾਕੀ ਸਫ਼ਾ 31 ’ਤੇ)

## ਕਾਲਾਂਵਾਲੀ ਹਲਕੇ ਤੋਂ ਹਾਰੇ ਜਥੇਦਾਰ ਦਾਦੂਵਾਲ



ਕਾਲਾਂਵਾਲੀ : ਕਾਲਾਂਵਾਲੀ ਹਲਕੇ ਦੇ ਵਾਰਡ ਨੰ. 35 ਤੋਂ ਬਿੰਦਰ ਸਿੰਘ ਖਾਲਸਾ ਨੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੂੰ 1771 ਵੋਟਾਂ ਦੇ ਫ਼ਰਕ ਨਾਲ ਹਰਾ ਕੇ ਜਿੱਤ ਹਾਸਲ ਕੀਤੀ। ਸ੍ਰੀ ਖ਼ਾਲਸਾ ਨੂੰ 4914, ਜਥੇਦਾਰ ਦਾਦੂਵਾਲ ਨੂੰ 3147 ਵੋਟਾਂ ਮਿਲੀਆਂ ਤੇ ਨੋਟਾ ਨੂੰ 49 ਵੋਟਾਂ ਮਿਲੀਆਂ। ਰੋੜੀ ਹਲਕੇ ਦੇ ਵਾਰਡ 36 ਤੋਂ ਕੁਲਦੀਪ ਸਿੰਘ ਫੱਗੂ ਨੇ ਹਰਿਆਣਾ ਕਮੇਟੀ ਦੇ ਸਾਬਕਾ ਸੀਨੀਅਰ ਮੀਤ ਪ੍ਰਧਾਨ ਬਾਬਾ ਗੁਰਮੀਤ ਸਿੰਘ ਤਿਲੋਕੇਵਾਲਾ ਨੂੰ 983 ਵੋਟਾਂ ਨਾਲ ਹਰਾਇਆ। ਕੁਲਦੀਪ ਸਿੰਘ ਫੱਗੂ ਨੂੰ 5723 ਵੋਟਾਂ ਤੇ ਤਿਲੋਕੇਵਾਲਾ ਨੂੰ 4740 ਵੋਟਾਂ ਮਿਲੀਆਂ। ਇਸੇ ਤਰ੍ਹਾਂ ਵੱਡਾਗੁੜ੍ਹਾ ਹਲਕੇ ਤੋਂ ਅੰਮ੍ਰਿਤਪਾਲ ਸਿੰਘ ਔਢਾਂ ਨੇ ਜਿੱਤ ਹਾਸਲ ਕੀਤੀ ਹੈ।

## ਅਕਾਲੀ ਦਲ ਤੇ ਸਹਿਯੋਗੀਆਂ ਨੇ 18 ਸੀਟਾਂ ਜਿੱਤੀਆਂ: ਦਲਜੀਤ ਚੀਮਾ

ਚੰਡੀਗੜ੍ਹ: ਸ਼੍ਰੋਮਣੀ ਅਕਾਲੀ ਦਲ ਨੇ ਦਾਅਵਾ ਕੀਤਾ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਅਕਾਲੀ ਦਲ ਅਤੇ ਉਸ ਦੇ ਗੱਠਜੋੜ ਭਾਈਵਾਲਾਂ ਨੇ 18 ਸੀਟਾਂ ਜਿੱਤੀਆਂ ਹਨ। ਅਕਾਲੀ ਆਗੂ ਦਲਜੀਤ ਸਿੰਘ ਚੀਮਾ ਨੇ ਇੱਕ ਸੋਸ਼ਲ ਮੀਡੀਆ ਪੋਸਟ ’ਚ ਕਿਹਾ, “ਇਹ ਜ਼ਿਕਰਯੋਗ ਹੈ ਕਿ ਅਕਾਲੀ ਦਲ ਨੂੰ ਸਿਆਸੀ ਪਾਰਟੀ ਵਜੋਂ ਚੋਣ ਲੜਨ ਦੀ ਇਜਾਜ਼ਤ ਨਹੀਂ ਦਿੱਤੀ ਗਈ। ਇਸ ਲਈ ਇਸ ਦੇ ਉਮੀਦਵਾਰਾਂ ਨੂੰ ਹਰਿਆਣਾ ਸਿੱਖ ਪੰਥਕ ਦਲ ਦੇ ਨਾਂ ’ਤੇ ਇਕ ਧਾਰਮਿਕ ਸਮੂਹ ਬਣਾਉਣਾ ਪਿਆ, ਜਿਸ ਨੂੰ ਢੋਲ ਦਾ ਨਵਾਂ ਨਿਸ਼ਾਨ ਅਲਾਟ ਕੀਤਾ ਗਿਆ। ਇਸ ਨੇ ਇਸ ਚੋਣ ਨਿਸ਼ਾਨ ’ਤੇ 6 ਸੀਟਾਂ ਜਿੱਤੀਆਂ ਅਤੇ ਇਸ ਦੇ ਸਮਰਥਕਾਂ ਨੇ ਵੱਖ-ਵੱਖ ਚਿੰਨ੍ਹਾਂ ’ਤੇ ਆਜ਼ਾਦ ਉਮੀਦਵਾਰ ਵਜੋਂ 12 ਹੋਰ ਸੀਟਾਂ ਜਿੱਤੀਆਂ। ਅਸੀਂ ਇਨ੍ਹਾਂ ਸਾਰਿਆਂ ਨਾਲ ਚੋਣਾਂ ਤੋਂ ਪਹਿਲਾਂ ਸਮਝੌਤਾ ਕਰ ਲਿਆ ਸੀ।”

## ਆਪਣੀ ਆਵਾਜ਼ ਨਾਲ ਬਾਲੀਵੁੱਡ ’ਚ ਛਾਏ ਸਤਿੰਦਰ ਸਰਤਾਜ

### ਅਕਸ਼ੈ ਕੁਮਾਰ ਦੀ ਫ਼ਿਲਮ ‘ਸਕਾਈ ਫ਼ੋਰਸ’ ’ਚ ਗਾਇਆ ਗੀਤ ‘ਰੰਗ’



ਅੱਜ ਕੱਲ੍ਹ ਅਕਸ਼ੈ ਕੁਮਾਰ ਆਪਣੀ ਆਉਣ ਵਾਲੀ ਫ਼ਿਲਮ ‘ਸਕਾਈ ਫ਼ੋਰਸ’ ਨੂੰ ਲੈ ਕੇ ਕਾਫ਼ੀ ਚਰਚਾ ਵਿੱਚ ਹਨ। ਇਸ ਫ਼ਿਲਮ ਵਿੱਚ ਅਕਸ਼ੈ ਦੇ ਨਾਲ ਨਿਮ੍ਰਿਤ ਕੌਰ, ਵੀਰ ਪਹਾੜੀਆ ਅਤੇ ਸਾਰਾ ਅਲੀ ਖ਼ਾਨ ਵੀ ਮੌਜੂਦ ਹਨ।

ਫ਼ਿਲਮ ਦਾ ਟ੍ਰੇਲਰ ਜਾਰੀ ਹੋ ਚੁੱਕਾ ਹੈ ਅਤੇ ਦਰਸ਼ਕਾਂ ਨੂੰ ਬਹੁਤ ਪਸੰਦ ਆ ਰਿਹਾ ਹੈ। ਇਹ ਫ਼ਿਲਮ 24 ਜਨਵਰੀ ਨੂੰ ਰਿਲੀਜ਼ ਹੋਣ ਜਾ ਰਹੀ ਹੈ।

ਹੁਣ ਫ਼ਿਲਮ ਦਾ ਨਵਾਂ ਗੀਤ ‘ਰੰਗ’ ਰਿਲੀਜ਼ ਹੋ ਚੁੱਕਾ ਹੈ। ਇਹ ਗੀਤ ਇੱਕ ਦੇਸੀ ਪਾਰਟੀ ਟ੍ਰੈਕ ਹੈ ਜਿਸਨੂੰ ਸਤਿੰਦਰ ਸਰਤਾਜ ਅਤੇ ਜਹਿਰਾ ਐੱਸ ਖ਼ਾਨ ਨੇ ਗਾਇਆ ਹੈ। ਇਸਦਾ ਮਿਊਜ਼ਿਕ ਤਨਿਸ਼ਕ ਬਾਗਚੀ ਨੇ ਦਿੱਤਾ ਹੈ। ਗੀਤ ਵਿੱਚ ਅਕਸ਼ੈ ਅਤੇ ਵੀਰ ਪੂਰੀ ਤਰ੍ਹਾਂ ਠੁਮਕੇ ਲਗਾਉਂਦੇ ਨਜ਼ਰ ਆ ਰਹੇ ਹਨ।ਗੀਤ ਬਹੁਤ ਹੀ ਦਿਲਚਸਪ ਅਤੇ ਪੂਰੀ ਤਰ੍ਹਾਂ ਪਾਰਟੀ ਸੌਂਗ ਹੈ ਜਿਸਨੂੰ ਦੇਸੀ ਸਟਾਈਲ ਵਿੱਚ ਤਿਆਰ ਕੀਤਾ ਗਿਆ ਹੈ। ਸਤਿੰਦਰ ਸਰਤਾਜ ਨੇ ਕਿਹਾ ਕਿ ‘ਰੰਗ’ ਇਸ ਸਮੇਂ ਕਾਫ਼ੀ ਟ੍ਰੇਂਡ ਵਿੱਚ ਹੈ ਕਿਉਂਕਿ ਨੌਜਵਾਨ ਪੀੜ੍ਹੀ ਇਸ ਪਾਰਟੀ ਸੌਂਗ ਨਾਲ ਖੁਦ ਨੂੰ ਜੁੜਿਆ ਹੋਇਆ ਮਹਿਸੂਸ ਕਰ ਰਹੀ ਹੈ।

## ਜਗਦੀਸ਼ ਝੀਂਡਾ ਵੱਲੋਂ ਅਸਤੀਫ਼ਾ ਵਾਪਸ ਲੈਣ ਦਾ ਫ਼ੈਸਲਾ



ਸਿਰਸਾ/ਏ.ਟੀ.ਨਿਊਜ਼: ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ (ਐੱਚ.ਐੱਸ.ਜੀ. ਐੱਮ.ਸੀ.) ਦੀਆਂ ਚੋਣਾਂ ਜਿੱਤਣ ਵਾਲੇ ਜਗਦੀਸ਼ ਸਿੰਘ ਝੀਂਡਾ ਨੇ ਅਸਤੀਫ਼ਾ ਦੇਣ ਦੇ ਐਲਾਨ ਦੇ ਕੁਝ ਹੀ ਘੰਟਿਆਂ ਬਾਅਦ ਅਸਤੀਫ਼ਾ ਵਾਪਸ ਲੈਣ ਦਾ ਐਲਾਨ ਕੀਤਾ ਹੈ। ਝੀਂਡਾ ਨੇ ਕਿਹਾ ਕਿ ਮੇਰੇ ਅਸਤੀਫ਼ਾ ਦੇਣ ਦੇ ਫ਼ੈਸਲੇ ਤੋਂ ਕੌਮ ਨੂੰ ਦੁੱਖ ਹੋਇਆ, ਇਸ ਲਈ ਮੈਂ ਅਸਤੀਫ਼ਾ ਵਾਪਸ ਲੈਣ ਦਾ ਫ਼ੈਸਲਾ ਲਿਆ ਹੈ। ਅਸੀਂ ਸਾਰੇ ਮਿਲ ਕੇ ਗੁਰੂ ਘਰ ਦੇ ਸੰਘਰਸ਼ ਦੀ ਲੜਾਈ ਲੜਾਂਗੇ। ਦੱਸ ਦੇਈਏ ਕਿ ਐੱਚ.ਐੱਸ.ਜੀ.ਐੱਮ.ਸੀ. ਦੀਆਂ ਬੀਤੇ ਦਿਨੀਂ ਚੋਣਾਂ ਹੋਈਆਂ ਸਨ, ਜਿਸ ਵਿੱਚ ਝੀਂਡਾ 1900 ਵੋਟਾਂ ਨਾਲ ਜਿੱਤੇ ਸਨ। ਝੀਂਡਾ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਰਹੇ। ਉਨ੍ਹਾਂ ਨੂੰ 2022 ’ਚ ਸਰਬਸੰਮਤੀ ਨਾਲ ਉਨ੍ਹਾਂ ਨੂੰ ਪ੍ਰਧਾਨ ਬਣਾਇਆ ਗਿਆ ਸੀ।

ਦੱਸ ਦੇਈਏ ਕਿ ਝੀਂਡਾ ਨੇ ਅਸਤੀਫ਼ਾ ਦੇਣ ਦਾ ਐਲਾਨ ਕੀਤਾ ਸੀ। ਇੰਨਾ ਹੀ ਨਹੀਂ, ਅਸਤੀਫ਼ਾ ਦੇਣ ਦੇ ਆਪਣੇ ਫੈਸਲੇ ਦਾ ਕਾਰਨ ਦੱਸਦੇ ਹੋਏ ਝੀਂਡਾ ਨੇ ਕਿਹਾ ਸੀ ਕਿ ਉਨ੍ਹਾਂ ਦੇ ਸਮੂਹ ਦੇ 21 ਉਮੀਦਵਾਰਾਂ ਨੇ ਚੋਣ ਲੜੀ ਸੀ ਪਰ ਸਿਰਫ਼ 9 ਹੀ ਜਿੱਤ ਸਕੇ, ਜਿਸ ਕਾਰਨ ਉਹ ਨਾਰਾਜ਼ ਸਨ ਅਤੇ ਅਸਤੀਫ਼ਾ ਦੇ ਦਿੱਤਾ। ਉਨ੍ਹਾਂ ਨੇ ਮੰਨਿਆ ਕਿ ਭਾਈਚਾਰੇ ਨੇ ਉਮੀਦ ਅਨੁਸਾਰ ਉਸਦੇ ਸੰਘਰਸ਼ ਦਾ ਸਮਰਥਨ ਨਹੀਂ ਕੀਤਾ, ਜਿਸ ਕਾਰਨ ਉਹ ਹੁਣ ਆਪਣੇ ਆਪ ਨੂੰ ਇਸ ਅਹੁਦੇ ਦੇ ਯੋਗ ਨਹੀਂ ਸਮਝਦੇ। ਉਨ੍ਹਾਂ ਨੇ ਪੰਥਕ ਦਲ ਦੇ ਬੈਨਰ ਹੇਠ ਚੋਣ ਜਿੱਤੀ ਸੀ।

## ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੁਖਬੀਰ ਬਾਦਲ ਦੇ ਬਚਕਾਨਾ ਬਿਆਨਾਂ ’ਤੇ ਨੋਟਿਸ ਲੈਣ ਦੀ ਕੀਤੀ ਅਪੀਲ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਕਮੇਟੀ ਦੇ ਕੁਝ ਮੈਂਬਰ ਅਕਾਲ ਤਖ਼ਤ ਸਾਹਿਬ ਵਿਖੇ ਪਹੁੰਚੇ ਭਾਵੇਂ ਉਨ੍ਹਾਂ ਦੀ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਮੁਲਾਕਾਤ ਤਾਂ ਨਹੀਂ ਹੋਈ ਪਰ ਉਹਨਾਂ ਨੇ ਆਪਣਾ ਮੰਗ ਪੱਤਰ ਅਕਾਲ ਤਖ਼ਤ ਸਾਹਿਬ ਦੇ ਸਕੱਤਰ ਨੂੰ ਸੌਂਪਿਆ। ਉਨ੍ਹਾਂ ਨਾਲ ਜ਼ੁਬਾਨੀ ਗੱਲਬਾਤ ਵੀ ਕੀਤੀ।

ਮੰਗ ਪੱਤਰ ਸੌਂਪਣ ਤੋਂ ਬਾਅਦ ਮੈਂਬਰਾਂ ਨੇ ਇੱਥੇ ਪਹੁੰਚਣ ਦਾ ਮਕਸਦ ਦਸਦਿਆਂ ਕਿਹਾ ਕਿ 2 ਦਸੰਬਰ ਨੂੰ ਸੁਖਬੀਰ ਬਾਦਲ ਨੇ ਜਥੇਦਾਰ ਸਾਹਿਬਾਨ ਤੇ ਸੰਗਤ ਦੀ ਕਚਹਿਰੀ ਵਿੱਚ ਸਾਰੇ ਗੁਨਾਹ ਮੰਨੇ ਸਨ ਪਰ ਕੁਝ ਕੁ ਦਿਨਾਂ ਬਾਅਦ ਉਨ੍ਹਾਂ ਰੈਲੀਆਂ ਵਿੱਚ ਇਹ ਕਹਿਣਾ ਸ਼ੁਰੂ ਕਰ ਦਿਤਾ ਕਿ

(ਬਾਕੀ ਸਫ਼ਾ 31 ’ਤੇ)



# ਸ਼੍ਰੋਮਣੀ ਅਕਾਲੀ ਦਲ ਦੀ ਮੈਂਬਰਸ਼ਿਪ ਭਰਤੀ ਬਾਦਲ ਪਿੰਡ ਤੋਂ ਸ਼ੁਰੂ

## ਲੰਬੀ ਹਲਕੇ 'ਚ ਨਵੀਂ ਭਰਤੀ ਦਾ ਟੀਚਾ 40 ਹਜ਼ਾਰ



ਲੰਬੀ/ਏ.ਟੀ.ਨਿਊਜ਼ : ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਿੰਡ ਬਾਦਲ ਦੇ ਸ਼੍ਰੋਮਣੀ ਅਕਾਲੀ ਦਲ ਦੇ ਦਫ਼ਤਰ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਵਜੋਂ ਫ਼ਾਰਮ ਭਰਿਆ ਹੈ। ਇਸ ਮੌਕੇ ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੇ ਬਾਦਲ ਸਥਿਤ ਦਫ਼ਤਰ ਵਿਖੇ ਪਾਰਟੀ ਪ੍ਰਧਾਨ ਦੇ ਹੁਕਮਾਂ ਅਨੁਸਾਰ ਮੈਂਬਰ ਵਜੋਂ ਸ਼ਾਮਲ ਹੋ ਕੇ ਅਪਣੀ ਮੈਂਬਰਸ਼ਿਪ ਪਰਚੀ ਭਰੀ ਹੈ।

ਸੁਖਬੀਰ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਾ ਲੰਬੀ ਹਲਕੇ ਵਿੱਚ 40 ਹਜ਼ਾਰ ਦਾ ਟੀਚਾ ਹੈ ਜਦਕਿ ਕੁੱਲ ਮੈਂਬਰਸ਼ਿਪ ਦਾ ਟੀਚਾ 5 ਲੱਖ ਦਾ ਹੈ। ਇਸ ਮੌਕੇ ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਨੇ ਕਿਹਾ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਸਿੱਖ ਸੰਗਤ ਨੇ ਇਹ ਸੁਨੇਹਾ ਬਹੁਤ ਸਾਫ਼ ਤੌਰ 'ਤੇ ਦਿਤਾ ਹੈ ਕਿ ਜੋ ਵੀ ਤਾਕਤਾਂ ਸਿੱਖ ਧਰਮ ਦੇ ਮਸਲਿਆਂ ਵਿੱਚ ਦਖ਼ਲ-ਅੰਦਾਜ਼ੀ ਕਰਦੀਆਂ ਹਨ, ਉਨ੍ਹਾਂ ਨੂੰ ਸਿੱਖ ਸੰਗਤ ਮੂੰਹ ਨਹੀਂ ਲਗਾਏਗੀ।ਉਨ੍ਹਾਂ ਦਾਦੂਵਾਲ ਦਾ ਨਾਮ ਲੈ ਕੇ ਕਿਹਾ ਕਿ ਅਜਿਹੇ ਲੋਕ ਏਜੰਸੀਆਂ ਦੇ ਬੰਦੇ ਹਨ ਅਤੇ ਇਸੇ ਕਰ ਕੇ ਸਿੱਖ ਸੰਗਤ ਨੇ ਉਨ੍ਹਾਂ ਨੂੰ ਮੂੰਹ ਨਹੀਂ ਲਾਇਆ। ਉਨ੍ਹਾਂ ਕਿਹਾ ਕਿ ਇਹ ਕਿਸੇ ਧਰਮ ਦੇ ਨਹੀਂ ਹੁੰਦੇ।ਜ਼ਿਕਰਯੋਗ ਹੈ ਕਿ ਬਾਦਲ ਪੱਖੀ ਅਕਾਲੀਆਂ ਨੇ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਨੂੰ ਦਰਕਿਨਾਰ ਕਰ ਕੇ ਇਹ ਭਰਤੀ ਮੁਹਿੰਮ ਸ਼ੁਰੂ ਕੀਤੀ ਹੈ ਜਦਕਿ ਅਕਾਲ ਤਖ਼ਤ ਸਾਹਿਬ ਨੇ ਇਹ ਭਰਤੀ ਮੁਹਿੰਮ ਅਪਣੇ ਵਲੋਂ ਬਣਾਈ ਸੱਤ ਮੈਂਬਰੀ ਕਮੇਟੀ ਨੂੰ ਚਲਾਉਣ ਦੇ ਹੁਕਮ ਦਿਤੇ ਸਨ ਪਰ ਅੱਜ ਸਥਿਤੀ ਇਹ ਹੈ ਕਿ ਉਸ ਸੱਤ ਮੈਂਬਰੀ ਕਮੇਟੀ ਦਾ ਕੋਈ ਰੋਲ ਨਜ਼ਰ ਨਹੀਂ ਆ ਰਿਹਾ।

## ਨਵੀਂ ਮੈਂਬਰਸ਼ਿਪ ਭਰਤੀ ਸਬੰਧੀ ਜਥੇਦਾਰ ਵਡਾਲਾ ਨੇ ਗਿ. ਰਘਬੀਰ ਸਿੰਘ ਨਾਲ ਕੀਤੀ ਮੁਲਾਕਾਤ

ਅੰਮ੍ਰਿਤਸਰ/ਏ.ਟੀ.ਨਿਊਜ਼ : ਬੀਤੇ ਦਿਨੀਂ ਅਕਾਲ ਤਖ਼ਤ ਸਾਹਿਬ ਤੋਂ ਬਣਾਈ ਗਈ ਅਕਾਲੀ ਦਲ ਦੀ ਨਵੀਂ ਮੈਂਬਰਸ਼ਿਪ ਭਰਤੀ ਸਬੰਧੀ ਸੱਤ ਮੈਂਬਰੀ ਕਮੇਟੀ ਦੇ ਮੁਖੀ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਕਮੇਟੀ ਦੇ ਮੈਂਬਰ ਨਾਰਾਜ਼ ਧੜੇ ਦੇ ਨਾਲ ਆਗੂ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਪਿਛਲੇ ਦਿਨੀਂ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਮਿਲਣ ਸ੍ਰੀ ਅਕਾਲ ਤਖ਼ਤ ਸਕੱਤਰੇਤ ਵਿਖੇ ਪੁੱਜੇ। ਕਰੀਬ ਇੱਕ ਘੰਟਾ ਜਥੇਦਾਰ ਨਾਲ ਮੁਲਾਕਾਤ ਕਰਨ ਤੋਂ ਬਾਅਦ ਜਥੇਦਾਰ ਵਡਾਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਜਥੇਦਾਰ ਨਾਲ ਅਕਾਲੀ ਦਲ ਦੀ ਮੈਂਬਰਸ਼ਿਪ ਭਰਤੀ ਮੁਹਿੰਮ ਸਬੰਧੀ ਗੱਲਬਾਤ ਕੀਤੀ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਨੇ ਵਿਸ਼ਵਾਸ ਦਿਵਾਇਆ ਹੈ ਕਿ ਇਹ ਭਰਤੀ



ਅਕਾਲ ਤਖ਼ਤ ਸਾਹਿਬ ਵਲੋਂ ਗਠਿਤ ਕੀਤੀ ਸੱਤ ਮੈਂਬਰੀ ਕਮੇਟੀ ਦੁਆਰਾ ਹੀ ਹੋਵੇਗੀ। ਉਨ੍ਹਾਂ ਕਿਹਾ ਕਿ ਅਸੀਂ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਚਾਹੁੰਦੇ ਹਾਂ ਤੇ ਸਾਰੀਆਂ ਧਿਰਾਂ ਨੂੰ ਅਕਾਲ ਤਖ਼ਤ ਸਾਹਿਬ ਵਲੋਂ ਜਾਰੀ ਹੁਕਮਾਂ ਦੀ ਇਨ ਬਿਨ ਪਾਲਣਾ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਸਾਹਿਬ ਦੇ ਹੁਕਮ ਨਾ ਮੰਨ ਕੇ ਕੀਤੀ ਭਰਤੀ ਨੂੰ ਸਿੱਖ ਪੰਥ ਕਦੇ ਪ੍ਰਵਾਨ ਨਹੀਂ ਕਰੇਗਾ। ਇੱਥੇ ਜ਼ਿਕਰਯੋਗ ਹੈ ਕਿ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਜਥੇਦਾਰ ਨਾਲ ਮੁਲਾਕਾਤ ਕਰਨ ਤੋਂ ਬਾਅਦ ਮੀਡੀਆ ਨਾਲ ਬਿਨਾਂ ਗੱਲਬਾਤ ਕੀਤੇ ਚਲੇ ਗਏ।

# ਸਿੱਖਾਂ ਵੱਲੋਂ ਵਿਰੋਧ ਕਾਰਨ ਪੰਜਾਬ ਵਿੱਚ ਨਾ ਲੱਗੀ 'ਐਮਰਜੈਂਸੀ' ਫ਼ਿਲਮ

## ਸ਼੍ਰੋਮਣੀ ਕਮੇਟੀ ਤੇ ਕਿਸਾਨਾਂ ਨੇ ਸੰਘਰਸ਼ ਦੀ ਕੀਤੀ ਅਗਵਾਈ, ਫ਼ਿਲਮ ਦੇ ਸ਼ੋਅ ਹੋਏ ਕੈਂਸਲ

ਪੰਜਾਬ ਦੇ ਸਿਨੇਮਾਘਰਾਂ ਵਿੱਚ ਅਦਾਕਾਰਾ-ਨਿਰਦੇਸ਼ਕ ਕੰਗਨਾ ਰਣੌਤ ਦੀ ਫ਼ਿਲਮ 'ਐਮਰਜੈਂਸੀ' ਸਿੱਖ ਜਥੇਬੰਦੀਆਂ ਦੇ ਵਿਰੋਧ ਕਾਰਨ ਲੱਗ ਨਹੀਂ ਸਕੀ। ਸੁਰੱਖਿਆ ਦੇ ਮੱਦੇਨਜ਼ਰ ਸਿਨੇਮਾਘਰਾਂ ਅੱਗੇ ਪੁਲਿਸ ਤਾਇਨਾਤ ਰਹੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੰਮ੍ਰਿਤਸਰ ਵਿੱਚ 'ਐਮਰਜੈਂਸੀ' ਫ਼ਿਲਮ ਦਾ ਵਿਰੋਧ ਕੀਤਾ ਗਿਆ, ਜਦੋਂ ਕਿ ਜ਼ੀਰਕਪੁਰ ਵਿੱਚ ਕਿਸਾਨ ਆਗੂਆਂ ਨੇ ਰੋਸ ਪ੍ਰਗਟਾਇਆ ਸੀ। ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਫ਼ਿਲਮ 'ਤੇ ਪਾਬੰਦੀ ਲਗਾਏ ਜਾਣ ਦੀ ਮੰਗ ਕੀਤੀ ਗਈ ਸੀ। ਧਾਮੀ ਦਾ ਕਹਿਣਾ ਸੀ ਕਿ ਇਸ ਫ਼ਿਲਮ ਨੂੰ ਸੂਬੇ ਦੇ ਸਿਨੇਮਾ ਘਰਾਂ ਵਿੱਚ ਦਿਖਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ, ਕਿਉਂਕਿ ਇਸ ਫ਼ਿਲਮ ਰਾਹੀਂ ਸਿੱਖਾਂ ਨੂੰ ਬਦਨਾਮ ਕਰਨ ਅਤੇ ਤੱਥਾਂ ਨੂੰ ਤੋੜ-ਮਰੋੜ ਕੇ



ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਯਾਦ ਰਹੇ ਕਿ ਭਾਜਪਾ ਨੂੰ ਛੱਡ ਦੂਜੀਆਂ ਸਾਰੀਆਂ ਸਿਆਸੀ ਪਾਰਟੀਆਂ ਵਲੋਂ ਵੀ ਇਸ ਫ਼ਿਲਮ ਨੂੰ ਰਿਲੀਜ਼ ਕਰਨ ਅਤੇ ਸਿਨੇਮਾ ਘਰਾਂ ਵਿਚ ਦਿਖਾਉਣ ਦਾ ਵਿਰੋਧ ਕੀਤਾ ਜਾ ਰਿਹਾ ਸੀ।ਸੂਚਨਾ ਅਨੁਸਾਰ ਰਾਜ ਦੇ ਖ਼ੁਫ਼ੀਆ ਤੰਤਰ ਵਲੋਂ ਇਸ ਫ਼ਿਲਮ ਨੂੰ ਦਿਖਾਉਣ ਦੀ ਸੂਰਤ ਵਿੱਚ ਅਮਨ-ਕਾਨੂੰਨ ਦੀ ਸਥਿਤੀ ਲਈ ਖ਼ਤਰਾ ਪੈਦਾ ਹੋਣ ਸੰਬੰਧੀ ਦਿੱਤੀਆਂ ਰਿਪੋਰਟਾਂ ਕਾਰਨ ਰਾਜ ਦੇ ਡਿਪਟੀ ਕਮਿਸ਼ਨਰਾਂ ਨੂੰ ਇਸ ਫ਼ਿਲਮ ਨੂੰ ਨਾ ਵਿਖਾਉਣ (ਬਾਕੀ ਸਫ਼ਾ 31 'ਤੇ)

### ਕੰਗਨਾ ਪੰਜਾਬ ਵਿੱਚ ਵਿਰੋਧ ਕਾਰਨ ਔਖੀ

ਅਦਾਕਾਰਾ ਕੰਗਨਾ ਰਣੌਤ ਨੇ ਪੰਜਾਬ ਵਿੱਚ ਫ਼ਿਲਮ ਨਾ ਲੱਗਣ 'ਤੇ ਕਿਹਾ ਹੈ ਕਿ ਸੂਬੇ ਦੇ ਕਈ ਸ਼ਹਿਰਾਂ ਤੋਂ ਰਿਪੋਰਟਾਂ ਆ ਰਹੀਆਂ ਹਨ ਕਿ ਕੁਝ ਲੋਕ 'ਐਮਰਜੈਂਸੀ' ਫ਼ਿਲਮ ਨੂੰ ਲੱਗਣ ਨਹੀਂ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਕਲਾ ਅਤੇ ਕਲਾਕਾਰ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਉਨ੍ਹਾਂ 'ਐਕਸ' 'ਤੇ ਲਿਖਿਆ, 'ਮੈਂ ਸਾਰੇ ਧਰਮਾਂ ਦਾ ਬਹੁਤ ਸਤਿਕਾਰ ਕਰਦੀ ਹਾਂ ਅਤੇ ਚੰਡੀਗੜ੍ਹ ਵਿੱਚ ਪੜ੍ਹਨ ਤੇ ਉਸ ਮਗਰੋਂ ਵੀ ਸਿੱਖ ਧਰਮ ਨੂੰ ਨੇੜਿਓਂ ਦੇਖਿਆ ਹੈ ਅਤੇ ਇਸ ਦੀ ਪਾਲਣਾ ਕੀਤੀ ਹੈ।' ਉਨ੍ਹਾਂ ਕਿਹਾ ਕਿ ਇਹ ਮੇਰੇ ਅਕਸ ਨੂੰ ਖ਼ਰਾਬ ਕਰਨ ਦੀ ਕੋਸ਼ਿਸ਼ ਹੈ ਅਤੇ ਝੂਠਾ ਪ੍ਰਚਾਰ ਕੀਤਾ ਜਾ ਰਿਹਾ ਹੈ।

### ਕਿਸਾਨ ਅੰਦੋਲਨ ਦੌਰਾਨ ਕੰਗਨਾ ਦੀਆਂ ਕੁਝ ਘਾਤਕ ਟਿੱਪਣੀਆਂ

ਸਾਲ 2020 ਵਿੱਚ ਦੇਸ਼ ਭਰ ਦੇ ਕਿਸਾਨਾ ਵੱਲੋਂ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਸਾਲ ਭਰ ਚੱਲੇ ਅੰਦੋਲਨ ਦੌਰਾਨ ਵੀ ਕੰਗਨਾ ਆਪਣੇ ਬਿਆਨਾਂ ਕਰਕੇ ਵਿਵਾਦਾਂ ਵਿੱਚ ਰਹੀ ਸੀ।

*ਸਤੰਬਰ 2020 ਵਿੱਚ ਉਨ੍ਹਾਂ ਨੇ ਮੁਜ਼ਾਹਰਾਕਾਰੀ ਕਿਸਾਨਾਂ ਬਾਰੇ ਇੱਕ ਟਵੀਟ ਵਿੱਚ ਲਿਖਿਆ ਸੀ, ਉਹ ਲੋਕ ਜੋ ਸੀ.ਏ.ਏ. ਬਾਰੇ ਗ਼ਲਤ ਜਾਣਕਾਰੀ ਅਤੇ ਅਫ਼ਵਾਹਾਂ ਫ਼ੈਲਾਅ ਰਹੇ ਸਨ, ਜਿਨ੍ਹਾਂ ਕਾਰਨ ਦੰਗੇ ਹੋਏ, ਉਹੀ ਲੋਕ ਹੁਣ ਕਿਸਾਨ ਬਿੱਲ ਬਾਰੇ ਗ਼ਲਤ ਜਾਣਕਾਰੀ ਫ਼ੈਲਾਅ ਰਹੇ ਹਨ। ਖੇਤੀ ਬਿੱਲ ਬਾਰੇ ਅਫ਼ਵਾਹਾਂ ਫ਼ੈਲਾਉਣ ਵਾਲੇ ਦੇਸ਼ ਵਿੱਚ ਦਹਿਸ਼ਤ ਪੈਦਾ ਕਰ ਰਹੇ ਹਨ, ਉਹ 'ਅੱਤਵਾਦੀ' ਹਨ।

*ਮਾਰਚ 2023 ਵਿੱਚ ਕੰਗਨਾ ਵੱਲੋਂ ਸੋਸ਼ਲ ਮੀਡੀਆ ਉੱਤੇ ਇੱਕ ਪੋਸਟ ਸਾਂਝੀ ਕੀਤੀ ਗਈ ਜਿਸ ਵਿੱਚ ਦਿਲਜੀਤ ਦੋਸਾਂਝ ਨੂੰ ਟੈਗ ਕੀਤਾ ਗਿਆ ਸੀ। ਕੰਗਨਾ ਨੇ ਕਿਹਾ ਸੀ ਕਿ ਕਈ ਪੰਜਾਬ ਸੈਲੇਬਰਿਟੀਜ਼ ਨੂੰ 'ਖ਼ਾਲਿਸਤਾਨ ਵਾਇਰਸ ਵਾਲੀ ਬਿਮਾਰੀ ਹੈ' ਤੇ ਭਾਰਤ ਸਰਕਾਰ ਵੱਲੋਂ ਉਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੇ ਜਾਣ ਦੀ ਗੱਲ ਆਖੀ ਸੀ।

ਇੱਕ ਹੋਰ ਪੋਸਟ ਵਿੱਚ ਕੰਗਨਾ ਨੇ ਲਿਖਿਆ, 'ਖ਼ਾਲਿਸਤਾਨੀਆਂ ਦਾ ਸਮਰਥਨ ਕਰਨ ਵਾਲੇ ਸਾਰੇ ਯਾਦ ਰੱਖਣ, ਪੁਲਿਸ ਆ ਚੁੱਕੀ ਹੈ, ਇਹ ਉਹ ਸਮਾਂ ਨਹੀਂ ਹੈ, ਜਦੋਂ ਕੋਈ ਕੁਝ ਵੀ ਕਰਦਾ ਸੀ, ਦੇਸ਼ ਨਾਲ ਗੱਦਾਰੀ ਜਾਂ ਟੁਕੜੇ-ਟੁਕੜੇ ਕਰਨ ਦੀ ਕੋਸ਼ਿਸ਼ ਹੁਣ ਮਹਿੰਗੀ ਪਵੇਗੀ। ਭਾਰਤ ਦੇ ਨਕਸ਼ੇ ਤੋਂ ਸਿਰ ਕੱਟਣ ਦੇ ਗੰਭੀਰ ਨਤੀਜੇ ਹੋਣਗੇ।'

## ਰਾਜੋਆਣਾ ਦੀ ਪਟੀਸ਼ਨ 'ਤੇ ਕੇਂਦਰ 18 ਮਾਰਚ ਤੱਕ ਫ਼ੈਸਲਾ ਲਏ: ਸੁਪਰੀਮ ਕੋਰਟ

ਨਵੀਂ ਦਿੱਲੀ/ਏ.ਟੀ.ਨਿਊਜ਼: ਸੁਪਰੀਮ ਕੋਰਟ ਨੇ ਕੇਂਦਰ ਨੂੰ ਸਜ਼ਾ-ਏ-ਮੌਤ ਦਾ ਸਾਹਮਣਾ ਕਰ ਰਹੇ ਬਲਵੰਤ ਸਿੰਘ ਰਾਜੋਆਣਾ ਦੀ ਰਹਿਮ ਅਰਜ਼ੀ 'ਤੇ 18 ਮਾਰਚ ਤੱਕ ਫ਼ੈਸਲਾ ਲੈਣ ਲਈ ਕਿਹਾ ਹੈ। ਜਸਟਿਸ ਬੀਆਰ ਗਵਈ ਦੀ ਅਗਵਾਈ ਹੇਠਲੇ ਬੈਂਚ ਨੇ ਕੇਂਦਰ ਵੱਲੋਂ ਪੇਸ਼ ਹੋਏ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੂੰ ਕਿਹਾ, "ਅਸੀਂ ਤੁਹਾਨੂੰ ਆਖਰੀ ਮੌਕੇ ਵਜੋਂ ਸਮਾਂ ਦੇ ਰਹੇ ਹਾਂ। ਤੁਸੀਂ ਜਾਂ ਤਾਂ ਕੋਈ ਫ਼ੈਸਲਾ ਲਵੋ ਨਹੀਂ ਤਾਂ ਅਸੀਂ ਗੁਣ-ਦੋਸ਼ ਦੇ ਆਧਾਰ 'ਤੇ ਸੁਣਵਾਈ ਕਰਾਂਗੇ।" ਮਹਿਤਾ ਨੇ ਕਿਹਾ ਕਿ ਇਹ ਮਾਮਲਾ ਤਤਕਾਲੀ ਮੁੱਖ ਮੰਤਰੀ ਦੀ ਹੱਤਿਆ ਨਾਲ ਜੁੜਿਆ ਹੈ। ਸੁਣਵਾਈ ਸ਼ੁਰੂ ਹੁੰਦੇ ਸਾਰ ਮਹਿਤਾ ਨੇ ਮਾਮਲੇ ਦੀ ਸੰਵੇਦਨਸ਼ੀਲਤਾ ਦਾ ਹਵਾਲਾ ਦਿੱਤਾ ਅਤੇ ਕਿਹਾ ਕਿ ਰਹਿਮ ਪਟੀਸ਼ਨ ਹਾਲੇ ਵਿਚਾਰ ਅਧੀਨ ਹੈ। ਉਨ੍ਹਾਂ ਬੈਂਚ ਨੂੰ ਅਪੀਲ ਕੀਤੀ ਕਿ ਫ਼ੈਸਲਾ ਲੈਣ ਲਈ ਛੇ ਹਫ਼ਤਿਆਂ ਦਾ



ਸਮਾਂ ਦਿੱਤਾ ਜਾਵੇ।

ਰਾਜੋਆਣਾ ਦੇ ਵਕੀਲ ਨੇ ਬੈਂਚ ਨੂੰ ਦੱਸਿਆ ਕਿ ਉਨ੍ਹਾਂ ਦਾ ਮੁਵੱਕਿਲ ਕਰੀਬ 29 ਸਾਲ ਜੇਲ੍ਹ 'ਚ ਗੁਜ਼ਾਰ ਚੁੱਕਾ ਹੈ ਪਰ ਹਾਲੇ ਤੱਕ ਕੋਈ ਫ਼ੈਸਲਾ ਨਹੀਂ ਲਿਆ ਗਿਆ ਹੈ। ਆਪਣੀ ਅਰਜ਼ੀ 'ਚ ਰਾਜੋਆਣਾ ਨੇ ਮੰਗ ਕੀਤੀ ਹੈ ਕਿ ਸਜ਼ਾ-ਏ-ਮੌਤ 'ਚ ਦੇਰੀ ਅਤੇ ਰਹਿਮ ਦੀ ਪਟੀਸ਼ਨ 'ਤੇ ਕੋਈ ਫ਼ੈਸਲਾ ਨਾ ਲਏ ਜਾਣ ਕਾਰਨ ਉਸ ਦੀ ਸਜ਼ਾ ਨੂੰ ਘਟਾਉਣ ਦੇ ਨਿਰਦੇਸ਼ ਦਿੱਤੇ ਜਾਣ। ਅਰਜ਼ੀ 'ਚ ਇਹ ਵੀ ਕਿਹਾ ਗਿਆ ਹੈ ਕਿ ਉਹ ਉਮਰ ਕੈਦ ਤੋਂ ਵੀ ਵਧ ਸਮਾਂ ਜੇਲ੍ਹ 'ਚ ਬਿਤਾ ਚੁੱਕਾ ਹੈ, ਜਿਸ ਕਾਰਨ ਉਸ ਦੀ ਰਿਹਾਈ ਦੇ ਹੁਕਮ ਦਿੱਤੇ ਜਾਣ। ਉਧਰ ਰਾਜੋਆਣਾ ਵੱਲੋਂ ਪੇਸ਼ ਸੀਨੀਅਰ ਵਕੀਲ ਮੁਕੁਲ ਰੋਹਤਗੀ ਨੇ ਕਿਹਾ, "ਇਹ ਮਾਮਲਾ ਸੀ.ਜ.ਆਈ. ਐੱਸ.ਏ. ਬੋਬਡੇ ਦੇ ਸਮੇਂ ਤੋਂ ਚੱਲ ਰਿਹਾ ਹੈ। ਉਹ ਪਿਛਲੇ 15 ਸਾਲਾਂ ਤੋਂ ਮੌਤ ਦੀ ਸਜ਼ਾ ਯਾਫ਼ਤਾ ਹੈ ਅਤੇ ਉਹ ਪਿਛਲੇ 29 ਸਾਲਾਂ ਤੋਂ ਜੇਲ੍ਹ ਵਿੱਚ ਹੈ। ਉਸ ਨੂੰ ਹੁਣ ਰਿਹਾਅ ਕੀਤਾ ਜਾਣਾ ਚਾਹੀਦਾ ਹੈ।"ਜ਼ਿਕਰਯੋਗ ਹੈ ਕਿ 31 ਅਗਸਤ, 1995 ਨੂੰ ਚੰਡੀਗੜ੍ਹ 'ਚ ਸਿਵਲ ਸਕੱਤਰੇਤ ਦੇ ਗੇਟ 'ਤੇ ਹੋਏ ਧਮਾਕੇ 'ਚ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਅਤੇ 16 ਹੋਰ ਵਿਅਕਤੀ ਮਾਰੇ ਗਏ ਸਨ। ਵਿਸ਼ੇਸ਼ ਅਦਾਲਤ ਨੇ ਰਾਜੋਆਣਾ ਨੂੰ ਜੁਲਾਈ 2007 'ਚ ਸਜ਼ਾ-ਏ-ਮੌਤ ਦੀ ਸਜ਼ਾ ਸੁਣਾਈ ਸੀ।

**ਮਾਮਲਾ ਡੇਰਾ ਪ੍ਰੇਮੀ ਕਤਲ ਕਾਂਡ ਦਾ**

## ਐੱਨ.ਆਈ.ਏ. ਵੱਲੋਂ ਦਿੱਲੀ ਕੇਸ ਤਬਦੀਲ ਕਰਨ ਵਾਲੀ ਅਰਜ਼ੀ ਅਦਾਲਤ ਨੇ ਠੁਕਰਾਈ

ਫ਼ਰੀਦਕੋਟ/ਏ.ਟੀ.ਨਿਊਜ਼:ਕਰੀਬ ਦੋ ਸਾਲ ਪਹਿਲਾਂ ਕੋਟਕਪੂਰਾ ਵਿੱਚ ਕਥਿਤ ਤੌਰ 'ਤੇ ਬੇਅਦਬੀ ਦੇ ਇਲਜ਼ਾਮਾਂ ਵਿੱਚ ਘਿਰੇ ਡੇਰਾ ਪ੍ਰੇਮੀ ਪ੍ਰਦੀਪ ਕਟਾਰੀਆ ਦੇ ਕਤਲ ਕਾਂਡ ਦੀ ਸੁਣਵਾਈ ਫ਼ਰੀਦਕੋਟ ਦੀ ਅਦਾਲਤ ਵਿੱਚੋਂ ਦਿੱਲੀ ਤਬਦੀਲ ਕਰਨ ਦੀ ਐੱਨ.ਆਈ.ਏ. ਵੱਲੋਂ ਪਾਈ ਅਰਜ਼ੀ ਅਦਾਲਤ ਨੇ ਖਾਰਜ ਕਰ ਦਿੱਤੀ ਹੈ। ਪ੍ਰਦੀਪ ਕਟਾਰੀਆ ਉੱਪਰ ਕਥਿਤ ਤੌਰ 'ਤੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਕਰਨ ਦੇ ਇਲਜ਼ਾਮ ਲੱਗੇ ਸਨ। ਹਥਿਆਰਬੰਦਾਂ ਨੇ ਉਸ ਨੂੰ ਘਰ ਦੇ ਬਾਹਰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਇਸ ਕੇਸ ਵਿੱਚ ਫ਼ਰੀਦਕੋਟ ਪੁਲਿਸ ਨੇ ਹੁਣ ਤੱਕ ਨੌਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਤੇ ਉਨ੍ਹਾਂ ਖ਼ਿਲਾਫ਼ ਚਲਾਨ ਵੀ ਅਦਾਲਤ ਵਿੱਚ ਪੇਸ਼ ਕਰ ਦਿੱਤਾ ਹੈ। ਇਸ ਕੇਸ ਵਿੱਚ ਕਰੀਬ ਇੱਕ ਦਰਜਨ ਗਵਾਹ ਗਵਾਹੀ ਵੀ ਦੇ ਚੁੱਕੇ ਹਨ। ਐੱਨ.ਆਈ.ਏ. ਨੇ ਅਦਾਲਤ ਵਿੱਚ ਅਰਜ਼ੀ ਦੇ ਕੇ ਮੰਗ ਕੀਤੀ ਸੀ ਕਿ ਇਹ ਕੇਸ ਦਿੱਲੀ ਵਿੱਚ ਐੱਨ.ਆਈ.ਏ. ਦੀ ਅਦਾਲਤ ਵਿੱਚ ਚੱਲਣਾ ਚਾਹੀਦਾ ਹੈ। ਅਦਾਲਤ ਨੇ ਇਸ ਕੇਸ ਨਾਲ ਜੁੜੀਆਂ ਸਾਰੀਆਂ ਧਿਰਾਂ ਦਾ ਪੱਖ ਜਾਣਨ ਤੋਂ ਬਾਅਦ ਐੱਨ.ਆਈ.ਏ. ਦੀ ਅਰਜ਼ੀ ਖਾਰਜ ਕਰ ਦਿੱਤੀ।

ਨਵੇਂ ਫ਼ੌਜਦਾਰੀ ਕਾਨੂੰਨ ਮੁਤਾਬਕ ਅਦਾਲਤ ਵਿੱਚ ਚਲਾਨ ਪੇਸ਼ ਹੋਣ ਤੋਂ ਬਾਅਦ ਕੋਈ ਵੀ ਜਾਂਚ ਏਜੰਸੀ ਮੁਕੱਦਮੇ ਦੀ ਦੁਬਾਰਾ ਪੜਤਾਲ ਨਹੀਂ ਕਰ ਸਕਦੀ ਤੇ ਜੇ ਕੋਈ ਏਜੰਸੀ ਦੁਬਾਰਾ ਜਾਂਚ (ਬਾਕੀ ਸਫ਼ਾ 31 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

## ਟਰੰਪ ਯੁੱਗ ਦਾ ਭਾਰਤ 'ਤੇ ਕੀ ਪਵੇਗਾ ਪ੍ਰਭਾਵ ?

ਦੁਨੀਆਂ ਦੀ ਮਹਾਂਸ਼ਕਤੀ ਅਮਰੀਕਾ ਵਿੱਚ ਡੋਨਾਲਡ ਟਰੰਪ ਦਾ ਯੁੱਗ ਸ਼ੁਰੂ ਹੋ ਗਿਆ ਹੈ। ਅਮਰੀਕੀ ਰਾਸ਼ਟਰਪਤੀ ਬਣਨ ਤੋਂ ਤੁਰੰਤ ਬਾਅਦ ਟਰੰਪ ਵੱਲੋਂ ਲਏ ਗਏ ਫ਼ੈਸਲਿਆਂ ਅਤੇ ਕਈ ਮੁੱਦਿਆਂ 'ਤੇ ਉਨ੍ਹਾਂ ਦੇ ਐਲਾਨਾਂ ਦਾ ਵਿਸ਼ਵ ਅਰਥਵਿਵਸਥਾ ਅਤੇ ਕੂਟਨੀਤਕ ਸੰਬੰਧਾਂ 'ਤੇ ਡੂੰਘਾ ਪ੍ਰਭਾਵ ਪੈ ਰਿਹਾ ਹੈ। ਟਰੰਪ ਦੀ 'ਅਮਰੀਕਾ ਫ਼ਸਟ ਨੀਤੀ' ਨੇ ਰਾਤੋ-ਰਾਤ ਕਈ ਦੇਸ਼ਾਂ ਨਾਲ ਅਮਰੀਕਾ ਦੇ ਸਬੰਧ ਬਦਲ ਦਿੱਤੇ ਹਨ।ਅਮਰੀਕਾ 'ਚ ਟਰੰਪ ਰਾਜ ਸ਼ੁਰੂ ਹੋਣ ਦਾ ਭਾਰਤ 'ਤੇ ਵੀ ਮਿਲਿਆ-ਜੁਲਿਆ ਪ੍ਰਭਾਵ ਦੇਖਿਆ ਜਾ ਸਕਦਾ ਹੈ।ਡੋਨਾਲਡ ਟਰੰਪ ਦੇ ਰਾਸ਼ਟਰਪਤੀ ਵਜੋਂ ਦੂਜੇ ਕਾਰਜਕਾਲ ਦੌਰਾਨ ਭਾਰਤ-ਅਮਰੀਕਾ ਦੁਵੱਲੇ ਸਬੰਧ ਕਿਹੋ ਜਿਹੇ ਹੋਣਗੇ ? ਇਸ ਸਬੰਧੀ ਕਿਆਸ ਅਰਾਈਆਂ ਦਾ ਦੌਰ ਸ਼ੁਰੂ ਹੋ ਚੁੱਕਿਆ ਹੈ। ਇੱਕ ਪਾਸੇ ਭਾਰਤ ਅਮਰੀਕਾ ਨਾਲ ਆਪਣੇ ਸੰਬੰਧਾਂ ਨੂੰ ਮਜ਼ਬੂਤ ਕਰਨਾ ਚਾਹੁੰਦਾ ਹੈ, ਦੂਜੇ ਪਾਸੇ ਭਾਰਤ ਲਈ ਇਹ ਵੀ ਮਹੱਤਵਪੂਰਨ ਹੈ ਕਿ ਟਰੰਪ ਆਪਣੇ ਦੂਜੇ ਕਾਰਜਕਾਲ ਦੌਰਾਨ ਭਾਰਤ ਨਾਲ ਕਿਹੋ ਜਿਹੇ ਸਬੰਧ ਰੱਖਣਾ ਚਾਹੁੰਦੇ ਹਨ ਅਤੇ ਟਰੰਪ ਦਾ ਭਾਰਤ ਪ੍ਰਤੀ ਰੁਖ਼ ਕੀ ਹੈ ? ਅਸਲ ਵਿੱਚ ਕਿਸੇ ਵੀ ਅਮਰੀਕੀ ਸਰਕਾਰ ਦੀਆਂ ਵਿਸ਼ਵ-ਵਿਆਪੀ ਤਰਜੀਹਾਂ, ਨੀਤੀਆਂ ਅਤੇ ਦ੍ਰਿਸ਼ਟੀਕੋਣਾਂ ਦਾ ਭਾਰਤ 'ਤੇ ਵੀ ਪ੍ਰਭਾਵ ਪੈਂਦਾ ਹੈ। ਇਸ ਸਮੇਂ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਟਰੰਪ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਆਪਣੇ ਦੂਜੇ ਕਾਰਜਕਾਲ ਦੌਰਾਨ ਭਾਰਤ ਨੂੰ ਕਿਸ ਨਜ਼ਰੀਏ ਤੋਂ ਦੇਖਦੇ ਹਨ ? ਅਤੇ ਭਾਰਤ ਨਾਲ ਅਮਰੀਕਾ ਦੇ ਸੰਬੰਧਾਂ ਨੂੰ ਕਿਸ ਪੱਧਰ 'ਤੇ ਲੈ ਕੇ ਜਾਂਦੇ ਹਨ ?

ਅਮਰੀਕਾ ਇੱਕ ਅਜਿਹਾ ਦੇਸ਼ ਹੈ, ਜਿਥੇ ਕਿ ਲੱਖਾਂ ਭਾਰਤੀ ਰਹਿੰਦੇ ਹਨ। ਇਹਨਾਂ ਪਰਵਾਸੀ ਭਾਰਤੀਆਂ ਵਿੱਚ ਗ਼ੈਰਕਾਨੂੰਨੀ ਜਾਂ ਸ਼ਰਨਾਰਥੀ ਭਾਰਤੀ ਵੀ ਸ਼ਾਮਲ ਹਨ। ਇਸ ਤੋਂ ਇਲਾਵਾ ਭਾਰਤ ਤੋਂ ਹਜ਼ਾਰਾਂ ਵਿਦਿਆਰਥੀ ਅਮਰੀਕਾ ਵਿੱਚ ਉਚੇਰੀ ਪੜ੍ਹਾਈ ਕਰਨ ਲਈ ਗਏ ਹੋਏ ਹਨ। ਜਿਸ ਕਰਕੇ ਭਾਰਤ ਲਈ ਅਮਰੀਕਾ ਦੀ ਕਾਫ਼ੀ ਮਹੱਤਤਾ ਹੈ।ਅਜਿਹੇ ਸਮੇਂ ਦੌਰਾਨ ਅਮਰੀਕਾ 'ਚ ਟਰੰਪ ਯੁੱਗ ਸ਼ੁਰੂ ਹੋਣ ਤੋਂ ਬਾਅਦ ਭਾਰਤ ਦੇ ਅਮਰੀਕਾ ਨਾਲ ਦੁਵੱਲੇ ਸਬੰਧ ਕਿਹੋ ਜਿਹੇ ਹੋਣਗੇ ? ਇਹ ਇੱਕ ਮਹੱਤਵਪੂਰਨ ਸਵਾਲ ਬਣ ਜਾਂਦਾ ਹੈ।

ਰਾਸ਼ਟਰਪਤੀ ਟਰੰਪ ਦੀ ਅਗਵਾਈ ਵਿੱਚ ਅਮਰੀਕਾ ਦੀ ਸਰਕਾਰ ਦੂਜੇ ਦੇਸ਼ਾਂ ਤੋਂ ਕੀ ਚਾਹੁੰਦੀ ਹੈ ? ਇਸ ਦਾ ਪਤਾ ਅਮਰੀਕੀ ਕਾਂਗਰਸ ਦੇ ਬਿਆਨਾਂ ਤੋਂ ਲੱਗ ਜਾਂਦਾ ਹੈ। ਬੀਤੇ ਦਿਨੀਂ ਅਮਰੀਕੀ ਕਾਂਗਰਸ ਦੀ ਵਿਦੇਸ਼ ਨੀਤੀ ਕਮੇਟੀ ਦੇ ਰਿਪਬਲਿਕਨ ਚੇਅਰਮੈਨ ਨੇ ਕਿਹਾ ਹੈ ਕਿ ਉਹ ਅਮਰੀਕੀ ਦ੍ਰਿਸ਼ਟੀਕੋਣ ਤੋਂ ਕਿਸੇ ਵੀ ਦੇਸ਼ ਬਾਰੇ ਤਿੰਨ ਸਵਾਲ ਪੁੱਛਦੇ ਹਨ। ਪਹਿਲਾਂ, ਅਸੀਂ ਉਸ ਦੇਸ਼ ਤੋਂ ਕੀ ਚਾਹੁੰਦੇ ਹਾਂ ? ਉਹ ਦੇਸ਼ ਸਾਡੇ ਤੋਂ ਕੀ ਚਾਹੁੰਦਾ ਹੈ ? ਅਤੇ ਜੇਕਰ ਅਸੀਂ ਉਸ ਦੇਸ਼ ਨੂੰ ਕੁਝ ਦੇ ਰਹੇ ਹਾਂ, ਤਾਂ ਕੀ ਸਾਨੂੰ ਉਸ ਤੋਂ ਉਹ ਮਿਲ ਰਿਹਾ ਹੈ ਜੋ ਅਸੀਂ ਚਾਹੁੰਦੇ ਹਾਂ ? ਇਸ ਤੋਂ ਪਤਾ ਚੱਲ ਜਾਂਦਾ ਹੈ ਕਿ ਟਰੰਪ ਦੀ ਅਗਵਾਈ ਵਿੱਚ ਅਮਰੀਕਾ ਦੀ ਸਰਕਾਰ ਦੁਨੀਆਂ ਦੇ ਹੋਰਨਾਂ ਦੇਸ਼ਾਂ ਨਾਲ ਬਹੁਤ ਸੋਚ ਸਮਝ ਕੇ ਸਬੰਧ ਬਣਾਏਗੀ ਜਾਂ ਮਜ਼ਬੂਤ ਕਰੇਗੀ। ਟਰੰਪ ਸਰਕਾਰ ਦੀ ਉਦਯੋਗਿਕ ਨੀਤੀ ਭਾਰਤ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ। ਟਰੰਪ ਨੇ ਤੇਲ ਅਤੇ ਗੈਸ ਉਤਪਾਦਨ ਵਧਾਉਣ ਦੀ ਗੱਲ ਕੀਤੀ ਹੈ, ਪਰ ਇਹ ਦੇਖਣਾ ਬਾਕੀ ਹੈ ਕਿ ਨਵਿਆਉਣਯੋਗ ਊਰਜਾ ਬਾਰੇ ਉਨ੍ਹਾਂ ਦਾ ਕੀ ਵਿਚਾਰ ਹੈ ? ਭਾਰਤ ਲਈ, ਟਰੰਪ ਸਰਕਾਰ ਦੇ ਬਰਾਮਦ ਕੰਟਰੋਲ, ਏ.ਆਈ. ਨਿਯਮ, ਨਿਵੇਸ਼ ਨਿਯਮ, ਸਪਲਾਈ ਲੜੀ ਵਿੱਚ ਤਾਲਮੇਲ ਵਰਗੇ ਮੁੱਦੇ ਵੀ ਮਹੱਤਵਪੂਰਨ ਹਨ। ਜਿਥੋਂ ਤੱਕ ਭਾਰਤ ਦਾ ਸਵਾਲ ਹੈ ਤਾਂ ਭਾਰਤ ਸਰਕਾਰ ਟਰੰਪ ਸਰਕਾਰ ਨੂੰ ਬਹੁਤ ਸਾਰੀਆਂ ਚੀਜ਼ਾਂ ਦੀ ਪੇਸ਼ਕਸ਼ ਕਰ ਸਕਦੀ ਹੈ। ਇਹਨਾਂ ਵਿੱਚ ਰਣਨੀਤਕ ਸਹਿਯੋਗ, ਬਾਜ਼ਾਰ ਪਹੁੰਚ ਅਤੇ ਟੈਰਿਫ਼ ਵਿੱਚ ਕਟੌਤੀ, ਗ਼ੈਰ ਕਾਨੂੰਨੀ ਸ਼ਰਨਾਰਥੀਆਂ ਨੂੰ ਅਮਰੀਕਾ ਤੋਂ ਦੇਸ਼ ਨਿਕਾਲੇ ਦੀਆਂ ਉਡਾਣਾਂ ਦੀ ਆਗਿਆ ਦੇਣਾ, ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਅਮਰੀਕਾ ਵਿੱਚ ਦਾਖਲ ਹੋਣ ਤੋਂ ਰੋਕਣਾ ਅਤੇ ਫ਼ੈਂਟਾਨਿਲ ਬਣਾਉਣ ਵਾਲੇ ਰਸਾਇਣਾਂ ਨੂੰ ਸੀਮਤ ਕਰਨਾ ਸ਼ਾਮਲ ਹੋ ਸਕਦਾ ਹੈ।

ਭਾਰਤ ਨੂੰ ਚੀਨ, ਇਰਾਨ, ਰੂਸ ਜਾਂ ਮੱਧ ਪੂਰਬ ਵਾਂਗ ਅਮਰੀਕਾ ਵਿੱਚ ਸੱਤਾ ਤਬਦੀਲੀ ਦੀ ਚਿੰਤਾ ਨਹੀਂ ਹੈ। ਮਾਹਿਰਾਂ ਅਨੁਸਾਰ ਟਰੰਪ ਦੇ ਮੋਦੀ ਨਾਲ ਦੋਸਤਾਨਾ ਸਬੰਧ ਇੱਕ ਅਜਿਹੀ ਵਿਦੇਸ਼ ਨੀਤੀ ਨੂੰ ਉਤਸ਼ਾਹਿਤ ਕਰਨਗੇ ਜੋ ਵਪਾਰ, ਬਾਜ਼ਾਰ ਪਹੁੰਚ ਅਤੇ ਇਮੀਗ੍ਰੇਸ਼ਨ ਵਰਗੇ ਮੁੱਦਿਆਂ 'ਤੇ ਸੰਤੁਲਨ ਦੇਖੇਗੀ। ਭਾਰਤ ਦੀ ਰਣਨੀਤਕ ਸਥਿਤੀ, ਆਰਥਿਕ ਸੰਭਾਵਨਾ ਅਤੇ ਫ਼ੌਜੀ ਸਮਰੱਥਾਵਾਂ ਇਸ ਨੂੰ ਇੱਕ ਖਾਸ ਖੇਤਰ 'ਯੂਰੇਸ਼ੀਆ ਅਤੇ ਹਿੰਦ-ਪ੍ਰਸ਼ਾਂਤ' ਵਿੱਚ ਸੰਯੁਕਤ ਰਾਜ ਅਮਰੀਕਾ ਲਈ ਇੱਕ ਆਦਰਸ਼ ਅਤੇ ਸਭ ਤੋਂ ਮਜ਼ਬੂਤ ਭਾਈਵਾਲ ਬਣਾਉਂਦੀਆਂ ਹਨ।

ਪਿਛਲੇ ਕੁਝ ਦਹਾਕਿਆਂ ਤੋਂ ਭਾਰਤ ਅਤੇ ਅਮਰੀਕਾ ਵਿਚਕਾਰ ਇੱਕ ਬਹੁਪੱਖੀ ਸਬੰਧ ਵਿਕਸਤ ਹੋਇਆ ਹੈ। ਇਹ ਦੇਖਿਆ ਗਿਆ ਹੈ ਕਿ ਅਮਰੀਕਾ ਦਾ ਰਾਸ਼ਟਰਪਤੀ ਕੋਈ ਵੀ ਬਣੇ, ਭਾਰਤ ਨਾਲ ਸੰਬੰਧਾਂ ਨੂੰ ਮਜ਼ਬੂਤ ਕਰਨ ਵਿੱਚ ਨਿਰੰਤਰਤਾ ਰਹੀ ਹੈ।ਅਮਰੀਕਾ 'ਚ ਟਰੰਪ ਦੇ ਆਉਣ ਦਾ ਭਾਰਤ 'ਤੇ ਮਿਲਿਆ-ਜੁਲਿਆ ਪ੍ਰਭਾਵ ਪੈ ਸਕਦਾ ਹੈ। ਡੋਨਾਲਡ ਟਰੰਪ ਦੇ ਸ਼ਾਸਨਕਾਲ ਦੌਰਾਨ, ਭਾਰਤ ਨੂੰ ਰੱਖਿਆ ਅਤੇ ਤਕਨਾਲੋਜੀ ਦੇ ਖੇਤਰ ਵਿੱਚ ਸਕਾਰਾਤਮਕ ਸਹਿਯੋਗ ਦੇਖਣ ਨੂੰ ਮਿਲ ਰਿਹਾ ਹੈ। ਕਵਾਡ ਦੇਸ਼ਾਂ ਨੂੰ ਤਰਜੀਹ ਦੇ ਕੇ, ਟਰੰਪ ਨੇ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਆਪਣਾ ਏਜੰਡਾ ਜ਼ਾਹਿਰ ਕਰ ਦਿੱਤਾ ਹੈ। ਪਿਛਲੇ ਦਹਾਕਿਆਂ ਦੌਰਾਨ ਭਾਰਤ ਦੀ ਰੂਸ ਨਾਲ ਦੋਸਤੀ ਦੇ ਬਾਵਜੂਦ ਅਮਰੀਕਾ ਭਾਰਤ ਨੂੰ ਵੀ ਆਪਣਾ ਦੋਸਤ ਹੀ ਮੰਨਦਾ ਆਇਆ ਹੈ। ਇਸ ਸਮੇਂ ਵੀ ਭਾਰਤ ਦੇ ਅਮਰੀਕਾ ਨਾਲ ਚੰਗੇ ਸਬੰਧ ਹਨ ਅਤੇ ਦੋਵਾਂ ਦੇਸ਼ਾਂ ਵਿਚਾਲੇ ਵਪਾਰਕ ਸਹਿਯੋਗ ਵੀ ਜਾਰੀ ਹੈ। ਜਿਥੇ ਅਨੇਕਾਂ ਅਮਰੀਕੀ ਕੰਪਨੀਆਂ ਭਾਰਤ 'ਚ ਕੰਮ ਕਰ ਰਹੀਆਂ ਹਨ, ਉਥੇ ਅਨੇਕਾਂ ਭਾਰਤੀ ਕੰਪਨੀਆਂ ਵੀ ਅਮਰੀਕਾ 'ਚ ਕੰਮ ਕਰ ਰਹੀਆਂ ਹਨ। ਇਸ ਸਮੇਂ ਦੋਵੇਂ ਦੇਸ਼ ਇੱਕ ਦੂਜੇ ਦੀ ਲੋੜ ਬਣੇ ਹੋਏ ਹਨ, ਜਿਸ ਕਰਕੇ ਦੋਵਾਂ ਦੇਸ਼ਾਂ ਵਿਚਾਲੇ ਦੁਵੱਲੇ ਸਬੰਧ ਮਜ਼ਬੂਤ ਹੋਣ ਵਿੱਚ ਹੀ ਦੋਵਾਂ ਦੇਸ਼ਾਂ ਦੀ ਭਲਾਈ ਹੈ।

# ਚੰਡੀਗੜ੍ਹ ਦੇ ਮੁੱਦੇ 'ਤੇ ਪੰਜਾਬ ਨਾਲ ਧੱਕਾ ਕਿਉਂ ?



ਦਰਬਾਰਾ ਸਿੰਘ ਕਾਹਲੋਂ




ਪੰਜਾਬ, ਪੰਜਾਬੀਅਤ ਤੇ ਸਮੂਹ ਪੰਜਾਬੀ ਭਾਈਚਾਰੇ ਨੂੰ ਪਲੋਸਣ ਲਈ ਅਕਸਰ ਭਾਰਤ ਅੰਦਰ ਕੇਂਦਰੀ ਸਰਕਾਰਾਂ ਦੇ ਪ੍ਰਤੀਨਿਧ ਇਨ੍ਹਾਂ ਨੂੰ ਦੇਸ਼ ਦੀ ਖੜਗ ਭੁਜਾ ਅਤੇ ਅੰਨ-ਭੰਡਾਰ ਦੇ ਦਾਤੇ ਪੁਕਾਰਦੇ ਹਨ। ਪੰਜਾਬ ਭਾਰਤ ਦਾ ਅਤਿ-ਸੰਵੇਦਨਸ਼ੀਲ ਸਰਹੱਦੀ ਸੂਬਾ ਹੈ ਜਿਸ ਦੀ ਲਗਪਗ 553 ਕਿੱਲੋਮੀਟਰ ਸਰਹੱਦ ਪਾਕਿਸਤਾਨ ਨਾਲ ਲੱਗਦੀ ਹੈ। ਇਸ ਰਾਜ ਦੀ ਵਿਲੱਖਣਤਾ ਇਹ ਵੀ ਹੈ ਕਿ ਇੱਥੇ ਸਿੱਖ ਭਾਈਚਾਰਾ ਬਹੁ-ਗਿਣਤੀ ਵਿੱਚ ਵਸਦਾ ਹੈ ਜਿਵੇਂ ਜੰਮੂ-ਕਸ਼ਮੀਰ ਵਿੱਚ ਮੁਸਲਿਮ, ਮਿਜ਼ੋਰਮ, ਨਾਗਾਲੈਂਡ, ਮੇਘਾਲਿਆ ਅਤੇ ਅਰੁਣਾਚਲ ਪ੍ਰਦੇਸ਼ ਉੱਤਰ-ਪੂਰਬੀ ਚਾਰ ਰਾਜਾਂ ਵਿੱਚ ਈਸਾਈ ਭਾਈਚਾਰਾ ਬਹੁ-ਗਿਣਤੀ ਵਿੱਚ ਹੈ।

ਪੰਦਰਾਂ ਅਗਸਤ 1947 ਨੂੰ ਆਜ਼ਾਦੀ ਤੋਂ ਬਾਅਦ ਦੇਸ਼ ਦੇ ਕਾਲੇ ਸ਼ਾਸਕਾਂ ਨੇ ਬਿਲਕੁਲ ਆਪਣੇ ਪੂਰਵਧਿਕਾਰੀ ਬ੍ਰਿਟਿਸ਼ ਗੋਰੇ ਸ਼ਾਸਕਾਂ ਦੀ ਪੰਜਾਬ ਪ੍ਰਤੀ ਨੀਤੀ ਨੂੰ ਅਪਣਾਇਆ। ਦੋ ਅਪ੍ਰੈਲ 1849 ਨੂੰ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਵੱਲੋਂ ਪੰਜਾਬ ਅੰਦਰ ਸਿੱਖ ਰਾਜ ਦਾ ਭੋਗ ਪਾ ਕੇ ਉਸ ਨੂੰ ਆਪਣੇ ਅਧੀਨ ਕਰ ਲਿਆ ਸੀ। ਉਨ੍ਹਾਂ ਨੂੰ ਪਤਾ ਸੀ ਕਿ ਸਿੱਖ ਇੱਕ ਜੰਗਜੂ ਕੌਮ ਹੈ। ਉਹ ਮੁੜ ਵਿਦਰੋਹ ਕਰ ਸਕਦੀ ਹੈ। ਇਸ ਲਈ ਉਸ ਨੂੰ ਖੇਤੀ ਧੰਦੇ ਵੱਲ ਰੁਚਿਤ ਕਰਦੇ ਹੋਏ ਪੰਜਾਬ ਵਿੱਚ ਨਹਿਰਾਂ ਦਾ ਜਾਲ਼ ਵਿਛਾ ਕੇ ਦੱਖਣੀ- ਪੱਛਮੀ ਪੰਜਾਬ ਵਿੱਚ ਬਾਰ ਆਬਾਦ ਕਰਨ ਲਈ ਵੱਡੇ ਪੱਧਰ 'ਤੇ ਜ਼ਮੀਨਾਂ ਦੀ ਅਲਾਟਮੈਂਟ ਕੀਤੀ। ਸੰਨ 1907 ਵਿੱਚ ਤਿੰਨ ਖੇਤੀ ਸਬੰਧੀ ਕਾਲੇ ਕਾਨੂੰਨ ਵੀ ਜੋ ਵੱਡੀ ਹਿੰਸਕ 'ਪਗੜੀ ਸੰਭਾਲ ਜੱਟਾ' ਲਹਿਰ ਕਰਕੇ ਅੰਗਰੇਜ਼ਾਂ ਨੂੰ ਵਾਪਸ ਲੈਣੇ ਪਏ ਸਨ। ਸਿੱਖਾਂ ਨੂੰ ਧਾਰਮਿਕ ਤੌਰ 'ਤੇ ਉਲਝਾਈ ਰੱਖਣ ਲਈ ਸੰਤਾਂ-ਮਹੰਤਾਂ ਅਤੇ ਡੇਰੇਦਾਰਾਂ ਨੂੰ ਰਾਜਕੀ ਹਮਾਇਤ ਜਾਰੀ ਰੱਖੀ। ਉਨ੍ਹਾਂ ਨੂੰ ਗੁਰਦੁਆਰਾ ਸੁਧਾਰ ਲਹਿਰ ਰਾਹੀਂ ਵੱਡੀ ਕੁਰਬਾਨੀਆਂ ਭਰੀ ਜਦੋਜਹਿਦ ਕਰਨੀ ਪਈ। ਪੰਦਰਾਂ ਨਵੰਬਰ 1920 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ 14 ਦਸੰਬਰ 1920 ਨੂੰ ਸ਼੍ਰੋਮਣੀ ਅਕਾਲੀ ਦਲ ਇਸੇ ਦੀ ਉਪਜ ਹਨ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਭਾਰਤੀ ਗ੍ਰਹਿ ਮੰਤਰਾਲੇ ਨੇ ਇੱਕ ਨਿਰਦੇਸ਼ ਰਾਹੀਂ ਸਿੱਖ ਭਾਈਚਾਰੇ ਨੂੰ ਅਪਮਾਨਜਨਕ ਭਾਸ਼ਾ ਦਾ ਪ੍ਰਯੋਗ ਕਰਦੇ ਹੋਏ ਅਪਰਾਧੀ ਕਿਸਮ ਦੇ ਲੋਕ ਦੱਸ ਕੇ ਇਨ੍ਹਾਂ 'ਤੇ ਸਖ਼ਤ ਨਜ਼ਰ ਰੱਖਣ ਲਈ ਕਿਹਾ।

ਪੰਥਕ ਸ਼ਕਤੀਆਂ ਦੀ ਪ੍ਰਤੀਨਿਧਤਾ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਨੂੰ ਰਾਜਨੀਤਕ ਤੌਰ 'ਤੇ ਉਲਝਾਈ ਰੱਖਣ ਲਈ ਸੰਨ 1953 ਵਿੱਚ ਗਠਿਤ ਭਾਸ਼ਾ ਅਤੇ ਸੱਭਿਆਚਾਰ ਦੇ ਆਧਾਰ 'ਤੇ ਰਾਜਾਂ ਦੇ ਪੁਨਰਗਠਨ ਲਈ ਫਜ਼ਲ ਅਲੀ ਕਮਿਸ਼ਨ ਗਠਿਤ ਕੀਤਾ ਗਿਆ। ਸੰਨ 1956 ਵਿੱਚ ਇਸ ਦੀਆਂ ਸ਼ਿਫ਼ਾਰਸ਼ਾਂ 'ਤੇ ਜੋ ਰਾਜ ਵੰਡੇ, ਪੇਰੈਂਟ ਰਾਜਾਂ ਨੂੰ ਪਹਿਲੀਆਂ ਰਾਜਧਾਨੀਆਂ ਸੌਂਪੀਆਂ। ਨਵੇਂ ਰਾਜਾਂ ਨੇ ਆਪਣੀਆਂ ਨਵੀਆਂ ਰਾਜਧਾਨੀਆਂ ਬਣਾਈਆਂ। ਪੰਜਾਬ ਦੀ ਵੰਡ ਨਾ ਕੀਤੀ ਤਾਂ ਕਿ ਅਕਾਲੀ ਅਤੇ ਪੰਜਾਬੀ ਇਸ ਲਈ ਰੁੱਝੇ ਰਹਿਣ।

ਪਹਿਲੀ ਨਵੰਬਰ 1966 ਨੂੰ ਪੰਜਾਬ ਪੁਨਰਗਠਨ ਐਕਟ ਅਧੀਨ ਪੰਜਾਬ ਤੇ ਹਰਿਆਣਾ ਸੂਬੇ ਗਠਿਤ ਕੀਤੇ। ਚੰਡੀਗੜ੍ਹ 5 ਸਾਲ ਤੱਕ ਕੇਂਦਰ ਸ਼ਾਸਿਤ ਇਲਾਕਾ ਰੱਖ ਕੇ ਬਾਅਦ ਵਿੱਚ ਪੰਜਾਬ ਨੂੰ ਰਾਜਧਾਨੀ ਵਜੋਂ ਦਿੱਤਾ ਜਾਵੇਗਾ ਜਦੋਂ ਹਰਿਆਣਾ ਆਪਣੀ ਵੱਖਰੀ ਰਾਜਧਾਨੀ ਬਣਾ ਲਵੇਗਾ। ਪੰਜਾਬ ਦੇ ਦਰਿਆਵਾਂ ਦੇ ਹੈੱਡ ਵਰਕਸਾਂ 'ਤੇ ਕੇਂਦਰ ਨੇ ਕੰਟਰੋਲ ਕਰ ਲਿਆ। ਪਾਣੀਆਂ ਦੀ ਵੰਡ ਅੱਧ-ਵਿਚਾਲੇ ਲਟਕਦੀ ਰਹਿਣ ਦਿੱਤੀ। ਦੇਸ਼ ਅੰਦਰ ਐਮਰਜੈਂਸੀ ਦੇ ਕਾਲੇ ਦੌਰ ਵਿੱਚ ਪੰਜਾਬ ਪਾਣੀਆਂ ਸਬੰਧੀ 'ਇੰਦਰਾ ਐਵਾਰਡ', ਸਤਲੁਜ-



ਯਮੁਨਾ ਲਿੰਕ ਨਹਿਰ ਸਬੰਧੀ 'ਨਹਿਰ ਰੋਕੋ' ਕਪੂਰੀ ਮੋਰਚਾ 24 ਅਗਸਤ 1982, ਪੰਜਾਬ ਵਿੱਚ ਰਾਜਕੀ ਅਤੇ ਗ਼ੈਰ-ਰਾਜਕੀ ਲਹੂ ਵੀਟਵੇਂ ਅੱਤਵਾਦ, ਨੀਲਾ ਤਾਰਾ ਆਪ੍ਰੇਸ਼ਨ ਤਹਿਤ ਭਾਰਤੀ ਰਾਜ ਵੱਲੋਂ ਦਰਬਾਰ ਸਾਹਿਬ, ਅੰਮ੍ਰਿਤਸਰ ਸਮੇਤ 37 ਗੁਰਦੁਆਰਿਆਂ 'ਤੇ ਫ਼ੌਜੀ ਹਮਲੇ ਅਤੇ ਸਿੱਖ ਨੌਜਵਾਨਾਂ ਦੇ ਨਸਲਘਾਤ ਦਾ ਕਾਰਨ ਬਣਿਆ। ਚੰਡੀਗੜ੍ਹ ਨੂੰ ਕੇਂਦਰੀ ਸ਼ਾਸਿਤ ਪ੍ਰਦੇਸ਼ ਰੱਖ ਕੇ ਇਸ ਦੇ ਪ੍ਰਬੰਧ ਲਈ ਇੱਕ ਮੁੱਖ ਕਮਿਸ਼ਨਰ ਨਿਯੁਕਤ ਕੀਤਾ। ਪਹਿਲਾ ਮੁੱਖ ਕਮਿਸ਼ਨਰ ਸੰਨ 1966 ਵਿੱਚ ਮਹਿੰਦਰ ਸਿੰਘ ਰੰਧਾਵਾ ਨਿਯੁਕਤ ਕੀਤਾ। ਇਕ ਮਈ 1964 ਤੱਕ 7 ਕਮਿਸ਼ਨਰ ਰਹੇ। ਇਸ ਪ੍ਰਬੰਧ ਅਧੀਨ ਡਿਪਟੀ ਕਮਿਸ਼ਨਰ ਹਰਿਆਣਾ ਅਤੇ ਐੱਸਐੱਸਪੀ ਪੰਜਾਬ ਦਾ ਲੱਗਦਾ ਰਿਹਾ। ਰਾਜਧਾਨੀ ਪੰਜਾਬ ਤੇ ਹਰਿਆਣਾ ਦੀ ਸਾਂਝੀ ਰਹੀ। ਚੰਡੀਗੜ੍ਹ ਦੇ ਪ੍ਰਬੰਧ ਲਈ 60 ਪ੍ਰਤੀਸ਼ਤ ਪੰਜਾਬ ਅਤੇ 40 ਪ੍ਰਤੀਸ਼ਤ ਹਰਿਆਣਾ ਦੇ ਮੁਲਾਜ਼ਮ ਤਾਇਨਾਤ ਰਹਿਣਗੇ।

ਹੁਣ ਤਾਂ ਪੰਜਾਬ ਦੇ ਮਸਾਂ 2 ਪ੍ਰਤੀਸ਼ਤ ਹਨ। ਕਿਆ ਤਮਾਸ਼ਾ ! ਆਪ੍ਰੇਸ਼ਨ ਨੀਲਾ ਤਾਰਾ ਦੇ ਅਮਲ ਵੇਲੇ ਪੰਜਾਬ ਦੇ ਰਾਜਪਾਲ ਬੀ.ਡੀ.ਪਾਂਡੇ ਨੂੰ ਚੰਡੀਗੜ੍ਹ ਦਾ ਪ੍ਰਸ਼ਾਸਕ ਨਿਯੁਕਤ ਕਰ ਦਿੱਤਾ ਜੋ ਅੱਜ ਵੀ ਵਿਵਸਥਾ ਕਾਇਮ ਹੈ। ਚੀਫ ਕਮਿਸ਼ਨਰ ਦੀ ਥਾਂ ਉਨ੍ਹਾਂ ਨਾਲ ਇੱਕ ਸਲਾਹਕਾਰ ਪਦ ਵਜੋਂ ਨਿਯੁਕਤੀ ਕੀਤੀ ਜੋ ਚੰਡੀਗੜ੍ਹ ਦੇ ਪ੍ਰਬੰਧ ਵਿੱਚ ਉਨ੍ਹਾਂ ਦੀ ਮਦਦ ਕਰੇਗਾ। ਇਹ ਵਿਵਸਥਾ 1 ਮਈ 1984 ਵਿੱਚ ਅਮਲ ਵਿੱਚ ਆਈ। ਤਿੰਨ ਮਈ 1984 ਨੂੰ ਪਹਿਲਾ ਸਲਾਹਕਾਰ ਲੈਫਟੀਨੈਂਟ ਜਨਰਲ ਰਣਜੀਤ ਸਿੰਘ ਦਿਆਲ ਨਿਯੁਕਤ ਕੀਤਾ। ਸੁਰੱਖਿਆ ਵੀ ਇਸ ਅਧੀਨ ਸੀ। ਦਰਅਸਲ, ਪੰਜਾਬ ਤੇ ਚੰਡੀਗੜ੍ਹ ਪੂਰਨ ਰੂਪ ਵਿਚ ਮਿਲਟਰੀ ਸ਼ਾਸਨ ਅਧੀਨ ਕਰ ਦਿੱਤਾ ਗਿਆ। ਇਸੇ ਦਿਨ ਤੀਸਰਾ ਘੱਲੂਘਾਰਾ ਨੀਲਾ ਤਾਰਾ ਆਪ੍ਰੇਸ਼ਨ ਚਲਾਇਆ ਗਿਆ। ਫਰੈਂਚ ਆਰਕੀਟੈਕਟ ਲੀ ਕਾਰਬੂਜ਼ੇ ਦੁਆਰਾ ਯੋਜਨਾਬੰਦੀ ਤਹਿਤ 114 ਵਰਗ ਕਿੱਲੋਮੀਟਰ ਵਿਚ ਵਸਾਇਆ ਅਤਿ-ਆਧੁਨਿਕ ਸ਼ਹਿਰ ਚੰਡੀਗੜ੍ਹ 7 ਅਕਤੂਬਰ 1953 ਨੂੰ ਸਾਂਝੇ ਪੰਜਾਬ ਦੀ ਰਾਜਧਾਨੀ ਬਣਿਆ। ਦੇਸ਼ ਦੀ ਵੰਡ ਤੋਂ ਪਹਿਲਾਂ ਪੰਜਾਬ ਦੀ ਸ਼ਾਨਾਂਮੱਤੀ ਰਾਜਧਾਨੀ ਲਾਹੌਰ ਸੀ। ਚੰਡੀਗੜ੍ਹ 27 ਪੰਜਾਬੀ ਭਾਸ਼ਾਈ ਪਿੰਡ ਉਜਾੜ ਕੇ ਉਸਾਰਿਆ ਸੀ ਜਿਸ ਨੂੰ ਪਤਾ ਨਹੀਂ ਕਿਸ ਦੀ ਕੈਰੀ ਨਜ਼ਰ ਲੱਗੀ, ਨਾ ਇਹ ਪਹਿਲੀ ਨਵੰਬਰ 1966 ਤੋਂ ਬਾਅਦ ਪੰਜਾਬ ਦੀ ਰਾਜਧਾਨੀ ਬਣ ਸਕਿਆ, ਨਾ ਹੀ ਪੰਜਾਬੀ ਭਾਸ਼ਾ ਇੱਥੇ ਕੇਂਦਰੀ ਸ਼ਾਸਿਤ ਇਲਾਕੇ ਦੀ ਰਹੀ। ਰਾਜੀਵ-ਲੌਂਗੋਵਾਲ ਸਮਝੌਤਾ 24 ਜੁਲਾਈ 1984 ਨੂੰ ਕੇਂਦਰ ਸਰਕਾਰ ਦਾ ਪੰਜਾਬ ਨਾਲ ਬਦਮਾਸ਼ੀ ਭਰਿਆ ਇਤਿਹਾਸਕ ਛਲ ਸੀ।

ਉਸ ਅਨੁਸਾਰ 26 ਜਨਵਰੀ 1986 ਨੂੰ ਚੰਡੀਗੜ੍ਹ ਪੰਜਾਬ ਨੂੰ ਸੌਂਪਣਾ ਸੀ। ਬੋਰਡ ਲੱਗ ਗਏ, ਰੈਵੇਨਿਊ ਰਿਕਾਰਡ ਬਦਲ ਦਿੱਤਾ ਪਰ ਐਨ ਮੌਕੇ 'ਤੇ ਪੰਜਾਬ ਵਿਰੋਧੀ, ਸਿੱਖ ਭਾਈਚਾਰੇ ਦਾ ਨਸਲਘਾਤੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਮੁੱਕਰ ਗਿਆ, ਅਖੇ ਕੁਝ ਸੂਬਿਆਂ ਵਿੱਚ ਚੋਣਾਂ ਹੋਣ ਕਰਕੇ ਤਿੰਨ ਮਹੀਨੇ ਬਾਅਦ ਦੇ ਦੇਵਾਂਗੇ। ਕਮਜ਼ੋਰ ਅਤੇ ਸੱਤਾ ਦਾ ਭੁੱਖਾ ਤਤਕਾਲੀ ਮੁੱਖ ਮੰਤਰੀ ਪੰਜਾਬ ਸੁਰਜੀਤ ਸਿੰਘ ਬਰਨਾਲਾ ਖ਼ਾਮੋਸ਼ ਰਿਹਾ। ਲੇਖਕ ਨੇ ਰੋਪੜ ਗੈਸਟ ਹਾਊਸ ਵਿੱਚ ਉਨ੍ਹਾਂ ਨੂੰ ਜਦੋਂ ਕਿਹਾ ਕਿ ਜੇ ਉਸ ਦਿਨ ਉਹ ਪ੍ਰੋਟੈਸਟ ਵਜੋਂ ਆਪਣਾ ਅਸਤੀਫ਼ਾ ਰਾਜੀਵ ਗਾਂਧੀ ਦੇ ਮੂੰਹ 'ਤੇ ਮਾਰ ਦਿੰਦੇ ਤਾਂ ਉਨ੍ਹਾਂ ਦਾ ਨਾਮ ਪੰਜਾਬ ਦੇ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਂਦਾ। ਉਨ੍ਹਾਂ ਨੇ ਲੇਖਕ ਨਾਲ ਇਹ ਇਤਿਹਾਸਕ ਗ਼ਲਤੀ ਮੰਨੀ। ਅਬ ਪਛਤਾਏ ਕਿਆ ਹੋਤ ! ਚੌਵੀ ਮਈ 1994 ਨੂੰ ਚੰਡੀਗੜ੍ਹ ਦੇ ਲੋਕਤੰਤਰੀ ਪ੍ਰਬੰਧ ਲਈ ਮਿਊਂਸੀਪਲ ਕਾਰਪੋਰੇਸ਼ਨ ਦਾ ਗਠਨ ਕੀਤਾ ਗਿਆ। ਇਸ ਅੰਦਰ ਪੰਚਾਇਤੀ ਸਿਸਟਮ ਦਾ ਭੋਗ ਪੈ ਗਿਆ। ਹਰਿਆਣਾ ਨੇ ਪੰਚਕੂਲਾ, ਪੰਜਾਬ ਨੇ ਮੋਹਾਲੀ ਵਿਖੇ ਵੱਡੇ ਪੱਧਰ 'ਤੇ ਸਰਕਾਰੀ ਦਫ਼ਤਰ ਤਬਦੀਲ ਕਰ ਰੱਖੇ ਨੇ। ਸ਼ਾਇਦ ਇਨ੍ਹਾਂ ਮੰਨ ਲਿਆ ਕਿ ਚੰਡੀਗੜ੍ਹ ਕੇਂਦਰੀ ਸ਼ਾਸਿਤ ਪ੍ਰਦੇਸ਼ ਬਣ ਰਿਹਾ ਹੈ। ਦੋਹਾਂ ਰਾਜਾਂ ਦੇ ਹਰ ਪਾਰਟੀ ਦੇ ਆਗੂਆਂ ਨੇ ਲੋਕਾਂ ਅਤੇ ਰਾਜਾਂ ਨੂੰ ਲੁੱਟ-ਲੁੱਟ ਕੇ ਚੰਡੀਗੜ੍ਹ, ਮੋਹਾਲੀ, ਪੰਚਕੂਲੇ, ਨਵੇਂ ਚੰਡੀਗੜ੍ਹ ਜ਼ਮੀਨਾਂ, ਜਾਇਦਾਦਾਂ, ਦੋਹਰੀਆਂ-ਦੋਹਰੀਆਂ ਕੋਠੀਆਂ ਦੇ ਅੰਬਾਰ ਲਾਏ ਹੋਏ ਨੇ।

ਇਹੀ ਹਾਲ ਅਫ਼ਸਰਸ਼ਾਹੀ, ਗੈਂਗਸਟਰਾਂ, ਵੱਡੇ-ਵੱਡੇ ਕਾਲੇ ਕਾਰੋਬਾਰੀਆਂ ਦਾ ਹੈ। ਕੇਂਦਰ ਅੰਦਰ ਮੋਦੀ ਸਰਕਾਰ ਨੇ ਲਗਾਤਾਰ ਪੰਜਾਬ ਨੂੰ ਬੁਰੀ ਤਰ੍ਹਾਂ ਉਲਝਾਇਆ ਹੋਇਆ ਹੈ। ਪੰਜਾਬ ਵਿੱਚ ਰਾਸ਼ਟਰਪਤੀ ਰਾਜ ਦੌਰਾਨ ਚੰਡੀਗੜ੍ਹ ਪੁਲਿਸ ਮੁਖੀ ਦਾ ਰੁਤਬਾ ਪਹਿਲਾਂ ਪੂਰੇ ਰਾਜ ਦੇ ਰੁਤਬੇ ਡੀ.ਜੀ.ਪੀ. ਤੱਕ ਵਧਾ ਦਿੱਤਾ ਸੀ। ਹੁਣ ਮੁੱਖ ਸਕੱਤਰ ਨਿਯੁਕਤ ਕਰਨਾ ਭਾਵ ਅਗਲਾ ਕਦਮ ਪੂਰਾ ਰਾਜ। ਕਾਂਗਰਸ ਦੇ ਸਾਂਸਦ ਮੁਨੀਸ਼ ਤਿਵਾੜੀ ਨੇ ਚੋਣ ਲੜਨ ਸਮੇਂ ਚੰਡੀਗੜ੍ਹੀਆਂ ਨਾਲ ਪੂਰੇ ਰਾਜ ਅਤੇ ਵੱਖਰੀ ਵਿਧਾਨ ਸਭਾ ਦੇ ਗਠਨ ਦਾ ਵਾਅਦਾ ਕੀਤਾ ਸੀ।

ਹੁਣ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਕਿਹੜੇ ਮੂੰਹ ਨਾਲ ਵਿਰੋਧ ਕਰ ਰਹੇ ਹਨ ? ਆਮ ਆਦਮੀ ਪਾਰਟੀ ਗੋਂਗਲੂਆਂ ਤੋਂ ਮਿੱਟੀ ਝਾੜ ਰਹੀ ਹੈ। ਇਹੀ ਹਾਲ ਅਕਾਲੀ ਆਗੂ ਸੁਖਬੀਰ ਬਾਦਲ ਦਾ ਹੈ। ਸੰਨ 2007 ਤੋਂ 2017 ਵਿਚ ਅਕਾਲੀ-ਭਾਜਪਾ ਸਰਕਾਰ ਵੇਲੇ ਕਿਸੇ ਨੇ ਚੂੰ-ਚਾਂ ਨਹੀਂ ਕੀਤੀ। ਜੇ 'ਆਪ' ਸਰਕਾਰ ਸੁਹਿਰਦ ਹੁੰਦੀ ਤਾਂ ਤੁਰੰਤ ਸਰਬ ਪਾਰਟੀ ਮੀਟਿੰਗ ਬੁਲਾਉਂਦੀ, ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸੱਦ ਕੇ ਮੁੱਖ ਸਕੱਤਰ ਦੀ ਨਿਯੁਕਤੀ ਰੱਦ ਕਰਨ ਸਬੰਧੀ ਮਤਾ ਪਾਸ ਕਰ ਕੇ ਮੋਦੀ ਸਰਕਾਰ 'ਤੇ ਦਬਾਅ ਪਾਉਂਦੀ। ਸਰਬ ਪਾਰਟੀ ਕਮੇਟੀ ਉਦੋਂ ਤੱਕ ਸੰਘਰਸ਼ ਦੀ ਰੂਪ-ਰੇਖਾ ਤਿਆਰ ਕਰਦੀ ਜਦ ਤੱਕ ਕੇਂਦਰ ਇਹ ਹੁਕਮ ਵਾਪਸ ਨਾ ਲੈਂਦਾ। ਵੇਖੋ ! ਊਠ ਕਿਸ ਕਰਵਟ ਬੈਠਦਾ ਹੈ।

# ਬਜਟ-2025 ਕਿਸਾਨਾਂ ਨੂੰ ਸਮਰੱਥ ਬਣਾਉਣ ਦਾ ਉਪਰਾਲਾ ਹੋਵੇ



ਡਾ. ਅੰਮ੍ਰਿਤ ਸਾਗਰ ਮਿੱਤਲ

ਇਸ ਸਮੇਂ ਜਦੋਂ ਕਿ ਵਿੱਤ ਮੰਤਰੀ ਨਿਰਮਲਾ ਸੀਤਾਰਮਨ 1 ਫਰਵਰੀ ਨੂੰ 2025-26 ਦਾ ਕੇਂਦਰੀ ਬਜਟ ਪੇਸ਼ ਕਰਨ ਲਈ ਤਿਆਰ ਹਨ, ਦੇਸ਼ ਇੱਕ ਨਿਰਣਾਇਕ ਮੋੜ ’ਤੇ ਖੜ੍ਹਾ ਹੈ। ਵਿੱਤੀ ਸਾਲ 2024-25 ’ਚ ਜੀ.ਡੀ.ਪੀ. ਵਿਕਾਸ ਦਰ 4 ਸਾਲਾਂ ਦੇ ਹੇਠਲੇ ਪੱਧਰ ’ਤੇ 6.4 ਫ਼ੀਸਦੀ ਤੱਕ ਡਿਗਣ ਦਾ ਅਨੁਮਾਨ ਹੈ, ਅਜਿਹੇ ’ਚ ਪੇਂਡੂ ਅਰਥਵਿਵਸਥਾ ਨੂੰ ਮੁੜ ਸੁਰਜੀਤ ਕਰਨ ਵੱਲ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ ਜੋ ਕਿ ਦੇਸ਼ ਦੀ ਖਪਤ ਅਧਾਰਿਤ ਤਰੱਕੀ ਦਾ ਇੱਕ ਆਧਾਰ ਹੈ। ਖੇਤੀਬਾੜੀ ਸੁਧਾਰਾਂ ਦੀ ਅਤਿ ਜ਼ਰੂਰੀ ਮੰਗ ਹੋਰ ਵੀ ਤੇਜ਼ ਹੋ ਗਈ ਹੈ, ਜਿਸ ਨੂੰ ਚੱਲ ਰਹੇ ਕਿਸਾਨ ਅੰਦੋਲਨ ਕਾਰਨ ਹੁੰਗਾਰਾ ਮਿਲਿਆ ਹੈ। ਪੰਜਾਬ ਦੀ ਖਨੌਰੀ ਸਰਹੱਦ ’ਤੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੀ ਕਾਨੂੰਨੀ ਗਾਰੰਟੀ ਦੀ ਮੰਗ ਨੂੰ ਲੈ ਕੇ ਮਰਨ ਵਰਤ ’ਤੇ ਬੈਠੇ 70 ਸਾਲਾ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਰਾਸ਼ਟਰੀ ਪੱਧਰ ’ਤੇ ਧਿਆਨ ਖਿੱਚਿਆ ਹੈ।

ਖੇਤੀਬਾੜੀ ਦੇਸ਼ ਦੇ ਲਗਭਗ 45 ਫ਼ੀਸਦੀ ਲੋਕਾਂ ਨੂੰ ਰੁਜ਼ਗਾਰ ਦਿੰਦੀ ਹੈ ਅਤੇ ਕਰੀਬ 60 ਫ਼ੀਸਦੀ ਤੋਂ ਜ਼ਿਆਦਾ ਪੇਂਡੂ ਆਬਾਦੀ ਖੇਤੀ ਦਾ ਕੰਮ ਸੰਭਾਲਦੀ ਹੈ, ਜੋ ਹੁਣ ਟੁੱਟਣ ਕਿਨਾਰੇ ਹੈ। ਸਥਿਰ ਉਤਪਾਦਕਤਾ, ਘਟਦੀ ਆਮਦਨ ਤੇ ਨੀਤੀਗਤ ਅਣਗਹਿਲੀ ਨੇ ਕਿਸਾਨਾਂ ਨੂੰ ਸੰਕਟ ’ਚ ਪਾ ਦਿੱਤਾ ਹੈ। ਇਹ ਬਜਟ ਕੇਵਲ ਵੱਡੇ-ਵੱਡੇ ਵਾਅਦਿਆਂ ਤੱਕ ਸੀਮਿਤ ਨਹੀਂ ਹੋ ਸਕਦਾ, ਇਹ ਰੋਜ਼ੀ-ਰੋਟੀ ਨੂੰ ਸੁਰੱਖਿਅਤ ਕਰਨ, ਪੇਂਡੂ ਮੰਗ ਨੂੰ ਮਜ਼ਬੂਤ ਕਰਨ ਤੇ ਪੇਂਡੂ-ਸ਼ਹਿਰੀ ਪਾੜੇ ਨੂੰ ਘਟਾਉਣ ਲਈ ਵਿਹਾਰਕ ਹੱਲ ਪ੍ਰਦਾਨ ਕਰਨ ਵਾਲਾ ਹੋਣਾ ਚਾਹੀਦਾ ਹੈ। ਖੇਤੀਬਾੜੀ ਨੂੰ ਮੁੜ ਸੁਰਜੀਤ ਕਰਨਾ ਸਿਰਫ਼ ਇੱਕ ਆਰਥਿਕ ਲੋੜ ਹੀ ਨਹੀਂ ਹੈ, ਸਗੋਂ ਸੰਮਿਲਤ ਵਿਕਾਸ (ਇਨਕਲੂਸਿਵ ਗਰੋਥ) ਨੂੰ ਉਤਸ਼ਾਹਿਤ ਕਰਨ ਲਈ ਇਕ ਨੈਤਿਕ ਜ਼ਿੰਮੇਵਾਰੀ ਵੀ ਹੈ। ਇਥੇ ਦੱਸਿਆ ਗਿਆ ਹੈ ਕਿ 2025 ਦਾ ਬਜਟ ਖੇਤੀਬਾੜੀ ਖੇਤਰ ਨੂੰ ਮਜ਼ਬੂਤ ਕਰਨ ਤੇ ਪੇਂਡੂ ਖਰਚ ਨੂੰ ਯਕੀਨੀ ਬਣਾਉਣ ਲਈ ਪਰਿਵਰਤਨਸ਼ੀਲ ਉਪਾਅ ਪੇਸ਼ ਕਰ ਸਕਦਾ ਹੈ-ਜੋ ਵਰਤਮਾਨ ਸਮੇਂ ਕੁੱਲ ਖਪਤ ਦਾ 60 ਫ਼ੀਸਦੀ ਯੋਗਦਾਨ ਪਾਉਂਦਾ ਹੈ ਤੇ ਭਾਰਤ ਦੇ ਆਰਥਿਕ ਪੁਨਰ-ਉਥਾਨ ਨੂੰ ਉਤਸ਼ਾਹਿਤ ਕਰਦਾ ਹੈ।




1. ਖੇਤੀਬਾੜੀ ਬਜਟ ਤੇ ਖੋਜ ਨੂੰ ਵਧਾਓ- ਖੇਤੀਬਾੜੀ ਤੇ ਸਹਾਇਕ ਖੇਤਰਾਂ ਲਈ ਕੇਂਦਰੀ ਬਜਟ ਦੀ ਵੰਡ ਸਿਰਫ਼ 3 ਫ਼ੀਸਦੀ ਬਣਦੀ ਹੈ, ਜਿਸ ਨੂੰ ਘੱਟੋ-ਘੱਟ 7.5 ਫ਼ੀਸਦੀ ਤੱਕ ਵਧਾਉਣ ਦੀ ਲੋੜ ਹੈ। ਇਸ ਸ਼੍ਰੇਣੀ ’ਚ ਅਣਵਰਤੇ ਫੰਡਾਂ ਨੂੰ ਫਸਲ ਸਟੋਰੇਜ ਤੇ ਪ੍ਰੋਸੈਸਿੰਗ ਲਈ ਖੋਜ, ਸਿੱਖਿਆ ਤੇ ਬੁਨਿਆਦੀ ਢਾਂਚੇ ’ਚ ਮਹਤੱਵਪੂਰਨ ਪਾੜੇ ਨੂੰ ਦੂਰ ਕਰਨ ਲਈ ਅੱਗੇ ਵਧਾਇਆ ਜਾਣਾ ਚਾਹੀਦਾ ਹੈ। ਜਲਵਾਯੂ-ਅਨੁਕੂਲ ਫਸਲ ਦੀਆਂ ਕਿਸਮਾਂ ਤੇ ਟਿਕਾਊ ਖੇਤੀ ਤਕਨੀਕਾਂ ਵਿਕਸਤ ਕਰਨ ਲਈ ਖੇਤੀਬਾੜੀ ਖੋਜ ਸੰਸਥਾਵਾਂ ’ਚ ਨਿਵੇਸ਼ ਕਰਨ ਨਾਲ ਉਤਪਾਦਕਤਾ ’ਚ ਵਾਧਾ ਹੋ ਸਕਦਾ ਹੈ। ਖੇਤੀਬਾੜੀ ਨਵੀਨਤਾ ’ਚ ਜਨਤਕ ਨਿੱਜੀ ਭਾਈਵਾਲੀ ਨੂੰ ਉਤਸ਼ਾਹਿਤ ਕਰਨਾ ਇਸ ਖੇਤਰ ਦੇ ਵਿਕਾਸ ਨੂੰ ਹੋਰ ਵੀ ਅੱਗੇ ਵਧਾ ਸਕਦਾ ਹੈ।

2. ਐਮ.ਐਸ.ਪੀ. ਨੂੰ ਕਾਨੂੰਨੀ ਸਮਰਥਨ ਪ੍ਰਦਾਨ ਕਰੋ-ਕਾਨੂੰਨੀ ਗਾਰੰਟੀਆਂ ਦੇ ਨਾਲ ਐਮ.ਐਸ.ਪੀ. ਦੀ ਲਗਾਤਾਰ ਮੰਗ ਖੇਤੀ ਸੈਕਟਰ ਦੀਆਂ ਕਮਜ਼ੋਰੀਆਂ ਨੂੰ ਉਜਾਗਰ ਕਰਦੀ ਹੈ। ਐਮ.ਐਸ. ਸਵਾਮੀਨਾਥਨ ਕਮਿਸ਼ਨ ਦੀ ਐਮ.ਐਸ.ਪੀ. ਲਈ ਸੀ.2 (ਉਤਪਾਦਨ ਦੀ ਵਿਆਪਕ ਲਾਗਤ)+ 50 ਕੀਤੀ ਸਿਫਾਰਸ਼ ਨੂੰ ਕਾਨੂੰਨੀ ਤੌਰ ’ਤੇ ਲਾਗੂ ਕਰਕੇ ਯਕੀਨੀ ਬਣਾਇਆ ਜਾ ਸਕਦਾ ਹੈ ਕਿ ਨਿੱਜੀ ਖਰੀਦਦਾਰ ਕਿਸਾਨਾਂ ਦਾ ਸ਼ੋਸ਼ਣ ਨਾ ਕਰ ਸਕੇ। ਇਹ ਸੁਧਾਰ ਸਰਕਾਰ ’ਤੇ ਕੋਈ ਵੱਡਾ ਵਿੱਤੀ ਦਬਾਅ ਨਹੀਂ ਪਾਵੇਗਾ, ਪਰ ਕਿਸਾਨਾਂ ਨੂੰ ਪ੍ਰੇਸ਼ਾਨੀ ਵਾਲੀ ਫਸਲ ਵਿਕਰੀ ਤੋਂ ਬਚਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਐਮ.ਐਸ.ਪੀ. ਨੂੰ ਲਾਗੂ ਕਰਨ ਲਈ ਮਜ਼ਬੂਤ ਨਿਗਰਾਨੀ ਤੰਤਰ ਬਣਾ ਕੇ ਇਸ ਦਾ ਵਿਸਤਾਰ ਹੋਰ ਫਸਲਾਂ ਤੱਕ ਕਰਨ ਨਾਲ ਕਿਸਾਨਾਂ ਦੀ ਆਮਦਨ ’ਚ ਸੁਧਾਰ ਹੋ ਸਕਦਾ ਹੈ। ਡਿਜ਼ੀਟਲ ਪਲੇਟਫਾਰਮ ਰਾਹੀਂ ਖਰੀਦ ਪ੍ਰਕਿਰਿਆਵਾਂ ਦੀ ਪਾਰਦਰਸ਼ਤਾ ਨੂੰ ਵਧਾਉਣਾ ਤੇ ਸਥਾਨਕ ਮਾਰਕੀਟ ਕਮੇਟੀਆਂ ਨਾਲ ਐਮ.ਐਸ.ਪੀ. ਅਮਲ ਨੂੰ ਲਾਗੂ ਕਰਨਾ ਖਰੀਦ ਪ੍ਰਣਾਲੀ ਨੂੰ ਵਧੇਰੇ ਭਰੋਸੇਯੋਗ ਬਣਾ ਸਕਦਾ ਹੈ।

3. ਪ੍ਰਧਾਨ ਮੰਤਰੀ-ਕਿਸਾਨ ਸਹਾਇਤਾ ਵਧਾਓ- ਪੀ.ਐਮ. ਕਿਸਾਨ ਯੋਜਨਾ ਤਹਿਤ ਦੇਸ਼ ਦੇ ਲਗਭਗ 10 ਕਰੋੜ ਛੋਟੇ ਤੇ ਅਤਿ ਛੋਟੇ ਕਿਸਾਨਾਂ ਨੂੰ ਸਾਲਾਨਾ 6,000 ਰੁਪਏ ਮਦਦ ਦਿੱਤੀ ਜਾਂਦੀ ਹੈ, ਇਸ ਯੋਜਨਾ ਦੇ 2018 ’ਚ ਸ਼ੁਰੂ ਹੋਣ ਤੋਂ ਬਾਅਦ ਅਜੇ ਤੱਕ ਕੋਈ ਬਦਲਾਅ ਨਹੀਂ ਹੋਇਆ ਤੇ ਇਸ ਦਾ ਮਹਿੰਗਾਈ ਨਾਲ ਕੋਈ ਤਾਲਮੇਲ ਨਹੀਂ ਰੱਖਿਆ ਜਾ ਸਕਿਆ। ਹਾਲਾਂਕਿ ਪਿਛਲੇ 6 ਸਾਲਾਂ ਦੌਰਾਨ ਮਹਿੰਗਾਈ ਦਰ ਔਸਤ 6 ਫ਼ੀਸਦੀ ਰਹੀ ਹੈ। ਸਰਕਾਰ ਨੂੰ ਕਿਸਾਨਾਂ ਦੀਆਂ ਵਧਦੀਆਂ ਵਿੱਤੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਇਸ ਮਦਦ ਨੂੰ ਦੁੱਗਣਾ ਕਰਕੇ 12,000 ਰੁਪਏ ਸਾਲਾਨਾ ਕਰਨ ’ਤੇ ਵਿਚਾਰ ਕਰਨਾ ਚਾਹੀਦਾ ਹੈ। ਇਹ ਵਧੀ ਹੋਈ ਮਦਦ ਖਾਸ ਕਰਕੇ ਅਤਿ ਛੋਟੇ ਕਿਸਾਨਾਂ ਲਈ ਮਹੱਤਵਪੂਰਨ ਹੋ ਸਕਦੀ ਹੈ, ਜੋ ਬੀਜਾਂ, ਖਾਦਾਂ ਤੇ ਸਿੰਚਾਈ ਲਈ ਵਧਦੀਆਂ ਲਾਗਤਾਂ ਵਿਚਕਾਰ ਆਪਣੇ ਖਰਚਿਆਂ ਨੂੰ ਪੂਰਾ ਕਰਨ ਲਈ ਸੰਘਰਸ਼ ਕਰ ਰਹੇ ਹਨ।

4. ਕਿਸਾਨ ਕ੍ਰੈਡਿਟ ਕਾਰਡ (ਕੇ.ਸੀ.ਸੀ.) ਨੂੰ ਬਦਲੋ-ਕੇ.ਸੀ.ਸੀ. ਸਕੀਮ 3 ਲੱਖ ਰੁਪਏ ਤੱਕ ਦੀ ਵਿਆਜ ਸਬਸਿਡੀ ਨਾਲ ਛੋਟੀ ਮਿਆਦ ਲਈ ਕਰਜ਼ੇ ਪ੍ਰਦਾਨ ਕਰਦੀ ਹੈ।ਹਾਲਾਂਕਿ ਅਤਿ ਜ਼ਰੂਰੀ ਤੇ ਥੋੜ੍ਹੇ ਸਮੇਂ ਦੀਆਂ ਜ਼ਰੂਰਤਾਂ ਦੀ ਪੂਰਤੀ ਲਈ ਕਿਸਾਨਾਂ ਨੂੰ ਆਪਣੇ ਨਿੱਜੀ ਸ਼ਾਹੂਕਾਰਾਂ ’ਤੇ ਨਿਰਭਰ ਰਹਿਣਾ ਪੈਂਦਾ ਹੈ। ਇਕ ਹੋਰ ਕਿਸਾਨ ਪੱਖੀ ਪਹੁੰਚ ਹੋ ਸਕਦੀ ਹੈ ਕਿ ਕੇ.ਸੀ.ਸੀ. ਨੂੰ ਚੱਲ ਰਹੇ ਓਵਰਡਰਾਫਟ ਖਾਤਿਆਂ ’ਚ ਬਦਲ ਕੇ ਉਧਾਰ ਹੱਦ (ਕ੍ਰੈਡਿਟ ਲਿਮਟ) 10 ਲੱਖ ਰੁਪਏ ਕੀਤੀ ਜਾਵੇ ਤੇ ਇਸ ਲਈ ਵਿਆਜ ਦਰ ਨੂੰ 4 ਫ਼ੀਸਦੀ ਰੱਖਿਆ ਜਾਵੇ। ਕਰਜ਼ਿਆਂ ’ਤੇ ਵਰਤੋਂ ਪਾਬੰਦੀਆਂ ਹਟਾਉਣਾ ਕਿਸਾਨਾਂ ਨੂੰ ਲੰਬੇ ਸਮੇਂ ਲਈ ਖੇਤੀਬਾੜੀ ਨਿਵੇਸ਼ ਕਰਨ ਲਈ ਉਤਸ਼ਾਹਿਤ ਕਰੇਗੀ। ਇਸ ਤੋਂ ਇਲਾਵਾ ਕੇ.ਸੀ.ਸੀ. ਅਰਜ਼ੀ ਪ੍ਰਕਿਰਿਆ ਨੂੰ ਸਰਲ ਬਣਾਉਣ ਦੇ ਨਾਲ ਹੀ ਪੇਂਡੂ ਪਹੁੰਚ ਪ੍ਰੋਗਰਾਮਾਂ ਰਾਹੀਂ ਜਾਗਰੂਕਤਾ ਵਧਾਉਣ ਨਾਲ ਕਰਜ਼ਿਆਂ ਤੱਕ ਪਹੁੰਚ ਨਾਲ ਸੁਧਾਰ ਹੋਵੇਗਾ। ਇਸ ਯੋਜਨਾ ਦੇ ਵਿਸਥਾਰ ਲਈ ਠੇਕੇ ’ਤੇ ਜ਼ਮੀਨ ਲੈਣ ਵਾਲੇ ਕਿਸਾਨਾਂ, ਖੇਤੀ ਮਜ਼ਦੂਰਾਂ ਤੇ ਬਟਾਈਦਾਰਾਂ ਨੂੰ ਸ਼ਾਮਿਲ ਕਰਨ ਨਾਲ ਖੇਤੀਬਾੜੀ ’ਚ ਵਿੱਤੀ ਸ਼ਮੂਲੀਅਤ ਨੂੰ ਉਤਸ਼ਾਹਿਤ ਕੀਤਾ ਜਾ ਸਕਦਾ ਹੈ।

5. ਛੋਟੇ ਕਿਸਾਨਾਂ ਲਈ ਪੈਨਸ਼ਨ ਸਕੀਮ ਸ਼ੁਰੂ ਕਰੋ-ਭਾਰਤ ਦੇ ਕਿਸਾਨਾਂ ਕੋਲ ਮਜ਼ਬੂਤ ਸਮਾਜਿਕ ਸੁਰੱਖਿਆ ਛੱਤਰੀ ਦੀ ਘਾਟ ਹੈ। ਦੋ ਹੈਕਟੇਅਰ ਤੱਕ ਜ਼ਮੀਨ ਵਾਲੇ 60 ਸਾਲ ਤੋਂ ਵੱਧ ਉਮਰ ਦੇ ਛੋਟੇ ਤੇ ਅਤਿ ਛੋਟੇ ਕਿਸਾਨਾਂ ਲਈ ਪ੍ਰਤੀ ਮਹੀਨਾ 3,000 ਰੁਪਏ ਦੀ ਗੈਰ-ਯੋਗਦਾਨ (ਨਾਨ-ਕੰਟਰੀਬਿਊਟਰੀ) ਪੈਨਸ਼ਨ ਬਹੁਤ ਜ਼ਰੂਰੀ ਵਿੱਤੀ ਸੁਰੱਖਿਆ ਪ੍ਰਦਾਨ ਕਰ ਸਕਦੀ ਹੈ। ਸੂਬਾ ਸਰਕਾਰਾਂ ਦੇ ਯੋਗਦਾਨ ਨਾਲ ਇਸ ਸਕੀਮ ਨੂੰ ਹੋਰ ਹੁਲਾਰਾ ਮਿਲ ਸਕਦਾ ਹੈ। ਅਜਿਹੀ ਪੈਨਸ਼ਨ ਪ੍ਰਣਾਲੀ ਨੂੰ ਲਾਗੂ ਕਰਨ ਨਾਲ ਬਜ਼ੁਰਗ ਕਿਸਾਨਾਂ ਦੀ ਗਰੀਬੀ ਦੂਰ ਹੋਵੇਗੀ ਅਤੇ ਉਨ੍ਹਾਂ ਦੀ ਪਰਿਵਾਰਕ ਸਹਾਇਤਾ ’ਤੇ ਨਿਰਭਰਤਾ ਘੱਟ ਸਕਦੀ ਹੈ।

# ਸਿਆਸਤ ਉੱਪਰ ਡੇਰਿਆਂ ਦਾ ਪ੍ਰਭਾਵ ਕਿਉਂ ?

ਹਰਬੰਸ ਸਿੰਘ ਬਠਿੰਡਾ

ਅਸੀਂ ਜਦੋਂ ਵੀ ਡੇਰਿਆਂ ਦੀ ਗੱਲ ਕਰਨੀ ਸ਼ੁਰੂ ਕਰਦੇ ਹਾਂ ਤਾਂ ਕਈ ਤਰ੍ਹਾਂ ਦੇ ਸਵਾਲ ਸਾਡੇ ਸਾਹਮਣੇ ਆ ਕੇ ਖੜ੍ਹੇ ਹੋ ਜਾਂਦੇ ਹਨ। ਜਿਵੇਂ ਕਿ ਡੇਰਿਆਂ ਦੀ ਹੋਂਦ ਦੇ ਕਾਰਨ ਕੀ ਹਨ ? ਡੇਰਿਆਂ ਦਾ ਲੋਕਾਂ ਉੱਤੇ ਪ੍ਰਭਾਵ ਕੀ ਹੈ ? ਕੀ ਡੇਰੇ ਲੋਕਪੱਖੀ ਕੰਮ ਕਰਦੇ ਹਨ ? ਆਮ ਲੋਕਾਂ ਨੂੰ ਡੇਰੇ ਕਿੰਨਾ ਕੁ ਪ੍ਰਭਾਵਿਤ ਕਰਦੇ ਹਨ ? ਧਰਮ ਦਾ ਡੇਰਿਆਂ ਨਾਲ ਕੀ ਸੰਬੰਧ ਹੈ ? ਡੇਰਿਆਂ ਦੇ ਪ੍ਰਫੁਲਿਤ ਹੋਣ ਦੇ ਕਾਰਨ ਕੀ ਹਨ ? ਹੋਰ ਵੀ ਬਹੁਤ ਸਾਰੇ ਸਵਾਲ ਹਨ, ਜਿਨ੍ਹਾਂ ਬਾਰੇ ਸਾਨੂੰ ਸਾਰਿਆਂ ਨੂੰ ਡੂੰਘਾਈ ਨਾਲ ਵਿਚਾਰ ਕਰਨੀ ਚਾਹੀਦੀ ਹੈ। ਜੇਕਰ ਅਸੀਂ ਪੰਜਾਬ ਦੀ ਗੱਲ ਕਰੀਏ ਤਾਂ ਸਾਨੂੰ ਪਤਾ ਲਗਦਾ ਹੈ ਕਿ ਇੱਥੇ ਪੰਜ ਸੱਤ ਪਿੰਡਾਂ ਮਗਰ ਕੋਈ ਨਾ ਕੋਈ ਛੋਟਾ ਵੱਡਾ ਡੇਰਾ ਲੋਕਾਂ ਦੀ ਸ਼ਰਧਾ ਦਾ ਕੇਂਦਰ ਜ਼ਰੂਰ ਬਣਿਆ ਹੋਇਆ ਹੈ। ਧਾਗੇ ਤਵੀਤ ਕਰਨ ਵਾਲੇ ਛੋਟੇ-ਛੋਟੇ ਡੇਰਿਆਂ ਤੋਂ ਲੈ ਕੇ ਲੱਖਾਂ ਦੀ ਗਿਣਤੀ ਵਿੱਚ ਸ਼ਰਧਾਲੂਆਂ ਦਾ ਵੱਡਾ ਇਕੱਠ ਕਰਨ ਵਾਲੇ ਇਹਨਾਂ ਡੇਰਿਆਂ ਦੀ ਗਿਣਤੀ ਹਜ਼ਾਰਾਂ ਵਿੱਚ ਵੀ ਹੋਵੇ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਆਮ ਲੋਕਾਂ ਦਾ ਇਹਨਾਂ ਡੇਰਿਆਂ ਉੱਤੇ ਜਾਣ ਦਾ ਮੁੱਖ ਕਾਰਨ ਮਾਨਸਿਕ ਤੌਰ ’ਤੇ ਕਮਜ਼ੋਰ ਹੋਣਾ ਹੀ ਮੰਨਿਆ ਜਾ ਸਕਦਾ ਹੈ। ਇਹਨਾਂ ਡੇਰਿਆਂ ’ਤੇ ਅਨਪੜ੍ਹ ਤੋਂ ਲੈ ਕੇ ਉੱਚ ਸਿੱਖਿਅਤ ਲੋਕ ਅਤੇ ਗਰੀਬ ਤੋਂ ਲੈਕੇ ਬਹੁਤ ਅਮੀਰ ਤਕ ਸਾਰੇ ਤਰ੍ਹਾਂ ਦੇ ਲੋਕ ਹੀ ਜਾਂਦੇ ਹਨ। ਲਗਾਤਾਰ ਜਾਣ ਨਾਲ ਲੋਕਾਂ ਦੀ ਆਸਥਾ ਡੇਰੇ ਦੇ ਮੁਖੀ ਉੱਤੇ ਰੱਬ ਦੀ ਤਰ੍ਹਾਂ ਪੱਕੀ ਹੋ ਜਾਂਦੀ ਹੈ। ਪਸ਼ੂ ਬਿਮਾਰ ਹੋਵੇ ਜਾਂ ਫ਼ਿਰ ਜਵਾਕ ਬਿਮਾਰ ਹੋਵੇ, ਔਰਤਾਂ ਨੂੰ ਇਹਨਾਂ ਡੇਰੇ ਵਾਲਿਆਂ ਬਾਬਿਆਂ ’ਤੇ ਬਹੁਤ ਵਿਸ਼ਵਾਸ ਹੁੰਦਾ ਹੈ ਕਿ ਇਹਨਾਂ ਬਾਬਿਆਂ ਦੇ ਅਸ਼ੀਰਵਾਦ ਨਾਲ ਬਿਮਾਰੀ ਠੀਕ ਹੋ ਜਾਵੇਗੀ।

ਕਈ ਡੇਰੇ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਵੀ ਪ੍ਰੇਰਿਤ ਕਰਦੇ ਹਨ, ਇਸ ਗੱਲ ਦਾ ਵੀ ਆਮ ਲੋਕਾਂ ’ਤੇ ਕਾਫ਼ੀ ਪ੍ਰਭਾਵ ਪੈਂਦਾ ਹੈ। ਇਹਨਾਂ ਡੇਰਿਆਂ ਵਿੱਚੋਂ ਕਈਆਂ ਦਾ ਸੰਬੰਧ ਸਿੱਖ ਧਰਮ ਨਾਲ ਹੈ ਤੇ ਕਈਆਂ ਦਾ ਸੰਬੰਧ ਹਿੰਦੂ ਧਰਮ ਨਾਲ ਹੈ। ਕਈ ਡੇਰੇ ਆਪਣੀ ਵੱਖਰੀ ਪਛਾਣ ਰੱਖਦੇ ਹਨ ਤੇ ਉਹਨਾਂ ਦੇ ਪੈਰੋਕਾਰ ਆਪਣੇ-ਆਪਣੇ ਧਰਮ ਨੂੰ ਮੰਨਦੇ ਹੋਏ ਵੀ ਇਹਨਾਂ ਡੇਰਿਆਂ ਦੇ ਪੱਕੇ ਸ਼ਰਧਾਲੂ ਬਣੇ ਹੋਏ ਹਨ। ਪੰਜਾਬ ਦੇ ਲੋਕਾਂ ’ਤੇ ਵੱਧ ਪ੍ਰਭਾਵ ਰੱਖਣ ਵਾਲੇ ਡੇਰਿਆਂ ਵਿੱਚੋਂ ਅਸੀਂ ਰਾਧਾ ਸੁਆਮੀ ਡੇਰਾ ਬਿਆਸ, ਨਿਰੰਕਾਰੀ ਮਿਸ਼ਨ, ਡੇਰਾ ਸੱਚਾ ਸੌਦਾ ਸਿਰਸਾ, ਨਾਨਕਸਰ ਠਾਠ ਨਾਲ ਸੰਬੰਧਿਤ ਕਈ ਸਾਰੇ ਡੇਰੇ, ਡੇਰਾ ਰੂਮੀ ਵਾਲਾ, ਨੂਰਮਹਿਲ ਵਾਲੇ ਆਸ਼ੂਤੋਸ਼ ਦਾ ਡੇਰਾ, ਡੇਰਾ ਸਚਖੰਡ ਬੱਲਾਂ ਵਾਲਿਆਂ ਦਾ ਵਿਸ਼ੇਸ਼ ਤੌਰ ’ਤੇ ਜ਼ਿਕਰ ਕਰ ਸਕਦੇ ਹਾਂ। ਜਦੋਂ ਵੀ ਚੋਣਾਂ ਦਾ ਮੌਸਮ ਆਉਂਦਾ ਹੈ ਤਾਂ ਇਹਨਾਂ ਡੇਰਿਆਂ ਉੱਤੇ ਰਾਜਸੀ ਆਗੂਆਂ ਦੇ ਗੇੜੇ ਵੱਜਣੇ ਸ਼ੁਰੂ ਹੋ ਜਾਂਦੇ ਹਨ। ਪੰਚਾਇਤੀ ਚੋਣਾਂ ਤੋਂ ਲੈ ਕੇ ਵਿਧਾਨ ਸਭਾ ਅਤੇ ਲੋਕ ਸਭਾ ਦੀਆਂ ਚੋਣਾਂ ਤੱਕ ਨੂੰ ਇਹ ਡੇਰੇ ਪ੍ਰਭਾਵਿਤ ਕਰਦੇ ਹਨ। ਡੇਰਿਆਂ ’ਤੇ ਵੱਡੀ ਗਿਣਤੀ ਵਿੱਚ ਆਉਣ ਵਾਲੇ ਸ਼ਰਧਾਲੂਆਂ ਦੀਆਂ ਵੋਟਾਂ ਕਿਸੇ ਵੀ ਉਮੀਦਵਾਰ ਦੀ ਜਿੱਤ ਜਾਂ ਹਾਰ ਦਾ ਕਾਰਨ ਬਣ ਸਕਦੀਆਂ ਹਨ। ਮੁੱਢ ਤੋਂ ਹੀ ਪੰਜਾਬ ਦੀਆਂ ਚੋਣਾਂ ਨੂੰ ਇਹ ਡੇਰੇ ਚੁੱਪ ਚਪੀਤੇ ਪ੍ਰਭਾਵਿਤ ਕਰਦੇ ਰਹੇ ਹਨ। ਆਮ ਤੌਰ ’ਤੇ ਇਹ ਮੰਨਿਆ ਜਾਂਦਾ ਹੈ ਕਿ ਇਹਨਾਂ ਡੇਰਿਆਂ ਨੂੰ ਕੇਂਦਰ ਦੇ ਵਿੱਚ ਲੰਮਾ ਸਮਾਂ ਰਾਜ ਕਰਨ ਵਾਲੀ ਰਾਜਨੀਤਕ ਪਾਰਟੀ ਕਾਂਗਰਸ ਵੱਲੋਂ ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਰਾਜਨੀਤਕ ਤੌਰ ’ਤੇ ਕਮਜ਼ੋਰ ਕਰਨ ਲਈ ਅੰਦਰੂਨੀ ਮਦਦ ਮਿਲਦੀ ਰਹੀ ਹੈ। ਸਿੱਖ ਧਰਮ ਨੂੰ ਮੰਨਣ ਵਾਲੇ ਬਹੁ-ਗਿਣਤੀ ਲੋਕ ਸ਼੍ਰੋਮਣੀ ਅਕਾਲੀ ਦਲ ਨੂੰ ਪੰਥਕ ਪਾਰਟੀ ਮੰਨ ਕੇ ਉਸਦੀ ਮਦਦ ਕਰਦੇ ਰਹੇ ਹਨ।ਡੇਰਿਆਂ ਵੱਲੋਂ 2007 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਦੇ ਵੀ ਸਾਹਮਣੇ ਆ ਕੇ ਐਲਾਨੀਆਂ ਕਿਸੇ ਵੀ ਰਾਜਸੀ ਧਿਰ ਦੀ ਮਦਦ ਨਹੀਂ ਕੀਤੀ ਗਈ ਸੀ। ਡੇਰਾ ਸੱਚਾ ਸੌਦਾ ਸਿਰਸਾ ਵੱਲੋਂ ਖੁੱਲ੍ਹੇ ਆਮ ਕਾਂਗਰਸ ਪਾਰਟੀ ਦੀ ਮਦਦ ਕੀਤੀ ਗਈ। ਡੇਰਾ ਪ੍ਰੇਮੀਆਂ ਦੀਆਂ ਵੋਟਾਂ ਇੱਕ ਪਾਸੜ ਜਾਣ ਕਰਕੇ ਅਕਾਲੀਆਂ ਦਾ ਗੜ੍ਹ ਮੰਨੇ ਜਾਂਦੇ ਮਾਲਵਾ ਖੇਤਰ ਵਿੱਚੋਂ ਕਾਂਗਰਸ ਨੂੰ ਵੱਡੀ ਜਿੱਤ ਹਾਸਲ ਹੋਈ ਸੀ ਭਾਵੇਂ ਕਿ ਮਾਝੇ ਅਤੇ ਦੁਆਬੇ ਦੇ ਲੋਕਾਂ ਨੇ ਅਕਾਲੀ ਭਾਜਪਾ ਗਠਜੋੜ ਦੀ ਸਰਕਾਰ ਬਣਾਉਣ ਦਾ ਫ਼ਤਵਾ ਦਿੱਤਾ ਤੇ ਇਹ ਸਰਕਾਰ ਲਗਾਤਾਰ ਦਸ ਸਾਲ ਚਲਦੀ ਰਹੀ। ਡੇਰਾ ਸਿਰਸਾ ਵੱਲੋਂ ਕਾਂਗਰਸ ਨੂੰ ਖੁੱਲ੍ਹੀ ਹਿਮਾਇਤ ਦੇਣ ਦੇ ਫ਼ੈਸਲੇ ਨੇ ਸਾਰੀਆਂ ਰਾਜਸੀ ਧਿਰਾਂ ਨੂੰ ਡੇਰਿਆਂ ਦੇ ਵਧ ਰਹੇ ਰਾਜਸੀ ਦਖਲ ਨੂੰ ਮਹਿਸੂਸ ਕਰਨ ਲਈ ਮਜਬੂਰ ਕਰ ਦਿੱਤਾ। ਸਾਰੀਆਂ ਰਾਜਸੀ ਧਿਰਾਂ ਦੇ ਵੱਡੇ ਆਗੂ ਇਹਨਾਂ ਡੇਰਿਆਂ ਦੇ ਸਮਾਗਮਾਂ ’ਤੇ ਜਾ ਕੇ ਹਾਜ਼ਰੀ ਲਵਾਉਣ ਨੂੰ ਤਰਜੀਹ ਦੇਣ ਲੱਗ ਪਏ। ਰਾਜਸੀ ਆਗੂਆਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਇਹਨਾਂ ਡੇਰਿਆਂ ਦੇ ਪ੍ਰਬੰਧਕਾਂ ਨਾਲ ਨੇੜਤਾ ਵਾਲੇ ਰਿਸ਼ਤੇ ਬਣਨੇ ਸ਼ੁਰੂ ਹੋ ਗਏ। ਰਾਜਨੀਤਕ ਫ਼ਾਇਦੇ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰਾਂ ਵੱਲੋਂ ਇਹਨਾਂ ਡੇਰਿਆਂ ਦੀ ਮੁਢਲੇ ਦਿਨਾਂ ਵਿੱਚ ਕੀਤੀ ਗਈ ਮਦਦ ਨਾਲ ਇਹ ਡੇਰੇ ਪ੍ਰਭਾਵਸ਼ਾਲੀ ਹੁੰਦੇ ਗਏ। ਡੇਰਿਆਂ ਦੇ ਸਮਾਗਮਾਂ ’ਤੇ ਜਾਣ ਵਾਲੇ ਸ਼ਰਧਾਲੂਆਂ ਨੂੰ ਆਮ ਤੌਰ ’ਤੇ ਪਰਮਾਤਮਾ ਦੇ ਨਾਲ ਜੋੜਨ ਦੀ ਸਿੱਖਿਆ ਹੀ ਦਿੱਤੀ ਜਾਂਦੀ ਹੈ। ਨਸ਼ੇ ਤੋਂ ਦੂਰ ਰਹਿਣ ਅਤੇ ਇਮਾਨਦਾਰੀ ਨਾਲ ਕੰਮ ਕਰਕੇ ਆਪਣੇ ਪਰਿਵਾਰ ਦੀ ਪਾਲਣਾ ਕਰਨ ਨੂੰ ਤਰਜੀਹ ਦੇਣ ਦੀ ਗੱਲ ਕੀਤੀ ਜਾਂਦੀ ਹੈ। ਡੇਰਿਆਂ ਦੇ ਪ੍ਰਬੰਧਕਾਂ ਵੱਲੋਂ ਰਾਜਨੀਤੀ ਨੂੰ ਪ੍ਰਭਾਵਿਤ ਕਰਨ ਵਾਲੀਆਂ ਗੱਲਾਂ ਦਾ ਆਮ ਤੌਰ ’ਤੇ ਭੋਲੇ ਭਾਲੇ ਸ਼ਰਧਾਲੂਆਂ ਨੂੰ ਕੋਈ ਪਤਾ ਨਹੀਂ ਹੁੰਦਾ।



ਚੋਣਾਂ ਤੋਂ ਬਾਅਦ ਸਰਕਾਰ ਬਣਾਉਣ ਵਾਲੀ ਰਾਜਸੀ ਧਿਰ ਵੱਲੋਂ ਵੋਟਾਂ ਸਮੇਂ ਵਿਰੋਧ ਕਰਨ ਵਾਲੇ ਡੇਰਿਆਂ ਦੇ ਪ੍ਰਬੰਧਕਾਂ ਨੂੰ ਕਈ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਜਦੋਂ ਵੀ ਚੋਣਾਂ ਆਉਂਦੀਆਂ ਨੇ ਤਾਂ ਇਸ ਮੌਕੇ ਡੇਰਾ ਸਿਰਸਾ ਦੇ ਮੁਖੀ ਨੂੰ ਹਰਿਆਣਾ ਦੀ ਭਾਜਪਾ ਸਰਕਾਰ ਦੀ ਸਿਫ਼ਾਰਸ਼ ’ਤੇ ਬਾਰ ਬਾਰ ਪੈਰੋਲ ਦੇਣ ਦੇ ਮਾਮਲੇ ਨੇ ਡੇਰਿਆਂ ਦੀ ਰਾਜਨੀਤਕ ਅਹਿਮੀਅਤ ਨੂੰ ਹੋਰ ਵੀ ਉਜਾਗਰ ਕਰ ਦਿੱਤਾ ਹੈ। ਰਾਜਨੀਤੀ ਕਰਨ ਵਾਲਿਆਂ ਨੂੰ ਵੋਟਾਂ ਦੀ ਲੋੜ ਹੁੰਦੀ ਹੈ ਤੇ ਡੇਰਿਆਂ ਦੇ ਪ੍ਰਬੰਧਕਾਂ ਨੂੰ ਸਰਕਾਰ ਨਾਲ ਨੇੜਤਾ ਦੀ। ਅੱਜ ਦੀ ਘੜੀ ਦੋਵੇਂ ਹੀ ਇੱਕ ਦੂਜੇ ਦੇ ਪੂਰਕ ਬਣੇ ਹੋਏ ਹਨ, ਅਰਥਾਤ ਦੋਵੇਂ ਹੀ ਕਿਸੇ ਨਾ ਕਿਸੇ ਰੂਪ ਵਿੱਚ ਇੱਕ ਦੂਜੇ ਦੇ ਪੂਰਕ ਅਤੇ ਗੁਲਾਮ ਹਨ। ਵੋਟਾਂ ਪੈਣ ਤੋਂ ਪਹਿਲਾਂ ਸਿਆਸਤ ਡੇਰਿਆਂ ਦੀ ਗੁਲਾਮ ਹੁੰਦੀ ਹੈ ਤੇ ਸਰਕਾਰ ਬਣਨ ਤੋਂ ਬਾਅਦ ਡੇਰੇ ਸਿਆਸਤ ਦੇ ਗੁਲਾਮ ਹੋ ਜਾਂਦੇ ਹਨ।ਸਾਡੇ ਦੇਸ਼ ਵਿੱਚ ਧਾਰਮਿਕ ਆਸਥਾ ਅਤੇ ਜਾਤ ਦੇ ਅਸਰ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਮਨੁੱਖ ਦੀ ਫ਼ਿਤਰਤ ਹੈ ਕਿ ਉਹ ਰਾਜਸੱਤਾ ਦੇ ਨਾਲ ਨੇੜਲੇ ਸੰਬੰਧ ਬਣਾਕੇ ਸੁਰੱਖਿਅਤ ਮਹਿਸੂਸ ਕਰਦਾ ਹੈ। ਜਿਵੇਂ ਜਿਵੇਂ ਡੇਰਿਆਂ ਦੀ ਜਾਇਦਾਦ ਵਿੱਚ ਵਾਧਾ ਹੋਣ ਲਗਦਾ ਹੈ, ਤਿਵੇਂ ਤਿਵੇਂ ਡੇਰੇ ਦੇ ਮੁਖੀ ਨੂੰ ਜਾਂ ਫ਼ਿਰ ਪ੍ਰਬੰਧਕਾਂ ਨੂੰ ਸਰਕਾਰ ਨਾਲ ਨੇੜਤਾ ਦੀ ਲੋੜ ਹੋਰ ਵੱਧ ਮਹਿਸੂਸ ਹੋਣ ਲੱਗ ਪੈਂਦੀ ਹੈ। ਦੌਲਤ ਅਤੇ ਸ਼ੋਹਰਤ ਦਾ ਨਸ਼ਾ ਸਿਆਣੇ ਤੋਂ ਸਿਆਣੇ ਮਨੁੱਖ ਤੋਂ ਵੀ ਗਲਤੀਆਂ ਕਰਵਾ ਦਿੰਦਾ ਹੈ। ਗਲਤੀਆਂ ਹੋ ਜਾਣ ਨਾਲ ਮਨੁੱਖ ਦੇ ਅੰਦਰ ਡਰ ਪੈਦਾ ਹੋ ਜਾਂਦਾ ਹੈ। ਰਾਜਨੀਤਕ ਪਾਰਟੀਆਂ ਇਸ ਤਰ੍ਹਾਂ ਦੇ ਡਰ ਉੱਤੇ ਤਿੱਖੀ ਨਜ਼ਰ ਰੱਖਦੀਆਂ ਹਨ। ਰਾਜਸੀ ਆਗੂ ਡੇਰੇ ਦੇ ਮੁਖੀ ਜਾਂ ਪ੍ਰਬੰਧਕਾਂ ਨੂੰ ਇਸ ਤਰ੍ਹਾਂ ਦੀਆਂ ਗਲਤੀਆਂ ਕਰਕੇ ਹੀ ਰਾਜਸੱਤਾ ਦੀ ਗੁਲਾਮੀ ਕਰਨ ਲਈ ਮਜਬੂਰ ਕਰਦੇ ਹਨ। ਡੇਰਿਆਂ ਦੇ ਪ੍ਰਬੰਧਕਾਂ ਦੀ ਗੁੱਟਬੰਦੀ ਵੀ ਰਾਜਸੀ ਲੋਕਾਂ ਨੂੰ ਜ਼ਿਆਦਾ ਦਖਲ ਦੇਣ ਲਈ ਉਤਸ਼ਾਹਿਤ ਕਰਦੀ ਹੈ। ਜਿਹੜੇ ਡੇਰੇ ਦੇ ਮੁਖੀ ਕੋਲ ਵੱਡੇ ਰਾਜਸੀ ਆਗੂ ਅਤੇ ਵੱਡੇ ਪ੍ਰਸ਼ਾਸਨਿਕ ਅਧਿਕਾਰੀ ਵੱਡੀ ਗਿਣਤੀ ਵਿੱਚ ਆਉਣ ਲੱਗ ਜਾਂਦੇ ਹਨ, ਉਸ ਡੇਰੇ ’ਤੇ ਆਮ ਲੋਕਾਂ ਦੇ ਆਉਣ ਦੀ ਗਿਣਤੀ ਵੀ ਬਹੁਤ ਤੇਜ਼ੀ ਨਾਲ ਵਧ ਜਾਂਦੀ ਹੈ। ਆਮ ਲੋਕਾਂ ਨੂੰ ਤਾਂ ਇਹੀ ਲਗਦਾ ਹੈ ਕਿ ਸਿਆਸਤ ਕਰਨ ਵਾਲੇ ਵੱਡੇ ਵੱਡੇ ਆਗੂਆਂ ਨੂੰ ਵੀ ਬਾਬਿਆਂ ਕੋਲ ਆਕੇ ਨਤਮਸਤਕ ਹੋਣਾ ਪੈਂਦਾ ਹੈ, ਪਰ ਹਕੀਕਤ ਇਹ ਹੈ ਕਿ ਡੇਰਿਆਂ ਨੂੰ ਸਿਆਸਤ ਦੇ ਗੁਲਾਮ ਹੋ ਕੇ ਹੀ ਚੱਲਣਾ ਪੈਂਦਾ ਹੈ।

(ਬਾਕੀ ਸਫ਼ਾ 31 ’ਤੇ)

# ਅਮਰੀਕਾ ਦੇ ਨਵੇਂ ਰਾਸ਼ਟਰਪਤੀ ਟਰੰਪ ਤੋਂ ਉਮੀਦਾਂ ਤੇ ਚਿੰਤਾਵਾਂ

**ਸ਼ਿਵਕਾਂਤ ਸ਼ਰਮਾ**

ਅਮਰੀਕਾ ਦੇ 47ਵੇਂ ਅਤੇ ਸਭ ਤੋਂ ਬਜ਼ੁਰਗ ਰਾਸ਼ਟਰਪਤੀ ਬਣੇ ਡੋਨਾਲਡ ਟਰੰਪ ਦੀਆਂ ਨੀਤੀਆਂ ਨੂੰ ਲੈ ਕੇ ਭਾਰਤ ਸਮੇਤ ਪੂਰੇ ਸੰਸਾਰ ਵਿੱਚ ਉਤਸੁਕਤਾ ਅਤੇ ਖ਼ਦਸ਼ਿਆਂ ਵਾਲਾ ਮਾਹੌਲ ਹੈ। ਯੂਰਪੀ ਵਿਦੇਸ਼ ਸਬੰਧ ਪ੍ਰੀਸ਼ਦ ਨੇ ਆਕਸਫ਼ੋਰਡ ਯੂਨੀਵਰਸਿਟੀ ਨਾਲ 24 ਦੇਸ਼ਾਂ ਦੇ ਨਾਗਰਿਕਾਂ ਦਾ ਇੱਕ ਸਰਵੇਖਣ ਕਰਵਾਇਆ ਸੀ ਜਿਸ ਵਿੱਚ ਭਾਰਤ, ਚੀਨ, ਪੱਛਮੀ ਏਸ਼ੀਆ, ਬ੍ਰਾਜ਼ੀਲ, ਤੁਰਕੀ ਅਤੇ ਦੱਖਣੀ ਅਫ਼ਰੀਕਾ ਦੇ ਲੋਕਾਂ ਨੇ ਟਰੰਪ ਦੀ ਸੱਤਾ ਵਿੱਚ ਵਾਪਸੀ ਦਾ ਸਵਾਗਤ ਕੀਤਾ।

ਉਨ੍ਹਾਂ ਦਾ ਮੰਨਣਾ ਸੀ ਕਿ ਟਰੰਪ ਪ੍ਰਸ਼ਾਸਨ ਉਨ੍ਹਾਂ ਦੇ ਦੇਸ਼ਾਂ ਅਤੇ ਵਿਸ਼ਵ ਸ਼ਾਂਤੀ ਲਈ ਚੰਗਾ ਸਾਬਿਤ ਹੋਵੇਗਾ। ਟਰੰਪ ਦੀ ਸਭ ਤੋਂ ਵੱਧ ਮਕਬੂਲੀਅਤ ਭਾਰਤ ਵਿੱਚ ਦਿਸੀ ਜਿੱਥੇ 80 ਪ੍ਰਤੀਸ਼ਤ ਤੋਂ ਵੱਧ ਲੋਕਾਂ ਨੇ ਉਨ੍ਹਾਂ ਦੀ ਵਾਪਸੀ ਨੂੰ ਚੰਗਾ ਮੰਨਿਆ। ਇਸ ਦੇ ਉਲਟ ਯੂਰਪ, ਦੱਖਣੀ ਕੋਰੀਆ ਅਤੇ ਤਾਇਵਾਨ ਵਰਗੇ ਅਮਰੀਕਾ ਦੇ ਦੋਸਤ ਦੇਸ਼ਾਂ ਦੇ ਲੋਕਾਂ ਨੇ ਟਰੰਪ ਦੀ ਵਾਪਸੀ ’ਤੇ ਚਿੰਤਾ ਦਾ ਪ੍ਰਗਟਾਵਾ ਕੀਤਾ।

ਸਰਵੇਖਣ ਤੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਅਮਰੀਕਾ ਦੇ ਰਵਾਇਤੀ ਦੋਸਤ ਦੇਸ਼ਾਂ ਦੇ ਲੋਕ ਟਰੰਪ ਦੀਆਂ ਸਾਲਾਂ ਪੁਰਾਣੀਆਂ ਸੰਧੀਆਂ ਅਤੇ ਗੱਠਜੋੜਾਂ ਨੂੰ ਤਤਕਾਲੀ ਲਾਭ ਦੇ ਤਰਾਜ਼ੂ ’ਤੇ ਤੋਲ ਕੇ ਦੇਖਣ ਦੀ ਨੀਤੀ ਨੂੰ ਨਾਪਸੰਦ ਕਰਦੇ ਹਨ। ਆਪਣੇ ਪਿਛਲੇ ਕਾਰਜਕਾਲ ਵਿੱਚ ਉਹ ਨਾਟੋ ਗੱਠਜੋੜ, ਦੱਖਣੀ ਕੋਰੀਆ, ਜਾਪਾਨ ਅਤੇ ਤਾਇਵਾਨ ਦੀ ਸੁਰੱਖਿਆ ਨੂੰ ਲੈ ਕੇ ਸੰਯੁਕਤ ਰਾਸ਼ਟਰ ਦੀਆਂ ਵੱਖ-ਵੱਖ ਸੰਸਥਾਵਾਂ ਵਿੱਚ ਦੂਜੇ ਮੁਲਕਾਂ ਦੀ ਤੁਲਨਾ ਵਿੱਚ ਅਮਰੀਕਾ ਦੇ ਵੱਡੇ ਯੋਗਦਾਨ ਦੀ ਉਪਯੋਗਿਤਾ ’ਤੇ ਸਵਾਲ ਉਠਾ ਚੁੱਕੇ ਹਨ। ਟਰੰਪ ਅਮਰੀਕਾ ਦੀ ਬਾਜ਼ਾਰ ਤਾਕਤ ਨੂੰ ਵਪਾਰਕ ਅਤੇ ਰੱਖਿਆ ਸਬੰਧੀ ਸੌਦੇਬਾਜ਼ੀ ਦਾ ਸਭ ਤੋਂ ਵੱਡਾ ਹਥਿਆਰ ਮੰਨਦੇ ਹਨ ਅਤੇ ਕਸਟਮ ਡਿਊਟੀ ਲਗਾਉਣ ਦੀਆਂ ਧਮਕੀਆਂ ਦਿੰਦੇ ਰਹਿੰਦੇ ਹਨ।

ਉਨ੍ਹਾਂ ਦੇ ਮਿੱਤਰ ਤੇ ਦੁਸ਼ਮਣ ਦੇਸ਼ਾਂ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਉਨ੍ਹਾਂ ਦਾ ਨਾਟਕੀ ਤਰੀਕੇ ਨਾਲ ਬਦਲਦਾ ਰੌਂਅ ਹੈ ਜੋ ਨੀਤੀ ਘਾੜਿਆਂ ਲਈ ਬਹੁਤ ਵੱਡਾ ਜੋਖ਼ਮ ਹੈ। ਇਨ੍ਹਾਂ ਵਿੱਚ ਹੁਣ ਉਨ੍ਹਾਂ ਨੇ ਕੁਝ ਹੋਰ ਨਵੀਆਂ ਚੁਣੌਤੀਆਂ ਜੋੜ ਦਿੱਤੀਆਂ ਹਨ। ਅਮਰੀਕਾ ਦਾ ਵਫ਼ਾਦਾਰ ਨਾਟੋ ਮਿੱਤਰ ਡੈਨਮਾਰਕ ਇਸ ਤੋਂ ਪਰੇਸ਼ਾਨ ਹੈ ਕਿ ਉਹ ਉਸ ਦੇ ਉੱਤਰ ਧਰੁਵੀ ਟਾਪੂ ਗ੍ਰੀਨਲੈਂਡ ਨੂੰ ਖ਼ਰੀਦਣਾ ਚਾਹੁੰਦੇ ਹਨ। ਗੁਆਂਢੀ ਕੈਨੇਡਾ ਇਸ ਤੋਂ ਫ਼ਿਕਰਮੰਦ ਹੈ ਕਿ ਉਹ ਉਨ੍ਹਾਂ ਦੀਆਂ ਸ਼ਰਤਾਂ ਨਾ ਮੰਨਣ ’ਤੇ ਉਸ ਨੂੰ ਅਮਰੀਕਾ ਦਾ 51ਵਾਂ ਸੂਬਾ ਬਣਨ ’ਤੇ ਮਜਬੂਰ ਕਰਨ ਦੀ ਗੱਲ ਕਰ ਰਹੇ ਹਨ।

ਮੱਧ ਅਮਰੀਕੀ ਦੇਸ਼ ਪਨਾਮਾ ਇਸ ਨੂੰ ਲੈ ਕੇ ਡਰਿਆ ਹੋਇਆ ਹੈ ਕਿ ਚੀਨੀ ਖ਼ਤਰੇ ਦੀ ਦਲੀ ਦੇ ਕੇ ਉਹ ਪਨਾਮਾ ਨਹਿਰ ਖੋਹਣਾ ਚਾਹੁੰਦੇ ਹਨ ਜੋ ਉਸ ਦੇਸ਼ ਦੀ ਆਮਦਨ ਦਾ ਪ੍ਰਮੁੱਖ ਸਰੋਤ ਹੈ। ਟਰੰਪ ਦੇ ਅਰਬਪਤੀ ਮਿੱਤਰ ਐਲਨ ਮਸਕ ਨੇ ਤਾਂ ਯੂਰਪ ਵਿੱਚ ਸਮਾਜਵਾਦੀ ਰਾਜਨੀਤੀ ਦੇ ਸਫ਼ਾਏ ਲਈ ਬਰਤਾਨੀਆ ਅਤੇ ਜਰਮਨੀ ਵਰਗੇ ਦੇਸ਼ਾਂ ਵਿੱਚ ਅੱਤ ਦੀਆਂ ਦੱਖਣਪੰਥੀਆਂ ਪਾਰਟੀਆਂ ਨੂੰ ਧਨ ਤੋਂ ਲੈ ਕੇ ਮੀਡੀਆ ਦਾ ਸਮਰਥਨ ਦੇਣਾ ਸ਼ੁਰੂ ਕਰ ਦਿੱਤਾ ਹੈ। ਜਾਪਾਨ, ਦੱਖਣੀ ਕੋਰੀਆ ਅਤੇ ਤਾਇਵਾਨ ਇਸ ਸ਼ਸ਼ੋਪੰਜ ਵਿੱਚ ਹਨ ਕਿ ਉਨ੍ਹਾਂ ਦੀ ਸੁਰੱਖਿਆ ਦੀ ਪਤਾ ਨਹੀਂ ਕਦ ਅਤੇ ਕਿੰਨੀ ਕੀਮਤ ਮੰਗੀ ਜਾਵੇਗੀ।

ਉਸ ਨੂੰ ਦੇਣ ’ਤੇ ਵੀ ਟਰੰਪ ਚੀਨ ਨਾਲ ਕਦੋਂ ਅਤੇ ਕੀ ਸੌਦਾ ਕਰ ਲੈਣ, ਇਸ ਦੀ ਕੋਈ ਗਾਰੰਟੀ ਨਹੀਂ ਹੈ। ਅਜਿਹੀਆਂ ਚੁਣੌਤੀਆਂ ਭਾਰਤ ਦੇ ਅੱਗੇ ਵੀ ਹਨ। ਭਾਵੇਂ ਰਾਸ਼ਟਰਪਤੀ ਟਰੰਪ ਚੀਨ ਨੂੰ ਅਮਰੀਕਾ ਦੀ ਸਭ ਤੋਂ ਵੱਡੀ ਆਰਥਿਕ ਅਤੇ ਰੱਖਿਆ ਸਬੰਧੀ ਚੁਣੌਤੀ ਦੇ ਰੂਪ ਵਿੱਚ ਦੇਖਦੇ ਹਨ। ਇਸ ਲਈ ਉਨ੍ਹਾਂ ਨੇ ਆਪਣੇ ਪ੍ਰਸ਼ਾਸਨ ਵਿੱਚ ਫ਼ਲੋਰੀਡਾ ਦੇ ਚੀਨ ਵਿਰੋਧੀ ਸੈਨੇਟਰ ਮਾਰਕੋ ਰੂਬੀਓ ਨੂੰ ਵਿਦੇਸ਼ ਮੰਤਰੀ ਅਤੇ ਦੂਜੇ ਚੀਨ ਵਿਰੋਧੀ ਸੈਨੇਟਰ ਮਾਈਕਲ ਵਾਲਟਸ ਨੂੰ ਰਾਸ਼ਟਰੀ ਸੁਰੱਖਿਆ ਸਲਾਹਕਾਰ ਬਣਾਇਆ ਹੈ। ਸੰਜੋਗ ਨਾਲ ਇਹ ਦੋਵੇਂ ਭਾਰਤ ਸਮਰਥਕ ਰਹੇ ਹਨ। ਰੂਬੀਓ ਨੇ ਭਾਰਤ ਅਮਰੀਕਾ ਫ਼ੌਜੀ-ਰਣਨੀਤੀ ਦੇ ਸਮਝੌਤੇ ਦਾ ਪ੍ਰਸਤਾਵ ਸਦਨ ਵਿੱਚ ਰੱਖਿਆ ਸੀ ਅਤੇ ਵਾਲਟਸ ਭਾਰਤ ਕਾਕਸ ਦੇ ਮੁਖੀ ਰਹਿ ਚੁੱਕੇ ਹਨ।



ਇਸ ਲਈ ਨਵੇਂ ਟਰੰਪ ਪ੍ਰਸ਼ਾਸਨ ਤੋਂ ਇਹ ਉਮੀਦ ਕੀਤੀ ਜਾ ਸਕਦੀ ਹੈ ਕਿ ਉਹ ਭਾਰਤ ਨੂੰ ਹਿੰਦ ਪ੍ਰਸ਼ਾਂਤ ਖੇਤਰ ਵਿੱਚ ਆਪਣੀ ਰਣਨੀਤੀ ਦੀ ਧੁਰੀ ਬਣਾ ਕੇ ਚੱਲੇਗਾ ਅਤੇ ਚੀਨੀ ਚੜ੍ਹਤ ਦੀ ਕਾਟ ਵਿੱਚ ਭਾਰਤ ਦਾ ਸਹਿਯੋਗ ਕਰੇਗਾ। ਇਸ ਸਾਲ ਭਾਰਤ ਨੇ ਕਵਾਡ ਸਿਖਰ ਬੈਠਕ ਦੀ ਮੇਜ਼ਬਾਨੀ ਵੀ ਕਰਨੀ ਹੈ ਜਿਸ ਵਿੱਚ ਹਿੱਸਾ ਲੈਣ ਟਰੰਪ ਦੇ ਭਾਰਤ ਆਉਣ ਦੀ ਉਮੀਦ ਵੀ ਹੈ।


ਉਨ੍ਹਾਂ ਦਾ ਦੌਰਾ ਰਿਸ਼ਤਿਆਂ ਨੂੰ ਹੋਰ ਮਜ਼ਬੂਤ ਕਰਨ ਵਿੱਚ ਸਹਾਇਕ ਸਿੱਧ ਹੋ ਸਕਦਾ ਹੈ। ਭਾਰਤ ਤੇ ਦੂਜੇ ਏਸ਼ਿਆਈ ਮੁਲਕਾਂ ਵਿੱਚ ਟਰੰਪ ਦੀ ਲੋਕਪ੍ਰਿਅਤਾ ਦਾ ਇੱਕ ਕਾਰਨ ਨਿਰਣਾਇਕ ਫ਼ੈਸਲੇ ਲੈਣ ਦੀ ਉਨ੍ਹਾਂ ਦੀ ਬਿਰਤੀ ਵੀ ਹੋ ਸਕਦੀ ਹੈ। ਉਹ ਇਸਲਾਮੀ ਅੱਤਵਾਦ ਵਰਗੇ ਮੁੱਦਿਆਂ ’ਤੇ ਸਿੱਧ ਗੱਲ ਕਰਦੇ ਹਨ ਜਿਸ ਨਾਲ ਕਈ ਵਾਰ ਜਟਿਲ ਸਮੱਸਿਆਵਾਂ ਵੀ ਹੱਲ ਹੋ ਜਾਂਦੀਆਂ ਹਨ। ਗਾਜ਼ਾ ਵਿੱਚ ਸਵਾ ਸਾਲ ਦੀ ਜੰਗ ਮਗਰੋਂ ਹੋਈ ਜੰਗਬੰਦੀ ਉਸ ਦੀ ਇੱਕ ਮਿਸਾਲ ਹੈ। ਹਾਲਾਂਕਿ ਯੂਕ੍ਰੇਨ ਵਿੱਚ ਤਿੰਨ ਸਾਲ ਤੋਂ ਚੱਲ ਰਹੀ ਜੰਗ ਦਾ ਹੱਲ ਓਨਾ ਆਸਾਨ ਨਹੀਂ ਦਿਸਦਾ। ਫ਼ਿਰ ਵੀ ਜ਼ੇਲੈਂਸਕੀ ਅਤੇ ਪੁਤਿਨ ਦੇ ਹਾਲੀਆ ਬਿਆਨਾਂ ਨਾਲ ਗੱਲਬਾਤ ਸ਼ੁਰੂ ਕਰਨ ਦੀ ਇੱਛਾ ਦੇ ਸੰਕੇਤ ਮਿਲਣ ਲੱਗੇ ਹਨ। ਟਰੰਪ ਯੂਕ੍ਰੇਨ ਦੀ ਫ਼ੌਜੀ ਸਹਾਇਤਾ ਬੰਦ ਕਰਨਾ ਅਤੇ ਰੂਸ ਤੋਂ ਪਾਬੰਦੀਆਂ ਹਟਾਉਣਾ ਚਾਹੁੰਦੇ ਹਨ ਜਿਸ ਨਾਲ ਅਮਰੀਕਾ ਨੂੰ ਵਪਾਰਕ ਲਾਭ ਹੋ ਸਕੇ। ਹਾਲਾਂਕਿ ਇਹ ਉਦੋਂ ਹੀ ਸੰਭਵ ਹੈ ਜਦ ਰੂਸ ਤੋਂ ਜਿੱਤਿਆ ਹੋਇਆ ਇਲਾਕਾ ਵਾਪਸ ਨਾ ਮੰਗਿਆ ਜਾਵੇ। ਅਜਿਹਾ ਕਰਨਾ ਹਮਲਾਵਰ ਨੂੰ ਇਨਾਮ ਦੇਣ ਵਰਗਾ ਹੋਵੇਗਾ। ਹਕੀਕਤ ਇਹ ਹੈ ਕਿ ਅਮਰੀਕਾ ਦੀ ਫ਼ੌਜੀ ਮਦਦ ਤੋਂ ਬਿਨਾਂ ਯੂਕ੍ਰੇਨ ਅਤੇ ਨਾਟੋ ਵਿੱਚ ਟਿਕ ਸਕਣਾ ਦਮ ਨਹੀਂ ਅਤੇ ਟਰੰਪ ਅਮਰੀਕਾ ਨੂੰ ਦੂਜਿਆਂ ਦੀਆਂ ਜੰਗਾਂ ਵਿੱਚ ਉਲਝਾਈ ਰੱਖਣ ਦੇ ਮੂਡ ਵਿੱਚ ਨਹੀਂ ਹਨ।

ਇਹ ਵੱਖਰੀ ਗੱਲ ਹੈ ਕਿ ਉਹ ਗ੍ਰੀਨਲੈਂਡ ਅਤੇ ਪਨਾਮਾ ਨਹਿਰ ਨੂੰ ਆਪਣੀ ਧੌਂਸ ਦਿਖਾ ਕੇ ਹਾਸਲ ਕਰਨਾ ਚਾਹੁੰਦੇ ਹਨ। ਦੂਜੇ ਪਾਸੇ, ਉਨ੍ਹਾਂ ਦੀ ਆਰਥਿਕ ਧਾਕੜਪੁਣੇ ਵਾਲੀ ਨੀਤੀ ਦੁਨੀਆਂ ਅੱਗੇ ਵੱਡੀ ਚੁਣੌਤੀ ਖੜ੍ਹੀ ਕਰ ਸਕਦੀ ਹੈ। ਚੀਨੀ ਦਰਾਮਦਾਂ ’ਤੇ 60 ਪ੍ਰਤੀਸ਼ਤ ਅਤੇ ਬਾਕੀ ਦੇਸ਼ਾਂ ਦੀਆਂ ਦਰਾਮਦਾਂ ’ਤੇ 10 ਫ਼ੀਸਦੀ ਸੰਭਾਵੀ ਡਿਊਟੀ ਨਾਲ ਅਮਰੀਕਾ ਵਿੱਚ ਵੀ ਮਹਿੰਗਾਈ ਵਧੇਗੀ। ਅਮਰੀਕੀ ਕੇਂਦਰੀ ਬੈਂਕ ਨੂੰ ਵਿਆਜ ਦਰਾਂ ਘਟਾਉਣ ਵਿੱਚ ਦੇਰੀ ਕਰਨੀ ਮਹਿੰਗੀ ਪਵੇਗੀ ਜਿਸ ਨਾਲ ਨਿਵੇਸ਼ ਘੱਟ ਹੋਵੇਗਾ। ਜਿਨ੍ਹਾਂ ਦੇਸ਼ਾਂ ਦੀਆਂ ਦਰਾਮਦਾਂ ’ਤੇ ਡਿਊਟੀ ਲੱਗੇਗੀ, ਉਨ੍ਹਾਂ ਨੇ ਜੇ ਜਵਾਬੀ ਕਾਰਵਾਈ ਵਿੱਚ ਅਮਰੀਕੀ ਚੀਜ਼ਾਂ ’ਤੇ ਡਿਊਟੀ ਲਗਾਉਣੀ ਸ਼ੁਰੂ ਕਰ ਦਿੱਤੀ ਤਾਂ ਵਪਾਰਕ ਜੰਗ ਸ਼ੁਰੂ ਹੋ ਜਾਵੇਗੀ।

ਇਸ ਨਾਲ ਆਲਮੀ ਅਰਥਚਾਰੇ ਵਿੱਚ ਮੰਦੀ ਦਾ ਖ਼ਦਸ਼ਾ ਵਧ ਜਾਵੇਗਾ ਜੋ ਪਹਿਲਾਂ ਤੋਂ ਹੀ ਸੁਸਤ ਚੱਲ ਰਿਹਾ ਹੈ। ਭਾਰਤੀ ਸ਼ੇਅਰ ਬਾਜ਼ਾਰ ਵਿੱਚ ਤਾਂ ਇਸ ਦੇ ਆਸਾਰ ਨਾਲ ਹੀ ਗਿਰਾਵਟ ਸ਼ੁਰੂ ਹੋ ਗਈ ਹੈ। ਪਰਵਾਸ ਨੂੰ ਨੱਥ ਪਾਉਣ ਦਾ ਤਾਂ ਖ਼ਾਸ ਅਸਰ ਭਾਰਤ ’ਤੇ ਸ਼ਾਇਦ ਨਾ ਹੋਵੇ ਕਿਉਂਕਿ ਭਾਰਤ ਤੋਂ ਜਾਣ ਵਾਲੇ ਗ਼ੈਰ-ਕਾਨੂੰਨੀ ਪਰਵਾਸੀਆਂ ਦੀ ਗਿਣਤੀ ਉਮੀਦ ਮੁਤਾਬਕ ਘੱਟ ਹੈ ਪਰ ਐੱਚ1ਬੀ ਵੀਜ਼ੇ ’ਤੇ ਜਾਣ ਵਾਲੇ ਪੇਸ਼ੇਵਰਾਂ ਅਤੇ ਪੜ੍ਹਨ ਜਾਣ ਵਾਲੇ ਵਿਦਿਆਰਥੀਆਂ ਦੇ ਵੀਜ਼ੇ ’ਤੇ ਖ਼ੁਦ ਟਰੰਪ ਤੇ ਉਨ੍ਹਾਂ ਦੇ ਸਲਾਹਕਾਰ ਮਸਕ, ਰਾਮਾਸਵਾਮੀ ਤੇ ਸ੍ਰੀਰਾਮ ਕ੍ਰਿਸ਼ਣਨ ਨੱਥ ਪਾਉਣ ਦੇ ਹਾਮੀ ਨਹੀਂ ਹਨ। ਇੱਕ ਅਜਿਹੇ ਸਮੇਂ ਜਦ ਭਾਰਤ ਨੂੰ ਆਪਣੀ ਵਿਕਾਸ ਦੀ ਰਫ਼ਤਾਰ ਬਣਾਈ ਰੱਖਣ ਲਈ ਜ਼ਿਆਦਾ ਤੋਂ ਜ਼ਿਆਦਾ ਮਾਲ ਵੇਚਣ ਅਤੇ ਨਿਵੇਸ਼ ਖਿੱਚਣ ਦੀ ਸਖ਼ਤ ਜ਼ਰੂਰਤ ਹੈ, ਉਸ ਸਮੇਂ ਇੰਪੋਰਟ ਡਿਊਟੀ ਅਤੇ ਵਪਾਰ ਜੰਗ ਦਾ ਖ਼ਤਰਾ ਗੰਭੀਰ ਚੁਣੌਤੀ ਖੜ੍ਹੀ ਕਰਦਾ ਹੈ।

ਭਾਵੇਂ ਅਮਰੀਕਾ ਨੂੰ ਨਵਾਂ ਸਦਰ ਮਿਲ ਗਿਆ ਹੈ ਪਰ ਟਰੰਪ ਜਿਸ ਤਰ੍ਹਾਂ ਦੇ ਸੁਭਾਅ ਦੇ ਮਾਲਕ ਹਨ, ਉਸ ਨੂੰ ਦੇਖਦੇ ਹੋਏ ਅਨੇਕ ਮੁਲਕਾਂ ਅੱਗੇ ਖ਼ਤਰੇ ਵੀ ਖੜ੍ਹੇ ਹੋ ਸਕਦੇ ਹਨ। ਚੀਨ ਤੇ ਰੂਸ ਨਾਲ ਟਰੰਪ ਕਿਹੋ ਜਿਹਾ ਵਤੀਰਾ ਕਰਦੇ ਹਨ, ਉਸ ’ਤੇ ਵੀ ਬਹੁਤ ਕੁਝ ਨਿਰਭਰ ਹੋਵੇਗਾ। ਭਾਵੇਂ ਪਿਛਲੇ ਕਾਰਜਕਾਲ ਦੌਰਾਨ ਟਰੰਪ ਨੇ ਭਾਰਤ ਨਾਲ ਹਰ ਪੱਖੋਂ ਵਧੀਆ ਸਬੰਧ ਤਾਮੀਰ ਕਰੀ ਰੱਖੇ ਸਨ ਪਰ ਇਸ ਵਾਰ ਉਹ ਬਦਲੇ-ਬਦਲੇ ਜਿਹੇ ਲੱਗ ਰਹੇ ਹਨ। ਉਨ੍ਹਾਂ ਨੇ ਬ੍ਰਿਕਸ ਦੇਸ਼ਾਂ ਨੂੰ ਧਮਕੀ ਦਿੱਤੀ ਹੈ ਕਿ ਜੇ ਉਨ੍ਹਾਂ ਨੇ ਡਾਲਰ ਦੀ ਥਾਂ ਕਿਸੇ ਹੋਰ ਮੁਦਰਾ ਨਾਲ ਵਪਾਰ ਦਾ ਫ਼ੈਸਲਾ ਕੀਤਾ ਤਾਂ ਉਹ ਉਨ੍ਹਾਂ ਦੇ ਸਾਮਾਨ ’ਤੇ ਅਮਰੀਕਾ ਵਿੱਚ ਬਹੁਤ ਜ਼ਿਆਦਾ ਟੈਕਸ ਲਗਾ ਦੇਣਗੇ। ਬ੍ਰਿਕਸ ਦਾ ਮੈਂਬਰ ਭਾਰਤ ਵੀ ਹੈ। ਇਸ ਲਈ ਟਰੰਪ ਦਾ ਉਕਤ ਬਿਆਨ ਉਸ ਦੀ ਚਿੰਤਾ ਵੀ ਵਧਾਉਂਦਾ ਪ੍ਰਤੀਤ ਹੋ ਰਿਹਾ ਹੈ।

# ਭਾਰਤੀ ਮੀਡੀਆ ਵੱਲੋਂ ਨਿੱਝਰ ਮਾਮਲੇ ’ਚ .ਗਲਤ ਪ੍ਰਚਾਰ



**ਕੁੱਕੀ ਗਿੱਲ**

ਭਾਰਤੀ ਸਮਾਚਾਰ ਆਊਟਲੈਟਸ ਨੇ ਪਿਛਲੇ ਵੀਰਵਾਰ ਨੂੰ ਝੂਠੀ ਖ਼ਬਰ ਦਿੱਤੀ ਸੀ ਕਿ ਬੀ.ਸੀ. ਸਿੱਖ ਗੁਰਦੁਆਰੇ ਦੇ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਦੋਸ਼ੀ ਨੂੰ ਛੱਡ ਦਿੱਤਾ ਗਿਆ ਹੈ। ਹਾਲਾਂਕਿ ਹੱਤਿਆ ਦੇ ਦੋਸ਼ ਵਿੱਚ ਚਾਰ ਭਾਰਤੀ ਨਾਗਰਿਕ ਪ੍ਰੀ-ਟਰਾਇਲ ਹਿਰਾਸਤ ਵਿੱਚ ਹਨ, ਪਰ ਦਰਜਨਾਂ ਭਾਰਤੀ ਮੀਡੀਆ ਆਊਟਲੈਟਾਂ ਨੇ ਗਲਤ ਤਰੀਕੇ ਨਾਲ ਰਿਪੋਰਟ ਕੀਤੀ ਕਿ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ ਸੀ।

ਗਲੋਬਲ ਨਿਊਜ਼ ਨੇ ਪੁਸ਼ਟੀ ਕੀਤੀ ਹੈ ਕਿ ਉਨ੍ਹਾਂ ਖਬਰਾਂ ਵਿੱਚ ਕੋਈ ਸੱਚਾਈ ਨਹੀਂ ਹੈ, ਜੋ ਕੈਨੇਡਾ ਬਾਰੇ ਭਾਰਤੀ ਗਲਤ ਜਾਣਕਾਰੀ ਵਿਚਕਾਰ ਆ ਰਹੀਆਂ ਸਨ। ਸੀਪੀਐਲ ਅਰਸ਼ ਸਈਦ, ਬੀ.ਸੀ. ਵਿੱਚ ਇੱਕ ਆਰ.ਸੀ.ਐਮ.ਪੀ. ਦੇ ਬੁਲਾਰੇ ਨੇ ਦੱਸਿਆ, ਹਾਂ, ਸਾਰੇ ਸ਼ੱਕੀ ਅਜੇ ਵੀ ਹਿਰਾਸਤ ਵਿੱਚ ਹਨ ਕਿਉਂਕਿ

ਮਾਮਲਾ ਸੁਪਰੀਮ ਕੋਰਟ ਵਿੱਚ ਚਲਾ ਗਿਆ ਹੈ। ਆਰ.ਸੀ.ਐਮ.ਪੀ. ਦੀ ਏਕੀਕ੍ਰਿਤ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਦੇ ਬੁਲਾਰੇ ਸਾਰਜੈਂਟ ਫ੍ਰੇਡਾ ਫੋਂਗ ਨੇ ਵੀ ਪੁਸ਼ਟੀ ਕੀਤੀ ਕਿ ਚਾਰੇ ਦੋਸ਼ੀ ਅਜੇ ਵੀ ਹਿਰਾਸਤ ਵਿੱਚ ਹਨ। ਬੀ.ਸੀ. ਸੁਪਰੀਮ ਕੋਰਟ ਨੇ ਕਿਹਾ ਕਿ ਸ਼ੱਕੀ ਨਜ਼ਰਬੰਦ ਹਨ ਅਤੇ ਉਨ੍ਹਾਂ ਨੂੰ 11 ਫਰਵਰੀ ਨੂੰ ਨਿਊ ਵੈਸਟਮਿੰਸਟਰ ਕੋਰਟ ਹਾਊਸ ਵਿੱਚ ਪੇਸ਼ ਕੀਤਾ ਜਾਣਾ ਹੈ। ਪਰ ਇੰਡੀਆ ਟੂਡੇ, ਟਾਈਮਜ਼ ਆਫ਼ ਇੰਡੀਆ, ਹਿੰਦੁਸਤਾਨ ਟਾਈਮਜ਼ ਅਤੇ ਹੋਰ ਬਹੁਤ ਸਾਰੇ ਪ੍ਰਮੁੱਖ ਭਾਰਤੀ ਸਮਾਚਾਰ ਸਰੋਤ ਉਨ੍ਹਾਂ ਲੋਕਾਂ ਵਿੱਚ ਸ਼ਾਮਲ ਸਨ ਜੋ ਦਾਅਵਾ ਕਰਦੇ ਹਨ ਕਿ ਕਥਿਤ ਕਾਤਲ ਹੁਣ ਹਿਰਾਸਤ ਵਿੱਚ ਨਹੀਂ ਹਨ। ਇਸ ਦੇ

ਯੂਟਿਊਬ ਚੈਨਲ ’ਤੇ ਇੱਕ ਵੀਡੀਓ ’ਤੇ, ਜਿਸ ਦੇ ਲਗਭਗ 10 ਮਿਲੀਅਨ ਫੋਲੋਅਰ ਹਨ, ਇੰਡੀਆ ਟੂਡੇ ਨੇ ਸ਼ੱਕੀਆਂ ਦੀ ਰਿਹਾਈ ਨੂੰ ਕੈਨੇਡਾ ਲਈ ਬਹੁਤ ਸ਼ਰਮਨਾਕ ਦੱਸਿਆ ਹੈ। ਇੰਡੀਆ ਟੂਡੇ ਦੁਆਰਾ ਜਾਂਚੇ ਗਏ ਅਦਾਲਤੀ ਦਸਤਾਵੇਜ਼ਾਂ ਤੋਂ ਪਤਾ ਚੱਲਦਾ ਹੈ ਕਿ ਸਾਰੇ ਚਾਰ ਬੰਦਿਆਂ ਨੂੰ ਰਿਹਾਅ ਕਰ ਦਿੱਤਾ

ਗਿਆ ਸੀ। ਇਸ ਦੇ ਐਕਸ ’ਤੇ 60 ਲੱਖ ਤੋਂ ਵੱਧ ਫਾਲੋਅਰ ਹਨ। ਹਿੰਦੁਸਤਾਨ ਟਾਈਮਜ਼ ਨੇ ਦੱਸਿਆ ਕਿ ਮੁਲਜ਼ਮਾਂ ਨੂੰ ਜਸਟਿਨ ਟਰੂਡੋ ਵੱਲੋਂ ਆਪਣੀ ਲੀਡਰਸ਼ਿਪ ਪ੍ਰਤੀ ਅਸੰਤੁਸ਼ਟੀ ਦੇ ਵਿਚਕਾਰ ਪ੍ਰਧਾਨ ਮੰਤਰੀ ਦਾ ਅਹੁਦਾ ਛੱਡਣ ਦਾ ਐਲਾਨ ਕਰਨ ਦੇ ਦਿਨਾਂ ਬਾਅਦ ਰਿਹਾਅ ਕੀਤਾ ਗਿਆ ਸੀ। ਕੁਝ ਰਿਪੋਰਟਾਂ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਸਰਕਾਰ ਦੀ ਬੇਨਤੀ ’ਤੇ ਦੋਸ਼ਾਂ ਨੂੰ ਸਟੇਅ ਕਰ ਦਿੱਤਾ ਗਿਆ ਸੀ, ਜਦੋਂ ਕਿ ਹੋਰਾਂ ਨੇ ਕਿਹਾ ਕਿ ਕੈਨੇਡਾ ਦੀ ਸੁਪਰੀਮ ਕੋਰਟ ਨੇ ਉਨ੍ਹਾਂ ਨੂੰ ਜ਼ਮਾਨਤ ਦਿੱਤੀ ਸੀ।

ਉਹਨਾਂ ਸਾਰਿਆਂ ਨੇ ਇਹ ਕਿਵੇਂ ਗਲਤ ਕੀਤਾ, ਇਹ ਅਸਪਸ਼ਟ ਹੈ, ਪਰ ਗਲਤੀ ਸੋਸ਼ਲ ਮੀਡੀਆ ਦੀਆਂ ਗਲਤ ਪੋਸਟਾਂ ਅਤੇ ਕੈਨੇਡਾ ਦੀ ਅਦਾਲਤੀ ਪ੍ਰਣਾਲੀ ਦੀ ਸਮਝ ਦੀ ਘਾਟ ਕਾਰਨ ਪੈਦਾ ਹੋਈ ਹੈ। ਵਰਲਡ ਸਿੱਖ ਆਰਗੇਨਾਈਜੇਸ਼ਨ ਆਫ ਕੈਨੇਡਾ ਨੇ ਇਸ ਘਟਨਾ ਦੀ ਨਿੰਦਾ ਕੀਤੀ ਹੈ। ਇਸ ਨੇ ਇੱਕ ਬਿਆਨ ਵਿੱਚ ਕਿਹਾ ਕਿ ਇਸ ਵਿਆਪਕ ਵਿਗਾੜ ਵਾਲੀ ਮੁਹਿੰਮ ਦਾ ਉਦੇਸ਼ ਕੈਨੇਡੀਅਨ ਸਰਕਾਰ ਅਤੇ ਕਾਨੂੰਨੀ ਪ੍ਰਣਾਲੀ ਵਿੱਚ ਭੰਬਲਭੂਸਾ ਅਤੇ ਅਵਿਸ਼ਵਾਸ ਪੈਦਾ ਕਰਨਾ ਹੈ ਅਤੇ ਅੰਤ ਵਿੱਚ ਕੈਨੇਡੀਅਨ ਸੰਸਥਾਵਾਂ ਵਿੱਚ ਭਰੋਸੇ, ਹੇਰਾਫੇਰੀ ਅਤੇ ਵਿਸ਼ਵਾਸ ਨੂੰ ਕਮਜ਼ੋਰ ਕਰਨ ਦੀ ਇੱਕ ਕੋਸ਼ਿਸ਼ ਨੂੰ ਦਰਸਾਉਂਦਾ ਹੈ। ਇੱਕ ਪ੍ਰਮੁੱਖ ਕਾਰਕੁੰਨ, ਨਿੱਝਰ, ਜਿਸਨੂੰ ਭਾਰਤ ਨੇ ਇੱਕ ਅੱਤਵਾਦੀ ਲੇਬਲ ਕੀਤਾ ਸੀ, ਨੂੰ 18 ਜੂਨ, 2023 ਨੂੰ ਸਰੀ, ਬੀ.ਸੀ. ਵਿੱਚ ਗੁਰੂ ਨਾਨਕ ਸਿੱਖ ਗੁਰਦੁਆਰੇ ਦੇ ਬਾਹਰ ਗੋਲੀ ਮਾਰ ਦਿੱਤੀ ਗਈ ਸੀ।

ਜਾਂਚ ਨੇ ਭਾਰਤ ਸਰਕਾਰ ਦੀ ਸ਼ਮੂਲੀਅਤ ਵੱਲ ਇਸ਼ਾਰਾ ਕੀਤਾ, ਜਿਸ ਨਾਲ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਨਵੀਂ ਦਿੱਲੀ ਤੇ ਕੈਨੇਡੀਅਨ ਪ੍ਰਭੂਸੱਤਾ ਦੀ ਉਲੰਘਣਾ ਕਰਨ ਦਾ ਦੋਸ਼ ਲਗਾਇਆ। ਪਿਛਲੇ ਮਈ ਵਿੱਚ, ਆਰ.ਸੀ.ਐਮ.ਪੀ. ਨੇ ਨਿੱਝਰ ਦੇ ਕਤਲ ਲਈ ਚਾਰ ਭਾਰਤੀ ਨਾਗਰਿਕਾਂ ਕਰਨ ਬਰਾੜ, ਕਰਨਪ੍ਰੀਤ


ਸਿੰਘ, ਕਮਲਪ੍ਰੀਤ ਸਿੰਘ ਅਤੇ ਅਮਨਦੀਪ ਸਿੰਘ ’ਤੇ ਦੋਸ਼ ਲਾਏ ਸਨ। ਆਰ.ਸੀ.ਐਮ.ਪੀ. ਅਤੇ ਕੈਨੇਡੀਅਨ ਅਧਿਕਾਰੀਆਂ ਨੇ ਉਦੋਂ ਤੋਂ ਭਾਰਤ ਸਰਕਾਰ ਉੱਤੇ ਹੱਤਿਆ ਦੇ ਨਾਲ-ਨਾਲ ਦੇਸ਼ ਭਰ ਵਿੱਚ ਹੋਰ ਗੋਲੀਬਾਰੀ, ਅੱਗਜ਼ਨੀ ਅਤੇ ਜਬਰੀ ਵਸੂਲੀ ਕਰਨ ਦਾ ਦੋਸ਼ ਲਗਾਇਆ ਹੈ। ਬਹੁਤ ਸਾਰੇ ਹਮਲਿਆਂ ਵਿੱਚ

ਖ਼ਾਲਿਸਤਾਨ ਲਹਿਰ ਦੇ ਕੈਨੇਡੀਅਨ ਸਮਰਥਕਾਂ ਨੂੰ ਨਿਸ਼ਾਨਾ ਬਣਾਇਆ ਗਿਆ ਜੋ ਭਾਰਤ ਦੇ ਸਿੱਖ ਬਹੁਗਿਣਤੀ ਵਾਲੇ ਪੰਜਾਬ ਰਾਜ ਦੀ ਆਜ਼ਾਦੀ ਦੀ ਮੰਗ ਕਰ ਰਹੇ ਹਨ। ਭਾਰਤ ਸਰਕਾਰ ਦੀ ਕਾਰਵਾਈ ਨੂੰ ਕਥਿਤ ਤੌਰ ’ਤੇ ਮੋਦੀ ਦੇ ਸੱਜੇ ਹੱਥ, ਅਮਿਤ ਸ਼ਾਹ ਦੁਆਰਾ ਮਨਜ਼ੂਰੀ ਦਿੱਤੀ ਗਈ ਸੀ ਅਤੇ ਇਸ ਦੀ ਭਾਰਤੀ

ਖੁਫ਼ੀਆ ਅਧਿਕਾਰੀਆਂ ਦੁਆਰਾ ਨਿਗਰਾਨੀ ਕੀਤੀ ਗਈ ਸੀ, ਜਿਨ੍ਹਾਂ ਨੇ ਹਮਲਿਆਂ ਨੂੰ ਅੰਜਾਮ ਦੇਣ ਲਈ ਲਾਰੈਂਸ ਬਿਸ਼ਨੋਈ ਗੈਂਗ ਵਰਗੇ ਅਪਰਾਧ ਸਮੂਹਾਂ ਨੂੰ ਕਰਾਰ ਦਿੱਤਾ ਸੀ। ਕੈਨੇਡਾ ਨੇ ਪਿਛਲੀ ਗਿਰਾਵਟ ਵਿੱਚ ਇਸ ਸਕੀਮ ਵਿੱਚ ਭੂਮਿਕਾ ਲਈ ਛੇ ਡਿਪਲੋਮੈਟਾਂ ਨੂੰ ਕੱਢ ਦਿੱਤਾ ਸੀ। ਭਾਰਤ ਨੇ ਇਸ ਵਿੱਚ ਸ਼ਮੂਲੀਅਤ ਤੋਂ ਇਨਕਾਰ ਕੀਤਾ ਹੈ।



# ਪ੍ਰਵਾਸੀ ਭਾਰਤੀ ਖਾਣ-ਪੀਣ ਦੀਆਂ ਵਿਗੜੀਆਂ ਆਦਤਾਂ ਸੁਧਾਰਨ



ਪ੍ਰਿੰ. ਵਿਜੈ ਕੁਮਾਰ

ਕੈਨੇਡਾ ਮੁਲਕ ਦੀ ਸਭ ਤੋਂ ਵੱਡੀ ਸਮੱਸਿਆ ਫਰਿੱਜਾਂ ਵਿੱਚ ਲੱਗੀਆਂ ਹੋਈਆਂ ਚੀਜ਼ਾਂ ਖਾਣ ਦੀ ਹੈ। ਫਰਿੱਜਾਂ ਵਿੱਚ ਲੱਗੇ ਹੋਏ ਮੀਟ, ਮੱਛੀ, ਬਣੀਆਂ ਹੋਈਆਂ ਸਬਜ਼ੀਆਂ, ਰੋਟੀਆਂ, ਨਾਨ, ਕੇਕ, ਕੁਲਚੇ, ਤਲਣ ਵਾਲੀਆਂ ਚੀਜ਼ਾਂ, ਫਾਸਟ ਫੂਡ, ਚਾਕਲੇਟ ਅਤੇ ਬੇਕਰੀ ਦੀਆਂ ਕਈ ਚੀਜ਼ਾਂ ਖਾਣਾ ਇਸ ਮੁਲਕ ਦੇ ਲੋਕਾਂ ਦੀ ਮਜਬੂਰੀ ਹੈ ਕਿਉਂਕਿ ਡਾਲਰ ਕਮਾਉਣ ਦੀ ਦੌੜ ਵਿੱਚ ਲੋਕਾਂ ਕੋਲ ਸਮਾਂ ਹੀ ਨਹੀਂ ਹੁੰਦਾ ਕਿ ਉਹ ਖ਼ੁਦ ਆਪਣੀ ਮਨਪਸੰਦ ਦਾ ਭੋਜਨ ਬਣਾ ਕੇ ਖਾ ਸਕਣ। ਜੇਕਰ ਘਰ ਚਾਰ ਪ੍ਰਾਹੁਣੇ ਆ ਜਾਣ ਤਾਂ ਉਨ੍ਹਾਂ ਅੱਗੇ ਇਹ ਫਰਿੱਜਾਂ ਵਿੱਚ ਲੱਗਿਆ ਹੋਇਆ ਭੋਜਨ ਜਾਂ ਫਾਸਟ ਫੂਡ ਹੀ ਪਰੋਸਿਆ ਜਾਂਦਾ ਹੈ।

ਭਾਰਤ ਵਿੱਚ ਲੋਕਾਂ ਨੂੰ ਆਪਣੀ ਇੱਛਾ ਨਾਲ ਤਾਜ਼ਾ ਭੋਜਨ ਬਣਾ ਕੇ ਖਾਣ ਦੀ ਆਦਤ ਹੈ, ਪਰ ਫਰਿੱਜਾਂ ਵਿੱਚ ਲੱਗਿਆ ਹੋਇਆ ਖਾਣਾ, ਖਾਣਾ ਲੋਕਾਂ ਦੀ ਮਜਬੂਰੀ ਬਣ ਚੁੱਕੀ ਹੈ। ਇਸ ਮੁਲਕ ਵਿੱਚ ਜ਼ਿਆਦਾਤਰ ਸਬਜ਼ੀਆਂ, ਫਲ, ਮੀਟ ਅਤੇ ਹੋਰ ਕਈ ਚੀਜ਼ਾਂ ਦੂਜੇ ਮੁਲਕਾਂ ਤੋਂ ਆਉਂਦੀਆਂ ਹਨ। ਉਹ ਚੀਜ਼ਾਂ ਕਈ ਕਈ ਦਿਨ ਟਰੱਕਾਂ ਵਿੱਚ ਲੱਗੇ ਵੱਡੇ ਫਰਿੱਜਾਂ ਅਤੇ ਕੋਲਡ ਸਟੋਰਾਂ ਵਿੱਚ ਪਈਆਂ ਰਹਿੰਦੀਆਂ ਹਨ। ਕਈ ਕਈ ਦਿਨਾਂ ਤੋਂ ਫਰਿੱਜਾਂ ਵਿੱਚ ਪਈਆਂ ਇਹ ਚੀਜ਼ਾਂ ਖਾਣ ਕਰਨ ਲੋਕ ਕਈ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਦੂਜੇ ਪਾਸੇ ਆਪਣੇ ਮੁਲਕਾਂ ਵਿੱਚ ਇਨ੍ਹਾਂ ਲੋਕਾਂ ਨੂੰ ਸਬਜ਼ੀਆਂ, ਫਲ, ਮੀਟ, ਮੱਛੀ ਅਤੇ ਹੋਰ ਚੀਜ਼ਾਂ ਤਾਜ਼ੀਆਂ ਖਾਣ ਦੀ ਆਦਤ ਹੁੰਦੀ ਹੈ। ਇਹ ਲੋਕ ਹਰ ਰੋਜ਼ ਫਰਿੱਜਾਂ ਵਿੱਚ ਲੱਗੀਆਂ ਚੀਜ਼ਾਂ ਖਾ ਕੇ ਆਪਣੇ ਮੁਲਕਾਂ ਦੀਆਂ ਤਾਜ਼ਾ ਚੀਜ਼ਾਂ ਖਾਣ ਦੀਆਂ ਗੱਲਾਂ ਕਰਦੇ ਰਹਿੰਦੇ ਹਨ।



ਭਾਵੇਂ ਸਾਡੇ ਮੁਲਕ ਵਿੱਚ ਵੀ ਲੋਕਾਂ ਨੂੰ ਸਾਦੇ ਭੋਜਨ ਦੇ ਨਾਲ ਫਾਸਟ ਫੂਡ, ਪੀਜ਼ਾ, ਨੂਡਲ, ਮੈਗੀ, ਬਰਗਰ, ਮੰਚੂਰੀਅਨ, ਹੌਟਡੌਗ, ਮੈਕਰੋਨੀ, ਪਾਓ ਭਾਜੀ, ਪਾਸਤਾ, ਮੋਮੋ, ਟਿੱਕੀਆਂ, ਸਮੋਸੇ ਆਦਿ ਖਾਣ ਦੀ ਆਦਤ ਪੈ ਚੁੱਕੀ ਹੈ, ਪਰ ਸਾਡੇ ਮੁਲਕ ਦੇ ਲੋਕ ਇਨ੍ਹਾਂ ਚੀਜ਼ਾਂ ਨੂੰ ਰੋਟੀ ਦੀ ਥਾਂ ਨਹੀਂ ਸਗੋਂ ਵਿਆਹ ਸ਼ਾਦੀਆਂ, ਜਨਮ ਦਿਨਾਂ ਅਤੇ ਹੋਰ ਸਮਾਗਮਾਂ ਉੱਤੇ ਹੀ ਖਾਂਦੇ ਹਨ। ਦੂਜੇ ਪਾਸੇ ਕੈਨੇਡਾ ਵਿੱਚ ਇਹ ਫਾਸਟ ਫੂਡ ਲੋਕਾਂ ਦੀ ਰੋਜ਼ਮਰਾ ਦੀ ਜ਼ਿੰਦਗੀ ਦਾ ਹਿੱਸਾ ਹਨ। ਸਵੇਰ, ਦੁਪਹਿਰ ਅਤੇ ਰਾਤ ਦੇ ਖਾਣੇ ਵੇਲੇ ਫਾਸਟ ਫੂਡ ਖਾਣਾ ਇੱਥੋਂ ਦੇ ਲੋਕਾਂ ਦੀ ਆਦਤ ਬਣ ਚੁੱਕੀ ਹੈ। ਘਰ ਆਏ ਮਹਿਮਾਨਾਂ ਅੱਗੇ ਵੀ ਫਾਸਟ ਫੂਡ ਪਰੋਸਿਆ ਜਾਂਦਾ ਹੈ ਕਿਉਂਕਿ ਹੱਥੀਂ ਭੋਜਨ ਬਣਾਉਣ ਨਾਲੋਂ ਘਰ ਬੈਠੇ ਆਰਡਰ ਦੇ ਕੇ ਇਹ ਫਾਸਟ ਫੂਡ ਮੰਗਾਉਣਾ ਲੋਕਾਂ ਨੂੰ ਸੌਖਾ ਲੱਗਦਾ ਹੈ। ਬਜ਼ੁਰਗਾਂ ਨੂੰ ਵੀ ਮਜਬੂਰੀ ਵਿੱਚ ਆਪਣੇ ਬੱਚਿਆਂ ਨਾਲ ਇਹ ਫਾਸਟ ਫੂਡ ਖਾਣਾ ਪੈਂਦਾ ਹੈ।

ਬੱਚਿਆਂ ਨੂੰ ਇਹ ਸਭ ਖਾਣ ਦੀ ਅਜਿਹੀ ਆਦਤ ਪੈ ਚੁੱਕੀ ਹੈ ਕਿ ਉਹ ਰੋਟੀ ਖਾਣਾ ਪਸੰਦ ਹੀ ਨਹੀਂ ਕਰਦੇ। ਜਿਹੜੇ ਲੋਕ ਰੋਟੀ ਵੀ ਖਾਂਦੇ ਹਨ, ਉਨ੍ਹਾਂ ਵਿੱਚ ਨੌਜਵਾਨ ਪੀੜ੍ਹੀ ਸਮੇਂ ਦੀ ਘਾਟ ਕਾਰਨ ਹੱਥੀਂ ਖਾਣਾ ਬਣਾਉਣ ਦੀ ਥਾਂ ਆਰਡਰ 'ਤੇ ਤੇਜ਼ ਮਸਾਲਿਆਂ ਵਾਲੀਆਂ ਸਬਜ਼ੀਆਂ, ਮੈਦੇ ਦੇ ਨਾਨ, ਛੋਲੇ ਭਟੂਰੇ, ਕੁਲਚੇ ਆਦਿ ਖਾਣ ਨੂੰ ਤਰਜੀਹ ਦਿੰਦੇ ਹਨ। ਇਸ ਦੇਸ਼ ਵਿੱਚ ਕਈ ਇਲਾਕੇ ਅਜਿਹੇ ਵੀ ਹਨ ਜਿਨ੍ਹਾਂ ਵਿੱਚ ਪੰਜਾਬੀ ਲੋਕਾਂ ਦੇ ਖਾਣ ਦੀਆਂ ਵਸਤਾਂ ਮਿਲਦੀਆਂ ਹੀ ਨਹੀਂ। ਇਸ ਮੁਲਕ ਦੇ ਆਟੇ, ਪਨੀਰ, ਦੁੱਧ ਅਤੇ ਦਹੀਂ ਦਾ ਸੁਆਦ ਸਾਡੇ ਮੁਲਕ ਨਾਲੋਂ ਅੱਡ ਹੁੰਦਾ ਹੈ। ਠੰਢਾ ਹੋਇਆ ਫੁਲਕਾ ਅਤੇ ਨਾਨ ਖਾਣ ਜੋਗੇ ਨਹੀਂ ਰਹਿੰਦੇ। ਟਿਮ ਹੌਰਟਨ ਦੀ ਕੌਫ਼ੀ, ਬਰਗਰ ਅਤੇ ਕਟਲਟਸ ਇਸ ਮੁਲਕ ਵਿੱਚ ਵਸਦੇ ਲੋਕਾਂ ਖ਼ਾਸ ਕਰਕੇ ਵਿਦਿਆਰਥੀ ਵਰਗ ਲਈ ਅਫ਼ੀਮ ਦੇ ਨਸ਼ੇ ਵਾਂਗ ਬਣ ਚੁੱਕੇ ਹਨ। ਸਮੇਂ ਦੀ ਘਾਟ ਕਾਰਨ ਵਿਦਿਆਰਥੀ ਵਰਗ ਟਿਮ ਹੌਰਟਨ ਦੀ ਕੌਫ਼ੀ ਅਤੇ ਬਰਗਰਾਂ ਨੂੰ ਨਾਸ਼ਤੇ ਵਿੱਚ ਵੀ ਖਾਂਦੇ ਹਨ। ਪਲਾਜ਼ਿਆਂ, ਪਾਰਕਾਂ, ਰੇਲ ਗੱਡੀਆਂ, ਬੱਸਾਂ, ਸਿੱਖਿਆ ਸੰਸਥਾਵਾਂ ਵਿੱਚ ਸੜਕਾਂ ਅਤੇ ਜਨਤਕ ਥਾਵਾਂ 'ਤੇ ਨੌਜਵਾਨ ਮੁੰਡੇ-ਕੁੜੀਆਂ ਅਤੇ ਲੋਕਾਂ ਦੇ ਹੱਥਾਂ ਵਿੱਚ ਇਹ ਕੌਫ਼ੀ ਦੇ ਕੱਪ ਆਮ ਹੀ ਵੇਖਣ ਨੂੰ ਮਿਲਣਗੇ। ਨੌਜਵਾਨ ਮੁੰਡੇ-ਕੁੜੀਆਂ ਅਤੇ ਬੱਚੇ ਫਾਸਟ ਫੂਡ ਨਾਲ ਜੂਸ ਅਤੇ ਕੋਲਡ ਡਰਿੰਕ ਪੀ ਕੇ ਆਪਣੀ ਸਿਹਤ ਨਾਲ ਖਿਲਵਾੜ ਕਰ ਰਹੇ ਹਨ। ਇਸ ਮੁਲਕ ਵਿੱਚ ਪਰਿਵਾਰਾਂ ਦਾ ਗੁਜ਼ਾਰਾ ਕਰਨ ਲਈ ਅਤੇ ਕਰਜ਼ੇ ਦੀਆਂ ਕਿਸ਼ਤਾਂ ਉਤਾਰਨ ਲਈ ਪਤੀ-ਪਤਨੀ ਦੋਹਾਂ ਨੂੰ ਨੌਕਰੀ ਕਰਨੀ ਪੈਂਦੀ ਹੈ। ਸਮੇਂ ਦੀ ਘਾਟ ਕਾਰਨ ਉਹ ਬੱਚਿਆਂ ਨੂੰ ਆਪਣੇ ਹੱਥੀਂ ਬਣਾਇਆ ਭੋਜਨ ਖਿਲਾਉਣ ਦੀ ਬਜਾਏ ਮੈਗੀ, ਤੇਖੂ, ਫਰਾਇਡ ਪਨੀਰ, ਕੌਰਨਸ ਅਤੇ ਹੋਰ ਤਲੀਆਂ ਹੋਈਆਂ ਚੀਜ਼ਾਂ ਖਿਲਾਉਂਦੇ ਹਨ। ਬੱਚੇ ਜਿਵੇਂ ਜਿਵੇਂ ਵੱਡੇ ਹੁੰਦੇ ਜਾਂਦੇ ਹਨ, ਉਨ੍ਹਾਂ ਨੂੰ ਇਹ ਸਾਰੀਆਂ ਚੀਜ਼ਾਂ ਖਾਣ ਦੀ ਆਦਤ ਪੈ ਜਾਂਦੀ ਹੈ। ਚਾਕਲੇਟ, ਪੀਜ਼ਾ, ਨੂਡਲ, ਜੂਸ, ਕੇਕ, ਬਰਗਰ, ਹੌਟਡੌਗ, ਹੋਰ ਫਰਾਇਡ ਚੀਜ਼ਾਂ ਖਾਣਾ ਉਨ੍ਹਾਂ ਦੀ ਹਰ ਰੋਜ਼ ਦੀ ਆਦਤ ਬਣ ਜਾਂਦੀ ਹੈ। ਹਫ਼ਤੇ ਦੇ ਆਖ਼ਰੀ ਦਿਨਾਂ ਨੂੰ ਹੋਟਲਾਂ ਵਿੱਚ ਖਾਣਾ, ਖਾਣ ਜਾਣਾ ਲੋਕਾਂ ਦਾ ਸ਼ੌਕ ਵੀ ਹੈ ਤੇ ਮੌਜ ਮਸਤੀ ਦਾ ਸਾਧਨ ਵੀ। ਲੋਕਾਂ ਦੇ ਕਾਰਾਂ ਵਿੱਚ ਆਉਣ ਜਾਣ ਅਤੇ ਹੱਥੀਂ ਕੰਮ ਘੱਟ ਹੋਣ ਨਾਲ ਸਰੀਰਕ ਕਸਰਤ ਬਹੁਤ ਘੱਟ ਹੁੰਦੀ ਹੈ। ਖਾਣ ਪੀਣ ਦੀਆਂ ਇਹ ਆਦਤਾਂ ਠੰਢਾ ਮੁਲਕ ਹੋਣ ਕਾਰਨ ਅਤੇ ਪਸੀਨਾ ਨਾ ਆਉਣ ਕਾਰਨ ਤੇ ਸਰੀਰਕ ਕਸਰਤ ਘੱਟ ਹੋਣ ਕਾਰਨ ਹਾਰਟ ਅਟੈਕ, ਬਲੱਡ ਪ੍ਰੈਸ਼ਰ, ਸਰਵਾਈਕਲ, ਪੇਟ, ਸ਼ੂਗਰ, ਕਿਡਨੀ ਦੀਆਂ ਬਿਮਾਰੀਆਂ ਦਾ ਕਾਰਨ ਬਣ ਰਹੀਆਂ ਹਨ। ਅਜਿਹਾ ਖਾਣ ਪੀਣ ਹੋਣ ਕਾਰਨ ਇਸ ਮੁਲਕ ਵਿੱਚ ਨਵੇਂ ਜਨਮੇਂ ਬੱਚੇ ਦੇਰ ਨਾਲ ਬੋਲਣਾ ਅਤੇ ਚੱਲਣਾ ਸ਼ੁਰੂ ਕਰਦੇ ਹਨ। ਉਨ੍ਹਾਂ ਵਿੱਚ ਮੋਟਾਪਾ, ਲੱਤਾਂ ਦਾ ਵਿੰਗਾ-ਟੇਢਾ ਹੋਣਾ ਅਤੇ ਹੋਰ ਬਿਮਾਰੀਆਂ ਵੀ ਵੇਖਣ ਨੂੰ ਮਿਲਦੀਆਂ ਹਨ।

ਹਰ ਇੱਕ ਚੀਜ਼ ਪੈਸਾ ਨਹੀਂ ਹੈ। ਜੇਕਰ ਸਿਹਤ ਚੰਗੀ ਹੋਵੇਗੀ ਤਾਂ ਹੀ ਪੈਸੇ ਦਾ ਅਨੰਦ ਲਿਆ ਜਾ ਸਕੇਗਾ। ਪੈਸੇ ਲਈ ਸਿਹਤ ਨਾਲ ਸਮਝੌਤਾ ਕਰਨਾ ਸਮਝਦਾਰੀ ਨਹੀਂ ਹੈ। ਇਸ ਮੁਲਕ ਵਿੱਚ ਵੱਸਦਿਆਂ ਆਪਣੀਆਂ ਅਤੇ ਆਪਣੇ ਬੱਚਿਆਂ ਦੀਆਂ ਖਾਣ-ਪੀਣ ਦੀਆਂ ਆਦਤਾਂ ਵੱਲ ਬਣਦਾ ਧਿਆਨ ਜ਼ਰੂਰ ਦਿਓ ਤਾਂ ਕਿ ਭਵਿੱਖ ਨੂੰ ਸੁਰੱਖਿਅਤ ਰੱਖਿਆ ਜਾ ਸਕੇ। ਇਕੱਲੇ ਰਹਿਣ ਵਾਲੇ ਨੌਜਵਾਨ ਮੁੰਡੇ-ਕੁੜੀਆਂ ਨੂੰ ਵੀ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਜੇਕਰ ਉਨ੍ਹਾਂ ਦੀ ਸਿਹਤ ਠੀਕ ਰਹੇਗੀ ਤਾਂ ਹੀ ਉਹ ਡਾਲਰ ਕਮਾ ਸਕਣਗੇ, ਨਹੀਂ ਤਾਂ ਬਿਮਾਰੀਆਂ ਨੂੰ ਹੀ ਸੱਦਾ ਦੇਣਗੇ।

# ਸ੍ਰੀ ਅਕਾਲ ਤਖ਼ਤ, ਅਕਾਲੀ ਅਤੇ ਸਿੱਖ ਸੰਗਤ



ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ

ਪੰਜਾਬ ਜਦੋਂ ਅਜੇ ਵੰਡਿਆ ਨਹੀਂ ਗਿਆ ਸੀ, ਮਹਾ ਪੰਜਾਬ ਦੇ ਨਾਂਅ ਨਾਲ ਜਾਣਿਆ ਜਾਂਦਾ ਸੀ। ਉਦੋਂ ਪੰਜਾਬ ਉੱਪਰ ਲਗਭਗ ਦੋ ਵਾਰ ਸਿੱਖਾਂ ਦਾ ਰਾਜ ਸਥਾਪਤ ਹੋ ਚੁੱਕਾ ਸੀ। ਪਹਿਲਾ ਰਾਜ ਬਾਬਾ ਬੰਦਾ ਬਹਾਦਰ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਉਨ੍ਹਾਂ ਦੀ ਆਖ਼ਰੀ ਉਮਰੇ ਅਸ਼ੀਰਵਾਦ ਲੈ ਕੇ ਦੱਖਣ ਤੋਂ ਕੁਝ ਸਿੱਖਾਂ ਸਮੇਤ ਪੰਜਾਬ ਵਿੱਚ ਪ੍ਰਵੇਸ਼ ਕੀਤਾ ਤੇ ਸਿੱਖ-ਨੁਮਾ ਯੋਧਿਆਂ ਨੂੰ ਪਰੇਰ ਕੇ ਇਕੱਠਾ ਕੀਤਾ, ਸ਼ਸਤਰ ਚਲਾਉਣੇ ਸਿਖਾਏ ਅਤੇ ਉਨ੍ਹਾਂ ਨੂੰ ਦਿੱਤੇ।

ਬਾਬਾ ਬੰਦਾ ਸਿੰਘ ਬਹਾਦਰ ਨੇ ਆਮ ਇਕੱਤਰ ਕੀਤੇ ਸਿੱਖਾਂ ਨੂੰ ਇਹ ਬੇਨਤੀ ਕੀਤੀ ਸੀ ਕਿ ਸੱਚ ਦੀ ਲੜਾਈ ਲਈ ਜੋ ਮੇਰਾ ਸਾਥ ਦੇ ਸਕਦਾ ਹੈ, ਉਨ੍ਹਾਂ ਨੂੰ ਮੈਂ ਜੀ ਆਇਆਂ ਆਖਦਾ ਹਾਂ, ਪਰ ਉਨ੍ਹਾਂ ਲੜਾਕੂਆਂ ਨੂੰ ਇਹ ਵੀ ਯਾਦ ਰੱਖਣਾ ਪਵੇਗਾ ਕਿ ਮੇਰੇ ਪਾਸ ਤਨਖਾਹ ਦੇ ਰੂਪ ਵਿੱਚ ਦੇਣ ਵਾਸਤੇ ਕੁਝ ਨਹੀਂ। ਜਿਹੜਾ ਗੁਰੂਆਂ ਉੱਤੇ ਮੌਕੇ ਦੀ ਸਰਕਾਰ ਵੱਲੋਂ ਕੀਤੇ ਜ਼ੁਲਮਾਂ ਬਦਲੇ ਜ਼ਾਲਮਾਂ ਨੂੰ ਸਬਕ ਸਿਖਾਉਣ ਵਿੱਚ ਹਿੱਸਾ ਪਾ ਸਕਦਾ ਹੈ, ਮੈਂ ਤਾ-ਉਮਰ ਉਨ੍ਹਾਂ ਦਾ ਰਿਣੀ ਰਹਾਂਗਾ। ਜਾਗੋ! ਉੱਠੋ, ਕਿਉਂਕਿ ਅਸੀਂ ਗੁਰੂਆਂ 'ਤੇ ਹੋਏ ਜ਼ੁਲਮਾਂ ਦਾ ਬਦਲਾ ਲੈਣਾ ਹੈ ਅਤੇ ਮਨੁੱਖਤਾ ਦੀ ਭਲਾਈ ਲਈ ਕੰਮ ਕਰਨੇ ਹਨ। ਉਸ ਨੇ ਆਪਣੇ ਵੱਲੋਂ ਤਿਆਰ ਕੀਤੀ ਖ਼ਾਲਸਾ ਫ਼ੌਜ ਰਾਹੀਂ ਗੁਰੂ ਜੀ 'ਤੇ ਕੀਤੇ ਜ਼ੁਲਮਾਂ ਦਾ ਬਦਲਾ ਵੀ ਲਿਆ ਤੇ ਕਈ ਕਿਸਮ ਦੇ ਜਨਤਾ ਵਿੱਚ ਸੁਧਾਰ ਵੀ ਕੀਤੇ। ਸ਼ਾਇਦ ਇਹ ਇਤਿਹਾਸ ਵਿੱਚ ਇਹ ਪਹਿਲੀ ਵਾਰ ਸੀ ਕਿ ਉਸ ਨੇ ਜ਼ਮੀਨਾਂ ਦੀ ਮਾਲਕੀ ਹੱਲ-ਵਾਹਕਾਂ ਨੂੰ ਦਿੱਤੀ। ਜੋ ਸਿਰਫ਼ ਮਾਲਕ ਬਣੀ ਬੈਠੇ ਸਨ, ਉਨ੍ਹਾਂ ਤੋਂ ਮਾਲਕੀ ਖੋਹ ਲਈ। ਇਸ ਤਰ੍ਹਾਂ ਗੁਰੂ ਨਾਨਕ ਦਾ ਸਿੱਕਾ ਚਲਾਉਣ ਤੋਂ ਇਲਾਵਾ ਬੰਦਾ ਬਹਾਦਰ ਨੇ ਆਪਣੇ ਰਾਜ ਦੌਰਾਨ ਕਈ ਅਹਿਮ ਕੰਮ ਕੀਤੇ, ਜਿਨ੍ਹਾਂ ਨੂੰ ਅੱਜ ਵੀ ਯਾਦ ਕੀਤਾ ਜਾਂਦਾ ਹੈ। ਉਸ ਰਾਜ ਨੂੰ ਉਸ ਅਤੇ ਇਸ ਸਮੇਂ ਦੇ ਲੋਕ ਪਹਿਲੇ ਸਿੱਖ ਰਾਜ ਕਰਕੇ ਜਾਣਦੇ ਹਨ। ਇਹ ਉਹ ਸਮਾਂ ਸੀ ਜਦੋਂ ਬੰਦਾ ਬਹਾਦਰ ਅਤੇ ਮਾਤਾ ਸਾਹਿਬ ਕੌਰ ਨੇ ਸਮੇਂ ਅਨੁਸਾਰ ਆਪੋ-ਆਪਣੇ ਹੁਕਮਨਾਮੇ ਜਾਰੀ ਕੀਤੇ। ਦੂਜਾ ਸਮਾਂ ਸਿੱਖਾਂ ਦੇ ਰਾਜ ਕਰਨ ਦਾ ਉਦੋਂ ਆਉਂਦਾ ਹੈ, ਜਦੋਂ ਮਹਾਰਾਜਾ ਰਣਜੀਤ ਸਿੰਘ ਨੇ 1800 ਈਸਵੀ ਤੋਂ ਲੈ ਕੇ ਤਕਰੀਬਨ 1849 ਤੱਕ ਰਾਜ ਕੀਤਾ। ਇਸ ਸਮੇਂ ਨੂੰ ਵੀ ਸਿੱਖ ਰਾਜ ਕਰਕੇ ਜਾਣਿਆ ਜਾਂਦਾ ਹੈ। ਇਸ ਰਾਜ ਸਮੇਂ ਅਕਾਲੀ ਫੂਲਾ ਸਿੰਘ ਬਤੌਰ ਅਕਾਲ ਤਖ਼ਤ ਦਾ ਜਥੇਦਾਰ ਆਪਣੇ ਨਿਧੜਕ ਹੌਸਲੇ ਅਤੇ ਨਿਰਪੱਖ ਫੈਸਲਿਆਂ ਕਰਕੇ ਜਾਣਿਆ ਗਿਆ, ਜਿਸ ਨੇ ਇਨਸਾਫ਼ ਕਰਦਿਆਂ ਮਹਾਰਾਜਾ ਰਣਜੀਤ ਸਿੰਘ ਨੂੰ ਬਤੌਰ ਸਿੱਖ ਹੋਣ ਕਰਕੇ ਗਲਤੀ ਬਦਲੇ ਬੇਰੀ ਨਾਲ ਬੰਨ੍ਹ ਕੇ ਕੋੜੇ ਮਾਰਨ ਦੀ ਸਜ਼ਾ ਸੁਣਾਈ ਸੀ।



ਉਦੋਂ ਤੋਂ ਲੈ ਕੇ ਅੱਜ ਤਕ ਦਰਜਨਾਂ ਜਥੇਦਾਰਾਂ ਦੀ ਸਮੇਂ-ਸਮੇਂ ਨਿਯੁਕਤੀ ਹੁੰਦੀ ਰਹੀ, ਪਰ ਅੱਜ ਤਕ ਲਗਦਾ ਹੈ ਕਿ ਕੋਈ ਵੀ ਫੂਲਾ ਸਿੰਘ ਦਾ ਹਾਣੀ ਨਹੀਂ ਬਣ ਸਕਿਆ। ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਪਹਿਲੇ ਸਮੇਂ ਵਿੱਚ ਜਥੇਦਾਰਾਂ ਦੀ ਨਿਯੁਕਤੀ ਸਰਬੱਤ ਖ਼ਾਲਸਾ ਦੀ ਮੀਟਿੰਗ ਬੁਲਾ ਕੇ ਲਗਭਗ ਇੱਕ ਰਾਏ ਹੋ ਕੇ ਕੀਤੀ ਜਾਂਦੀ ਸੀ, ਪਰ ਅੱਜਕੱਲ ਦੇ ਜਥੇਦਾਰ ਸਾਹਿਬਾਨਾਂ ਦੀ ਨਿਯੁਕਤੀ ਸ਼੍ਰੋਮਣੀ ਕਮੇਟੀ ਦੁਆਰਾ ਕੀਤੀ ਜਾਂਦੀ ਹੈ। ਦੋਹਾਂ ਨਿਯੁਕਤੀਆਂ ਤੋਂ ਮਤਲਬ ਸਾਫ਼ ਜ਼ਾਹਰ ਹੁੰਦਾ ਹੈ ਕਿ ਜਿਸ ਨੂੰ ਸਰਬੱਤ ਖ਼ਾਲਸਾ ਯਾਨਿ ਬਹੁਤ ਵਡੇਰੀ ਸੰਗਤ ਨੇ ਚੁਣਿਆ, ਉਹ ਜਥੇਦਾਰ ਵਡੇਰੇ ਦਲੇਰ ਸਾਬਤ ਹੋਏ, ਜੋ ਕਮੇਟੀਆਂ ਦੀ ਨਿਯੁਕਤੀ ਤੋਂ ਬਣੇ, ਉਹ ਸਰਬੱਤ ਖ਼ਾਲਸਾ ਰਾਹੀਂ ਚੁਣੇ ਜਥੇਦਾਰਾਂ ਦੇ ਹਾਣੀ ਸਾਬਤ ਨਹੀਂ ਹੋਏ। ਇਤਿਹਾਸ ਦੱਸਦਾ ਹੈ ਭਾਵੇਂ ਸਭ ਜਥੇਦਾਰਾਂ ਦੀਆਂ ਸ਼ਕਤੀਆਂ ਇੱਕੋ ਜਿਹੀਆਂ ਹੀ ਹੁੰਦੀਆਂ ਹਨ, ਪਰ ਉਨ੍ਹਾਂ ਦੇ ਫੈਸਲਿਆਂ ਵਿੱਚ ਬਹੁਤ ਫ਼ਰਕ ਦਿਸਦਾ ਹੈ, ਇਸੇ ਕਰਕੇ ਨਾਨਕ ਨਾਮਲੇਵਾ ਬਹੁਤੀ ਵਾਰ ਫੈਸਲਿਆਂ ਤੋਂ ਦੁਖੀ ਹੋਏ ਤੇ ਘੱਟ ਵਾਰ ਖ਼ੁਸ਼ ਹੋਏ।

ਹੁਣ ਦੇ ਪੰਜਾਬ ਵਿੱਚ ਸਿੱਖਾਂ ਦੀ ਨੁਮਾਇੰਦਗੀ ਕਰਦੀ ਅਕਾਲੀ ਪਾਰਟੀ ਨੇ ਲਗਭਗ 25 ਸਾਲ ਟੁੱਟਵਾਂ ਰਾਜ ਕੀਤਾ, ਜਿਸ ਕਰਕੇ ਸਿਆਸੀ ਸ਼ਕਤੀਆਂ ਦੇ ਨਾਲ-ਨਾਲ ਧਾਰਮਿਕ ਸ਼ਕਤੀਆਂ ਵੀ ਕੇਂਦਰਤ ਹੋ ਕੇ ਰਾਜ ਅਧੀਨ ਹੁੰਦੀਆਂ ਰਹੀਆਂ। ਅਜਿਹੇ ਹਾਲਾਤ ਵਿੱਚ ਪਿਛਲੇ ਸਮੇਂ ਕਈ ਜਥੇਦਾਰਾਂ ਦੇ ਰੋਲ ਨੂੰ ਜਨਤਾ ਤੇ ਖ਼ਾਸ ਕਰ ਸਿੱਖ ਜਨਤਾ 'ਮੋਮ ਦਾ ਨੱਕ' ਵੀ ਕਹਿੰਦੀ ਰਹੀ। ਭਾਵੇਂ ਕੁਝ ਵੀ ਹੋਵੇ, ਅੱਜਕੱਲ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਸੁਣਾਏ ਫੈਸਲੇ 'ਤੇ ਤਰ੍ਹਾਂ-ਤਰ੍ਹਾਂ ਦੀ ਚਰਚਾ ਹੋ ਰਹੀ ਹੈ। ਇੱਕ ਹਿੱਸਾ ਇਸ ਨੂੰ ਬਣਦੀ ਸਜ਼ਾ ਆਖ ਰਿਹਾ ਹੈ ਅਤੇ ਇੱਕ ਹਿੱਸਾ ਡਰਾਮਾ ਕਹਿ ਕੇ ਗੱਲ ਨੂੰ ਖ਼ਤਮ ਕਰ ਦਿੰਦਾ ਹੈ। ਸਾਡੇ ਹਿਸਾਬ ਨਾਲ ਦਿੱਤੀ ਸਜ਼ਾ 'ਤੇ ਕੋਈ ਕਿੰਤੂ-ਪ੍ਰੰਤੂ ਨਹੀਂ ਹੋਣਾ ਚਾਹੀਦਾ, ਕਿਉਂਕਿ ਬੜੇ ਚਿਰਾਂ ਬਾਅਦ ਵੱਡੇ ਸਿਆਸੀ ਲਾਣੇ ਨੂੰ ਅਜਿਹੀ ਸਜ਼ਾ ਸੁਣਾਈ ਗਈ ਹੈ, ਜਿਸ ਲਾਣੇ ਨੇ ਵੱਖ-ਵੱਖ ਸਮੇਂ ਅਕਾਲੀ ਰਾਜ ਦਾ ਆਨੰਦ ਮਾਣਿਆ ਸੀ। ਪਰ ਇੱਕ ਗੱਲ ਜ਼ਰੂਰ ਰੜਕਦੀ ਹੈ ਕਿ ਪਿਛਲੇ 10 ਸਾਲ ਤੋਂ ਰਾਜ ਵਿੱਚ ਹੋਈਆਂ ਵੱਖ-ਵੱਖ ਗਲਤੀਆਂ 'ਤੇ ਵੱਖ-ਵੱਖ ਅਖੌਤੀ ਬਾਬਿਆਂ ਨੂੰ ਦਿੱਤੀਆਂ ਰਿਆਇਤਾਂ, ਉਨ੍ਹਾਂ ਪ੍ਰਤੀ ਨਰਮੀ ਅਤੇ ਉਨ੍ਹਾਂ ਦੇ ਚਰਨਾਂ ਵਿੱਚ ਹਾਜ਼ਰੀ ਭਰਨੀ ਇੱਕ ਵਡਮੁੱਲੇ ਸਿੱਖ ਹਿੱਸੇ ਨੂੰ ਰੜਕਦੀ ਹੈ ਅਤੇ ਰੜਕਦੀ ਰਹੇਗੀ ਕੁਝ ਸਿੱਖ ਸਜ਼ਾ ਨੂੰ ਇਸ ਕਰਕੇ ਘੱਟ ਆਖ ਰਹੇ ਹਨ, ਕਿਉਂਕਿ ਮੁਲਜ਼ਿਮ ਧਿਰ ਨੇ ਆਪਣੀ ਗਲਤੀ ਸਵੀਕਾਰ ਕੀਤੀ, ਫਿਰ ਵੀ ਸਜ਼ਾ ਘੱਟ ਕਿਉਂ ਦਿੱਤੀ ਗਈ? ਬਹੁਤੇ ਸਿੱਖਾਂ ਨੂੰ ਇਹ ਨਹੀਂ ਪਤਾ ਕਿ ਧਾਰਮਿਕ ਮਾਮਲਿਆਂ ਵਿੱਚ ਧਾਰਮਿਕ ਸਜ਼ਾਵਾਂ ਹੀ ਦਿੱਤੀਆਂ ਜਾਂਦੀਆਂ ਹਨ ਜਾਂ ਉਹ ਸਜ਼ਾਵਾਂ, ਜਿਸ ਨਾਲ ਉਹ ਗਲਤੀ 'ਤੇ ਦੁੱਖ ਪ੍ਰਗਟ ਕਰਨ, ਜਿਵੇਂ ਪਾਠ ਕਰਨਾ, ਭਾਂਡੇ ਮਾਂਜਣੇ, ਜੋੜਿਆਂ ਦੀ ਸਫ਼ਾਈ, ਪਖਾਨੇ ਦੀ ਸਫ਼ਾਈ, ਝਾੜੂ ਆਦਿ ਫੇਰਨਾ। ਇਹ ਸਜ਼ਾ ਇੱਕ ਧਾਰਮਿਕ ਅਸਥਾਨ ਤੋਂ ਇਲਾਵਾ ਵੱਖ-ਵੱਖ ਸਥਾਨਾਂ 'ਤੇ ਵੀ ਦਿੱਤੀ ਜਾ ਸਕਦੀ ਹੈ। ਸਜ਼ਾ ਪੂਰੀ ਕਰਨ ਤੋਂ ਬਾਅਦ ਸੰਬੰਧਤ ਧਿਰ ਆਪਣੀਆਂ ਸਿਆਸੀ ਸਰਗਰਮੀਆਂ ਸਮੇਤ ਮੁੜ ਸਰਗਰਮ ਹੋ ਸਕਦੀ ਹੈ ਜਿਸ 'ਤੇ ਕੋਈ ਰੋਕ ਨਹੀਂ ਲਾਈ ਜਾ ਸਕਦੀ, ਅਤੇ ਨਾ ਹੀ ਅਜਿਹੀ ਗੱਲ ਦਾ ਇਤਿਹਾਸ ਗਵਾਹ ਹੈ। ਅਜੋਕੀ ਜੁੰਡਲੀ ਨੂੰ ਸਜ਼ਾ ਇਤਿਹਾਸ ਵਿੱਚ ਨਾ ਪਹਿਲੀ ਹੈ ਨਾ ਆਖ਼ਰੀ, ਬਹੁਤੀਆਂ ਸਜ਼ਾਵਾਂ ਕਸੂਰ ਮੁਤਾਬਕ ਤੇ ਬਹੁਤੀਆਂ ਸਜ਼ਾਵਾਂ ਜਥੇਦਾਰ ਦੀ ਕਾਰਜ-ਸ਼ੈਲੀ ਉੱਪਰ ਨਿਰਭਰ ਕਰਦੀਆਂ ਹਨ। ਬਹੁਤੀ ਵਾਰ ਘੱਟ-ਵੱਧ ਸਜ਼ਾ ਬਾਰੇ ਸਫ਼ਾਈ ਜਾਂ ਵਿਸਥਾਰਤ ਜਾਣਕਾਰੀ ਦਿੱਤੀ ਜਾਂਦੀ ਹੈ। ਕਈ ਵਾਰ ਡਾਕਟਰ ਪਿਆਰ ਸਿੰਘ ਵਰਗੇ ਵਿਦਵਾਨ ਨੂੰ ਬਿਨਾਂ ਤਸੱਲੀ ਕਰਾਏ ਥੰਮ੍ਹਾਂ ਨਾਲ ਬੰਨ੍ਹਿਆ ਵੀ ਜਾਂਦਾ ਹੈ, ਜਿਸ ਕਰਕੇ ਸੰਬੰਧਤ ਧਿਰ ਨੂੰ ਸਜ਼ਾ ਪੂਰੀ ਕਰਨੀ ਪੈਂਦੀ ਹੈ। ਇਸਦੀ ਸਿੱਖ ਧਰਮ ਵਿੱਚ ਅਗਾਂਹ ਕੋਈ ਅਪੀਲ ਜਾਂ ਦਲੀਲ ਨਹੀਂ। ਅਕਾਲ ਦਾ ਮਤਲਬ ਸਦੀਵੀ ਹੁੰਦੀ ਹੈ, ਭਾਵ ਨਾ ਖ਼ਤਮ ਹੋਣ ਵਾਲਾ, ਜਿਸ ਕਰਕੇ ਸਿੱਖ ਜਗਤ ਵਿੱਚ ਅਕਾਲ ਤਖ਼ਤ ਸਦੀਵੀ ਹੈ, ਭਾਵ ਸਦਾ ਰਹਿਣ ਵਾਲਾ ਹੈ ਅਤੇ ਇਸ 'ਤੇ ਬੈਠਣ ਵਾਲਾ ਓਨਾ ਚਿਰ ਮਗਨ ਰਹਿੰਦਾ ਹੈ ਜਾਂ ਸਰਵਉੱਚ ਅਹੁਦੇ 'ਤੇ ਬਣਿਆ ਰਹਿੰਦਾ ਹੈ, ਜਦੋਂ ਤਕ ਉਹ ਆਪਣੀ ਪਦਵੀ ਤੋਂ ਰਿਟਾਇਰ ਨਹੀਂ ਹੁੰਦਾ ਜਾਂ ਕੀਤਾ ਨਹੀਂ ਜਾ ਸਕਦਾ। ਇਸ ਕਰਕੇ ਜਿਹੜਾ ਵਿਅਕਤੀ ਸਿੱਖ ਧਰਮ ਨਾਲ ਜੁੜਿਆ ਹੋਇਆ ਹੈ, ਉਸ ਨੂੰ ਹੁਕਮਨਾਮਾ ਪ੍ਰਵਾਨ ਕਰਨਾ ਪੈਂਦਾ ਹੈ, ਜਿਸ ਕਰਕੇ ਸਿੱਖ ਧਰਮ ਵਿੱਚ ਹੁਕਮਨਾਮੇ ਦੀ ਸਰਵਉੱਚਤਾ ਕਾਇਮ ਹੈ। ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੁਆਰਾ ਸਥਾਪਤ ਅਕਾਲ ਤਖ਼ਤ ਸਾਹਿਬ ਜਿਉਂ ਦਾ ਤਿਉਂ ਸਿੱਖਾਂ ਲਈ ਸਦੀਵੀ ਚਾਨਣ-ਮੁਨਾਰਾ ਹੈ ਅਤੇ ਰਹੇਗਾ।







# ਰੁਜ਼ਗਾਰ ਲਈ ਦੇਸਾਂ-ਪਰਦੇਸਾਂ 'ਚ ਪਰਵਾਸ ਦਾ ਦਰਦ ਹੰਢਾਉਂਦੇ ਪੰਜਾਬੀ

ਪਰਵਾਸ ਇੱਕ ਮੁਲਕ ਤੋਂ ਦੂਜੇ ਮੁਲਕ ਵੱਲ ਵੀ ਹੁੰਦੈ, ਇੱਕ ਸੂਬੇ ਤੋਂ ਦੂਜੇ ਸੂਬੇ ਵੱਲ ਵੀ ਹੁੰਦੈ, ਪਿੰਡਾਂ ਤੋਂ ਸ਼ਹਿਰਾਂ ਵੱਲ ਵੀ ਹੁੰਦੈ। ਇਸ ਸਭ ਤਰ੍ਹਾਂ ਦੇ ਪਰਵਾਸ ਦਾ ਕਾਰਨ ਇੱਕੋ ਹੀ ਹੁੰਦੈ "ਕਮਾਈ ਕਰਨਾ"। ਰੁਜ਼ਗਾਰ ਖਾਤਰ ਹੀ ਦੁਨੀਆਂ ਦੇ

ਅਵਿਕਸਿਤ ਅਤੇ ਵਿਕਾਸਸ਼ੀਲ ਮੁਲਕਾਂ ਤੋਂ ਵਿਕਸਿਤ ਅਤੇ ਅਮੀਰ ਮੁਲਕਾਂ ਵੱਲ ਹੋ ਰਿਹਾ ਮਨੁੱਖੀ ਪਰਵਾਸ ਅਤੇ ਹਰ ਮੁਲਕ ਦੇ ਅੰਦਰ ਹੀ ਪਿੰਡਾਂ ਤੋਂ ਸ਼ਹਿਰਾਂ ਵੱਲ ਹੋ ਰਿਹਾ ਮਨੁੱਖੀ ਪਰਵਾਸ ਇੱਕ ਅਜਿਹਾ ਕੁਦਰਤੀ ਵਰਤਾਰਾ ਹੈ, ਜਿਸ ਦਾ ਪ੍ਰਭਾਵ ਆਲਮੀ ਪੱਧਰ 'ਤੇ ਪੈ ਰਿਹਾ ਹੈ। ਇੱਕ ਦੇਸ਼ ਤੋਂ ਦੂਜੇ ਦੇਸ਼ਾਂ ਵੱਲ ਪਰਵਾਸ ਮੁੱਢ ਕਦੀਮਾਂ ਤੋਂ ਹੋ ਰਿਹਾ ਹੈ।

ਕੁਝ ਸਾਲ ਪਹਿਲਾਂ ਸੰਯੁਕਤ ਰਾਸ਼ਟਰ ਸੰਘ (ਯੂ. ਐਨ. ਓ.) ਦੇ ਉਸ ਸਮੇਂ ਦੇ ਸਕੱਤਰ ਜਨਰਲ ਬਾਨ ਕੀ ਮੂਨ ਨੇ ਆਪਣੇ ਕਾਰਜਕਾਲ ਦੌਰਾਨ ਕਿਹਾ ਸੀ ਕਿ

" ਇੱਕ ਦੇਸ਼ ਤੋਂ ਦੂਜੇ ਦੇਸ਼ ਜਾਣ ਵਾਲੇ ਪਰਵਾਸੀ ਲੋਕ ਸਾਡੇ ਭਲੇ ਵਾਸਤੇ ਕੰਮ ਕਰ ਰਹੇ ਹਨ, ਅਸੀਂ ਉਹਨਾਂ ਅਰਬਾਂ-ਖਰਬਾਂ ਪਰਵਾਸੀਆਂ ਦੇ ਧੰਨਵਾਦੀ ਹਾਂ ਜਿਨ੍ਹਾਂ ਨੇ ਆਪਣੀ ਹਿੰਮਤ, ਹੌਂਸਲੇ, ਸਾਹਸ, ਦਲੇਰੀ, ਜੋਸ਼, ਤਾਕਤ ਦੇ ਨਾਲ ਨਾਲ ਅਨੇਕਾਂ ਸੁਪਨੇ ਵੇਖਦੇ ਹੋਏ ਸਾਡੀ ਸੁਸਾਇਟੀ, ਸਾਡੇ ਸਮਾਜ ਨੂੰ ਉੱਚਾ ਚੁੱਕਣ ਲਈ, ਹੋਰ ਲਚਕੀਲਾ ਬਣਾਉਣ ਲਈ ਅਤੇ ਹੋਰ ਖੁਸ਼ਹਾਲ ਕਰਨ ਲਈ ਆਪਣਾ ਖੂਨ ਪਸੀਨਾ ਇੱਕ ਕਰਕੇ ਭਰਪੂਰ ਯੋਗਦਾਨ ਦਿੱਤਾ। "

ਕੈਨੇਡਾ ਨੂੰ ਪੰਜਾਬੀਆਂ ਦੀ ਸੁਪਨ ਨਗਰੀ ਕਿਹਾ ਜਾਂਦਾ ਹੈ ਅਤੇ ਅਮਰੀਕਾ ਪੰਜਾਬੀਆਂ ਦੀ ਦੂਜੀ ਪਸੰਦ ਹੈ। ਅਮਰੀਕਾ ਅਤੇ ਕੈਨੇਡਾ ਜਾਣ ਲਈ ਜਿਥੇ ਵੱਡੀ ਗਿਣਤੀ ਪੰਜਾਬੀ ਜਾਇਜ਼ ਤਰੀਕਿਆਂ ਨਾਲ ਉਪਰਾਲੇ ਕਰਦੇ ਹਨ ਉਥੇ ਅਨੇਕਾਂ ਪੰਜਾਬੀ ਡੌਂਕੀ ਲਗਾ ਕੇ ਵੀ ਅਮਰੀਕਾ ਜਾਣ ਦਾ ਯਤਨ ਕਰਦੇ ਹਨ। ਸੱਤ ਸਮੁੰਦਰ ਪਾਰ ਜਾ ਕੇ 'ਡਾਲਰ ਤੇ ਪੌਂਡ' ਕਮਾਉਣਾ ਵੱਡੀ ਗਿਣਤੀ ਪੰਜਾਬੀਆਂ ਦਾ ਸੁਪਨਾ ਹੁੰਦਾ ਹੈ ਅਤੇ ਇਸ ਸੁਪਨੇ ਨੂੰ ਸਾਕਾਰ ਕਰਨ ਲਈ ਹਰ ਦਿਨ ਹੀ ਪੰਜਾਬੀ ਜਹਾਜ਼ ਭਰ ਕੇ ਦੁਨੀਆਂ ਦੇ ਵੱਖ- ਵੱਖ ਮੁਲਕਾਂ ਵਿੱਚ ਜਾਂਦੇ ਹਨ। ਪੰਜਾਬ ਦੇ ਵੱਖ-ਵੱਖ ਇਲਾਕਿਆਂ ਤੋਂ ਹਰ ਦਿਨ ਸੈਂਕੜੇ ਟੈਕਸੀਆਂ/ਕਾਰਾਂ ਵਿੱਚ ਵੱਡੀ ਗਿਣਤੀ ਪੰਜਾਬੀ ਦਿੱਲੀ ਦੇ ਏਅਰਪੋਰਟ ਨੂੰ ਹਰ ਦਿਨ ਜਾਂਦੇ ਆਉਂਦੇ ਹਨ। ਪੰਜਾਬ ਤੋਂ ਵਿਦੇਸ਼ਾਂ ਨੂੰ ਪਰਵਾਸ ਤਾਂ ਉਦੋਂ ਹੀ ਸ਼ੁਰੂ ਹੋ ਗਿਆ ਸੀ ਜਦੋਂ ਭਾਰਤ ਅੰਗਰੇਜ਼ਾਂ ਦਾ ਗੁਲਾਮ ਸੀ। ਸ਼ੁਰੂ- ਸ਼ੁਰੂ ਵਿੱਚ ਅੰਗਰੇਜ਼ਾਂ ਨਾਲ ਨੇੜਤਾ ਰੱਖਣ ਵਾਲੇ ਅਮੀਰ ਪੰਜਾਬੀ ਇੰਗਲੈਂਡ ਵਿੱਚ ਜਾਂ ਤਾਂ ਖੁਦ ਜਾਣ ਲੱਗੇ ਜਾਂ ਫਿਰ ਆਪਣੇ ਬੱਚਿਆਂ ਨੂੰ ਪੜ੍ਹਨ ਲਈ ਭੇਜਣ ਲੱਗੇ, ਇਥੋਂ ਹੀ ਪਰਵਾਸ ਦਾ ਮੁੱਢ ਬੱਝਿਆ। ਜੋ ਕਿ ਹੌਲੀ ਹੌਲੀ ਇੰਨਾ ਜਿਆਦਾ ਬੱਝ ਗਿਆ ਕਿ ਹੁਣ ਦੁਨੀਆਂ ਦੇ ਹਰ ਮੁਲਕ ਵਿੱਚ ਹੀ ਪੰਜਾਬੀ ਵੱਡੀ ਗਿਣਤੀ ਵਿੱਚ ਮਿਲ ਜਾਂਦੇ ਹਨ।

ਇਸ ਦੇ ਨਾਲ ਹੀ ਇਹ ਵੀ ਹਕੀਕਤ ਹੈ ਕਿ ਇਸੇ ਸਮੇਂ ਹੀ ਵੱਡੀ ਗਿਣਤੀ ਪੰਜਾਬੀ ਖਾਸ ਕਰਕੇ ਮਾਲਵੇ ਦੇ ਇਤਿਹਾਸਿਕ ਪਿੰਡ ਭਦੌੜ ਤੋਂ ਕਈ ਪੰਜਾਬੀ ਬਰਮਾ ਵਿੱਚ ਗਏ ਜਿਥੇ ਕਿ ਉਹਨਾਂ ਨੇ ਆਪਣੀ ਸਖ਼ਤ ਮਿਹਨਤ ਨਾਲ ਵੱਡੇ ਵੱਡੇ ਕਾਰੋਬਾਰ ਕਾਇਮ ਕਰ ਲਏ। ਮਾਲਵੇ ਦੀ ਧਰਤੀ ਨੂੰ ਇਹ ਮਾਣ ਹੈ ਕਿ ਮਾਲਵੇ ਦੇ ਇਤਿਹਾਸਿਕ ਪਿੰਡ ਭਦੌੜ ਜ਼ਿਲ੍ਹਾ ਬਰਨਾਲਾ ਦੇ ਗਿਆਨੀ ਨੱਥਾ ਸਿੰਘ ਦੇ ਪਰਿਵਾਰ ਵਿਚੋਂ ਸੁਰਜੀਤ ਸਿੰਘ ਜ਼ਿਲ੍ਹੇਦਾਰ, ਜਸਵੰਤ ਸਿੰਘ, ਹਰੀ ਸਿੰਘ ਅਤੇ ਹੋਰ ਮੈਂਬਰ ਮਾਲਵਾ ਇਲਾਕੇ ਵਿਚੋਂ ਸਭ ਤੋਂ ਪਹਿਲਾਂ ਪਰਵਾਸ ਕਰਕੇ ਬਰਮਾ ਵਿੱਚ ਗਏ , ਭਾਵੇਂ ਕਿ ਬਰਮਾ ਉੱਪਰ ਜਾਪਾਨ ਵੱਲੋਂ ਹਮਲਾ ਹੋਣ ਵੇਲੇ ਇਨ੍ਹਾਂ ਸਾਰੇ ਹੀ ਪੰਜਾਬੀਆਂ ਨੂੰ ਆਪਣਾ ਸਾਰਾ ਕੁੱਝ ਹੀ ਉਥੇ ਛੱਡ ਕੇ ਪੰਜਾਬ ਆਉਣਾ ਪਿਆ, ਇਸ ਤੋਂ ਬਾਅਦ ਇਹ ਪਰਿਵਾਰ ਅਨੇਕਾਂ ਦਹਾਕਿਆਂ ਤੋਂ ਕੈਨੇਡਾ ਦਾ ਵਸਨੀਕ ਹੈ। ਇਸ ਪਰਿਵਾਰ ਨੂੰ ਇਹ ਮਾਣ ਜਾਂਦਾ ਹੈ, ਇਸ ਪਰਿਵਾਰ ਨੇ ਹੀ ਮਾਲਵਾ ਇਲਾਕੇ ਵਿੱਚ ਪਰਵਾਸ ਕਰਨ ਦੀ ਰੀਤ ਤੋਰੀ ਅਤੇ ਦੂਜੇ ਮੁਲਕਾਂ ਨੂੰ ਪਰਵਾਸ ਕੀਤਾ ਕਿਉਂਕਿ ਪਹਿਲਾਂ ਪਰਵਾਸ ਸਿਰਫ਼ ਦੋਆਬਾ ਖੇਤਰ ਦੇ ਲੋਕ ਹੀ ਵਧੇਰੇ ਕਰਦੇ ਸਨ ਅਤੇ ਮਾਲਵਾ ਇਲਾਕੇ ਦੇ ਲੋਕ ਆਪਣੇ ਪਿੰਡ ਆਪਣਾ ਸਾਦਾ ਜੀਵਨ ਬਤੀਤ ਕਰਨ ਨੂੰ ਹੀ ਤਰਜੀਹ ਦਿੰਦੇ ਸਨ ਪਰ ਭਦੌੜ ਦੇ ਸੁਰਜੀਤ ਸਿੰਘ ਜ਼ਿਲ੍ਹੇਦਾਰ (ਬਰਮਾ ਵਾਲਿਆਂ) ਦੇ ਪਰਿਵਾਰ ਨੇ ਮਾਲਵੇ ਵਿਚੋਂ ਪਰਵਾਸ ਕਰਨ ਦਾ ਅਜਿਹਾ ਮੁੱਢ ਬੰਨ੍ਹਿਆ ਕਿ ਇਸ ਪਰਿਵਾਰ ਤੋਂ ਬਾਅਦ ਤਾਂ ਲੱਖਾਂ ਮਲਵਈ ਪਰਵਾਸ ਕਰਕੇ ਦੂਜੇ ਮੁਲਕਾਂ ਵਿੱਚ ਜਾ ਚੁੱਕੇ ਹਨ। ਇਸ ਤਰ੍ਹਾਂ ਲਗਦਾ ਹੈ ਕਿ ਜਿਵੇਂ ਹੁਣ ਮਾਝੇ, ਮਾਲਵੇ ਅਤੇ ਦੋਆਬੇ ਦੇ ਲੋਕਾਂ ਵਿੱਚ ਮੁਕਾਬਲਾ ਚਲ ਰਿਹਾ ਹੋਵੇ ਕਿ ਉਹਨਾਂ ਵਿਚੋਂ ਪਰਵਾਸ ਕੌਣ ਵਧੇਰੇ ਕਰੇਗਾ।



ਮਨੁੱਖ ਨੇ ਪੰਛੀਆਂ ਵਾਂਗ ਹਵਾਈ ਜਹਾਜ਼ ਵਿੱਚ ਉੱਡਣਾ ਵੀ ਸ਼ੁਰੂ ਕਰ ਦਿੱਤਾ ਹੈ ਅਤੇ ਕੂੰਜਾਂ ਵਰਗੇ ਪਰਵਾਸੀ ਪੰਛੀਆਂ ਵਾਂਗ ਇੱਕ ਮੁਲਕ ਤੋਂ ਦੂਰ ਦੂਜੇ ਮੁਲਕਾਂ ਵੱਲ ਪਰਵਾਸ ਕਰਨਾ ਵੀ ਸਿੱਖ ਲਿਆ ਹੈ। ਮਨੁੱਖ ਨੇ ਕੂੰਜਾਂ ਵਾਂਗ ਦੂਰ ਦੁਰੇਡੇ ਦੇ ਮੁਲਕਾਂ ਵਿੱਚ ਜਾ ਕੇ ਦਾਤੇ ਵੱਲੋਂ ਖਿਲਾਰੀ ਚੋਗ ਵੀ ਚੁਗਣੀ ਸ਼ੁਰੂ ਕਰ ਦਿੱਤੀ ਹੈ। ਕੂੰਜਾਂ ਤੇ ਹੋਰ ਪਰਵਾਸੀ ਪੰਛੀ ਤਾਂ ਮੌਸਮ ਬਦਲਣ ਨਾਲ ਮੁੜ ਆਪਣੇ ਵਤਨਾਂ ਨੂੰ ਉਡਾਰੀ ਮਾਰ ਜਾਂਦੇ ਹਨ ਪਰ ਵੱਡੀ ਗਿਣਤੀ 'ਚ ਪੰਜਾਬੀ ਅਜਿਹੇ ਹਨ ਜੋ ਕਿ ਵਿਦੇਸ਼ ਜਾ ਕੇ ਉਥੋਂ ਦੇ ਹੀ ਪੱਕੇ ਵਸਨੀਕ ਬਣ ਗਏ।

## ਪਰਵਾਸ ਦੀ ਗੁੜ੍ਹਤੀ



ਪੰਜਾਬ ਵਿੱਚ ਪੈਦਾ ਹੋਇਆ ਹਰ ਨਵ ਜੰਮਿਆਂ ਬੱਚਾ ਜਦ ਕੁਝ ਸਮਝਣ/ਜਾਨਣ ਜੋਗਾ ਹੁੰਦਾ ਹੈ, ਤਾਂ ਉਹ ਆਪਣੇ ਬਾਲਪਣ ਵਿੱਚ ਹੀ ਦੁਨੀਆਂ ਦਾ ਨਕਸ਼ਾ ਜਾਂ ਧਰਤੀ ਦੇ ਨਕਸ਼ੇ ਦਾ ਗੋਲ ਮਾਡਲ ਆਪਣੇ ਅੱਗੇ ਰਖ ਕੇ ਵੱਖ- ਵੱਖ ਮੁਲਕਾਂ ਦੀ ਘੋਖ ਕਰਦਾ ਹੋਇਆ ਆਪਣੇ ਮਨਪਸੰਦ ਮੁਲਕ ਦੀ ਚੋਣ ਕਰਨ ਦਾ ਯਤਨ ਕਰਦਾ ਹੈ, ਜਿਥੇ ਜਾ ਕੇ ਉਸਨੇ ਆਪਣੀ ਪੜ੍ਹਾਈ ਬਹਾਨੇ ਪੱਕਾ ਰੈਣ ਬਸੇਰਾ ਬਣਾ ਕੇ ਆਪਣੀ ਅਗਲੀ ਜਿੰਦਗੀ ਬਤੀਤ ਕਰਨੀ ਹੁੰਦੀ ਹੈ। ਇਸ ਤਰਾਂ ਸੱਤ ਸਮੁੰਦਰ ਪਾਰ ਦੀ ਵਿਦੇਸ਼ੀ ਅਤੇ ਬੇਗਾਨੀ ਧਰਤੀ ਅਤੇ ਡਾਲਰਾਂ-ਪੌਂਡਾਂ ਦੀ ਖਿੱਚ ਪੰਜਾਬ ਦੇ ਹਰ ਬੱਚੇ ਨੂੰ ਆਪਣੇ ਵੱਲ ਆਕਰਸ਼ਿਤ ਕਰਨ ਲੱਗਦੀ ਹੈ। ਇਹ ਹੀ ਅੱਜ ਦੇ ਪੰਜਾਬ ਅਤੇ ਪੰਜਾਬੀਆਂ ਦੀ ਸੱਚਾਈ ਹੈ। ਕੁਝ ਸੋਝੀ ਆਉਣ 'ਤੇ ਹੁਣ ਤਾਂ ਹਰ ਪੰਜਾਬੀ ਬੱਚਾ ਧਰਤੀ ਦਾ ਮਾਡਲ ਆਪਣੇ ਅੱਗੇ ਰਖ ਕੇ ਧਰਤੀ ਰੂਪੀ ਗੋਲ ਚੱਕਰ ਨੂੰ ਘੁਮਾ ਕੇ ਪੂਰੀ ਦੁਨੀਆਂ ਘੁੰਮਣ ਦਾ ਸੁਪਨਾ ਵੇਖਣ ਲੱਗਦਾ ਹੈ, ਜਿਸ ਨੂੰ "ਅਰਾਉਂਡ ਦੀ ਵਰਲਡ" ਦਾ ਨਾਂਅ ਦਿੱਤਾ ਜਾਂਦਾ ਹੈ।

## ਧੀਆਂ ਲਈ ਬਾਬਲ ਦੇਸ਼ ਛੱਡਿਆ



ਵੱਡੀ ਗਿਣਤੀ ਪੰਜਾਬੀ ਆਪਣੀਆਂ ਧੀਆਂ ਲਈ ਪਰਵਾਸ ਕਰਦੇ ਹਨ ਤਾਂ ਕਿ ਉਹਨਾਂ ਦੀਆਂ ਧੀਆਂ ਦੀ ਪਰਵਰਿਸ਼ ਸਹੀ ਤਰੀਕੇ ਨਾਲ ਹੋ ਸਕੇ। ਅਜਿਹੇ ਪੰਜਾਬੀ ਵਿਦੇਸ਼ ਵਿੱਚ ਚੰਗੀ ਕਮਾਈ ਕਰਕੇ ਆਪਣੇ ਘਰ ਭੇਜਦੇ ਰਹਿੰਦੇ ਹਨ ਤਾਂ ਕਿ ਉਹਨਾਂ ਦੀਆਂ ਧੀਆਂ ਚੰਗੀ ਤਰ੍ਹਾਂ ਪੜ੍ਹ ਲਿਖ ਸਕਣ। ਇਹ ਪੰਜਾਬੀ ਵਿਦੇਸ਼ਾਂ ਵਿੱਚ ਦਿਨ ਰਾਤ ਕੰਮ ਕਰਦੇ ਹਨ ਤਾਂ ਕਿ ਧੀਆਂ ਦੇ ਵਿਆਹ ਲਈ ਉਹ ਚੰਗੀ ਕਮਾਈ ਕਰਕੇ ਉਹਨਾਂ ਲਈ ਯੋਗ ਵਰ ਲੱਭ ਸਕਣ। ਇਸ ਤਰ੍ਹਾਂ ਧੀਆਂ ਲਈ ਦੇਸ਼ ਛੱਡ ਕੇ ਵਿਦੇਸ਼ ਗਏ ਪੰਜਾਬੀ ਬੇਗਾਨੀ ਧਰਤੀ 'ਤੇ ਰੱਬ ਵੱਲੋਂ ਖਿਲਾਰੀ ਚੋਗ ਚੁਗਦੇ ਰਹਿੰਦੇ ਹਨ।

## ਸੌਖਾ ਨਹੀਂ ਹੁੰਦਾ ਆਪਣੇ ਘਰ ਨੂੰ ਅਲਵਿਦਾ ਕਹਿਣਾ



ਆਪਣੇ ਜੱਦੀ ਹਵੇਲੀ ਵਰਗੇ ਆਲੀਸ਼ਾਨ ਘਰ/ਕੱਚੇ ਢਾਰਿਆ, ਖੇਤਾਂ ਅਤੇ ਪਿੰਡ ਨੂੰ ਅਲਵਿਦਾ ਕਹਿਣਾ ਸੌਖਾ ਨਹੀਂ ਹੁੰਦਾ ਪਰ ਆਪਣਿਆਂ ਦੀ ਭਲਾਈ ਲਈ ਵੱਡੀ ਗਿਣਤੀ ਪੰਜਾਬੀਆਂ ਨੂੰ ਆਪਣੇ ਘਰ, ਖੇਤ ਅਤੇ ਪਿੰਡ/ਸ਼ਹਿਰ ਛੱਡਣ ਲਈ ਮਜਬੂਰ ਹੋਣਾ ਪੈ ਰਿਹੈ। ਜਿਹੜੇ ਘਰਾਂ ਵਿੱਚ ਮਨੁੱਖ ਦਾ ਜਨਮ ਹੋਇਆ ਹੁੰਦੈ, ਜਿਹੜੇ ਘਰ ਦੇ ਵਿਹੜੇ ਵਿੱਚ ਬਚਪਣ ਸਮੇਂ ਪੀਂਘਾਂ ਝੂਟੀਆਂ ਹੋਣ ਤੇ ਹੋਰ ਖੇਡਾਂ ਖੇਡੀਆਂ ਹੋਣ। ਜਿਹੜੇ ਘਰ ਵਿੱਚ ਸਾਰੇ ਪਰਿਵਾਰ ਨਾਲ ਬੈਠ ਕੇ ਰਲ ਮਿਲ ਕੇ ਅਨੇਕਾਂ ਤਿਉਹਾਰ ਮਨਾਏ ਹੋਣ, ਵੱਖ- ਵੱਖ ਖੁਸ਼ੀਆਂ ਦੇ ਮੌਕੇ ਸ਼ਗਨ ਮਨਾਏ ਹੋਣ, ਜਿਹੜੇ ਘਰਾਂ ਵਿੱਚ ਬਚਪਣ ਤੋਂ ਅੱਲ੍ਹੜ ਉਮਰ ਰਾਹੀਂ ਹੁੰਦਿਆਂ ਜਵਾਨੀ ਦੀ ਦਹਿਲੀਜ਼ 'ਤੇ ਕਦਮ ਧਰਿਆ ਹੋਵੇ, ਜਿਹੜੇ ਘਰਾਂ 'ਚ ਖੀਰ ਪੂੜੇ, ਖੋਆ, ਗਾਜਰ ਪਾਕ ਅਤੇ ਪੰਜੀਰੀ ਬਣਾ ਕੇ ਖਾਧੇ ਹੋਣ, ਉਹਨਾਂ ਘਰਾਂ ਨੂੰ ਛੱਡਣਾ ਬਹੁਤ ਔਖਾ ਹੁੰਦਾ ਹੈ ਪਰ ਰੁਜ਼ਗਾਰ ਖਾਤਰ ਵੱਡੀ ਗਿਣਤੀ ਪੰਜਾਬੀਆਂ ਆਪਣੇ ਘਰਾਂ, ਖੇਤਾਂ ਤੇ ਪਿੰਡਾਂ/ਸ਼ਹਿਰਾਂ ਨੂੰ ਹਮੇਸ਼ਾ ਲਈ ਅਲਵਿਦਾ ਕਹਿਣ ਲਈ ਮਜਬੂਰ ਹੋਣਾ ਪਿਆ ਹੈ।



## ਦੇਸ਼ 'ਚ ਹੀ ਪਰਵਾਸ

ਵੱਡੀ ਗਿਣਤੀ ਪੰਜਾਬੀ ਆਪਣੇ ਦੇਸ਼ 'ਚ ਹੀ ਪਰਵਾਸ ਕਰਦੇ ਹਨ। ਫ਼ਿਲਮ ਨਗਰੀ ਮੁੰਬਈ ਸਮੇਤ ਭਾਰਤ ਦੇ ਵੱਖ-ਵੱਖ ਸੂਬਿਆਂ ਵਿੱਚ ਪੰਜਾਬੀਆਂ ਨੇ ਜਾ ਕੇ ਵੱਡੀ ਤਰੱਕੀ ਕੀਤੀ ਹੈ। ਇਸ ਤੋਂ ਇਲਾਵਾ ਪੰਜਾਬ ਦੇ ਵੱਡੀ ਗਿਣਤੀ ਪੁੱਤਰ ਟਰੱਕ ਅਤੇ ਟਰਾਲੇ ਵੀ ਚਲਾਉਂਦੇ ਹਨ ਜੋ ਕਿ ਸਾਰਾ ਸਾਲ ਆਪਣੇ ਦੇਸ਼ ਵਿੱਚ ਹੀ ਇੱਕ ਸੂਬੇ ਤੋਂ ਦੂਜੇ ਸੂਬੇ ਵਿੱਚ ਘੁੰਮਦੇ ਰਹਿੰਦੇ ਹਨ। ਪਰਵਾਸ ਹੀ ਇਹਨਾਂ ਦੀ ਜ਼ਿੰਦਗੀ ਬਣ ਜਾਂਦਾ ਹੈ। ਇਸ ਤਰ੍ਹਾਂ ਇਹ ਲੋਕ ਦੇਸ਼ 'ਚ ਰਹਿੰਦਿਆਂ ਵੀ ਪਰਵਾਸ ਦਾ ਦੁਖਾਂਤ ਹੰਢਾਉਂਦੇ ਹਨ। ਇਹ ਟਰੱਕ ਅਤੇ ਟਰਾਲਿਆਂ ਵਾਲੇ ਜ਼ਰੂਰੀ ਸਮਾਨ ਇੱਕ ਇਲਾਕੇ ਤੋਂ ਦੂਜੇ ਇਲਾਕੇ ਵਿੱਚ ਲਿਜਾ ਕੇ ਦੇਸ਼ ਦੀ ਆਰਥਿਕਤਾ ਨੂੰ ਮਜ਼ਬੂਤ ਕਰਦੇ ਹਨ। ਇਹਨਾਂ ਦੇ ਟਰੱਕਾਂ ਤੇ ਟਰਾਲਿਆਂ ਦਾ ਪਹੀਆ ਜਿੰਨੀ ਤੇਜ਼ ਘੁੰਮਦਾ ਹੈ, ਓਨੀ ਤੇਜ਼ੀ ਨਾਲ ਹੀ ਦੇਸ਼ ਦੀ ਆਰਥਿਕਤਾ ਦਾ ਪਹੀਆ ਘੁੰਮਦਾ ਹੈ।

# ਸੱਤਾ, ਸਮਾਜ ਅਤੇ ਕਿਸਾਨ ਅੰਦੋਲਨ

**ਡਾ. ਮੇਹਰ ਮਾਣਕ**

ਪੰਜਾਬ ਭਾਰਤ ਦਾ ਖੇਤੀ ਪ੍ਰਧਾਨ ਸੂਬਾ ਹੈ ਜਿਸ ਦੀ ਦੋ-ਤਿਹਾਈ ਵੱਸੋਂ ਖੇਤੀ ਉੱਤੇ ਨਿਰਭਰ ਕਰਦੀ ਹੈ। ਇਥੋਂ ਦੇ ਬਾਸ਼ਿੰਦੇ ਜਿਥੇ ਮਿਹਨਤੀ ਅਤੇ ਸਿਰੜੀ ਹਨ ਉੱਥੇ ਇਹ ਆਪਣੀ ਭੂਗੋਲਿਕ ਸਥਿਤੀ ਕਾਰਨ ਕਿਰਤ ਅਤੇ ਉਸ ਦੀ ਰਾਖੀ ਲਈ ਹਮੇਸ਼ਾ ਚੇਤੰਨ ਅਤੇ ਸੰਘਰਸ਼ਸ਼ੀਲ ਰਹੇ ਹਨ। ਇਸ ਕਰ ਕੇ ਇਥੋਂ ਦਾ ਵੱਖ-ਵੱਖ ਰੂਪਾਂ ਵਿੱਚ ਅੰਦੋਲਨਾਂ ਦਾ ਲੰਮਾ ਇਤਿਹਾਸ ਹੈ। ਆਪਣੇ ਵਸੇਬੇ ਕਾਰਨ ਖੇਤੀ ਅਤੇ ਖੇਤਾਂ ਨਾਲ ਇਨ੍ਹਾਂ ਦਾ ਹਮੇਸ਼ਾ ਲਗਾਓ ਰਿਹਾ ਹੈ, ਇਸ ਕਰ ਕੇ ਇਹ ਆਪਣੀ ਮੁਕਤੀ ਖ਼ਾਤਿਰ ਸਾਮਰਾਜ ਦੇ ਜੋਟੀਦਾਰ ਜਗੀਰਦਾਰਾਂ ਖਿਲਾਫ ਸੰਘਰਸ਼ ਵਿੱਚ ਨਿੱਤਰੇ। ਤੇਜਾ ਸਿੰਘ ਸੁਤੰਤਰ ਦੀ ਅਗਵਾਈ ਵਿੱਚ ਪੈਪਸੂ ਖੇਤਰ ਅੰਦਰ ਲੜੇ ਮੁਜ਼ਾਰਾ ਘੋਲ ਵਰਗੇ ਘੋਲ ਇਸ ਦੀਆਂ ਉਦਾਹਰਨਾਂ ਹਨ ਜਿਸ ਕਾਰਨ ਆਜ਼ਾਦੀ ਤੋਂ ਤੁਰੰਤ ਬਾਅਦ ਸਰਕਾਰ ਨੂੰ ਜ਼ਮੀਨੀ ਸੁਧਾਰਾਂ ਦਾ ਬੀੜਾ ਚੁੱਕਣਾ ਪਿਆ ਤਾਂ ਕਿ ਭੁੱਖਮਰੀ ਦੀ ਦਰਪੇਸ਼ ਸਮੱਸਿਆ ਨੂੰ ਹੱਲ ਕਰਨ ਵੱਲ ਵਧਿਆ ਜਾ ਸਕੇ।



ਇਸੇ ਮਨਸ਼ਾ ਸਦਕਾ 1960ਵਿਆਂ ਵਿਚਲੀ ਹਰੀ ਕ੍ਰਾਂਤੀ ਦੇ ਮਾਡਲ ਦੀ ਆਮਦ ਹੋਈ ਜਿਸ ਤਹਿਤ ਨਵੀਆਂ ਖਾਦਾਂ, ਬੀਜਾਂ, ਤਕਨੀਕਾਂ ਦੇ ਨਾਲ ਹੀ ਮੁੱਢਲੇ ਜ਼ਰੂਰੀ ਢਾਂਚੇ ਦੀ ਉਸਾਰੀ ਤਹਿਤ ਮੰਡੀਕਰਨ ਦੀ ਪ੍ਰਬਲ ਉਸਾਰੀ ਦੀ ਪ੍ਰਕਿਰਿਆ ਸ਼ੁਰੂ ਹੋਈ। ਬਦਲੇ ਹਾਲਾਤ, ਨਵੀਆਂ ਤਕਨੀਕਾਂ ਅਤੇ ਕਿਸਾਨਾਂ ਦੀ ਅਣਥੱਕ ਮਿਹਨਤ ਸਦਕਾ ਟੀਚਾ ਪੂਰਾ ਕਰ ਲਿਆ ਗਿਆ ਹੈ ਅਤੇ ਖ਼ੁਸ਼ਹਾਲੀ ਦੇ ਗੀਤ ਗਾਏ ਗਏ ਪਰ ਇਹ ਵਕਤ ਬਹੁਤਾ ਦੇਰ ਨਹੀਂ ਰਹਿੰਦਾ ਕਿਉਂਕਿ ਇਹ ਵਕਤੀ ਤੌਰ ਉੱਤੇ ਮੁਨਾਫ਼ਿਆਂ ਤਹਿਤ ਉਸਰਿਆ ਉਹ ਮਾਡਲ ਸੀ ਜਿਸ ਦੇ ਸਿੱਟੇ ਇੱਕ ਵਕਤ ਤੋਂ ਬਾਅਦ ਆਪਣੇ ਨਾਂਹ ਪੱਖੀ ਰੰਗ ਦਿਖਾਉਣ ਲੱਗ ਪਏ ਅਤੇ ਕਿਸਾਨੀ ਅਰਥਚਾਰਾ ਸੰਕਟ ਵੱਲ ਵਧਣ ਲੱਗਿਆ ਜਿਸ ਵਿੱਚ ਖਾਸ ਤੌਰ 'ਤੇ ਛੋਟੇ ਕਿਸਾਨ ਸਨ। ਹਰੀ ਕ੍ਰਾਂਤੀ ਨੇ ਕਿਸਾਨਾਂ ਨੂੰ ਮੁੱਖ ਤੌਰ 'ਤੇ ਦੋ ਖੇਮਿਆਂ ਵਿੱਚ ਵੰਡ ਦਿੱਤਾ; ਇੱਕ ਖੇਮਾ ਜਿਸ ਨੂੰ ਹਰੀ ਕ੍ਰਾਂਤੀ ਦਾ ਫ਼ਾਇਦਾ ਲੈਣ ਵਾਲੀ ਧਿਰ 'ਧਨੀ ਕਿਸਾਨੀ' ਕਿਹਾ ਜਾਂਦਾ ਹੈ ਤੇ ਇਸ ਦੀ ਨੁਮਾਇੰਦਗੀ ਕਰਨ ਵਾਲੀ ਭਾਰਤੀ ਕਿਸਾਨ ਯੂਨੀਅਨ ਸਾਹਮਣੇ ਆਉਂਦੀ ਹੈ, ਦੂਜੇ ਬੰਨੇ ਛੋਟੇ ਕਿਸਾਨਾਂ ਦੀ ਰਹਿਨੁਮਾਈ ਕਰਦੀਆਂ ਕਮਿਊਨਿਸਟ ਧਿਰਾਂ ਨਾਲ ਸਬੰਧਿਤ ਵੱਖ-ਵੱਖ ਕਿਸਾਨ ਜਥੇਬੰਦੀਆਂ ਜਿਵੇਂ ਆਲ ਇੰਡੀਆ ਕਿਸਾਨ ਸਭਾ, ਕਿਰਤੀ ਕਿਸਾਨ ਯੂਨੀਅਨ, ਕਿਸਾਨ ਸਭਾ ਪੰਜਾਬ, ਪੰਜਾਬ ਕਿਸਾਨ ਯੂਨੀਅਨ ਆਦਿ ਆਪਣੀ ਜਮਾਤੀ ਨਜ਼ਰੀਏ ਵਾਲੀ ਵਿਚਾਰਧਾਰਾ ਤਹਿਤ ਸਰਗਰਮੀਆਂ ਕਰਦੀਆਂ ਹਨ। ਧਨੀ ਅਤੇ ਦਰਮਿਆਨੀ ਕਿਸਾਨੀ ਦੀ ਨੁਮਾਇੰਦਗੀ ਕਰਦੀ ਭਾਰਤੀ ਕਿਸਾਨ ਯੂਨੀਅਨ ਭਾਰਤ ਦੇ ਵੱਖ-ਵੱਖ ਖੇਤਰਾਂ ਵਿੱਚ ਸਰਗਰਮ ਆਪਣੀਆਂ ਭਰਾਤਰੀ ਜਥੇਬੰਦੀਆਂ ਨਾਲ ਸ਼ੇਤਕਾਰੀ ਸੰਗਠਨ ਦੇ ਆਗੂ ਸ਼ਰਦ ਜੋਸ਼ੀ ਦੀ ਅਗਵਾਈ ਵਿੱਚ ਕਿਸਾਨੀ ਦੇ ਸੰਕਟ ਦਾ ਹੱਲ 'ਖੁੱਲ੍ਹੀ ਮੰਡੀ' ਦੀ ਵਕਾਲਤ ਰਾਹੀਂ ਤਲਾਸ਼ਦੇ ਹਨ ਅਤੇ ਕਮਿਊਨਿਸਟ ਧਿਰਾਂ ਵਾਲੀਆਂ ਕਿਸਾਨ ਜਥੇਬੰਦੀਆਂ 'ਖੁੱਲ੍ਹੀ ਮੰਡੀ' ਦੀ ਆਮਦ ਨੂੰ ਕਿਸਾਨੀ ਮੁਕਤੀ ਦੇ ਮਾਰਗ ਦੀ ਥਾਂ ਸਾਮਰਾਜੀ ਗ਼ਲਬੇ ਦੇ ਰੂਪ ਵਿੱਚ ਦੇਖਦੀਆਂ ਸਨ।

ਵਕਤ ਗੁਜ਼ਰਨ ਨਾਲ ਸਰਕਾਰੀ ਨੀਤੀਆਂ ਕਾਰਨ ਕਿਸਾਨੀ ਦਾ ਸੰਕਟ ਦਿਨ-ਬਦਿਨ ਵਧਦਾ ਗਿਆ। ਖੇਤੀ ਲਾਗਤਾਂ ਵਧਦੀਆਂ ਗਈਆਂ ਅਤੇ ਆਮਦਨ ਘਟਦੀ ਗਈ, ਕਿਸਾਨ ਕਰਜ਼ਈ ਹੁੰਦਾ ਗਿਆ ਜਿਸ ਕਾਰਨ ਸਮਾਜਿਕ ਤੇ ਮਾਨਸਿਕ ਦਬਾਓ ਵਧਣ ਲੱਗੇ। ਇਸ ਦਾ ਸਿੱਟਾ ਆਤਮਘਾਤ ਜਿਹੇ ਮਾਰੂ ਰੁਝਾਨ ਦੀ ਆਮਦ ਵਿੱਚ ਨਿਕਲਿਆ। ਇਸ ਸੰਕਟ ਨੇ ਤਕਰੀਬਨ ਸਾਰੇ ਪੇਂਡੂ ਤਬਕਿਆਂ ਨੂੰ ਲਪੇਟ ਵਿੱਚ ਲੈ ਲਿਆ। ਬਹੁਤ ਸਾਰੇ ਅਰਥ ਸ਼ਾਸਤਰੀਆਂ ਅਤੇ ਸਮਾਜ ਵਿਗਿਆਨੀਆਂ ਨੇ ਇਸ ਰੁਝਾਨ ਨੂੰ ਗਹਿਰਾਈ ਨਾਲ ਸਮਝਣ ਲਈ ਅਧਿਐਨ ਕੀਤੇ ਅਤੇ ਪੇਂਡੂ ਅਰਥਚਾਰੇ ਦੇ ਨਿਘਾਰ ਕਾਰਨ ਪਨਪੇ ਆਤਮਘਾਤੀ ਰੁਝਾਨ ਨੂੰ ਠੱਲ੍ਹ ਪਾਉਣ ਲਈ ਵਕਤ-ਵਕਤ 'ਤੇ ਸਰਕਾਰਾਂ ਨੂੰ ਸੰਭਵ ਉਪਰਾਲੇ ਕਰਨ ਦੀ ਤਾਕੀਦ ਵੀ ਕੀਤੀ ਪਰ ਬੁਧੀਜੀਵੀਆਂ ਦੇ ਸੁਝਾਵਾਂ ਵੱਲ ਕਦੇ ਕਿਸੇ ਨੇ ਸੰਜੀਦਗੀ ਨਾਲ ਗੌਰ ਨਾ ਕੀਤਾ।



ਪੰਜਾਬ ਦੀ ਵਿਰਾਸਤ ਵਿੱਚ ਆਤਮਘਾਤੀ ਰੁਝਾਨ ਲਈ ਕੋਈ ਥਾਂ ਨਹੀਂ। ਪਸਰੇ ਆਤਮਘਾਤੀ ਰੁਝਾਨ, ਸਰਕਾਰਾਂ ਦੀ ਅਣਦੇਖੀ, ਖੇਤੀ ਨੂੰ ਸੰਕਟ ਵਿੱਚੋਂ ਕੱਢਣ ਲਈ ਘੜੀ ਨਵੀਂ ਖੇਤੀ ਨੀਤੀ ਤਹਿਤ ਕਾਰਪੋਰੇਟ ਸੈਕਟਰ ਦੀ ਆਮਦ, ਬਦਲੇ ਹਾਲਾਤ ਤੇ ਸਮੀਕਰਨਾਂ ਨੇ ਕਿਸਾਨੀ ਖੇਤਰ ਨਾਲ ਸਬੰਧਿਤ ਵੱਖ-ਵੱਖ ਪਰਤਾਂ ਅਤੇ ਖੇਤਰਾਂ ਵਿੱਚ ਕੰਮ ਕਰਦੀਆਂ ਕਿਸਾਨ ਜਥੇਬੰਦੀਆਂ ਨੂੰ ਇੱਕ ਪਲੈਟਫਾਰਮ 'ਤੇ ਲਿਆ ਖੜ੍ਹਾ ਕਰ ਦਿੱਤਾ ਜਿਸ ਦਾ ਸਿੱਟਾ ਜ਼ਬਰਦਸਤ ਕਿਸਾਨ ਅੰਦੋਲਨ ਦੇ ਰੂਪ ਵਿੱਚ ਨਿਕਲਿਆ। ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਵਿੱਚ ਫੈਲੀ ਬੇਚੈਨੀ ਨੇ ਇਸ ਨੂੰ ਹੋਰ ਮਜ਼ਬੂਤ ਕਰ ਦਿੱਤਾ ਜਿਸ ਦਾ ਸਿੱਟਾ 2020 ਵਾਲੇ ਦਿੱਲੀ ਦੇ ਘਿਰਾਓ ਵਿੱਚ ਨਿਕਲਿਆ। ਇਹ ਧਰਨਾ ਤਕਰੀਬਨ ਇੱਕ ਸਾਲ ਚੱਲਿਆ ਅਤੇ ਆਖਿ ?ਰਕਾਰ ਕੇਂਦਰ ਸਰਕਾਰ ਨੂੰ ਤਿੰਨੇ ਕਾਨੂੰਨ ਵਾਪਸ ਲੈਣੇ ਪਏ ਅਤੇ ਹੋਰ ਮੰਗਾਂ ਵੀ ਅਸੂਲੀ ਤੌਰ 'ਤੇ ਪ੍ਰਵਾਨ ਕੀਤੀਆਂ।

ਉਂਝ, ਕੇਂਦਰ ਸਰਕਾਰ ਨੇ ਮੰਗਾਂ ਮੰਨ ਕੇ ਫਿਰ ਟਾਲ-ਮਟੋਲ ਦੀ ਨੀਤੀ ਅਖ਼ਤਿਆਰ ਕਰ ਲਈ ਅਤੇ ਉਹੀ ਤਿੰਨੇ ਕਾਨੂੰਨ ਅਸਿੱਧੇ ਤੌਰ 'ਤੇ ਲਾਗੂ ਕਰਨ ਲਈ ਰਾਜਾਂ ਨੂੰ ਮਸੌਦਾ ਭੇਜ ਕੇ ਲਾਗੂ ਕਰਨ ਦਾ ਰਾਹ ਅਖਤਿਆਰ ਕਰ ਲਿਆ। ਕਿਸਾਨ ਘੋਲਾਂ 'ਚੋਂ ਨਿਕਲੀ ਲੀਡਰਸ਼ਿਪ ਨੇ ਇਸ 'ਤੇ ਤਿੱਖੀ ਨਜ਼ਰ ਰੱਖੀ ਅਤੇ ਲੋਕਾਂ ਨੂੰ ਜਾਗਰੂਕ ਕਰਨਾ ਸ਼ੁਰੂ ਕਰ ਦਿੱਤਾ। ਵੈਸੇ ਤਾਂ ਦਿੱਲੀ ਘਿਰਾਓ ਸਮੇਂ ਹੀ ਕਿਸਾਨੀ ਲੀਡਰਸ਼ਿਪ ਦੋ ਖੇਮਿਆਂ ਵਿੱਚ ਵੱਖ-ਵੱਖ ਸਟੇਜਾਂ ਰਾਹੀਂ ਵੰਡੀ ਦਿਖਾਈ ਦਿੰਦੀ ਸੀ ਪਰ ਦਿੱਲੀ ਮੋਰਚੇ ਦੀ ਸਫਲਤਾ ਤੋਂ ਬਾਅਦ ਪੰਜਾਬ ਅਸੈਂਬਲੀ ਦੀਆਂ ਚੋਣਾਂ ਸਮੇਂ ਇਹ ਸਪੱਸ਼ਟ ਰੂਪ ਵਿੱਚ ਵੰਡੀ ਗਈ। ਸੰਯੁਕਤ ਕਿਸਾਨ ਮੋਰਚਾ ਚੋਣਾਂ ਕਾਰਨ ਆਏ ਵਕਤੀ ਖਿੰਡਾਅ ਪਿੱਛੋਂ ਬਾਅਦ ਵਿੱਚ ਇਕੱਠਾ ਹੋ ਗਿਆ ਪਰ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਨੇ ਆਪਣੀ ਵੱਖਰੀ ਸਰਗਰਮੀ ਜਾਰੀ ਰੱਖਦਿਆਂ ਖਨੌਰੀ ਤੇ ਸ਼ੰਭੂ ਬਾਰਡਰਾਂ 'ਤੇ ਮੋਰਚਾ ਲਾ ਲਿਆ ਅਤੇ ਦਿੱਲੀ ਵੱਲ ਵਧਣ ਦੀ ਕੋਸ਼ਿਸ਼ ਕੀਤੀ ਪਰ ਕੇਂਦਰ ਸਰਕਾਰ ਨੇ ਕਿਸਾਨਾਂ ਨੂੰ ਹਰਿਆਣਾ ਦੇ ਬਾਰਡਰਾਂ 'ਤੇ ਹੀ ਰੋਕ ਲਿਆ। ਹੁਣ ਤੱਕ 400 ਤੋਂ ਵੱਧ ਕਿਸਾਨ ਫੱਟੜ ਹੋ ਚੁੱਕੇ ਹਨ, ਕਈਆਂ ਦੀਆਂ ਅੱਖਾਂ ਚੱਲੀਆਂ ਗਈਆਂ, ਇੱਕ ਨੌਜਵਾਨ ਮਾਰਿਆ ਗਿਆ ਤੇ ਆਖਿਰ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਮਰਨ ਵਰਤ ਸ਼ੁਰੂ ਕਰ ਦਿੱਤਾ ਜਿਸ ਨੂੰ ਹੁਣ ਡੇਢ ਮਹੀਨਾ ਹੋ ਚੁੱਕਿਆ ਹੈ। ਕੇਂਦਰ ਸਰਕਾਰ ਇਸ ਵੱਲ ਕੋਈ ਤਵੱਜੋ ਨਹੀਂ ਦੇ ਰਹੀ ਅਤੇ ਸਾਰਾ ਕੁਝ ਪੰਜਾਬ ਸਰਕਾਰ ਸਿਰ ਸੁੱਟ ਰਹੀ ਹੈ।

ਸੰਯੁਕਤ ਕਿਸਾਨ ਮੋਰਚਾ ਜਗਜੀਤ ਸਿੰਘ ਡੱਲੇਵਾਲ ਦੀ ਜਥੇਬੰਦੀ ਵੱਲੋਂ ਉਨ੍ਹਾਂ ਨੂੰ ਵਿਸ਼ਵਾਸ ਵਿੱਚ ਲਏ ਬਗੈਰ ਸ਼ੁਰੂ ਕੀਤਾ ਮੋਰਚਾ ਮੰਨਦਾ ਹੈ; ਇਸ ਤੋਂ ਇਲਾਵਾ ਮੰਗਾਂ ਮਨਵਾਉਣ ਲਈ ਜਥੇਬੰਦਕ ਲਾਮਬੰਦੀ ਦੀ ਬਣਤਰ ਅਤੇ ਦਾਅ ਪੇਚਾਂ ਬਾਰੇ ਵੀ ਮੱਤਭੇਦ ਹਨ। ਇਸ ਤੋਂ ਇਲਾਵਾ ਸੰਯੁਕਤ ਕਿਸਾਨ ਮੋਰਚਾ ਆਪਣੀਆਂ ਵੱਖਰੀਆਂ ਸਰਗਰਮੀਆਂ ਰਾਹੀਂ ਕੇਂਦਰ ਸਰਕਾਰ 'ਤੇ ਦਬਾਅ ਬਣਾ ਰਿਹਾ ਹੈ। ਇਉਂ ਦੂਜੇ ਦੌਰ ਵਾਲਾ ਕਿਸਾਨ ਅੰਦੋਲਨ ਪ੍ਰਤੱਖ ਰੂਪ ਵਿੱਚ ਦੋ ਖੇਮਿਆਂ ਵਿੱਚ ਵੰਡਿਆ ਹੋਇਆ ਹੈ ਜਿੱਥੇ ਇਸ ਦਾ ਸਭ ਤੋਂ ਵੱਧ ਫਾਇਦਾ ਸੱਤਾ ਧਿਰਾਂ ਨੂੰ ਹੋ ਰਿਹਾ ਹੈ। (**ਬਾਕੀ ਸਫ਼ਾ 31 'ਤੇ**)

# ਸਮਾਜਿਕ-ਆਰਥਿਕ ਵਿਕਾਸ ਅਤੇ ਪਰਿਵਾਰ ਦਾ ਆਕਾਰ

**ਕੰਵਲਜੀਤ ਕੌਰ ਗਿੱਲ**

ਆਰਥਿਕ ਵਿਕਾਸ ਅਤੇ ਵਸੋਂ ਦਾ ਵਾਧਾ ਲਮੇਂ ਸਮੇਂ ਤੋਂ ਬਹਿਸ ਦਾ ਵਿਸ਼ਾ ਰਿਹਾ ਹੈ। ਜਨ ਸੰਖਿਅਕ ਵਿਗਿਆਨੀਆਂ ਦੀ ਧਾਰਨਾ ਹੈ ਕਿ ਜਦੋਂ ਵਿਕਾਸ ਨਾਲ ਲੋੜੀਂਦੇ ਤੇ ਮੁੱਢਲੇ ਸੰਰਚਨਾਤਮਕ ਢਾਂਚੇ ਵਿੱਚ ਸੁਧਾਰ ਹੁੰਦੇ ਹਨ ਤਾਂ ਸਿਹਤ ਸੇਵਾਵਾਂ, ਸਿੱਖਿਆ, ਰੁਜ਼ਗਾਰ ਦੇ ਮੌਕੇ ਆਮ ਜੀਵਨ ਪੱਧਰ ਦੇ ਮਿਆਰ ਨੂੰ ਉੱਚਾ ਚੁੱਕਦੇ ਹਨ। ਜਿਉਂ-ਜਿਉਂ ਆਰਥਿਕ ਵਿਕਾਸ ਹੁੰਦਾ ਹੈ, ਇਸ ਦਾ ਸਕਾਰਾਤਮਕ ਪ੍ਰਭਾਵ ਸਮੁੱਚੇ ਸਮਾਜ ਅਤੇ ਸਮਾਜਿਕ ਕਦਰਾਂ-ਕੀਮਤਾਂ ਦੇ ਰੂਪ ਵਿੱਚ ਸਪਸ਼ਟ ਦਿਖਾਈ ਦਿੰਦਾ ਹੈ। ਵਸੋਂ ਦੇ ਵਾਧੇ ਨੂੰ ਪ੍ਰਭਾਵਿਤ ਕਰਦੇ ਮੁੱਖ ਕਾਰਕ ਜਨਮ ਦਰ, ਮੌਤ ਦਰ, ਕੁੱਲ ਜਨਣ ਸਮਰੱਥਾ ਆਦਿ ਘਟਣ ਲਗਦੇ ਹਨ ਅਤੇ ਅੰਤ ਵਿੱਚ ਕੁਦਰਤੀ ਨਿਊਨਤਮ ਪੱਧਰ 'ਤੇ ਆ ਜਾਂਦੇ ਹਨ। ਇਸ ਨੂੰ ਵਸੋਂ ਦੇ ਵਾਧੇ ਦਾ ਅੰਤਿਮ ਪੜਾਅ ਕਿਹਾ ਜਾਂਦਾ ਹੈ। ਇਸ ਪੜਾਅ 'ਤੇ ਵਸੋਂ ਦੇ ਵਾਧੇ ਦੀ ਦਰ ਘਟਣੀ ਸ਼ੁਰੂ ਹੋ ਜਾਂਦੀ ਹੈ। ਜੁਲਾਈ 2024 ਤੋਂ ਬਾਅਦ ਭਾਰਤ ਭਾਵੇਂ ਦੁਨੀਆਂ ਵਿੱਚ ਸਭ ਤੋਂ ਵਧੇਰੇ ਵਸੋਂ (142 ਕਰੋੜ) ਵਾਲਾ ਦੇਸ਼ ਬਣ ਗਿਆ ਪਰ ਅੰਕੜੇ ਇਹ ਵੀ ਦੱਸਦੇ ਹਨ ਕਿ 1991-2001 ਦੇ ਦਹਾਕੇ ਦੌਰਾਨ ਵਸੋਂ ਦੇ ਵਾਧੇ ਦੀ ਦਰ ਵਿੱਚ ਗਿਰਾਵਟ ਦਰਜ ਕੀਤੀ ਗਈ ਸੀ। ਇਸ ਤੋਂ ਬਾਅਦ ਭਾਰਤ ਵਿੱਚ ਵਸੋਂ ਦਾ ਵਾਧਾ ਘਟਦੀ ਹੋਈ ਦਰ ਨਾਲ ਹੀ ਹੋ ਰਿਹਾ ਹੈ।



ਵਸੋਂ ਦੇ ਵਾਧੇ ਅਤੇ ਪਰਿਵਾਰ ਦੇ ਆਕਾਰ ਦਾ ਸਿੱਧਾ ਸਬੰਧ ਹੈ। ਆਜ਼ਾਦੀ ਤੋਂ ਬਾਅਦ 1961-1981 ਦੇ ਸਮੇਂ ਦੌਰਾਨ ਵਸੋਂ ਦਾ ਵਾਧਾ ਵਿਸਫੋਟਕ ਸੀ। ਇਸ ਨੂੰ ਕੰਟਰੋਲ ਕਰਨ ਵਾਸਤੇ ਜਿਹੜੀਆਂ ਨੀਤੀਆਂ ਬਣਾਈਆਂ, ਉਹ ਕੇਰਲਾ ਤੇ ਪੰਜਾਬ ਦੇ ਸਮਾਜਿਕ ਆਰਥਿਕ ਵਿਕਾਸ ਮਾਡਲ ਤੋਂ ਪ੍ਰਭਾਵਿਤ ਸਨ। ਕੇਰਲਾ ਵਿੱਚ ਸਿੱਖਿਆ, ਖਾਸਕਰ ਔਰਤਾਂ ਦੀ ਵਧ ਰਹੀ ਸਾਖਰਤਾ ਦਰ ਅਤੇ ਸਿਹਤ ਸਹੂਲਤਾਂ ਕਾਰਨ ਉੱਥੇ ਪਰਿਵਾਰ ਦੇ ਆਕਾਰ ਛੋਟੇ ਬਣ ਗਏ। ਪੰਜਾਬ ਪ੍ਰਤੀ ਵਿਅਕਤੀ ਆਮਦਨ ਦੇ ਪੱਖ ਤੋਂ ਨੰਬਰ ਇੱਕ ਹੋਣ ਕਾਰਨ ਸਭ ਤੋਂ ਵੱਧ ਵਿਕਸਤ ਰਾਜਾਂ ਦੀ ਸ਼੍ਰੇਣੀ ਵਿੱਚ ਸੀ। ਇਥੇ ਵੀ ਪਰਿਵਾਰਾਂ ਦੇ ਆਕਾਰ ਛੋਟੇ ਹੋਣੇ ਸ਼ੁਰੂ ਹੋ ਗਏ। ਇਨ੍ਹਾਂ ਮਾਡਲਾਂ ਨੂੰ ਧਿਆਨ ਵਿੱਚ ਰੱਖਦਿਆਂ 1976 ਵਿੱਚ ਭਾਰਤ ਦੀ ਵਸੋਂ ਨੀਤੀ ਬਣਾਈ ਗਈ ਜਿਸ ਵਿੱਚ ਪਰਿਵਾਰ ਨਿਯੋਜਨ ਉੱਪਰ ਜ਼ੋਰ ਦਿੰਦਿਆਂ ਪ੍ਰਤੀ ਪਰਿਵਾਰ ਦੋ-ਤਿੰਨ ਬੱਚਿਆਂ ਦੀ ਅਪੀਲ ਕੀਤੀ ਗਈ। 2002 ਦੀ ਵਸੋਂ ਨੀਤੀ ਵਿੱਚ ਕੁਝ ਹੋਰ ਸੁਧਾਰਾਂ ਦੇ ਨਾਲ-ਨਾਲ ਪ੍ਰਤੀ ਪਰਿਵਾਰ 'ਹਮ ਦੋ, ਹਮਾਰੇ ਦੋ' ਦਾ ਨਾਅਰਾ ਦਿੱਤਾ ਗਿਆ। ਲਗਾਤਾਰ ਸਮਾਜਿਕ ਆਰਥਿਕ ਵਿਕਾਸ ਅਤੇ ਵਸੋਂ ਨਾਲ ਸਬੰਧਿਤ ਨੀਤੀਆਂ ਸਦਕਾ ਮੌਜੂਦਾ ਪਰਿਵਾਰ ਦਾ ਔਸਤਨ ਆਕਾਰ ਚਾਰ-ਪੰਜ ਜੀਆਂ ਦਾ ਹੈ। ਸਾਂਝੇ ਪਰਿਵਾਰ ਹੁਣ ਵਿਰਲੇ ਹੀ ਮਿਲਦੇ ਹਨ ਜਿੱਥੇ ਪਰਿਵਾਰ ਵਿੱਚ ਬਜ਼ੁਰਗ ਮਾਪੇ ਵੀ ਨਾਲ ਰਹਿੰਦੇ ਹੋਣ। ਆਧੁਨਿਕ ਤਕਨੀਕ ਜ਼ਿੰਦਗੀ ਦੇ ਹਰ ਖੇਤਰ ਨੂੰ ਇਸ ਹੱਦ ਤੱਕ ਪ੍ਰਭਾਵਿਤ ਕਰ ਰਹੀ ਹੈ ਕਿ ਸਮਾਜਿਕ ਕਦਰਾਂ-ਕੀਮਤਾਂ, ਰਿਸ਼ਤੇ-ਨਾਤੇ, ਪਰਿਵਾਰਕ ਸਬੰਧ ਸਭ ਉਥਲ-ਪੁਥਲ ਹੋ ਰਹੇ ਹਨ। ਨਿੱਜਵਾਦ ਅਤੇ ਵਿਅਕਤੀਵਾਦ ਆਮ ਜੀਵਨ ਸ਼ੈਲੀ ਉੱਪਰ ਭਾਰੂ ਹੋ ਰਿਹਾ ਹੈ। ਇਸ ਵਰਤਾਰੇ ਦੌਰਾਨ ਕੁਝ ਸਿਆਸੀ ਧਿਰਾਂ ਅਤੇ ਧਾਰਮਿਕ ਸ਼ਖ਼ਸੀਅਤਾਂ ਦੇ ਸਮੇਂ-ਸਮੇਂ ਬਿਆਨ ਦੇਣੇ ਕਿ ਖਾਸ ਭਾਈਚਾਰੇ ਵਿੱਚ ਬੱਚੇ ਜ਼ਿਆਦਾ ਹਨ, ਉਹ ਤੁਹਾਡੇ ਹਰ ਪ੍ਰਕਾਰ ਦੇ ਵਿਤੀ ਤੇ ਕੁਦਰਤੀ ਸਾਧਨਾਂ ਅਤੇ ਸੱਭਿਆਚਾਰ ਉੱਪਰ ਭਾਰੂ ਹੋ ਜਾਣਗੇ; ਇਸ ਵਾਸਤੇ ਤੁਸੀਂ ਵੀ ਵਧੇਰੇ ਬੱਚੇ ਪੈਦਾ ਕਰੋ; ਇਹ ਸਮਾਜਿਕ-ਆਰਥਿਕ ਵਿਕਾਸ ਅਤੇ ਪਰਿਵਾਰ ਦੇ ਆਕਾਰ ਦੇ ਸਿਧਾਂਤ ਤੋਂ ਹਟ ਕੇ ਹੈ। ਪਰਿਵਾਰ ਦੇ ਆਕਾਰ ਦੇ ਸਿਧਾਂਤ ਅਤੇ ਇਸ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ ਇਹੋ ਜਿਹੀ ਬਿਆਨਬਾਜ਼ੀ ਨੂੰ ਨਕਾਰਦੇ ਹਨ।

ਨੈਸ਼ਨਲ ਫ਼ੈਮਿਲੀ ਹੈਲਥ ਸਰਵੇ-5 ਅਨੁਸਾਰ, ਕੁੱਲ ਜਨਣ ਸਮਰੱਥਾ ਪੇਂਡੂ ਤੇ ਸ਼ਹਿਰੀ, 1992-93 ਦੌਰਾਨ 3.4 ਸੀ ਜੋ 2019-22 ਦੌਰਾਨ 2.0 ਹੋ ਗਈ; ਭਾਵ, ਪ੍ਰਤੀ ਪਰਿਵਾਰ 2-3 ਬੱਚੇ ਪੈਦਾ ਹੋ ਰਹੇ ਸਨ। ਸ਼ਹਿਰੀਕਰਨ ਅਤੇ ਆਧੁਨਿਕਤਾ ਇਸ ਰੁਝਾਨ ਨੂੰ ਅਤਿ ਚਿੰਤਾਜਨਕ ਸਥਿਤੀ ਵੱਲ ਧੱਕ ਰਹੇ ਹਨ। ਸ਼ਹਿਰੀ ਇਲਾਕਿਆਂ ਵਿੱਚ ਜਨਣ ਸਮਰੱਥਾ 1.6 ਹੈ; ਭਾਵ, ਪ੍ਰਤੀ ਜੋੜਾ ਦੋ ਬੱਚਿਆਂ ਤੋਂ ਘੱਟ ਬੱਚੇ ਪੈਦਾ ਕਰ ਰਿਹਾ ਹੈ। ਇਹ ਅੰਕੜੇ ਸਮੁੱਚੇ ਭਾਰਤ ਦੀ ਵਸੋਂ ਦੇ ਹਨ; ਕਿਸੇ ਖਾਸ ਧਰਮ, ਜਾਤ, ਨਸਲ ਜਾਂ ਭਾਈਚਾਰੇ ਦੇ ਨਹੀਂ। ਨਾ ਹੀ ਇਨ੍ਹਾਂ ਦਾ ਸਬੰਧ ਸਿੱਧੇ ਤੌਰ 'ਤੇ ਕਿਸੇ ਸਿਆਸੀ ਪਾਰਟੀ ਨਾਲ ਹੈ। ਪਰਿਵਾਰ ਦਾ ਆਕਾਰ, ਸਿੱਖਿਆ ਪੱਧਰ/ਮਿਆਰ, ਸਿਹਤ ਸਹੂਲਤਾਂ, ਰੁਜ਼ਗਾਰ ਦੇ ਮੌਕੇ ਅਤੇ ਸ਼ਹਿਰੀਕਰਨ ਤੋਂ ਇਲਾਵਾ ਆਮਦਨ ਪੱਧਰ ਉੱਪਰ ਵਧੇਰੇ ਨਿਰਭਰ ਕਰਦਾ ਹੈ। ਇਸ ਲਈ ਸਮਾਜ ਭਲਾਈ ਵਾਸਤੇ ਪ੍ਰੋਗਰਾਮ ਜਾਂ ਨੀਤੀਆਂ ਘੜਨ ਵੇਲੇ ਵਿਅਕਤੀਆਂ ਦੀ ਗਿਣਤੀ ਕਰਨ ਦੇ ਪੈਮਾਨੇ ਧਰਮ ਨਿਰਪੱਖ ਅਤੇ ਰਾਜਨੀਤੀ ਤੋਂ ਦੂਰ ਰੱਖਣ ਦੀ ਜ਼ਰੂਰਤ ਹੈ। ਸਮਾਜ ਜਾਂ ਕਿਸੇ ਇਲਾਕੇ ਵਿੱਚ ਕਿੰਨੇ ਵਿਅਕਤੀ ਹਿੰਦੂ, ਮੁਸਲਮਾਨ, ਸਿੱਖ, ਇਸਾਈ, ਬੋਧੀ ਜਾਂ ਕਿਸੇ ਹੋਰ ਧਰਮ ਦੇ ਹਨ, ਦੀ ਥਾਂ ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਉਥੇ ਕਿੰਨੇ ਵਿਅਕਤੀ ਅਤਿ ਅਮੀਰ ਹਨ, ਵਧੇਰੇ ਅਮੀਰ ਹਨ ਜਾਂ ਅਮੀਰ ਹਨ, ਉੱਪਰਲੇ ਮੱਧ ਵਰਗ ਦੀ ਆਮਦਨ, ਮਧ ਵਰਗ ਦੀ ਆਮਦਨ ਜਾਂ ਹੇਠਲੇ ਮਧ ਵਰਗ ਦੀ ਆਮਦਨ ਦੀ ਸ਼੍ਰੇਣੀ ਦੇ ਹਨ। ਇਸ ਤੋਂ ਬਾਅਦ ਕਿੰਨੇ ਗਰੀਬ, ਬਹੁਤ ਗਰੀਬ ਅਤੇ ਅਤਿ ਦੇ ਗਰੀਬ ਹਨ; ਭਾਵ, ਧਰਮ ਦੀ ਸਿਆਸਤ ਦੀ ਥਾਂ ਜੇ ਆਮਦਨ ਪੱਧਰ ਨੂੰ ਪੈਮਾਨਾ ਬਣਾਇਆ ਜਾਵੇ ਤਾਂ ਅਸੀਂ ਆਟਾ-ਦਾਲ ਸਕੀਮ, ਸ਼ਗਨ ਸਕੀਮ, ਮੁਫ਼ਤ ਬਿਜਲੀ, ਪਾਣੀ ਜਾਂ ਸਿੱਖਿਆ, ਸਿਹਤ ਸਹੂਲਤਾਂ ਪ੍ਰਾਪਤ ਕਰਨ ਵਾਲੇ ਲਾਭਪਾਤਰੀਆਂ ਦੀ ਸਹੀ ਸ਼ਨਾਖ਼ਤ ਕਰ ਸਕਦੇ ਹਾਂ।

ਨੈਸ਼ਨਲ ਫ਼ੈਮਿਲੀ ਹੈਲਥ ਸਰਵੇ (2019-22) ਦੇ ਤਾਜ਼ਾ ਅੰਕੜਿਆਂ ਅਨੁਸਾਰ, ਭਾਰਤ ਦੀ ਕੁੱਲ ਵਸੋਂ ਵਿੱਚ 79.8% ਹਿੰਦੂ, 14.2% ਮੁਸਲਮਾਨ, 2.3% ਇਸਾਈ, 1.7%ਸਿੱਖ ਅਤੇ ਬਾਕੀ ਬੋਧੀ, ਜੈਨੀ ਜਾਂ ਹੋਰ ਧਰਮਾਂ ਦੇ ਲੋਕ ਹਨ। 1951 ਵਿੱਚ ਕੁੱਲ ਵਸੋਂ ਵਿੱਚ ਹਿੰਦੂ ਧਰਮ ਨਾਲ ਸਬੰਧਿਤ ਲੋਕ 84.1% ਅਤੇ ਮੁਸਲਮਾਨ 14.2% ਸਨ; ਭਾਵ, ਦੋਵੇਂ ਮੁੱਖ ਧਰਮਾਂ ਦੇ ਲੋਕਾਂ ਦੇ ਵਾਧੇ ਦੀ ਦਰ ਵਿੱਚ 1951 ਤੋਂ 2011 ਦੌਰਾਨ ਗਿਰਾਵਟ ਆਈ ਹੈ। ਕੁੱਲ ਜਨਣ ਸਮਰੱਥਾ ਦਰ ਹਿੰਦੂਆਂ ਵਿੱਚ 3.3 ਤੋਂ ਘਟ ਕੇ 2.1 ਹੋ ਗਈ ਹੈ ਤੇ ਮੁਸਲਮਾਨਾਂ ਵਿੱਚ 4.4 ਤੋਂ ਘਟ ਕੇ 2.6 ਹੋ ਗਈ ਹੈ। ਇਸ ਤੋਂ ਭਾਵ ਹੈ ਕਿ ਦੋਵੇਂ ਧਰਮਾਂ ਵਿਚਾਲੇ ਪਰਿਵਾਰ ਦੇ ਆਕਾਰ ਵਿੱਚ ਅੰਤਰ 0.5 ਦਾ ਹੈ, ਜਾਂ ਇਉਂ ਕਹਿ ਲਓ, ਹਿੰਦੂ ਧਰਮ 'ਚ 2 ਜਾਂ 3 ਬੱਚੇ ਅਤੇ ਮੁਸਲਮਾਨਾਂ ਦੇ ਕਈ ਪਰਿਵਾਰਾਂ 'ਚ ਔਸਤਨ 3 ਬੱਚੇ ਹਨ। ਇਸੇ ਸਰਵੇਖਣ ਵਿੱਚ ਦਰਜ ਹੈ ਕਿ ਇੱਕ ਤੋਂ ਵੱਧ ਪਤਨੀਆਂ ਦਾ ਰੁਝਾਨ ਮੁਸਲਮਾਨਾਂ ਵਿੱਚ ਹੀ ਨਹੀਂ, ਹਿੰਦੂਆਂ ਵਿੱਚ ਵੀ ਹੈ। 1.3% ਹਿੰਦੂ ਅਤੇ 1.9% ਮੁਸਲਮਾਨ ਪਰਿਵਾਰਾਂ ਵਿੱਚ ਇੱਕ ਤੋਂ ਵੱਧ ਪਤਨੀਆਂ ਹਨ।

ਸੋ, ਕਿਸੇ ਵੀ ਸਮਾਜਿਕ-ਆਰਥਿਕ ਸਮੱਸਿਆ ਦਾ ਹੱਲ ਧਰਮ ਵਿੱਚੋਂ ਲੱਭਣਾ ਨਾਜਾਇਜ਼ ਹੀ ਨਹੀਂ, ਗੈਰ-ਪ੍ਰਸੰਗਕ ਵੀ ਹੈ। ਵਸੋਂ ਦੇ ਵਾਧੇ ਦਾ ਸਬੰਧ ਪਰਿਵਾਰ ਦੇ ਆਕਾਰ ਨਾਲ ਹੈ। ਪਰਿਵਾਰ ਦਾ ਆਕਾਰ ਸਿਹਤ ਸੇਵਾਵਾਂ ਦੀ ਉਪਲਬਧਤਾ, ਸਾਖਰਤਾ ਦਰ, ਆਮਦਨ ਪੱਧਰ, ਰੁਜ਼ਗਾਰ, ਸ਼ਹਿਰੀਕਰਨ ਆਦਿ ਤੋਂ ਪ੍ਰਭਾਵਿਤ ਹੁੰਦਾ ਹੈ। ਇਸ ਲਈ ਜ਼ਰੂਰੀ ਹੈ ਕਿ ਇਨ੍ਹਾਂ ਮੁਢਲੀਆਂ ਸੰਰਚਨਾਤਮਕ ਸਹੂਲਤਾਂ ਅਤੇ ਸੇਵਾਵਾਂ ਦੇ ਮੁੱਢਲੇ ਅਧਿਕਾਰਾਂ ਪ੍ਰਤੀ ਹਰ ਨਾਗਰਿਕ ਦੀ ਪਹੁੰਚ ਨੂੰ ਯਕੀਨੀ ਬਣਾਇਆ ਜਾਵੇ। ਸੰਵਿਧਾਨਕ ਤੌਰ 'ਤੇ ਭਾਰਤ ਧਰਮ ਨਿਰਪੱਖ ਦੇਸ਼ ਹੈ। ਇਸ ਦੀ ਸਿਆਸੀ ਮਰਿਆਦਾ ਅਤੇ ਸੱਭਿਆਚਾਰ ਨੂੰ ਕਾਇਮ ਰੱਖਣਾ ਸਮੇਂ ਦੀਆਂ ਸਰਕਾਰਾਂ ਦੀ ਨੈਤਿਕ ਜ਼ਿੰਮੇਵਾਰੀ ਹੈ। ਇਹੀ ਦੇਸ਼ ਦੇ ਨਾਗਰਿਕਾਂ ਦੇ ਹਿੱਤ 'ਚ ਹੈ। ਵਸੋਂ ਦੇ ਬਦਲਦੇ ਰੁਝਾਨ ਅਤੇ ਪਰਿਵਾਰ ਦੇ ਆਕਾਰ ਨੂੰ ਇਸ ਪ੍ਰਸੰਗ 'ਚ ਦੇਖਣ ਦੀ ਲੋੜ ਹੈ।

***ਪ੍ਰੋਫ਼ੈਸਰ (ਰਿਟਾ.), ਅਰਥ ਸ਼ਾਸਤਰ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।**

# ਲੋਕਤੰਤਰ ’ਤੇ ਸਿੱਧਾ ਹਮਲਾ -ਮੁਫ਼ਤ ਰਿਊੜੀਆਂ ਵੰਡਣ ਦੀ ਸਿਆਸਤ

ਗੁਰਮੀਤ ਸਿੰਘ ਪਲਾਹੀ
9815802070




ਜਿਹਨਾ ਦੇਸ਼ਾਂ ਵਿੱਚ ਆਮ ਵੋਟਰ ਆਪਣੀ ਤਾਕਤ ਪੂਰੀ ਤਰ੍ਹਾਂ ਸਮਝਦੇ ਹਨ, ਉਥੇ ਉਹ ਸਿਆਸੀ ਨੇਤਾਵਾਂ ਨੂੰ ਆਪਣੀਆਂ ਉਂਗਲੀਆਂ ਉਥੇ ਨਚਾਉਣ ਦਾ ਕੰਮ ਕਰਦੇ ਹਨ। ਕੁਝ ਹੱਦ ਤੱਕ ਭਾਰਤ ਵਿੱਚ ਵੀ ਕੁਝ ਇਹੋ ਜਿਹਾ ਹੋਣ ਲੱਗਿਆ ਹੈ।

ਪਿਛਲੀਆਂ ਕੁਝ ਰਾਸ਼ਟਰੀ, ਸੂਬਾਈ ਚੋਣਾਂ ਵਿੱਚ ਵੇਖਿਆ ਜਾ ਰਿਹਾ ਹੈ ਕਿ ਦੇਸ਼ ਦੀਆਂ ਔਰਤਾਂ ਆਪਣਾ ਵੋਟ ਦੇਣ ਲਈ ਪੂਰੇ ਉਤਸ਼ਾਹ ਨਾਲ ਵੋਟ-ਬੂਥਾਂ ’ਤੇ ਦਿੱਸਦੀਆਂ ਹਨ, ਖ਼ਾਸ ਕਰਕੇ ਉਸ ਵੇਲੇ ਜਦੋਂ ਵੀ ਕਿਸੇ ਸਰਕਾਰ ਨੇ ਉਹਨਾਂ ਦੇ ਨਿੱਜੀ ਖਾਤੇ ’ਚ ਰਿਆਇਤਾਂ ਦੇ ਪੈਸੇ ਜਮ੍ਹਾਂ ਕਰਵਾਉਣੇ ਸ਼ੁਰੂ ਕੀਤੇ ਹਨ, ਕਿਸੇ ਨੇ ਲਾਡਲੀ ਭੈਣ, ਯੋਜਨਾ ਅਧੀਨ ਜਾਂ ਕਿਸੇ ਨੇ ਕਿਸੇ ਹੋਰ ਯੋਜਨਾ ਵਿੱਚ। ਕੀ ਇਹ ਸਿੱਧਿਆਂ ਤੌਰ ’ਤੇ ਵੋਟ ਖਰੀਦਣ ਦਾ ਤਰੀਕਾ ਨਹੀਂ ? ਕੀ ਔਰਤਾਂ-ਵੋਟਰ ਨੂੰ ਭਰਮਤ ਕਰਨ ਲਈ ਇੱਕ ਜਾਲ ਨਹੀਂ ਵਿਛਾਇਆ ਜਾ ਰਿਹਾ ? ਕੀ ਇਹ ਰਾਜ ਨੇਤਾਵਾਂ ਦਾ ਲੋਕਤੰਤਰ ਉੱਤੇ ਸਿੱਧਾ ਹਮਲਾ ਨਹੀਂ ? ਕੀ ਇਹ ਸਭ ਲੈਣ-ਦੇਣ ਮਨੁੱਖੀ ਨੈਤਿਕ ਕਦਰਾਂ-ਕੀਮਤਾਂ ਨਾਲ ਖਿਲਵਾੜ ਨਹੀਂ ਹੈ ? ਕੀ ਅਜਿਹਾ ਕਰਕੇ ਲੋਕਤੰਤਰ ਦੀ ਇੱਕ ਹੋਰ ਸੰਸਥਾ ਨੂੰ ਕਮਜ਼ੋਰ ਨਹੀਂ ਕੀਤਾ ਜਾ ਰਿਹਾ ?

ਲੋਕਤੰਤਰ ਦੀਆਂ ਸੰਸਥਾਵਾਂ ਨੂੰ ਕੰਮਜ਼ੋਰ ਕਰਨ ਦਾ ਯਤਨ ਦੇਸ਼ ਵਿੱਚ ਲੰਮੇ ਸਮੇਂ ਤੋਂ ਹੋ ਰਿਹਾ ਹੈ ਪਰ ਪਿਛਲੇ ਦਹਾਕੇ ’ਚ ਇਹ ਚਰਮ ਸੀਮਾਂ ਉਤੇ ਪੁੱਜ ਚੁੱਕਾ ਹੈ। ਸੀ.ਬੀ.ਆਈ, ਈ. ਡੀ. ਵਰਗੀਆਂ ਖ਼ੁਦਮੁਖਤਾਰ ਸੰਸਥਾਵਾਂ ਦੇ ਪੈਰਾਂ ’ਚ ਬੇੜੀਆਂ ਪਾ ਦਿੱਤੀਆਂ ਗਈਆਂ ਹਨ। ਭਾਰਤੀ ਚੋਣ ਕਮਿਸ਼ਨ ਨੂੰ ਸਰਕਾਰੀ ਹੱਥਾਂ ’ਚ ਕਰਨ ਲਈ ਚੋਣ ਕਮਿਸ਼ਨਰ ਦੀ ਨਿਯੁਕਤੀ ਕੇਂਦਰ ਸਰਕਾਰ ਨੇ ਆਪਣੇ ਹੱਥ ਲੈ ਲਈ, ਉਸ ਦੀ ਨਿਯੁਕਤੀ ਵਿੱਚ ਦੇਸ਼ ਦੀ ਸਰਵ-ਉੱਚ ਅਦਾਲਤ ਦਾ ਦਖ਼ਲ ਬੰਦ ਕਰ ਦਿੱਤਾ ਗਿਆ ਹੈ। ਖ਼ੁਦਮੁਖਤਾਰ ਸੰਸਥਾਵਾਂ ਨੂੰ ਆਪਣੀ ਸੇਧੇ ਚਲਾਉਣ ਲਈ ਅਤੇ ਆਪਣੇ ਅਨੁਸਾਰ ਫ਼ੈਸਲੇ ਕਰਵਾਉਣ ਲਈ ਦੇਸ਼ ਦੀ ਸਰਬ ਉੱਚ ਅਦਾਲਤ ਉਤੇ ਵੀ ਸਮੇਂ-ਸਮੇਂ ’ਤੇ ਤਰ੍ਹਾਂ-ਤਰ੍ਹਾਂ ਦੇ ਪ੍ਰਭਾਵ ਵੇਖੇ ਜਾ ਸਕਦੇ ਹਨ।

ਪਰ ਸਭ ਤੋਂ ਗੰਭੀਰ ਮਸਲਾ ਦੇਸ਼ ਵਿੱਚ ਵੋਟ ਖਰੀਦਣ ਅਤੇ ਵੋਟ ਪ੍ਰਭਾਵਤ ਕਰਨ ਦਾ ਹੈ। ਆਜ਼ਾਦੀ ਦੇ ਕੁੱਝ ਵਰ੍ਹਿਆਂ, ਇਥੋਂ ਤੱਕ ਕਿ ਕੁਝ ਦਹਾਕਿਆਂ ਤੱਕ ਦੇਸ਼ ਦੀ ਤਰੱਕੀ ਅਤੇ ਗ਼ਰੀਬੀ ਹਟਾਓ, ਜਿਹੇ ਨਾਹਰੇ ਲਗਦੇ ਰਹੇ। ਦੇਸ਼ ਦੇ ਸੰਘੀ ਢਾਂਚੇ ਦੇ ਬਚਾਓ ਅਤੇ ਸੂਬਿਆਂ ਨੂੰ ਵੱਖ ਅਧਿਕਾਰ ਦੇਣ ਜਿਹੇ ਵਿਸ਼ਿਆਂ ਮਹਿੰਗਾਈ, ਬੇਰੁਜ਼ਗਾਰੀ ਦੇ ਮਾਮਲਿਆਂ ’ਤੇ ਆਮ ਤੌਰ ’ਤੇ ਸਿਆਸਤ ਕੀਤੀ ਜਾਂਦੀ ਰਹੀ। ਚੋਣਾਂ ਸਮੇਂ ਸਿਆਸੀ ਪਾਰਟੀਆਂ ਵਲੋਂ ਲੁਭਾਉਣੇ ਚੋਣ ਮੈਨੀਫੈਸਟੋ ਜਾਰੀ ਕੀਤੇ ਜਾਂਦੇ ਰਹੇ ਤਾਂ ਕਿ ਲੋਕ ਇਹਨਾਂ ਵੱਲ ਖਿੱਚੇ-ਤੁਰੇ ਆਉਣ ਇਹ ਉਹ ਸਮਾਂ ਸੀ, ਜਦੋਂ ਸਿਆਸੀ ਪਾਰਟੀਆਂ ਵਿੱਚ ਅੰਦਰੂਨੀ ਲੋਕਤੰਤਰ ਸੀ। ਸਿਆਸੀ ਪਾਰਟੀਆਂ ਦੇ ਮੈਂਬਰਾਂ ਦੀ ਭਰਤੀ ਪਿੰਡ, ਸ਼ਹਿਰ ਪੱਧਰ ’ਤੇ ਹੁੰਦੀ, ਉਥੇ ਇਕਾਈਆਂ ਦੀ ਚੋਣਾਂ ਹੁੰਦੀਆਂ। ਅਹੁਦੇਦਾਰ ਚੁਣੇ ਜਾਂਦੇ। ਰਾਸ਼ਟਰੀ ਪੱਧਰ ਤੱਕ ਸਿਆਸੀ ਪਾਰਟੀਆਂ ਦੀ ਆਪਣੀ ਚੋਣ ਹੁੰਦੀ। ਵੱਡੇ ਨੇਤਾ ਚੁਣੇ ਜਾਂਦੇ। ਪਾਰਟੀਆਂ ਦੀਆਂ ਨੀਤੀਆਂ ਬਣਦੀਆਂ। ਇਹਨਾਂ ਨੀਤੀਆਂ ਦੇ ਅਧਾਰ ’ਤੇ ਲੋਕਾਂ ਨੂੰ ਆਪਣੇ ਵੱਲ ਕਰਨ ਦਾ ਯਤਨ ਹੁੰਦਾ।

ਦੇਸ਼ ’ਚ ਇੰਦਰਾ ਗਾਂਧੀ ਵਲੋਂ ਆਪਣੀ ਗੱਦੀ ਸੁਰੱਖਿਅਤ ਰੱਖਣ ਲਈ ਐਮਰਜੈਂਸੀ ਲਾਉਣ ਨਾਲ ਲੋਕਤੰਤਰ ਦਾ ਵੱਡਾ ਘਾਣ ਹੋਇਆ। ਲੋਕ, ਸਿਆਸੀ ਨੇਤਾ ਸੜਕਾਂ ’ਤੇ ਆਏ। ਵਿਰੋਧੀ ਧਿਰਾਂ ਮਜ਼ਬੂਤ ਹੋਈਆਂ। ਇਲਾਕਾਈ ਪਾਰਟੀਆਂ ਹੋਂਦ ਵਿੱਚ ਆਈਆਂ। ਫਿਰ ਇਹਨਾਂ ਇਲਾਕਾਈ ਪਾਰਟੀਆਂ ’ਚ ਪਰਿਵਾਰਵਾਦ ਦੀ ਸਿਆਸਤ ਉਤਸ਼ਾਹਤ ਹੋਈ। ਪਰਿਵਾਰਵਾਦ ਦੀ ਇਸ ਸਿਆਸਤ ਦਾ ਕੌਮੀ ਪੱਧਰ ਉਤੇ ਵੀ ਪਸਾਰਾ ਹੋਇਆ ਅਤੇ ਇਲਾਕਾਈ ਪੱਧਰ ’ਤੇ ਵੀ।

ਇਸ ਇਲਾਕਾਈ ਸਿਆਸਤ ਨੇ ਦੱਖਣੀ, ਉੱਤਰੀ ਰਾਜਾਂ ’ਚ ਰਿਆਇਤਾਂ ਦੀ ਰਾਜਨੀਤੀ ਨੂੰ ਉਤਸ਼ਾਹਤ ਕੀਤਾ। ਪੰਜਾਬ ਦੇ ਕਿਸਾਨਾਂ ਨੂੰ ਮੁਫ਼ਤ ਬਿਜਲੀ ਮੋਟਰਾਂ ਦੀ ਸੁਵਿਧਾ ਦਿੱਤੀ, ਤਾਂ ਕਿ ਵੋਟ ਬੈਂਕ ਪੱਕਾ ਹੋਵੇ। ਪੰਜਾਬ ਇਸਦੀ ਵੱਡੀ ਉਦਾਹਰਨ ਬਣਿਆ। ਅੱਜ ਵੋਟ ਬੈਂਕ ਹਥਿਆਉਣ ਲਈ ਗਰੰਟੀਆਂ ਦੀ ਰਾਜਨੀਤੀ ਪੂਰੀ ਉੱਚਾਈ ’ਤੇ ਹੈ। ਪੰਜਾਬ ’ਚ 300 ਯੂਨਿਟ ਮਹੀਨਾ ਮੁਫ਼ਤ ਬਿਜਲੀ ਹੈ। ਹੋਰ ਕਈ ਰਿਆਇਤਾਂ ਹਨ। ਬਜ਼ੁਰਗਾਂ ਲਈ ਪੈਨਸ਼ਨ, ਔਰਤਾਂ ਲਈ ਮੁਫ਼ਤ ਬੱਸ ਸੇਵਾ ਅਤੇ ਹੁਣ ਔਰਤਾਂ ਲਈ 1000-1500 ਰੁਪਏ ਭੱਤਾ ਦੇਣ ਦੀਆਂ ਗੱਲਾਂ ਹੋ ਰਹੀਆਂ ਹਨ। ਦੱਖਣੀ ਰਾਜਾਂ ਵਿੱਚ ਤਾਂ ਔਰਤਾਂ ਲਈ ਅਤੇ ਹੋਰ ਵੋਟਰਾਂ ਨੂੰ ਭਰਮਿਤ ਕਰਨ ਲਈ ਕਈ ਰਿਆਇਤਾਂ ਦਿੱਤੀਆਂ ਜਾ ਰਹੀਆਂ ਹਨ। ਜਿਹਨਾਂ ਦੀ ਸ਼ੁਰੂਆਤ ਜੈਲਲਿਤਾ ਮੁੱਖ ਮੰਤਰੀ ਵੱਲੋਂ ਲੋਕਾਂ ਨੂੰ ਵੱਡੇ-ਵੱਡੇ ਤੋਹਫ਼ੇ ਰਿਆਇਤਾਂ ਵੱਜੋਂ ਦਿੱਤੇ ਜਾਣ ਨਾਲ ਹੋਈ।

ਦੇਸ਼ ਦੀ ਰਾਜਧਾਨੀ ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ’ਚ ਤਾਂ ਸਿਆਸੀ ਧਿਰਾਂ ਨੇ ਇਸ ਵੇਰ ਹੱਦ ਹੀ ਮੁਕਾ ਦਿਤੀ ਹੈ। ਰਿਆਇਤਾਂ ਦੀ ਝੜੀ ਲਗਾ ਦਿਤੀ ਹੈ। ਕਾਂਗਰਸ ਨੇ 300 ਯੂਨਿਟ ਬਿਜਲੀ ਮੁਫ਼ਤ, 500 ਰੁਪਏ ਦਾ ਗੈਸ ਸਿਲੰਡਰਾਂ, ਭਾਜਪਾ ਨੇ ਔਰਤਾਂ ਲਈ 2500 ਰੁਪਏ ਅਤੇ ਆਪ ਵੱਲੋਂ ਵੀ ਲਗਭਗ ਇਹੋ ਜਿਹੇ ਵਾਇਦੇ ਕੀਤੇ ਹਨ।

ਪਰ ਸਵਾਲ ਉਠਦਾ ਹੈ ਕਿ ਇਹੋ ਜਿਹੀਆਂ ਰਿਆਇਤਾਂ ਦਾ ਭਾਰ ਅਕਸਰ ਕਿਸ ਉਤੇ ਪੈਂਦਾ ਹੈ ? ਉਦਾਹਰਨ ਪੰਜਾਬ ਦੀ ਹੀ ਲੈ ਲੈਂਦੇ ਹਨ, ਇਹਨਾਂ ਰਿਆਇਤਾਂ ਕਾਰਨ ਅੱਜ ਪੰਜਾਬ ਦੀ ਆਰਥਿਕਤਾ ਨਿਵਾਣਾਂ ਵੱਲ ਜਾ ਰਹੀ ਹੈ। ਜਦੋਂ ਤੱਕ ਇਸ ਸਰਕਾਰ ਦਾ 2027 ’ਚ ਕਾਰਜਕਾਲ ਪੂਰਾ ਹੋਣਾ ਹੈ, ਉਦੋਂ ਤੱਕ ਪੰਜਾਬ ਸਿਰ 5 ਲੱਖ ਕਰੋੜ ਦਾ ਕਰਜ਼ਾ ਖੜਾ ਹੋ ਜਾਣਾ ਹੈ। ਭਾਵ ਪੰਜਾਬ ਦਾ ਹਰ ਵਸ਼ਿੰਦਾ ਔਸਤਨ 5 ਲੱਖ ਦਾ ਕਰਜਾਈ ਹੋ ਜਾਣਾ ਹੈ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਲੋਕਾਂ ਦੀ ਚੁਣੀ ਹੋਈ ਸਰਕਾਰ ਨੇ ਲੋਕ ਭਲਾਈ ਦੇ ਕੰਮ ਕਰਨੇ ਹੁੰਦੇ ਹਨ, ਲੋਕਾਂ ਦਾ ਜੀਵਨ ਪੱਧਰ ਉਚਾ ਕਰਨਾ ਹੁੰਦਾ ਹੈ। ਉਹਨਾਂ ਦੇ ਬੁਢਾਪੇ ਨੂੰ ਸੁਰੱਖਿਅਤ ਰੱਖਣ ਲਈ ਕੁਝ ਸਕੀਮਾਂ ਚਲਾਉਣੀਆਂ ਹੁੰਦੀਆਂ ਹਨ। ਪਰ ਵੋਟ ਬੈਂਕ ਪੱਕਾ ਕਰਨ ਲਈ ਜਿਹੜੀਆਂ ਰਿਆਇਤਾਂ ਦਿੱਤੀਆਂ ਜਾਂਦੀਆਂ ਹਨ, ਉਹ ਬਹੁਤੇ ਲੋਕਾਂ ਦਾ ਕੀ ਸੁਆਰਦੀਆਂ ਹਨ ?

ਕੀ ਨੇਤਾ ਲੋਕ ਚਾਹੁੰਦੇ ਹਨ ਕਿ ਮੁਫ਼ਤ ਰਾਸ਼ਨ, ਮੁਫ਼ਤ ਬਿਜਲੀ ਮੁਹੱਈਆਂ ਕਰਨ ਦੀ ਥਾਂ ਨੌਜਵਾਨਾਂ ਨੂੰ ਰੁਜ਼ਗਾਰ ਮਿਲੇ ? ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਬੱਚਿਆਂ, ਬਜ਼ੁਰਗਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਮਿਲਣ, ਸਭ ਲਈ ਚੰਗੀ ਪੜ੍ਹਾਈ ਦਾ ਇਤੰਜ਼ਾਮ ਹੋਵੇ, ਬਜ਼ੁਰਗਾਂ ਦੀ ਸਮਾਜਿਕ ਸੁਰੱਖਿਆ ਲਈ ਚੰਗੀਆਂ ਸਕੀਮਾਂ ਅਤੇ ਪ੍ਰਬੰਧ ਹੋਣ ਅਤੇ ਇਸ ਤੋਂ ਵੱਧ ਇਹ ਕਿ ਸੂਬੇ ਜਾਂ ਦੇਸ਼ ਵਿੱਚ ਚੰਗਾ ਵਾਤਾਵਰਨ ਚੰਗਾ ਬੁਨਿਆਦੀ ਢਾਂਚਾ ਉਸਰੇ, ਜਿਸ ਨਾਲ ਮਨੁੱਖ ਦਾ ਜੀਵਨ ਸੁਆਲਾ ਹੋ ਸਕੇ ? ਕਤੱਈ ਨਹੀਂ। ਉਹ ਇਹ ਗੱਲਾਂ ਸਿਰਫ਼ ਕਹਿਣ ਲਈ ਕਰਦੇ ਹਨ, ਇਹਨਾਂ ’ਤੇ ਅਮਲ ਨਹੀਂ ਕਰਦੇ।

ਅੱਜ ਦੇਸ਼ ਦੇ ਹਾਲਾਤ ਬਿਲਕੁਲ ਭੈੜੇ ਹਨ। ਦੇਸ਼ ਕੂੜੇ ਦਾ ਢੇਰ ਬਣਿਆ ਨਜ਼ਰ ਆਉਂਦਾਹੈ। ਭ੍ਰਿਸ਼ਟਾਚਾਰ ਨੇ ਲੋਕਾਂ ਦਾ ਜੀਵਨ ਦੁੱਭਰ ਕੀਤਾ ਹੋਇਆ ਹੈ। ਸੜਕਾਂ, ਸਰਕਾਰੀ ਸਕੂਲ ਸਹੂਲਤਾਂ ਅਤੇ ਟੀਚਰਾਂ ਤੋਂ ਵਾਂਝੇ ਹਨ। ਵਾਤਾਵਰਣ ਇੰਝ ਦੂਸ਼ਿਤ ਹੈ ਕਿ ਸਾਹ ਲੈਣਾ ਵੀ ਔਖਾ ਹੈ। ਪਾਣੀ ਜ਼ਹਿਰੀਲਾ ਹੁੰਦਾ ਜਾ ਰਿਹਾ ਹੈ। ਕੈਂਸਰ ਵਰਗੀਆਂ ਬਿਮਾਰੀਆਂ ਦੀ ਭਰਮਾਰ ਹੈ ਅਤੇ ਸਿਹਤ ਸਹੂਲਤਾਂ ਦੀ ਕਮੀ ਹੈ। ਜਿਸਦਾ ਖਮਿਆਜਾ ਕਰੋਨਾ ਕਾਲ ਦੇ ਦਰਮਿਆਨ ਦੇਸ਼ ਭੁਗਤ ਚੁੱਕਾ ਹੈ। ਇਹੋ ਸਭ ਕੁੱਝ ਜਾਣਦਿਆਂ ਵੀ ਦੇਸ਼ ਦੇ ਨੇਤਾਵਾਂ ਦੀ ਪਹਿਲ ਦੇਸ਼ ਨੂੰ ਸੁਆਰਨ ਦੀ ਥਾਂ, ਹਰ ਹੀਲੇ ਵੋਟਰਾਂ ਨੂੰ ਭਰਮਾ ਕੇ ਆਪਣੀ ਗੱਦੀ ਪੱਕੀ ਕਰਨਾ ਬਣੀ ਹੋਈ ਹੈ।

ਇਥੇ ਇਹ ਵਰਨਣ ਕਰਨਾ ਕੁਥਾਂਹ ਨਹੀਂ ਹੋਏਗਾ ਕਿ ਲਗਭਗ ਸਾਰੀਆਂ ਪਾਰਟੀਆਂ ਦੇ ਵਿੱਚ ਉਹਨਾਂ ਲੋਕਾਂ ਦੀ ਭਰਮਾਰ ਹੋ ਗਈ ਹੈ, ਜਿਹਨਾਂ ਉਤੇ ਆਪਰਾਧਿਕ ਕੇਸ ਦਰਜ਼ ਹਨ। ਜਿਹੜੇ ਸੇਵਾ ਦੀ ਥਾਂ ਸਿਆਸਤ ਸਾਮ,ਦਾਮ,ਦੰਡ ਨਾਲ ਕਰਨ ਦੇ ਮੁੱਦਈ ਹਨ। ਜਿਹਨਾਂ ਨੇ ਆਪਣਾ ਸਿਆਸਤ ਨੂੰ ਆਪਣਾ ਕਿੱਤਾ ਇਥੋਂ ਤਕਕਿ ਪਰਿਵਾਰਕ ਕਿੱਤਾ ਬਣਾ ਲਿਆ ਹੈ। ਇਹ ਲੋਕ ਸਥਾਨਕ ਸਰਕਾਰਾਂ (ਪੰਚਾਇਤਾਂ, ਨਗਰ ਪਾਲਿਕਾਵਾਂ) ਤੋਂ ਲੈਕੇ ਵਿਧਾਨ ਸਭਾਵਾਂ, ਲੋਕ ਸਭਾ ਤੱਕ ਆਪਣਾ ਧਨ ਕੁਬੇਰਾਂ ਵਾਲਾ ਜਾਲ ਵਿਛਾ ਚੁੱਕੇ ਹਨ। ਜਾਤ, ਧਰਮ ਦੇ ਨਾਂਅ ਉਤੇ ਲੋਕਾਂ ਨੂੰ ਵੰਡਕੇ, ਉਹਨਾਂ ਨੂੰ ਥੋੜੀਆਂ ਬਹੁਤੀਆਂ ਰਿਆਇਤਾਂ ਪਰੋਸਕੇ ਮੰਗਤੇ ਬਨਾਉਣ ਦੇ ਰਾਹ ਪਾ ਰਹੇ ਹਨ।

ਹੈਰਾਨ ਹੋਈਦਾ ਹੈ ਇਹ ਦ੍ਰਿਸ਼ ਵੇਖਕੇ ਕਿ ਜਦੋਂ ਪੰਜਾਬ ਵਰਗੇ ਖੁਸ਼ਹਾਲ ਕਹਿੰਦੇ ਸੂਬੇ ’ਚ ਜਦੋਂ ਇੱਕ ਰੁਪਏ ਕਿਲੋ (ਲਗਭਗ ਮੁਫ਼ਤ) ਅਨਾਜ ਦੀ ਵੰਡ ਹੁੰਦੀ ਹੈ ਤਾਂ ਲੰਮੀਆਂ ਕਤਾਰਾਂ ਵੇਖਣ ਨੂੰ ਮਿਲਦੀਆਂ ਹਨ। ਕੀ ਪੰਜਾਬ ਦੇ ਅਣਖੀਲੇ ਮਿਹਨਤੀ ਲੋਕ ਸਚਮੁੱਚ ਇੰਨੇ ਨਿਤਾਣੇ ਹੋ ਗਏ ਹਨ ਕਿ ਉਹਨਾਂ ਦੇ ਸਰੀਰਾਂ ’ਚ ਕੰਮ ਕਰਨ ਦੀ ਤਾਕਤ ਹੀ ਨਹੀਂ ਰਹੀ ? ਆਖ਼ਰ ਲੋਕਾਂ ਨੂੰ ਨਿਤਾਣੇ, ਨਿਮਾਣੇ, ਨਿਆਸਰੇ ਬਨਾਉਣ ਦੀਆਂ ਤਰਕੀਬਾਂ ਕਿਹੜੀ ਸਾਜਿਸ਼ ਦਾ ਹਿੱਸਾ ਹਨ, ਇਹ ਸਪਸ਼ਟ ਵੇਖਣ ਨੂੰ ਮਿਲ ਰਿਹਾ ਹੈ। ਲੋਕਾਂ ਨੂੰ ਗਰੀਬ ਬਣਾ ਦਿਉ। ਮੁਫ਼ਤ ਚੀਜ਼ਾਂ ਦੀ ਆਦਤ ਪਾ ਦਿਓ ਤੇ ਵੋਟਾਂ ਹਥਿਆ ਲਵੋ।

ਦੇਸ਼ ਦੇ ਹਰ ਹਿੱਸੇ, ਹਰ ਸੂਬੇ ’ਚ ਜਿਵੇਂ ਵੋਟਾਂ ਦੀ ਖ਼ਰੀਦੋ-ਫਰੋਖ਼ਤ, ਹੁੰਦੀ ਹੈ, ਉਸ ਦੀ ਉਦਾਹਰਨ ਪੰਜਾਬ ਦੀਆਂ ਪੰਚਾਇਤੀ ਚੋਣਾਂ ’ਚ ਵੇਖਣ ਨੂੰ ਮਿਲੀ, ਜਿਥੇ ਹਕੂਮਤੀ ਧੱਕਾ-ਧੌਂਸ ਤਾਂ ਵੇਖਣ ਨੂੰ ਮਿਲੀ ਹੀ, ਜੋ ਪਹਿਲੀਆਂ ਸਰਕਾਰਾਂ ਵੀ ਕਰਦੀਆਂ ਰਹੀਆਂ, ਪਰ ਬਹੁਤੇ ਧਨਾਢ ਲੋਕ ਧੰਨ ਦੇ ਜ਼ੋਰ ਨਾਲ ਪੰਚਾਇਤਾਂ ਦੇ ਮੁੱਖੀ ਬਣ ਬੈਠੇ। ਕੀ ਇਹ ਵੋਟ ਖਰੀਦੋ ਵਰਤਾਰਾ, ਲੋਕਾਂ ਨੂੰ ਰਿਆਇਤਾਂ ਦੇ ਕੇ ਵੋਟਾਂ ਉਗਰਾਹੁਣ ਵਰਗਾ ਹੀ ਨਹੀਂ ? ਕੀ ਇਹ ਵਰਤਾਰਾ ਭਾਰਤੀ ਲੋਕਤੰਤਰ ਉਤੇ ਸਿੱਧਾ ਹਮਲਾ ਨਹੀਂ ਹੈ ? ਹੁਣੇ ਜਿਹੀਆਂ ਹੋਈਆਂ ਹਰਿਆਣਾ ਵਿਧਾਨ ਸਭਾ ਚੋਣਾਂ ’ਚ ਕਿਸਾਨ ਧਿਰ ਨੂੰ ਇਕ ਪਾਸੇ ਧੱਕ ਕੇ ਦੂਜੀਆਂ ਧਿਰਾਂ ਦਾ ਧਰੁਵੀਕਰਨ ਕੀ ਜਾਤ, ਬਰਾਦਰੀ ਦੀ ਸਿਆਸਤ ਨਹੀਂ ? ਕੀ ਇਹ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਨਿਕਾਰਨ ਤੁਲ ਨਹੀਂ ? ਧਰਮ ਦੀ ਰਾਜਨੀਤੀ, ਜਾਤ ਬਰਾਦਰੀ ਦਾ ਬੋਲਬਾਲਾ ਭਾਰਤੀ ਸੰਵਿਧਾਨ ਦੀ ਰੂਹ ਦੇ ਉੱਲਟ ਹੈ। ਇਹ ਵਰਤਾਰਾ ਦਿਨੋਂ ਦਿਨ ਵੱਧ ਰਿਹਾ ਹੈ। ਇਸ ਸਬੰਧੀ ਚਿੰਤਤ ਹੁੰਦਿਆਂ ਭਾਰਤ ਦੀ ਸੁਪਰੀਮ ਕੋਰਟ ਨੇ ਸਰਕਾਰੀ ਖਜ਼ਾਨੇ ’ਚੋਂ ਮੁਫ਼ਤ ਰਿਊੜੀਆਂ ਵੰਡਣ ਦੀ ਸਿਆਸਤ ਉਤੇ ਦੁੱਖ ਪ੍ਰਗਟ ਕੀਤਾ ਅਤੇ ਭਾਰਤੀ ਚੋਣ ਕਮਿਸ਼ਨ ਨੂੰ ਕਿਹਾ ਕਿ ਇਸ ਵਰਤਾਰੇ ਨੂੰ ਰੋਕਣ ਲਈ ਜ਼ਰੂਰੀ ਕਦਮ ਚੁੱਕੇ।

ਗੱਲ ਚੋਣਾਂ ਦੌਰਾਨ ਵੋਟਰਾਂ ਨੂੰ ਆਪਣੇ ਵੱਲ ਖਿੱਚਣ ਦੀ ਹੋਵੇ ਜਾਂ ਫਿਰ ਵੱਧ ਤੋਂ ਵੱਧ ਸਮੇਂ ਤੱਕ ਸੱਤਾ ’ਚ ਬਣੇ ਰਹਿਣ ਦੀ, ਮੁਫ਼ਤ ਦਾ ਸਬਜ਼ਬਾਗ ਦਿਖਾਉਣਾ ਸਿਆਸੀ ਸਫ਼ਲਤਾ ਦਾ ਸ਼ਾਰਟਕੱਟ ਬਣ ਗਿਆ ਹੈ। ਇਹਨਾਂ ਮੁਫ਼ਤ ਰਿਆਇਤਾਂ ਨੂੰ ਜਿੱਤ ਦੀ ਗਰੰਟੀ ਮੰਨਿਆ ਜਾਣ ਲੱਗਾ ਹੈ। ਲੇਕਿਨ ਆਰਥਿਕ ਤੌਰ ’ਤੇ ਇਸ ਦੀ ਵੱਡੀ ਕੀਮਤ ਵੀ ਚੁਕਾਉਣੀ ਪੈਂਦੀ ਹੈ। ਮੁੱਦਾ ਮਹੱਤਵਪੂਰਨ ਹੈ, ਕਿਉਂਕਿ ਮੁਫ਼ਤ ਰਿਊੜੀਆਂ ਵੰਡਣ ਤੋਂ ਰੋਕਣ ਦੀਆਂ ਕੋਸ਼ਿਸ਼ਾਂ ਅਸਫ਼ਲ ਹੋ ਚੁੱਕੀਆਂ ਹਨ। ਸੁਪਰੀਮ ਕੋਰਟ ਦੇ ਦਖਲ ਦੇ ਬਾਵਜੂਦ ਵੀ ਇਸ ’ਤੇ ਕਾਬੂ ਨਹੀਂ ਪਾ ਜਾ ਸਕਿਆ। ਖ਼ੈਰ ਪਾਉਣ ਦੀ ਇਸ ਪ੍ਰਵਿਰਤੀ ਨੇ ਚੋਣ ਮੈਨੀਫੈਸਟੋ ਸਿਰਫ਼ ਕਾਗਜ਼ ਦਾ ਟੁੱਕੜਾ ਬਣਾਕੇ ਰੱਖ ਦਿੱਤੇ ਹਨ। ਸੱਤਾ ’ਚ ਆਉਣ ਤੋਂ ਬਾਅਦ ਸਿਆਸੀ ਦਲ ਸਭ ਵਾਇਦੇ ਭੁੱਲ ਜਾਂਦੇ ਹਨ।

ਮੁਫ਼ਤਖੋਰੀ ਦੀ ਰਾਜਨੀਤੀ ਦਾ ਆਰੰਭ ਭਾਵੇਂ ਦੱਖਣੀ ਰਾਜਾਂ ਤੋਂ ਹੋਇਆ, ਪਰ 2019 ’ਚ ਆਮ ਚੋਣਾਂ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਕਿਸਾਨ ਸਨਮਾਨ ਨਿਧੀ ਯੋਜਨਾ ਦੇ ਰੂਪ ’ਚ ਹਰ ਸਾਲ 6000 ਰੁਪਏ ਦੇਣਾ ਸ਼ੁਰੂ ਕੀਤਾ ਅਤੇ ਕੋਵਿਡ ਦੇ ਦਿਨਾਂ ’ਚ 80 ਕਰੋੜ ਲੋਕਾਂ ਨੂੰ ਮੁਫ਼ਤ ਅਨਾਜ ਵੰਡਿਆ ਜਾਣ ਲੱਗਾ, ਜੋ ਹੁਣ ਤੱਕ ਵੀ ਜਾਰੀ ਹੈ, ਇਸ ਨਾਲ ਹੋਰ ਸਿਆਸੀ ਦਲਾਂ ਉਤੇ ਦਬਾਅ ਵੱਧ ਗਿਆ ਕਿ ਉਹ ਚੋਣ ਜਿੱਤਣ ਲਈ ਕਿਉਂ ਨਾ ਸਰਕਾਰ ਵਾਂਗਰ ਵੱਡੀਆਂ-ਵੱਡੀਆਂ ਮੁਫ਼ਤ ਰਿਆਇਤਾਂ ਦਾ ਐਲਾਨ ਕਰਨ।

ਮੁਫ਼ਤ ਰਿਊੜੀਆਂ ਵੰਡਣ ਦੀ ਕੋਹੜ-ਪ੍ਰਵਿਰਤੀ ਨੂੰ ਰੋਕਣ ਲਈ ਸਿਆਸੀ ਪਾਰਟੀਆਂ ਦੇ ਘੋਸ਼ਣਾ ਪੱਤਰ ਨੂੰ ਕਾਨੂੰਨੀ ਦਸਤਾਵੇਜ਼ ਬਨਾਉਣ ਦੀ ਲੋੜ ਹੈ ਤਾਂ ਕਿ ਉਹ ਆਪਣੇ ਵਲੋਂ ਕੀਤੀਆਂ ਘੋਸ਼ਨਾਵਾਂ ਪ੍ਰਤੀ ਜਵਾਬਦੇਹ ਹੋਣ। ਸੁਪਰੀਮ ਕੋਰਟ ਨੇ 5 ਜੁਲਾਈ 2013 ਨੂੰ ਇੱਕ ਅਹਿਮ ਫ਼ੈਸਲੇ ’ਚ ਚੋਣ ਕਮਿਸ਼ਨ ਨੂੰ ਸਾਰੇ ਸਿਆਸੀ ਦਲਾਂ ਨਾਲ ਗੱਲਬਾਤ ਕਰਕੇ ਘੋਸ਼ਣਾ ਪੱਤਰ ਦੇ ਬਾਰੇ ਇੱਕ ਕਾਨੂੰਨੀ ਗਾਈਡਲਾਈਨਜ਼ ਤਿਆਰ ਕਰਨ ਨੂੰ ਕਿਹਾ ਸੀ। ਉਸਦੇ ਬਾਅਦ ਤਤਕਾਲੀਨ ਚੋਣ ਕਮਿਸ਼ਨ ਨੇ ਸਿਆਸੀ ਦਲਾਂ ਦੀ ਮੀਟਿੰਗ ਬੁਲਾਈ। ਇਸ ਮੀਟਿੰਗ ’ਚ 6 ਰਾਸ਼ਟਰ ਦਲ ਅਤੇ 24 ਖੇਤਰੀ ਪਾਰਟੀਆਂ ਦੇ ਨੇਤਾ ਸ਼ਾਮਲ ਹੋਏ। ਪਰ ਉਹਨਾ ਸਰਿਆਂ ਨੇ ਇੱਕ ਸੁਰ ਵਿੱਚ ਚੋਣ ਘੋਸ਼ਣਾ ਪੱਤਰ ਨੂੰ ਲੈ ਕੇ ਚੋਣ ਕਮਿਸ਼ਨ ਦੇ ਦਖ਼ਲ ਨੂੰ ਖ਼ਾਰਜ ਕਰ ਦਿੱਤਾ।

ਦੇਸ਼ ’ਚ ਜਿਸ ਢੰਗ ਨਾਲ ਚੋਣਾਂ ਤੋਂ ਪਹਿਲਾਂ ਮੁਫ਼ਤ ਚੀਜ਼ਾਂ ਮੁਹੱਈਆ ਕਰਨ ਦੇ ਐਲਾਨਾਂ ਦਾ ਦੌਰ ਚੱਲਿਆ ਹੋਇਆ ਹੈ ਅਤੇ ਸੱਤਾ ਪ੍ਰਾਪਤੀ ਬਾਅਦ ਮੁਫ਼ਤ ਰਿਊੜੀਆਂ ਵੰਡੀਆਂ ਜਾ ਰਹੀਆਂ ਹਨ, ਉਹ ਅਸਲ ਅਰਥਾਂ ’ਚ ਦੇਸ਼ ਦੀ ਚੋਣ ਪ੍ਰਕਿਰਿਆ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕਰ ਰਹੀਆਂ ਹਨ। ਇਹ ਸਿੱਧਿਆਂ ਲੋਕਤੰਤਰ ਉਤੇ ਵੱਡਾ ਹਮਲਾ ਸਾਬਤ ਹੋ ਰਹੀਆਂ ਹਨ, ਕਿਉਂਕਿ ਕਿਸੇ ਨਾ ਕਿਸੇ ਢੰਗ ਨਾਲ ਵੋਟਰ ਇਸ ਨਾਲ ਲਾਲਚ ਵੱਸ ਹੋਕੇ ਪ੍ਰਭਾਵਤ ਹੁੰਦਾ ਹੈ।

ਸਮੱਸਿਆ ਇਹ ਹੈ ਕਿ ਦੇਸ਼ ’ਚ ਮਹਿੰਗਾਈ, ਬੇਰੁਜ਼ਗਾਰੀ ਨੇ ਆਮ ਲੋਕਾਂ ਨੂੰ ਅਤਿ ਗਰੀਬੀ ਵੱਲ ਧੱਕ ਦਿੱਤਾ ਹੈ। ਉਸ ਦੀਆਂ ਲੋੜਾਂ ਪੂਰੀਆਂ ਨਹੀਂ ਹੋ ਰਹੀਆਂ। ਉਸਨੂੰ ਕਿਸੇ ਵੀ ਮੁਫ਼ਤ ਦੀ ਚੀਜ਼ ਦੀ ਪ੍ਰਾਪਤੀ ਲਈ ਬੇਬਸ ਤੇ ਮਜ਼ਬੂਰ ਕਰ ਦਿੱਤਾ ਗਿਆ ਹੈ।

ਇਹੋ ਜਿਹੀ ਸਥਿਤੀ ਅੱਜ ਦੇ ਦੇਸ਼ ਦੇ ਹਾਕਮਾਂ ਅਤੇ ਸਵਾਰਥੀ ਸਿਆਸਤਦਾਨਾਂ ਨੂੰ ਰਾਸ ਆਉਂਦੀਹੈ। ਉਹਨਾਂ ਅਸਿੱਧਿਆਂ ਤੌਰ ’ਤੇ ਵੋਟਾਂ ਖਰੀਦਣ ਦਾ ਢੰਗ ਮੁਫ਼ਤ ਰਿਊੜੀਆਂ ਵੰਡਣਾ ਤਹਿ ਕਰ ਲਿਆ ਹੈ। ਜਿਹੜਾ ਸਿੱਧਿਆਂ ਲੋਕਤੰਤਰੀ ਕਦਰਾਂ-ਕੀਮਤਾਂ ਉਤੇ ਇੱਕ ਵੱਡੀ ਸੱਟ ਅਤੇ ਲੋਕਤੰਤਰ ’ਤੇ ਧੱਬਾ ਹੈ।

ਪਾਠਕਾਂ ਲਈ ਵਿਸ਼ੇਸ਼ ਸੂਚਨਾ

ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵੱਲੋਂ ਪਾਠਕਾਂ ਦੀ ਜਾਣਕਾਰੀ ਵਿੱਚ ਵਾਧਾ ਕਰਨ ਲਈ ਨਵੀਂ ਵੈਬਸਾਈਟ

www.amritsartimes.live

ਸ਼ੁਰੂ ਕੀਤੀ ਗਈ ਹੈ। ਜਿਸ ਵਿੱਚ ਦੇਸ਼ ਵਿਦੇਸ਼ ਵਿੱਚ ਹਰ ਦਿਨ ਵਾਪਰਦੀਆਂ ਘਟਨਾਵਾਂ ਦਾ ਵੇਰਵਾ, ਪੰਥਕ ਖ਼ਬਰਾਂ ਵੱਖ-ਵੱਖ ਵਿਸ਼ਿਆਂ ਨਾਲ ਸਬੰਧਿਤ ਮਾਹਿਰ ਵਿਦਵਾਨਾਂ ਦੇ ਲੇਖ, ਵਿਸ਼ੇਸ਼ ਟਿੱਪਣੀਆਂ, ਕਵਰ ਸਟੋਰੀਆਂ, ਕਹਾਣੀਆਂ ਅਤੇ ਹੋਰ ਬਹੁਤ ਕੁਝ ਜਾਣਕਾਰੀ ਭਰਪੂਰ ਦੇਣ ਦਾ ਯਤਨ ਕੀਤਾ ਗਿਆ ਹੈ। ਇਕ ਵਾਰ ਜ਼ਰੂਰ ਵਿਜ਼ਟ ਕਰੋ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
LIKE & SHARE
www.amritsartimes.live
Please like and share

# ਸੂਟ ਲੈ ਲੈ ਮੈਂ ਨਾ ਰੱਜਦੀ...







**ਜਗਤਾਰ ਲਾਡੀ**

ਦੁਨੀਆਂ ਵਿੱਚ ਸੋਹਣਾ ਦਿੱਖਣਾ ਹਰ ਕੋਈ ਚਾਹੁੰਦਾ ਹੈ। ਇਹ ਮਨੁੱਖ ਦੀ ਮੁੱਢ ਕਦੀਮੋਂ ਹੀ ਇੱਛਾ ਰਹੀ ਹੈ। ਕੁਝ ਨੂੰ ਕੁਦਰਤੀ ਸੁਹੱਪਣ ਮਿਲਿਆ ਹੁੰਦਾ ਹੈ। ਕੁਝ ਸੋਹਣਾ ਦਿੱਸਣ ਲਈ ਵੱਖ-ਵੱਖ ਤਰੀਕੇ ਵਰਤਦੇ ਹਨ। ਅੱਜ ਦੇ ਦੌਰ ਵਿੱਚ ਤਾਂ ਇਸ ਸਬੰਧੀ ਸਭ ਨੂੰ ਪਾਗ਼ਲਪਣ ਛਾਇਆ ਹੋਇਆ ਹੈ। ਮਨੁੱਖ ਦੀ ਇਹ ਇੱਛਾ ਪੂਰੀ ਕਰਨ ਲਈ ਵੱਖ-ਵੱਖ ਤਰ੍ਹਾਂ ਦੇ ਬਿਊਟੀ ਸੈਂਟਰ ਹੋਂਦ ਵਿੱਚ ਆ ਗਏ ਹਨ। ਭਾਵੇਂ ਇਹ ਸੈਂਟਰ ਵਧੀਆ ਰੋਲ ਨਿਭਾਉਂਦੇ ਹਨ। ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਕਿਸੇ ਦੇ ਸੁੰਦਰ ਦਿੱਖਣ ਵਿੱਚ ਕੱਪੜਿਆਂ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਅੱਜਕੱਲ੍ਹ ਕੱਪੜਿਆਂ ਦੀ ਨਿੱਤ ਨਵੀਂ ਵਰਾਇਟੀ ਬਾਜ਼ਾਰ ਵਿੱਚ ਆ ਰਹੀ ਹੈ, ਆਮ ਬੰਦੇ ਦਾ ਕੱਪੜੇ ਦੇਖ ਕੇ ਸਿਰ ਚਕਰਾ ਜਾਂਦਾ ਹੈ। ਇੱਕ ਸਮਾਂ ਹੁੰਦਾ ਸੀ, ਜਦੋਂ ਲੋਕਾਂ ਦੇ ਆਰਥਿਕ ਸਾਧਨ ਸੀਮਤ ਸਨ। ਉਨ੍ਹਾਂ ਨੂੰ ਕਈ ਕਈ ਮਹੀਨੇ ਕੱਪੜੇ ਹੀ ਨਸੀਬ ਨਹੀਂ ਹੁੰਦੇ ਸਨ। ਆਲਮ ਇਹ ਸੀ ਕਿ ਵਿਆਹ ਵਿੱਚ ਜਾਣ ਲੱਗੇ ਲੋਕ ਕੱਪੜੇ ਮੰਗ ਕੇ ਪਾ ਕੇ ਜਾਂਦੇ ਸਨ। ਕਿਸਾਨੀ ਪਰਿਵਾਰਾਂ ਵਿੱਚ ਤਾਂ ਹਾੜ੍ਹੀ-ਸਾਉਣੀ ਦੀ ਫ਼ਸਲ ਉੱਤੇ ਕੱਪੜੇ ਬਣਦੇ ਸਨ। ਗ਼ਰੀਬ ਲਈ ਇਹ ਸੁਪਨਾ ਹੁੰਦਾ ਸੀ। ਆਮ ਘਰੇਲੂ ਪਰਿਵਾਰਾਂ ਵਿੱਚ ਵੀ ਅਜਿਹਾ ਸਮਾਂ ਰਿਹਾ ਹੈ ਕਿ ਇਕ ਦੂਜੇ ਦੇ ਕੱਪੜੇ ਕੱਟ ਕੇ ਛੋਟੇ ਬੱਚਿਆਂ ਦੇ ਕੱਪੜੇ ਵੀ ਬਣਾ ਦਿੱਤੇ ਜਾਂਦੇ ਸੀ। ਪਰ ਹੁਣ ਸਮਾਂ ਬਦਲ ਚੁੱਕਿਆ ਹੈ ਤੇ ਲੋਕਾਂ ਦੀ ਆਰਥਿਕ ਦਸ਼ਾ ਸੁਧਰ ਚੁੱਕੀ ਹੈ। ਹੁਣ ਕੱਪੜੇ ਖ਼ਰੀਦਣਾ ਕੋਈ ਜ਼ਿਆਦਾ ਵੱਡੀ ਗੱਲ ਨਹੀਂ ਰਹੀ। ਕੱਪੜਿਆਂ ਦੇ ਸਬੰਧ ਇਹ ਦੇਖਿਆ ਗਿਆ ਹੈ ਕਿ ਆਦਮੀ ਨਾਲੋਂ ਔਰਤਾਂ ਨੂੰ ਸੂਟਾਂ ਦਾ ਵੱਧ ਧਿਆਨ ਰਹਿੰਦਾ ਹੈ। ਕੋਈ ਭੋਗ ਹੋਵੇ, ਵਿਆਹ ਜਾਂ ਪਾਰਟੀ ਹੋਵੇ। ਔਰਤਾਂ ਦੀਆਂ ਗੱਲਾਂ ਦਾ ਘੇਰਾ ਜ਼ਿਆਦਾਤਰ ਸੂਟਾਂ ਦੇ ਆਲੇ-ਦੁਆਲੇ ਘੁੰਮਦਾ ਹੈ। ਕਿਹਾ ਜਾਂਦਾ ਹੈ ਕਿ ਜੇਕਰ ਦੋਵਾਂ ਨੇ ਕਿਸੇ ਪ੍ਰੋਗਰਾਮ 'ਤੇ ਜਾਣਾ ਹੋਵੇ, ਆਦਮੀ ਹਮੇਸ਼ਾ ਗੱਲਬਾਤ ਦੇ ਵਿਸ਼ੇ ਬਾਰੇ ਸੋਚਦਾ ਹੈ ਤੇ ਔਰਤ ਸੋਚਦੀ ਰਹਿੰਦੀ ਹੈ ਕਿ ਮੈਂ ਕਿਹੜਾ ਸੂਟ ਪਾ ਕੇ ਜਾਵਾਂਗੀ।

ਜੇਕਰ ਇਸ ਦੀ ਕਿਸਮ ਦੀ ਜਾਂ ਸਿਲਾਈ ਦੀ ਗੱਲ ਕਰੀਏ ਤਾਂ ਕੱਪੜਿਆਂ ਵਿੱਚ 'ਛਾਟਨ', 'ਡੀਚਾਇਨਾ', 'ਟੈਰਾਲੀਨ', 'ਪੋਲਿਸਟਰ' 'ਬਰੋਸਾ', 'ਸ਼ਿਫੂਨ', 'ਪਾਪਲੀਨ', 'ਔਰਗੈਂਜਾ', 'ਕਰੇਬ', 'ਕਰੱਸ', 'ਟੀਸੂ', 'ਚੰਗੇਰੀ ਸਿਲਕ', 'ਮਖਮਲੀ ਸਿਲਕ', 'ਖਾਦੀ ਸਿਲਕ', 'ਪਸ਼ਮੀਨਾ', 'ਕੌਟਰਾਈਜ਼', 'ਵੈਲਵੇਟ', 'ਜਾਰਜੈਟ', 'ਸਿਮਰ', 'ਆਬੂਤਾਈ ਸਿਲਕ' ਇਹ ਕੱਪੜੇ ਤਾਂ ਸਿਰਫ਼ ਕੱਪੜੇ ਕਿਸਮ ਹੀ ਦੱਸਦੇ ਹਨ। ਇਨ੍ਹਾਂ ਵਿੱਚ ਹੋਰ ਬਹੁਤ ਗਿਣਤੀ ਬਾਕੀ ਪਈ ਹੈ। ਇਨ੍ਹਾਂ ਉੱਤੇ ਸਜਾਵਟ ਲਈ ਹੈਂਡ, ਮਸ਼ੀਨਵਰਕ, ਪੈਂਟ, ਗੋਟਾ, ਪੱਤੀ, ਸਿੱਪੀ, ਵਰਕ ਹੋਰ ਬਹੁਤ ਸਾਰੀਆਂ ਕਢਾਈਆਂ ਸ਼ਾਮਿਲ ਹਨ। ਸਿਲਾਈ ਪੱਖੋਂ ਵੀ ਕਿਸਮ ਦੀ ਕੋਈ ਘਾਟ ਨਹੀਂ ਜਿਵੇਂ ਪਟਿਆਲਾ ਸ਼ਾਹੀ, ਪਠਾਣੀ ਸਲਵਾਰ, ਪਾਕਿਸਤਾਨੀ ਕੁੜ੍ਹਤੇ, ਪਲਾਜੋ, ਲੂਜ ਪਲਾਜੋ, ਸਰਾਰਾ, ਗਰਾਰਾ, ਫ਼ਰਾਕ ਸੂਟ, ਪਜਾਮੀ ਸੂਟ, ਨੈਰੋ ਸਟ੍ਰੇਟ ਸਲਵਾਰਾਂ ਹੋਰ ਵੀ ਡਿਜ਼ਾਇਨ। ਫੈਸ਼ਨ ਡਿਜ਼ਾਇਨਿੰਗ ਵਾਲੇ ਜਾਂ ਦੁਕਾਨਦਾਰ ਜਾਂ ਦਰਜ਼ੀ ਸਾਰੇ ਹੀ ਸੂਟਾਂ ਤੋਂ ਕੰਮ ਚਲਾਉਂਦੇ ਹਨ। ਸੂਟਾਂ ਤੋਂ ਹੀ ਪੰਜਾਬੀ ਸੱਭਿਆਚਾਰ 'ਚ ਕਿੰਨੇ ਹੀ ਗੀਤ ਬੋਲੀਆਂ ਹੋਂਦ 'ਚ ਆਈਆਂ ਹਨ, ਜਿਨ੍ਹਾਂ ਦੇ ਜ਼ਿਕਰ ਇਦਾਂ ਹੈ-

'ਸੂਟ ਲੈ ਲੈ ਮੈਂ ਨਾ ਰੱਜਦੀ
ਮੈਨੂੰ ਦੇਖ ਦੇਖ ਜੱਟ ਨਹੀਂ ਰੱਜਦਾ।'
'ਤੈਨੂੰ ਸੂਟ, ਸੂਟ ਕਰਦਾ
ਨੀ ਤੂੰ ਲੱਗਦੀ ਮਜਾਜਣ ਭਾਰੀ।'
'ਬੱਸ ਸੋਹਣੇ ਸੋਹਣੇ ਸੂਟ
ਦਿਵਾਉਂਦਾ ਰਹੀ ਜੱਟੀ ਨੂੰ।'
ਨੋਟ ਨੂਟ ਲੱਗ ਜਾਣ ਜਿੰਨੇ ਮਰਜ਼ੀ
ਰਹਿ ਜੇ ਨਾ ਡਿਜ਼ਾਨਿਰਾ ਕੋਈ ਕਮੀਂ
ਸੂਟ 'ਚ।

ਜਿੱਥੇ ਘਰ ਵਾਲੀ ਸੂਟਾਂ ਦੀ ਮੰਗ ਕਰਦੀ ਹੈ, ਘਰ ਵਾਲਾ ਇਸ ਨੂੰ ਵਾਧੂ ਜਿਹਾ ਖ਼ਰਚ ਮੰਨਦਾ ਇਹ ਕਹਿੰਦਾ ਹੈ-

'ਛੱਡ ਸੂਟ ਦਾ ਖਹਿੜਾ
ਕਿਉਂ ਘਰ ਪੱਟਣ ਲੱਗੀ ਐਂ'

ਇਸੇ ਤਰ੍ਹਾਂ ਭਾਂਤ-ਭਾਂਤ ਦੀਆਂ ਬੋਲੀਆਂ ਵੀ ਰਚੀਆਂ ਗਈਆਂ ਹਨ -

'ਜੇ ਮੁੰਡਿਆ ਮੈਨੂੰ ਨੱਚਦੀ ਦੇਖਣਾ
ਸੂਟ ਸਵਾ ਦੇ ਫਿੱਟ ਮੁੰਡਿਆ
ਮੇਰੀ ਨੱਚਦੀ ਦੀ ਫੋਟੋ ਖਿੱਚ ਮੁੰਡਿਆ।'

ਇਸ ਕਰ ਕੇ ਇਸ ਨਾਲ ਵਾਹਵਾ ਕਾਰੋਬਾਰ ਤੁਰੇ ਹੋਏ ਹਨ। ਪਰ ਦੂਜੇ ਪਾਸੇ ਦੇਖੀਏ ਮਹਿੰਗਾਈ, ਸੂਟਾਂ ਦੇ ਡਿਜ਼ਾਇਨ, ਫਿਰ ਦਰਜ਼ੀ ਦੇ ਗੇੜੇ, ਭਾਂਤ-ਭਾਂਤ ਦੇ ਗੋਟੇ ਦੇਸ਼ਾਂ ਤੋਂ ਕਈ ਵਾਰ ਦਰਜ਼ੀ, ਦੁਕਾਨਦਾਰ, ਘਰ ਵਾਲੇ ਵੀ ਅੱਕ ਜਾਂਦੇ ਨੇ। ਦੁਕਾਨਦਾਰ ਵੀ ਅੱਕ ਕੇ ਕਹਿ ਦਿੰਦੇ ਨੇ ਕਿ ਭਾਈ ਰੰਗ ਤਾਂ ਪੰਜ ਸੱਤ ਹੀ ਹੁੰਦੇ ਨੇ ਤੁਹਾਨੂੰ ਤਾਂ ਸੱਤਰ ਅੱਸੀ ਸੂਟ ਚਾਹੀਦੇ ਹਨ। ਹੋਰ ਰੰਗ ਕਿਥੋਂ ਲਿਆਈਏ। ਅੰਤ ਵਿੱਚ ਪਰ ਉਹ ਇਸੇ ਇੱਛਾ ਕਰ ਕੇ ਚੰਗਾ ਰੋਕੜ ਵੀ ਕਮਾਉਂਦੇ ਹਨ। ਇਹ ਗੱਲਾਂ ਔਰਤਾਂ ਦੇ ਪਤੀਆਂ ਨੂੰ ਨਾ-ਖ਼ੁਸ਼ਗਵਾਰ ਜਾਪਦੀਆਂ ਹਨ। ਇੱਕ ਘਟਨਾ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ। ਇੱਕ ਵਾਰ ਇੱਕ ਆਦਮੀ ਘਰ ਵਾਲੀ ਨੂੰ ਸੂਟ ਦਿਵਾਉਣ ਚਲਾ ਗਿਆ ਤੇ ਦੁਕਾਨਦਾਰ ਸਾਰਾ ਧਿਆਨ ਔਰਤ ਵੱਲ ਹੀ ਦੇ ਰਿਹਾ ਸੀ। ਜਿਵੇਂ,

'ਭੈਣ ਜੀ, ਠੰਢਾ ਲਉਗੇ ਜਾਂ ਫਿਰ ਚਾਹ ਪੀਓਗੇ ?,'
'ਭੈਣ ਜੀ ਇਧਰ ਆ ਜਾਓ!
'ਭੈਣ ਜੀ ਇਹ ਸੂਟ ਅੱਜ ਹੀ ਆਏ ਹਨ।'
'ਇਸ ਦੀ ਕੀਮਤ ਦੋ ਹਜ਼ਾਰ ਹੈ।'
'ਭੈਣ ਜੀ ਇਹ ਸੂਟ ਤਾਂ ਤੁਹਾਡੇ ਬਹੁਤ ਜ਼ਿਆਦਾ ਜਚੇਗਾ।'

ਇਸ ਤਰ੍ਹਾਂ ਆਦਮੀ ਨੇ ਪੰਜ ਸੱਤ ਵਾਰ ਦੁਕਾਨਦਾਰ ਦੇ ਮੂੰਹੋਂ ਭੈਣ ਦੀ ਹੁੰਦੀ ਇੱਜ਼ਤ ਬਾਰੇ ਸ਼ਬਦ ਸੁਣੇ ਤਾਂ ਬਾਈ ਗੁੱਸੇ ਵਿੱਚ ਆ ਗਿਆ। ਗੁੱਸੇ ਵਿਚ ਆਇਆ ਕਹਿੰਦਾ,-

'ਭੈਣ ਜੀ ਭੈਣ ਜੀ ਕਰੀ ਜਾਂਦੇ ਹੋ! ਜੀਜੇ ਨੂੰ ਵੀ ਪੁੱਛ ਲਓ, ਜਿਸ ਨੇ ਪੈਸੇ ਦੇਣੇ ਨੇ। ਤੁਸੀਂ ਚੰਗੀ ਕਰੀ ਜਾਂਦੇ ਹੋ।'

ਕਈ ਵਾਰ ਤਾਂ ਘਰ ਦੇ ਕੰਮਾਂ ਨੂੰ ਵੀ ਔਰਤਾਂ ਸੂਟਾਂ ਨਾਲ ਹੀ ਜੋੜ ਦਿੰਦੀਆਂ ਨੇ। ਇੱਕ ਦੋਸਤ ਦੀ ਘਰ ਵਾਲੀ ਕਹਿੰਦੀ, 'ਮੈਂ ਵੀ ਤਾਂ ਐਨਾ ਕੰਮ ਕਰਦੀ ਹਾਂ, ਮੈਨੂੰ ਸੂਟ ਬਣਵਾ ਕੇ ਦਿਓ, ਦੋ ਤਿੰਨ ਹਜ਼ਾਰ ਵਾਲਾ।' ਦੋਸਤ ਮਜ਼ਾਕੀਆ ਸੀ। ਕਹਿੰਦਾ, 'ਕੰਮ ਕਰਦੀ ਦਾ ਜ਼ੋਰ ਲੱਗਦਾ ਹੈ, ਓਹੀ ਦੋ ਤਿੰਨ ਹਜ਼ਾਰ ਦਾ ਕੋਈ ਫਲ਼ ਫਰੂਟ ਜਾ ਅਖਰੋਟ ਬਦਾਮ ਲੈ ਲੈ। ਸਿਹਤ ਠੀਕ ਰਹੂ।' ਘਰ ਵਾਲੀ ਮੋਢੇ ਮਾਰ ਕੇ ਕਹਿੰਦੀ, 'ਨਾ ਮੈਂ ਤਾਂ ਸੂਟ ਹੀ ਲਊਂਗੀ।'

ਇੱਕ ਵਾਰ ਤਾਂ ਇਕ ਬੰਦੇ ਨੇ ਦਰਜ਼ੀ ਕੋਲ ਫੋਨ ਕੀਤਾ। ਕਹਿੰਦਾ, 'ਬਾਈ, ਅੱਜ ਸੂਟ ਦੇ ਜਾਂ ਨਹੀਂ ਕੁਝ ਵਾਪਰ ਜਾਊ।' ਖ਼ੈਰ ਸੂਟ ਮਿਲਦਿਆਂ ਔਰਤਾਂ ਦੀ ਖ਼ੁਸ਼ੀ ਦਾ ਟਿਕਾਣਾ ਨਹੀਂ ਰਹਿੰਦਾ। ਬੇਸ਼ੱਕ ਜੀਨ ਟਾਪ ਪਹਿਨਣ ਦਾ ਵੀ ਰਿਵਾਜ ਚੱਲ ਪਿਆ ਹੈ, ਪਰ ਸੂਟਾਂ ਦੀ ਸਰਦਾਰੀ ਕਾਇਮ ਹੈ। ਜਿੱਥੇ ਇਸ ਨਾਲ ਖੁਸ਼ੀਆਂ, ਮੋਹ-ਮੁਹੱਬਤ ਬਣੇ ਰਹਿੰਦੇ ਨੇ ਉਥੇ ਆਰਥਿਕਤਾ ਨੂੰ ਵੀ ਹਲੂਣਾ ਮਿਲਦਾ ਹੈ। ਖ਼ੈਰ! ਸ਼ਾਲਾ। ਜਿਉਂਦੇ ਰਹਿਣ ਕਮਾਈਆਂ ਕਰਨ ਵਾਲੇ ਤੇ ਜਿਉਂਦੀਆਂ ਰਹਿਣ ਸੂਟ ਹੰਢਾਉਣ ਵਾਲੀਆਂ।

ਚੰਗੇ ਸੂਟ ਹੋਣ ਤਾਂ ਫਿਰ ਬੱਲੇ-ਬੱਲੇ ਔਰਤਾਂ ਸੂਟਾਂ ਦੇ ਮਾਮਲੇ ਵਿੱਚ ਘੱਟ ਨਹੀਂ ਕਹਾਉਂਦੀਆਂ। ਇਨ੍ਹਾਂ ਨੂੰ ਹਰੇਕ ਥਾਂ ਇਹ ਡਰ ਲੱਗਿਆ ਰਹਿੰਦਾ ਹੈ ਕਿ ਕਿਤੇ ਕੋਈ ਇਹ ਨਾ ਕਹਿ ਦੇਵੇ ਕਿ ਤੂੰ ਇਹ ਪਹਿਲਾਂ ਵਾਲੇ ਵਿਆਹ 'ਤੇ ਵੀ ਪਾਇਆ ਸੀ। ਇਨ੍ਹਾਂ ਵਿੱਚ ਸੂਟਾਂ ਸਬੰਧੀ ਇੱਛਾ ਐਨੀ ਡੂੰਘੀ ਹੁੰਦੀ ਹੈ ਕਿ 'ਨਾਈਟ ਮੈਰਿਜਾਂ' ਵਿੱਚ ਦਸੰਬਰ-ਜਨਵਰੀ ਵਿੱਚ ਠੁਰ-ਠੁਰ ਕਰੀ ਜਾਣਗੀਆਂ ਪਰ ਸੂਟ ਦਿਖਾਉਣ ਵਿੱਚ ਪਿੱਛੇ ਨਹੀਂ ਰਹਿੰਦੀਆਂ। ਨਾ ਕੋਟੀ ਤੇ ਨਾ ਕੋਈ ਜੈਕਟ। ਇਹ ਇਹੀ ਜਾਣਦੀਆਂ ਹਨ ਕਿ ਸੂਟਾਂ ਪ੍ਰਤੀ ਖਿੱਚ ਵੇਖੋ-ਵੇਖੀ ਹੈ ਜਾਂ ਫਿਰ ਕੁਦਰਤੀ ਹੀ ਇਨ੍ਹਾਂ ਨੂੰ ਕੋਈ ਰੱਬ ਵੱਲੋਂ ਵਰਦਾਨ ਹੈ। ਵਿਆਹ ਵੇਲੇ ਬਾਕੀ ਜੋ ਮਰਜ਼ੀ ਹੋਈ ਚੱਲੇ ,ਪਰ ਜੇਕਰ ਸੂਟ ਚੰਗੇ ਆ ਜਾਣ ਤਾਂ ਬੱਲੇ-ਬੱਲੇ ਨਹੀਂ ਤਾਂ ਫਿਰ ਸਾਰੀ ਉਮਰ ਉਲਾਂਭੇ ਹੀ ਦਈ ਜਾਂਦੀਆਂ ਹਨ। ਪਰ ਇਹ ਗੱਲਾਂ ਕਈ ਵਾਰੀ ਕਿਸੇ ਗ਼ਰੀਬ ਲਈ ਬਹੁਤ ਮਹਿੰਗੀਆਂ ਹੋ ਨਿਬੜਦੀਆਂ ਹਨ।







# ਪੰਜਾਬੀ ਸੱਭਿਆਚਾਰ ਤੇ ਵਿਰਸੇ ਵਿੱਚ ਅਹਿਮ ਸਥਾਨ ਰੱਖਦੈ ਖੂੰਡਾ



**ਗੁਰਪ੍ਰੀਤ ਸਿੰਘ ਗਿੱਲ**

ਪੰਜਾਬੀ ਸੱਭਿਆਚਾਰ ਅਤੇ ਵਿਰਸੇ 'ਚ ਖੂੰਡਾ ਇੱਕ ਅਹਿਮ ਸਥਾਨ ਰੱਖਦਾ ਹੈ। ਪੁਰਾਣੇ ਸਮੇਂ ਵਿੱਚ ਖੂੰਡੇ ਦਾ ਸਾਡੇ ਜੀਵਨ ਨਾਲ ਗਹਿਰਾ ਸਬੰਧ ਰਿਹਾ ਹੈ। ਇਹ ਗੱਭਰੂਆਂ ਦਾ ਸ਼ੌਕ, ਬੁਢਾਪੇ ਦਾ ਸਹਾਰਾ ਅਤੇ ਮੌਕੇ ਦਾ ਹਥਿਆਰ ਮੰਨਿਆ ਜਾਂਦਾ ਸੀ। ਲਗਪਗ ਪੰਜ ਕੁ ਫੁੱਟ ਲੰਮੀ ਬਾਂਸ ਦੀ ਸਖ਼ਤ ਡਾਂਗ, ਜਿਸ ਦਾ ਉਪਰਲਾ ਹਿੱਸਾ ਹੱਥ ਵਿੱਚ ਫੜਨ ਲਈ ਥੋੜ੍ਹਾ ਜਿਹਾ ਗੁਲਾਈਦਾਰ ਮੁੜਿਆ ਹੁੰਦਾ ਹੈ,ਉਸ ਨੂੰ ਖੂੰਡਾ ਕਹਿੰਦੇ ਹਨ। ਖੂੰਡਾ ਬਾਂਸ ਅਤੇ ਟਾਹਲੀ ਦੀ ਲੱਕੜ ਦਾ ਬਣਦਾ ਸੀ।

ਇੱਕ ਸਾਧਾਰਨ ਖੂੰਡਾ ਹੁੰਦਾ ਸੀ ਜਿਹੜਾ ਆਮ ਤੌਰ 'ਤੇ ਹਰੇਕ ਕੋਲ ਹੁੰਦਾ ਸੀ ਦੂਜਾ ਉਹ ਖੂੰਡਾ ਜਿਸ ਨੂੰ ਵਿਸ਼ੇਸ਼ ਤੌਰ 'ਤੇ ਸ਼ਿੰਗਾਰਿਆ ਜਾਂਦਾ ਸੀ। ਖੂੰਡੇ ਦੇ ਉੱਪਰਲੇ ਗੋਲ ਹਿੱਸੇ ਨੂੰ ਪਿੱਤਲ ਦੇ ਕੋਕੇ ਲਾ ਕੇ ਸ਼ਿੰਗਾਰਿਆ ਜਾਂਦਾ ਸੀ। ਖੂੰਡੇ ਦੀ ਡਾਂਗ ਨੂੰ ਸਜਾਉਣ ਲਈ ਇਸ 'ਤੇ ਪਿੱਤਲ ਅਤੇ ਤਾਂਬੇ ਦਾ ਕੰਮ ਕੀਤਾ ਜਾਂਦਾ ਹੈ। ਪਿੱਤਲ ਦੀ ਚਾਦਰ ਦੀਆਂ ਮੋਰਨੀਆਂ, ਮੱਛੀਆਂ ਅਤੇ ਫੁੱਲ ਆਦੀ ਬਣਾ ਕੇ ਖੂੰਡੇ ਦੀ ਡਾਂਗ ਉੱਤੇ ਲਾਏ ਜਾਂਦੇ ਸਨ। ਡਾਂਗ ਉੱਤੇ ਕਿਤੇ-ਕਿਤੇ ਪਿੱਤਲ ਅਤੇ ਤਾਂਬੇ ਦੀਆਂ ਤਾਰਾਂ ਨੂੰ ਵੀ ਲਪੇਟਿਆ ਜਾਂਦਾ ਸੀ। ਖੂੰਡੇ ਨੂੰ ਬਣਾਉਣ ਲਈ ਤਿੰਨ ਤੋਂ ਚਾਰ ਦਿਨ ਲੱਗ ਜਾਂਦੇ ਹਨ। ਜੇਕਰ ਖੂੰਡੇ ਬਣਾਉਣ ਵਾਲੇ ਕਾਰੀਗਰਾਂ ਦੀ ਗੱਲ ਕਰੀਏ ਤਾਂ ਉਹ ਪੰਜਾਬ 'ਚ ਵਿਰਲੇ-ਟਾਵੇਂ ਹੀ ਰਹਿ ਗਏ ਹਨ। ਪਹਿਲੇ ਸਮਿਆਂ ਵਿੱਚ ਖੂੰਡਿਆਂ ਅਤੇ ਡਾਂਗਾਂ ਨਾਲ ਹੀ ਲੜਾਈਆਂ ਲੜੀਆਂ ਜਾਂਦੀਆਂ ਸਨ। ਉਸ ਸਮੇਂ ਵਿੱਚ ਖੂੰਡਾ ਇੱਕ ਮੁੱਖ ਹਥਿਆਰ ਵਜੋਂ ਵਰਤਿਆ ਜਾਂਦਾ ਸੀ, ਰਾਤ-ਬਰਾਤੇ ਇਸ ਨੂੰ ਲੋਕ ਆਪਣੇ ਕੋਲ ਰੱਖ ਕੇ ਆਪਣੇ ਆਪ ਨੂੰ ਜ਼ਿਆਦਾ ਸੁਰੱਖਿਆ ਜਿਹਾ ਮਹਿਸੂਸ ਕਰਿਆ ਕਰਦੇ ਸਨ।



ਖੂੰਡੇ ਨੂੰ ਪੁਰਾਣੇ ਸਮਿਆਂ ਵਿੱਚ ਮੇਲਿਆਂ, ਤਿਉਹਾਰਾਂ ਅਤੇ ਵਿਆਹਾਂ 'ਤੇ ਜਾਣ ਲੱਗੇ ਲੋਕ ਆਪਣੇ ਨਾਲ ਲੈ ਕੇ ਜਾਂਦੇ ਸਨ। ਕੋਈ-ਕੋਈ ਸ਼ੌਕੀਨ ਗੱਭਰੂ ਖੂੰਡੇ ਨੂੰ ਸ਼ਿੰਗਾਰ ਕੇ ਸ਼ੌਂਕੀਆ ਤੌਰ 'ਤੇ ਆਪਣੇ ਕੋਲ ਰੱਖਦੇ ਸਨ ਪਰ ਵੱਡੇ ਬਜ਼ੁਰਗ ਇਸ ਨੂੰ ਆਪਣੇ ਸਹਾਰੇ ਲਈ ਵਰਤਦੇ ਸਨ।

ਪੁਰਾਣੇ ਸਮੇਂ ਵਿੱਚ ਜਿਸ ਵਿਅਕਤੀ ਕੋਲ ਖੂੰਡਾ ਹੁੰਦਾ ਸੀ, ਉਸ ਨੂੰ ਸ਼ਕਤੀਸਾਲੀ ਅਤੇ ਰੋਹਬਦਾਰ ਮੰਨਿਆ ਜਾਂਦਾ ਸੀ। ਸਾਡੇ ਪੰਜਾਬੀ ਸੱਭਿਆਚਾਰਕ ਲੋਕ-ਗੀਤਾਂ ਤੇ ਬੋਲੀਆਂ ਆਦਿ ਵਿੱਚ ਖੂੰਡੇ ਦਾ ਜ਼ਿਕਰ ਆਮ ਹੀ ਕੀਤਾ ਜਾਂਦਾ ਹੈ ਜਿਵੇਂ : 'ਮੇਰੇ ਬਾਪੂ ਨੇ ਖੂੰਡੇ ਨੂੰ ਤੇਲ ਲਾ ਕੇ ਰੱਖਿਆ।' ਬਾਪੂ ਦਾ ਖੂੰਡਾ ਕੱਢਦੂ ਤੇਰੀਆਂ ਰੜਕਾਂ । ਜਿਥੇ ਵੱਜਦਾ ਬੱਦਲ ਵਾਗ ਗੱਜਦਾ ਖੂੰਡਾ ਮੇਰੇ ਬਾਪੂ ਦਾ....। ਅੱਜ ਜਦੋਂ ਕਿਤੇ ਸੱਭਿਆਚਾਰਕ ਪ੍ਰੋਗਰਾਮ ਹੁੰਦਾ ਹੈ ਤਾਂ ਖੂੰਡੇ ਸਿਰਫ਼ ਭੰਗੜਾ ਪਾਰਟੀਆਂ ਕੋਲ ਹੀ ਦਿਖਾਈ ਦਿੰਦੇ ਹਨ। ਅੱਜ -ਕੱਲ੍ਹ ਦੇ ਨੌਜਵਾਨਾਂ ਵਿੱਚ ਖੂੰਡੇ ਰੱਖਣ ਦਾ ਸ਼ੌਂਕ ਬਹੁਤ ਘੱਟ ਗਿਆ ਹੈ।

# ਕਿਸਾਨਾਂ ਨੂੰ ਰਸਾਇਣਕ ਖਾਦਾਂ ਦੀ ਖਪਤ ਘਟਾਉਣ ਦੀ ਲੋੜ

**ਭਗਵਾਨ ਦਾਸ**



ਕਿਸਾਨਾਂ ਦੀ ਫ਼ਸਲ ਤੋਂ ਆਮਦਨ ਘਟ ਰਹੀ ਹੈ ਅਤੇ ਖਰਚੇ ਵਧ ਰਹੇ ਹਨ। ਉਨ੍ਹਾਂ 'ਚ ਮਾਯੂਸੀ ਦੀ ਲਹਿਰ ਹੈ ਤਾਂ ਹੀ ਉਹ ਹਰ ਦਿਨ ਧਰਨੇ ਤੇ ਰੋਸ ਰੈਲੀਆਂ ਕਰ ਰਹੇ ਹਨ। ਹੋਰ ਸਮੱਗਰੀ ਤੋਂ ਇਲਾਵਾ ਕਿਸਾਨਾਂ ਨੂੰ ਰਸਾਇਣਕ ਖਾਦਾਂ ਦੀ ਵਰਤੋਂ ਘਟਾਉਣ ਦੀ ਲੋੜ ਹੈ। ਪਿਛਲੀ ਸ਼ਤਾਬਦੀ ਦੇ ਛੇਵੇਂ ਦਹਾਕੇ 'ਚ ਸਬਜ਼ ਇਨਕਲਾਬ ਤੋਂ ਬਾਅਦ ਰਸਾਇਣਕ ਖਾਦਾਂ ਦੀ ਵਰਤੋਂ ਤੇਜ਼ੀ ਨਾਲ ਸ਼ੁਰੂ ਹੋਈ। ਸਰਕਾਰੀ ਏਜੰਸੀਆਂ ਵੱਲੋਂ ਵੀ ਰਸਾਇਣਕ ਖਾਦਾਂ ਦੀ ਵਰਤੋਂ 'ਤੇ ਜ਼ੋਰ ਦਿੱਤਾ ਗਿਆ। ਉਸ ਤੋਂ ਪਹਿਲਾਂ ਕਿਸਾਨ ਰੂੜੀ ਖਾਦ ਦੀ ਵਰਤੋਂ ਵੀ ਕਾਫੀ ਰਕਬੇ 'ਤੇ ਕਰਦੇ ਸਨ। ਦੇਸ਼ ਦੀ ਵਧ ਰਹੀ ਆਬਾਦੀ ਲਈ ਅਨਾਜ ਪੈਦਾ ਕਰਨ ਦੀ ਲੋੜ ਸੀ। ਅਮਰੀਕਾ ਤੋਂ ਪੀ.ਐੱਲ. 480 ਥੱਲੇ ਅਨਾਜ ਦੀ ਆਮਦ ਬੰਦ ਕਰਨੀ ਲੋੜੀਂਦੀ ਸੀ। ਇਸ ਤਰ੍ਹਾਂ ਰੂੜੀ ਦੀ ਖਾਦ ਦੀ ਵਰਤੋਂ ਨਿਰੰਤਰ ਘਟਦੀ ਗਈ ਅਤੇ ਰਸਾਇਣਕ ਖਾਦਾਂ ਦੀ ਖਪਤ ਤੇਜ਼ੀ ਨਾਲ ਵਧਦੀ ਗਈ।

ਅੱਜ ਪੰਜਾਬ 'ਚ ਭਾਰਤ ਦੇ ਸਭ ਰਾਜਾਂ ਨਾਲੋਂ ਵੱਧ ਪ੍ਰਤੀ ਹੈਕਟੇਅਰ ਰਸਾਇਣਕ ਖਾਦ ਪਾਏ ਜਾਏ ਰਹੇ ਹਨ। ਫ਼ਸਲੀ ਘਣਤਾ ਵੀ ਵਧੀ ਹੈ, ਜਿਸ ਕਰਕੇ ਵਧੇਰੇ ਰਸਾਇਣਕ ਖਾਦ ਪਾਉਣ ਦੀ ਲੋੜ ਪਈ ਹੈ। ਰਸਾਇਣਕ ਖਾਦ ਜ਼ਿਆਦਾ ਪਾਉਣ ਕਾਰਨ ਫ਼ਸਲਾਂ 'ਚ ਬਿਮਾਰੀਆਂ ਅਤੇ ਹਾਨੀਕਾਰਕ ਕੀੜਿਆਂ ਦੇ ਹਮਲਿਆਂ ਦੀ ਬਹੁਤਾਤ ਹੋ ਗਈ ਹੈ, ਜਿਸ ਕਰਕੇ ਕੀਟਨਾਸ਼ਕਾਂ ਦੀ ਖਪਤ ਵੀ ਪੰਜਾਬ 'ਚ ਵਧਦੀ ਗਈ। ਕਿਸਾਨ ਰਸਾਇਣਕ ਖਾਦਾਂ ਦੀ ਵਰਤੋਂ ਨੂੰ ਹੋਰ ਤੇਜ਼ੀ ਨਾਲ ਵਧਾਈ ਜਾ ਰਹੇ ਹਨ। ਪੰਜਾਬ ਖੇਤੀ ਯੂਨੀਵਰਸਿਟੀ (ਪੀ.ਏ.ਯੂ.) ਵਲੋਂ ਕਣਕ ਦੀ ਫ਼ਸਲ 'ਚ 55 ਕਿੱਲੋ ਡੀ.ਏ.ਪੀ. ਤੇ 110 ਕਿਲੋ ਯੂਰੀਆ ਪ੍ਰਤੀ ਏਕੜ ਪਾਉਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਕਿਸਾਨ 90 100 ਕਿਲੋ ਤੱਕ ਡੀ.ਏ.ਪੀ. ਅਤੇ 180 ਕਿਲੋ ਤੱਕ ਯੂਰੀਆ ਖਾਦ (ਚਾਰ ਥੈਲੇ) ਪ੍ਰਤੀ ਏਕੜ ਤੱਕ ਵੀ ਪਾਈ ਜਾ ਰਹੇ ਹਨ। ਭਾਰਤ ਨੂੰ ਇਹ ਖਾਦ ਦਰਾਮਦ ਵੀ ਕਰਨੇ ਪੈਂਦੇ ਹਨ ਅਤੇ ਕਿਸਾਨਾਂ ਨੂੰ ਯੂਰੀਏ ਦਾ 45 ਕਿਲੋ ਦਾ ਥੈਲਾ 266.5 ਪੈਸੇ (ਜੀ.ਐੱਸ.ਟੀ. ਸ਼ਾਮਿਲ) ਅਤੇ ਡੀ.ਏ.ਪੀ. ਦਾ ਥੈਲਾ 1350 ਰੁਪਏ ਨੂੰ ਹੀ ਦੇਣਾ ਜਾਰੀ ਰੱਖਣ ਲਈ ਭਾਰਤ ਸਰਕਾਰ ਨੇ ਇਸ ਸਾਲ ਲਈ 3850 ਕਰੋੜ ਰੁਪਏ ਖਰਚ ਕੀਤੇ ਜਾਣ ਦੀ ਮਨਜ਼ੂਰੀ ਦਿੱਤੀ ਹੈ, ਤਾਂ ਜੋ ਕਿਸਾਨਾਂ ਨੂੰ ਇਨ੍ਹਾਂ ਦੀ ਵਧ ਕੀਮਤ ਨਾ ਅਦਾ ਕਰਨੀ ਪਵੇ। ਦੂਜੇ ਮੁਲਕਾਂ 'ਚ ਜਿਨ੍ਹਾਂ ਤੋਂ ਇਹ ਖਾਦਾਂ ਦਰਾਮਦ ਕੀਤੀਆਂ ਜਾਂਦੀਆਂ ਇਨ੍ਹਾਂ ਦੀਆਂ ਕੀਮਤਾਂ ਵਧ ਗਈਆਂ ਹਨ, ਜਿਸ ਕਾਰਨ ਭਾਰਤ ਨੂੰ ਵੀ ਖਾਦਾਂ ਦਰਾਮਦ ਕਰਨੀਆਂ ਮਹਿੰਗੀਆਂ ਪੈਣ ਲੱਗ ਪਈਆਂ ਹਨ।

ਲੋੜ ਹੈ ਬਾਇਓ ਖਾਦਾਂ, ਹਰੀਆਂ ਖਾਦਾਂ, ਬਲਿਊ ਗ੍ਰੀਨ ਐਲਗੀ, ਨੀਲ ਰਹਿਤ ਕਾਈ, ਵਰਮੀ ਕੰਪੋਸਟ ਜਿਹੀਆਂ ਖਾਦਾਂ ਦੀ ਵਰਤੋਂ ਵਧਾ ਕੇ ਰਸਾਇਣਕ ਖਾਦਾਂ ਦੀ ਵਰਤੋਂ ਘਟਾਈ ਜਾਵੇ। ਬਹੁਤ ਘੱਟ ਰਕਬਾ ਹੈ, ਜਿੱਥੇ ਜੈਵਿਕ ਖੇਤੀ ਕੀਤੀ ਜਾਂਦੀ ਹੈ। ਕਣਕ ਵੱਢਣ ਤੋਂ ਬਾਅਦ ਸਾਉਣੀ ਦੀਆਂ ਫ਼ਸਲਾਂ ਝੋਨਾ, ਬਾਸਮਤੀ ਅਤੇ ਕਪਾਹ ਜਿਹੀਆਂ ਫ਼ਸਲਾਂ ਦੀ ਬਿਜਾਈ ਕਰਨ ਤੱਕ ਜੋ ਸਮਾਂ ਹੁੰਦਾ ਹੈ, ਉਸ 'ਚ ਸਬਜ਼ ਖਾਦ ਪੈਦਾ ਕਰਕੇ ਰਸਾਇਣਕ ਖਾਦਾਂ ਦੀ ਖਪਤ ਘਟਾਈ ਜਾਵੇ। ਇਸ ਨਾਲ ਜ਼ਮੀਨ ਦੀ ਸ਼ਕਤੀ 'ਚ ਵਾਧਾ ਹੁੰਦਾ ਹੈ। ਕੁਝ ਸਮਾਂ ਪਹਿਲਾਂ ਸਰਕਾਰ ਵਲੋਂ ਜੰਤਰ ਦਾ ਬੀਜ ਸਬਸਿਡੀ 'ਤੇ ਦੇ ਕੇ ਕਿਸਾਨਾਂ ਨੂੰ ਸਬਜ਼ ਖਾਦ ਦਾ ਰਕਬਾ ਵਧਾਉਣ 'ਤੇ ਜ਼ੋਰ ਦਿੱਤਾ ਜਾਂਦਾ ਸੀ, ਪ੍ਰੰਤੂ ਇਸ ਸਮੇਂ 'ਚ ਪੰਜਾਬ ਪਾਵਰ ਸਪਲਾਈ ਕਾਰਪੋਰੇਸ਼ਨ ਵਲੋਂ ਬਿਜਲੀ ਬਹੁਤ ਘੱਟ ਦਿੱਤੇ ਜਾਣ ਕਾਰਨ ਅਤੇ ਨਹਿਰਬੰਦੀ ਵਜੋਂ ਇਸ 'ਤੇ ਜ਼ੋਰ ਘਟ ਗਿਆ ਅਤੇ ਕਿਸਾਨਾਂ 'ਚ ਸਬਜ਼ ਖਾਦ ਪੈਦਾ ਕਰਨ ਲਈ ਉਤਸ਼ਾਹ ਵੀ ਘੱਟ ਗਿਆ ਹੈ। ਭਾਵੇਂ ਸਬਜ਼ ਖਾਦ ਦੇ ਫਾਇਦੇ ਬੜੇ ਹਨ, ਜਿਵੇਂ ਜ਼ਮੀਨ ਦੀਆਂ ਹੇਠਲੀਆਂ ਤਹਿਆਂ ਤੋਂ ਜੜ੍ਹਾਂ ਰਾਹੀਂ ਖੁਰਾਕੀ ਤੱਤਾਂ ਦਾ ਉੱਪਰ ਆਉਣਾ, ਕਲਰਾਠੀਆਂ ਜ਼ਮੀਨਾਂ 'ਚ ਕੱਲਰ ਸੁਧਾਰ ਹੋਣਾ, ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣਾ ਅਤੇ ਸਬਜ਼ ਖਾਦ ਦੇ ਗਲਣ ਸੜਨ ਨਾਲ ਜ਼ਮੀਨ ਵਿਚਲੇ ਤੱਤਾਂ ਦਾ ਘੁਲਣਸ਼ੀਲ ਬਣ ਕੇ ਮੁੜ ਕੇ ਖੁਰਾਕ ਦਾ ਹਿੱਸਾ ਬਣ ਜਾਣਾ ਆਦਿ। ਪਹਿਲਾਂ ਗ਼ੈਰ ਰਸਾਇਣਕ ਖਾਦਾਂ ਦੀ ਵਰਤੋਂ ਹੁੰਦੀ ਸੀ, ਹੁਣ ਭਾਵੇਂ ਇਨ੍ਹਾਂ ਦੀ ਉਸ ਤਰ੍ਹਾਂ ਵੱਡੇ ਪੱਧਰ 'ਤੇ ਵਰਤੋਂ ਸੰਭਵ ਨਹੀਂ, ਪਰ ਫਿਰ ਵੀ ਕਿਸੇ ਹੱਦ ਤੱਕ ਐਲਗੀ, ਵਰਮੀ ਕੰਪੋਸਟ ਅਤੇ ਸਬਜ਼ ਖਾਦਾਂ ਦੀ ਵਰਤੋਂ ਕੁਝ ਫ਼ਸਲਾਂ 'ਤੇ ਕਰਕੇ ਰਸਾਇਣਕ ਖਾਦਾਂ ਦੀ ਖਪਤ ਘਟਾਈ ਜਾ ਸਕਦੀ ਹੈ। ਇਨ੍ਹਾਂ ਗ਼ੈਰ-ਰਸਾਇਣਕ ਖਾਦਾਂ ਦੀ ਖਪਤ ਨਾਲ ਦਾਣੇ ਦਾ ਆਕਾਰ ਅਤੇ ਵਜ਼ਨ ਵਧਦਾ ਹੈ ਅਤੇ ਫ਼ਸਲ ਦੇ ਝਾੜ 'ਚ ਵੀ ਵਾਧਾ ਹੁੰਦਾ ਹੈ। ਇਨ੍ਹਾਂ ਖਾਦਾਂ ਦੀ ਵਰਤੋਂ ਨਾਲ ਇੱਕ ਅਨੁਮਾਨ ਅਨੁਸਾਰ ਯੂਰੀਏ ਦੀ 40 ਕਿਲੋ ਪ੍ਰਤੀ ਹੈਕਟੇਅਰ ਦੀ ਬੱਚਤ ਕੀਤੀ ਜਾ ਸਕਦੀ ਹੈ। ਯੂਰੀਏ ਦੀ ਖਪਤ ਘਟਾਉਣ ਲਈ ਭਾਰਤ ਸਰਕਾਰ ਨੇ ਥੈਲੇ 'ਚ 50 ਕਿਲੋ ਦੀ ਬਜਾਏ 45 ਕਿਲੋ ਯੂਰੀਆ ਪੈਕ ਕਰਕੇ ਕਿਸਾਨਾਂ ਨੂੰ ਦੇਣਾ ਸ਼ੁਰੂ ਕਰ ਦਿੱਤਾ ਹੈ, ਪਰ ਇਸ ਨਾਲ ਖਪਤ ਫਿਰ ਵੀ ਨਹੀਂ ਘਟੀ। ਰਸਾਇਣਕ ਖਾਦਾਂ ਦੀ ਵਰਤੋਂ ਘਟਾਉਣ ਲਈ ਕਿਸਾਨ ਗੋਹੇ ਤੋਂ ਵਰਮੀ ਕੰਪੋਸਟ ਖਾਦ ਤਿਆਰ ਕਰਕੇ ਵੀ ਵਰਤੋਂ ਕਰ ਸਕਦੇ ਹਨ। ਇਸ 'ਚ ਰਸੋਈ 'ਚ ਇਸਤੇਮਾਲ ਕੀਤੀਆਂ ਸਬਜ਼ੀਆਂ ਦੀ ਰਹਿੰਦ-ਖੂੰਹਦ, ਗੋਹੇ ਆਦਿ ਨੂੰ ਵਰਤਿਆ ਜਾ ਸਕਦਾ ਹੈ, ਪ੍ਰੰਤੂ ਮੀਂਹ 'ਚ ਨਿਕਲਣ ਵਾਲੇ ਗੰਡੋਏ ਨਹੀਂ ਵਰਤੇ ਜਾ ਸਕਦੇ। ਵਰਮੀ ਕੰਪੋਸਟ ਬਣਾਉਣ ਲਈ ਤਾਜ਼ੇ ਗੋਹੇ 'ਤੇ 8 ਤੋਂ 10 ਦਿਨ ਪਾਣੀ ਪਾ ਕੇ ਠੰਢਾ ਕਰਕੇ ਵਰਮੀ ਕੰਪੋਸਟ ਲਈ ਵਰਤਿਆ ਜਾ ਸਕਦਾ ਹੈ। ਵਰਮੀ ਕੰਪੋਸਟ ਮਿੱਟੀ ਦੇ ਖਾਰੇ ਰੰਗ ਨੂੰ ਸਹੀ ਬਣਾ ਕੇ ਪੌਦਿਆਂ ਦੇ ਵਿਕਾਸ ਲਈ ਸਾਰੇ ਤੱਤ ਉਪਲੱਬਧ ਕਰਦਾ ਹੈ, ਜਦੋਂ ਕਿ ਰਸਾਇਣਕ ਖਾਦਾਂ ਕੇਵਲ ਇਕ ਜਾਂ ਦੋ ਤੱਤ ਹੀ ਉਪਲਬਧ ਕਰਦੀਆਂ ਹਨ, ਪ੍ਰੰਤੂ ਵਰਮੀ ਕੰਪੋਸਟ ਬਹੁਤ ਵੱਡੇ ਰਕਬੇ 'ਤੇ ਵਰਤਿਆ ਜਾਣਾ ਸੰਭਵ ਨਹੀਂ।ਇਸ ਸਾਲ 35 ਲੱਖ ਹੈਕਟੇਅਰ ਰਕਬੇ 'ਤੇ ਕਣਕ ਦੀ ਕਾਸ਼ਤ ਕੀਤੀ ਗਈ ਹੈ, ਜਿਸ ਲਈ 13.5 ਲੱਖ ਟਨ ਯੂਰੀਆ ਲੋੜੀਂਦਾ ਹੈ। ਕਿਸਾਨਾਂ ਨੂੰ ਡੀ.ਏ.ਪੀ. ਕਣਕ ਦੀ ਬਿਜਾਈ ਵੇਲੇ ਉਪਲੱਬਧ ਨਾ ਹੋਣ ਕਰਕੇ ਬੜੀਆਂ ਮੁਸ਼ਕਿਲਾਂ ਝੱਲਣੀਆਂ ਪਈਆਂ, ਕਿਉਂਕਿ ਡੀ.ਏ.ਪੀ. ਕਣਕ ਦੀ ਬਿਜਾਈ ਵੇਲੇ ਸ਼ੁਰੂ 'ਚ ਹੀ ਵਰਤਣਾ ਪੈਂਦਾ ਹੈ। ਉਸ ਤੋਂ ਬਾਅਦ ਹੁਣ ਯੂਰੀਏ ਦੀ ਘਾਟ ਆ ਗਈ। ਕਿਸਾਨ ਯੂਰੀਆ ਲੈਣ ਸੰਬੰਧੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰ ਰਹੇ ਹਨ। ਡੀ.ਏ.ਪੀ. ਅਤੇ ਯੂਰੀਏ ਦੀ ਘਾਟ ਕਣਕ ਦੀ ਫ਼ਸਲ ਨੂੰ ਪ੍ਰਭਾਵਿਤ ਕਰੇਗੀ? ਇਹ ਦੇਖਣ ਵਾਲੀ ਗੱਲ ਹੈ ਕਿ ਭਾਰਤ ਸਰਕਾਰ ਵੱਲੋਂ ਯੂਰੀਏ 'ਤੇ ਜੋ ਵੱਡੀ ਸਬਸਿਡੀ ਦਿੱਤੀ ਜਾਂਦੀ ਹੈ, ਉਸ ਦਾ ਪੂਰਾ ਲਾਭ ਕਿਸਾਨਾਂ ਨੂੰ ਕਿਉਂ ਨਹੀਂ ਪਹੁੰਚਦਾ? ਯੂਰੀਆ ਦੂਜੇ ਕੰਮਾਂ ਲਈ ਜਿਵੇਂ ਪਲਾਈਵੁੱਡ ਉਦਯੋਗ, ਪਸ਼ੂ ਪਾਲਣ ਲਈ ਫੀਡ ਬਣਾਉਣ ਆਦਿ ਲਈ ਵੀ ਵਰਤਿਆ ਜਾਂਦਾ ਹੈ ਅਤੇ ਦੋਧੀ ਵੀ ਯੂਰੀਏ ਨੂੰ ਦੁੱਧ @ਚ ਮਿਲਾਉਂਦੇਹਨ। ਫਿਰ ਯੂਰੀਆ ਦੀ ਗ਼ੈਰ ਕਾਨੂੰਨੀ ਤਰੀਕੇ ਨਾਲ ਬੰਗਲਾਦੇਸ਼ ਅਤੇ ਨਿਪਾਲ ਆਦਿ ਮੁਲਕਾਂ ਨੂੰ ਵੀ ਤਸਕਰੀ ਹੋ ਜਾਂਦੀ ਹੈ। ਭਾਵੇਂ ਭਾਰਤ ਸਰਕਾਰ ਨੇ ਸਬਸਿਡੀ ਵਾਲਾ ਯੂਰੀਆ ਤੇ ਹੋਰ ਖਾਦ ਵੇਚਣ ਲਈ ਡੀਲਰਾਂ ਕੋਲ ਪੁਆਇੰਟ ਆਫ਼ ਸੇਲ (ਪੀ.ਓ.ਐੱਸ.) ਮਸ਼ੀਨਾਂ ਲਗਾਈਆਂ ਹੋਈਆਂ ਹਨ। ਹਰ ਕਿਸਾਨ ਨੂੰ ਯੂਰੀਆ ਖਰੀਦਣ ਲਈ ਆਪਣਾ ਆਧਾਰ ਕਾਰਡ ਅਤੇ ਸ਼ਨਾਖਤ ਦੇ ਸਬੂਤ ਦੇਣੇ ਪੈਂਦੇ ਹਨ। ਕੇਂਦਰ ਸਰਕਾਰ ਨੇ ਗ਼ੈਰ ਜ਼ਰਾਇਤੀ ਕੰਮਾਂ ਲਈ ਯੂਰੀਏ ਦੀ ਵਰਤੋਂ ਰੋਕਣ ਪੱਖੋਂ ਯੂਰੀਆ ਖਰੀਦਣ ਦੀ ਪ੍ਰਤੀ ਕਿਸਾਨ ਹੱਦ ਵੀ ਮੁਕਰਰ ਕੀਤੀ ਹੈ ਅਤੇ ਹੋਰ ਵੀ ਢੰਗ ਵਰਤੇ ਹਨ, ਜਿਵੇਂ ਸਬਸਿਡੀ ਦਾ ਪ੍ਰਚੂਨ ਵਿਕੇਰਤਾ ਰਾਹੀਂ ਵਿਕਰੀ ਹੋਣ 'ਤੇ ਹੀ ਦਿੱਤੇ ਜਾਣਾ ਆਦਿ। ਪਰ ਇਸ ਨਾਲ ਵੀ ਗ਼ੈਰ ਜ਼ਰਾਇਤੀ ਕੰਮਾਂ ਲਈ ਯੂਰੀਏ ਦੀ ਵਰਤੋਂ ਬੰਦ ਪਰ ਨਹੀਂ ਹੋਈ, ਜਿਸ ਦਾ ਕਿਸਾਨਾਂ ਨੂੰ ਹੀ ਨੁਕਸਾਨ ਪਹੁੰਚਦਾ ਹੈ, ਕਿਉਂਕਿ ਉਨ੍ਹਾਂ ਲਈ ਦਿੱਤੀ ਜਾ ਰਹੀ ਸਬਸਿਡੀ ਗੈਰ ਕਿਸਾਨਾਂ ਕੋਲ ਜਾ ਰਹੀ ਹੈ। ਅਜੋਕੇ ਸਮੇਂ ਵਿਚ ਜਿਸ ਤਰ੍ਹਾਂ ਪੰਜਾਬ ਦੀ ਜ਼ਮੀਨ ਵਿਚ ਜੈਵਿਕ ਮਾਦਾ ਘੱਟ ਰਿਹਾ ਹੈ, ਉਸ ਨੂੰ ਮੁੱਖ ਰੱਖ ਕੇ ਰਸਾਇਣਕ ਖਾਦਾਂ ਦੀ ਵਰਤੋਂ ਘੱਟ ਕਰਨ ਦੀ ਬੇਹੱਦ ਲੋੜ ਹੈ।




# ਮਹਾਂ ਕੁੰਭ ਦੀ ਵਾਇਰਲ ਮੋਨਾਲੀਸਾ ਕੁਝ ਮੂਰਖ ਲੋਕਾਂ ਕਾਰਨ ਘਰ ਵਾਪਸ ਜਾਣ ਲਈ ਹੋਈ ਮਜਬੂਰ

## * ਫ਼ਿਲਮੀ ਦੁਨੀਆਂ ਵਿਚ ਮਿਲੀ ਆਫ਼ਰ * ਮਾਂ ਨੇ ਕਿਹਾ ਕਿ ਫ਼ਿਲਮੀ ਦੁਨੀਆਂ ਸਾਡੀ ਨਹੀਂ









ਮਹਾਂ ਕੁੰਭ ਵਿੱਚ ਬਿੱਲੀਆਂ ਅੱਖਾਂ ਵਾਲੀ ਇੱਕ ਕਿਰਤੀ ਕੁੜੀ ਰਾਤੋ-ਰਾਤ ਵਾਇਰਲ ਹੋ ਗਈ। ਇੱਕ ਸਾਦੀ ਜਿਹੀ ਕੁੜੀ ਜੋ ਰੁਦਾਰਖਸ਼ ਤੇ ਸੁੱਚੇ ਮੋਤੀਆਂ ਦੀ ਮਾਲਾ ਵੇਚਦੀ ਸੀ, ਰਾਤੋ-ਰਾਤ ਸੋਸ਼ਲ ਮੀਡੀਆ ’ਤੇ ਛਾ ਗਈ। ਉਸ ਦੀ ਸੁੰਦਰਤਾ, ਮਾਸੂਮੀਅਤ, ਮੁਸਕਰਾਹਟ ਤੇ ਮਿੱਠੜੇ ਬੋਲਾਂ ਨੇ ਲੋਕਾਂ ਨੂੰ ਬਹੁਤ ਪ੍ਰਭਾਵਿਤ ਕੀਤਾ। ਪਰ ਇਸ ਅਚਾਨਕ ਪ੍ਰਸਿੱਧੀ ਨੇ ਉਸ ਦੀ ਜ਼ਿੰਦਗੀ ਨੂੰ ਇੱਕ ਨਵੇਂ ਮੋੜ ’ਤੇ ਪਹੁੰਚਾ ਦਿੱਤਾ। ਇਹ ਇੰਦੌਰ ਦੇ ਨੇੜੇ ਮਹੇਸ਼ਵਰ ਦੀ ਮੋਨਾਲੀਸਾ ਦੀ ਕਹਾਣੀ ਹੈ ਪਰ ਇਸ ਅਚਾਨਕ ਲਾਈਮਲਾਈਟ ਨੇ ਮੋਨਾਲੀਸਾ ਦੀ ਸਾਦੀ ਅਤੇ ਸਿੱਧੀ ਜ਼ਿੰਦਗੀ ਨੂੰ ਗੁੰਝਲਦਾਰ ਬਣਾ ਦਿੱਤਾ। ਲੋਕਾਂ ਦੀ ਭੀੜ ਉਸ ਦੇ ਪਿੱਛੇ-ਪਿੱਛੇ ਆਉਣ ਲੱਗ ਪਈ। ਲੋਕ ਉਸ ਨਾਲ ਫ਼ੋਟੋਆਂ ਖਿਚਵਾਉਣ ਅਤੇ ਵੀਡੀਓ ਬਣਾਉਣ ’ਤੇ ਜ਼ੋਰ ਦੇਣ ਲੱਗੇ, ਜਿਸ ਕਾਰਨ ਉਹ ਡਰਨ ਲੱਗ ਪਈ। ਉਸ ਨੂੰ ਕਈ ਧਮਕੀਆਂ ਵੀ ਮਿਲੀਆਂ। ਹੱਦ ਤਾਂ ਉਦੋਂ ਪਾਰ ਹੋ ਗਈ ਜਦੋਂ ਕੁਝ ਮੁਸ਼ਟੰਡੇ ਉਸ ਨੂੰ ਚੁੱਕ ਕੇ ਲੈ ਜਾਣ ਦੀਆਂ ਧਮਕੀਆਂ ਦੇਣ ਲੱਗ ਪਏ।

ਅੰਤ ਵਿੱਚ, ਆਪਣੀ ਸੁਰੱਖਿਆ ਬਾਰੇ ਚਿੰਤਤ, ਮੋਨਾਲੀਸਾ ਨੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਤੋਂ ਮਦਦ ਮੰਗੀ। ਉਸਨੇ ਕਿਹਾ ਸੀ ਕਿ ਉਹ ਲੋਕਾਂ ਦੀ ਭੀੜ ਤੋਂ ਪ੍ਰੇਸ਼ਾਨ ਸੀ ਅਤੇ ਉਸ ਨੂੰ ਸੁਰੱਖਿਆ ਦੀ ਲੋੜ ਸੀ।

ਮੋਨਾਲੀਸਾ ਦਾ ਪਰਿਵਾਰ ਵੀ ਉਸ ਦੀ ਸੁਰੱਖਿਆ ਨੂੰ ਲੈ ਕੇ ਚਿੰਤਤ ਸੀ। ਉਸ ਦੇ ਪਰਿਵਾਰਕ ਮੈਂਬਰ ਵੀ ਉਸ ਦੀ ਅਚਾਨਕ ਪ੍ਰਸਿੱਧੀ ਤੋਂ ਬਹੁਤ ਪ੍ਰੇਸ਼ਾਨ ਸਨ। ਅਖੀਰ ਮੋਨਾਲੀਸਾ ਨੂੰ ਮਹਾਂ ਕੁੰਭ ਛੱਡ ਕੇ ਘਰ ਪਰਤਣਾ ਪਿਆ।

ਇੱਕ ਆਮ ਕੁੜੀ, ਜੋ ਰੁਜ਼ਗਾਰ ਦੀ ਭਾਲ ਵਿੱਚ ਕੁੰਭ ਮੇਲੇ ਵਿੱਚ ਆਈ ਸੀ। ਜਿਸ ਨੂੰ ਉਮੀਦ ਸੀ ਕਿ ਉਸ ਨੂੰ ਮਹਾਂ ਕੁੰਭ ਵਿੱਚ ਰੁਦਰਾਕਸ਼ ਦਾ ਸਮਾਨ ਵੇਚ ਕੇ ਕੁਝ ਆਮਦਨ ਹੋਵੇਗੀ। ਪਰ ਲੋਕਾਂ ਦੀ ਭੀੜ ਵੱਲੋਂ ਉਸ ਦੀਆਂ ਬਿੱਲੀਆਂ ਅੱਖਾਂ ਅਤੇ ਚਿਹਰੇ ਨੂੰ ਆਪਣੇ ਕੈਮਰੇ ਵਿੱਚ ਕੈਦ ਕਰਨ ਲਈ ਦਿਖਾਇਆ ਗਿਆ ਪਾਗਲਪਣ, ਇਸ ਕੁੜੀ ਲਈ ਮੁਸੀਬਤ ਬਣ ਗਿਆ। ਉਸ ਲਈ ਕੁੰਭ ਮੇਲੇ ਤੁਰਨਾ, ਫ਼ਿਰਨਾ ਅਸੰਭਵ ਹੋ ਗਿਆ। ਲੋਕ ਉਸ ਕੋਲ ਹਾਰ ਖਰੀਦਣ ਨਹੀਂ ਸਗੋਂ ਸੈਲਫ਼ੀ ਲੈਣ ਆਉਣ ਲੱਗ ਪਏ।

### ਮੋਨਾਲੀਸਾ ਕਿੱਥੋਂ ਆਈ ?

ਜਦੋਂ ਕਿਸੇ ਨੇ ਉਸ ਨੂੰ ਪੁੱਛਿਆ ਕਿ ਉਹ ਕਿੱਥੋਂ ਆਈ ਹੈ, ਤਾਂ ਉਸਨੇ ਦੱਸਿਆ ਕਿ ਉਹ ਇੰਦੌਰ ਤੋਂ ਹੈ ਅਤੇ ਆਪਣੇ ਪਰਿਵਾਰ ਨਾਲ ਰੁਦਰਾਕਸ਼ ਦੇ ਮਣਕੇ ਵੇਚ ਕੇ ਕੁਝ ਪੈਸੇ ਕਮਾਉਣ ਲਈ ਮਹਾਂ ਕੁੰਭ ਵਿੱਚ ਆਈ ਹੈ। ਹਾਲਾਂ ਕਿ, ਬਾਅਦ ਵਿੱਚ ਇਹ ਖ਼ੁਲਾਸਾ ਹੋਇਆ ਕਿ ਉਹ ਇੰਦੌਰ ਦੇ ਨੇੜੇ ਮਹੇਸ਼ਵਰ ਦੀ ਰਹਿਣ ਵਾਲੀ ਸੀ। ਇਹ ਕੁੜੀ ਆਪਣੇ ਪਰਿਵਾਰ ਨਾਲ ਕੁੰਭ ਮੇਲੇ ਵਿੱਚ ਹਾਰ ਵੇਚਣ ਆਈ ਸੀ। ਕੌਣ ਜਾਣਦਾ ਹੈ ਕਿ ਇਸ ਕੁੜੀ ਦੀਆਂ ਅੱਖਾਂ ਵਿੱਚ ਕਿਹੋ ਜਿਹਾ ਆਕਰਸ਼ਣ ਸੀ ਜੋ ਆਪਣੇ ਆਲ਼ੇ ਦੁਆਲ਼ੇ ਦੇ ਲੋਕਾਂ ਨੂੰ ਜੈ ਸ੍ਰੀ ਮਹਾਂਕਾਲ ਕਹਿ ਕੇ ਸਵਾਗਤ ਕਰਦੀ ਸੀ, ਕਿ ਲੱਖਾਂ ਦੀ ਭੀੜ ਉਸ ਵੱਲ ਆਕਰਸ਼ਿਤ ਹੋ ਗਈ, ਪਰ ਇਸੇ ਆਕਰਸ਼ਣ ਕਾਰਨ ਹੀ ਉਸ ਨੂੰ ਕੁੰਭ ਮੇਲਾ ਛੱਡਣਾ ਪਿਆ। ਹਾਲਾਂ ਕਿ, ਕਿਹਾ ਜਾ ਰਿਹਾ ਹੈ ਕਿ ਇਸ ਸਮੇਂ ਉਸਨੇ ਕਿੰਨਰ ਅਖਾੜੇ ਵਿੱਚ ਸ਼ਰਨ ਲਈ ਹੈ।

### ਫ਼ਿਲਮ ਨਿਰਮਾਤਾ ਪ੍ਰਭਾਵਿਤ

ਫ਼ਿਲਮ ਨਿਰਮਾਤਾ ਸਨੋਜ ਮਿਸ਼ਰਾ ਨੇ ਵੀ ਮੋਨਾਲੀਸਾ ’ਤੇ ਨਜ਼ਰ ਰੱਖੀ ਹੈ। ਨਿਊਜ਼ 18 ਵਿੱਚ ਪ੍ਰਕਾਸ਼ਿਤ ਇੱਕ ਰਿਪੋਰਟ ਦੇ ਅਨੁਸਾਰ, ਉਹ ਵੀ ਉਸ ਦੀ ਸੁੰਦਰਤਾ ਤੋਂ ਪ੍ਰਭਾਵਿਤ ਹੈ ਅਤੇ ਉਸ ਨੂੰ ਆਪਣੀ ਫ਼ਿਲਮ ਵਿੱਚ ਮੁੱਖ ਭੂਮਿਕਾ ਲਈ ਚੁਣ ਸਕਦਾ ਹੈ।

ਵਾਇਰਲ ਹੋਣ ਵਾਲੀ ਕੁੜੀ ਨੂੰ ਡਾਇਰੀ ਆਫ਼ ਮਨੀਪੁਰ ਵਿੱਚ ਮੁੱਖ ਭੂਮਿਕਾ ਨਿਭਾਉਣ ਲਈ ਚੁਣਿਆ ਜਾ ਸਕਦਾ ਹੈ। ਭਾਵੇਂ ਮੋਨਾਲੀਸਾ ਨੂੰ ਅਦਾਕਾਰੀ ਦਾ ੳ ਅ ਵੀ ਨਹੀਂ ਪਤਾ, ਪਰ ਜੇ ਉਹ ਸਹਿਮਤ ਹੋ ਜਾਂਦੀ ਹੈ, ਉਸ ਨੂੰ ਅਦਾਕਾਰਾ ਬਣਨ ਲਈ ਪੂਰੀ ਸਿਖਲਾਈ ਦਿੱਤੀ ਜਾਵੇਗੀ। ਪਰ ਇਸ ਲੜਕੀ ਦੀ ਮਾਂ ਰਾਜ਼ੀ ਨਹੀਂ ਹੈ। ਉਸ ਦਾ ਕਹਿਣਾ ਹੈ ਕਿ ਉਹ ਇਸ ਜੀਵਨ ਤੋਂ ਖ਼ੁਸ਼ ਹਨ ਤੇ ਫ਼ਿਲਮੀ ਦੁਨੀਆਂ ਵਿੱਚ ਮਨੁੱਖ, ਮਨੁੱਖ ਨਹੀਂ ਬਣਿਆ ਰਹਿ ਸਕਦਾ। ਉਹ ਰਿਸ਼ਤਿਆਂ ਤੇ ਆਪਣੀ ਜ਼ਿੰਦਗੀ ਤੋਂ ਬੇਗਾਨਾ ਹੋ ਜਾਂਦਾ ਹੈ।

ਵੈਸੇ ਕੁਝ ਲੋਕ ਵੀ ਕਿੰਨੇ ਮੂਰਖ ਹਨ ਕਿ ਇੱਕ ਗਰੀਬ ਲੜਕੀ ਨੂੰ ਏਨਾ ਤੰਗ ਕਰ ਦਿੱਤਾ ਕਿ ਉਹ ਰੁਜ਼ਗਾਰ ਛਡਕੇ ਭੱਜਣ ਲਈ ਮਜਬੂਰ ਹੋ ਗਈ।



# ਜੀਹਨੇ ਲਾਹੌਰ ਨਹੀਂ ਵੇਖਿਆ, ਉਹ ਜੰਮਿਆ ਹੀ ਨਹੀਂ






ਪੰਜਾਬੀ ਕਹਾਵਤ ਹੈ ਕਿ ਜੀਹਨੇ ਲਾਹੌਰ ਨਹੀਂ ਵੇਖਿਆ, ਉਹ ਜੰਮਿਆ ਹੀ ਨਹੀਂ। ਬੜੇ ਚਿਰਾਂ ਤੋਂ ਲਾਹੌਰ ਵੇਖਣ ਦੀ ਰੀਝ ਮਨ ਵਿੱਚ ਸੀ ਪਰ ਕਦੇ ਸਬੱਬ ਨਹੀਂ ਬਣਿਆ। ਇਤਫ਼ਾਕਵੱਸ, ਇਸ ਸਾਲ ਪਾਕਿਸਤਾਨੀ ਗੁਰਧਾਮਾਂ ਦੇ ਦਰਸ਼ਨਾਂ ਲਈ ਗਏ ਜਥੇ ਨਾਲ ਲਾਹੌਰ ਵੇਖਣ ਦਾ ਖ਼ੁਆਬ ਪੂਰਾ ਹੋ ਗਿਆ। ਲਾਹੌਰ ਨਾਲ ਸਾਡਾ ਇਤਿਹਾਸਕ ਤੇ ਵਿਰਾਸਤੀ ਤਾਅਲੁੱਕ ਜੁੜਿਆ ਹੋਇਆ ਹੈ। ਲਾਹੌਰ ਰੇਲਵੇ ਸਟੇਸ਼ਨ 'ਤੇ ਫ਼ੁੱਲਾਂ ਦੀ ਵਰਖਾ ਨਾਲ ਸਾਡਾ ਇਸਤਕਬਾਲ ਕੀਤਾ ਗਿਆ। ਇੱਥੋਂ ਬੱਸਾਂ ਰਾਹੀਂ ਅਸੀਂ ਪੰਜਵੇਂ ਪਾਤਸ਼ਾਹ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਪਹੁੰਚੇ। ਇਸ ਅਸਥਾਨ ਦੀ ਤਾਮੀਰ ਮਹਾਰਾਜਾ ਰਣਜੀਤ ਸਿੰਘ ਵੱਲੋਂ ਕਰਵਾਈ ਗਈ ਸੀ। ਇਸੇ ਅਸਥਾਨ 'ਤੇ ਸ਼ੇਰ-ਏ-ਪੰਜਾਬ ਅਤੇ ਉਸ ਦੇ ਪੁੱਤਰ ਮਹਾਰਾਜਾ ਖੜਕ ਸਿੰਘ ਤੇ ਪੋਤਰੇ ਕੰਵਰ ਨੌਨਿਹਾਲ ਸਿੰਘ ਦੀਆਂ ਸਮਾਧਾਂ ਵੀ ਬਣੀਆਂ ਹੋਈਆਂ ਹਨ। ਇੱਥੋਂ ਕੁਝ ਦੂਰੀ 'ਤੇ ਹੀ ਭੀੜੇ ਬਾਜ਼ਾਰਾਂ ਦਰਮਿਆਨ ਛੋਟੀਆਂ ਛੋਟੀਆਂ ਇਮਾਰਤਾਂ ਵਿੱਚ ਚੌਥੇ ਪਾਤਸ਼ਾਹ ਦਾ ਜਨਮ ਅਸਥਾਨ ਗੁਰਦੁਆਰਾ ਚੂਨਾ ਮੰਡੀ, ਭਾਈ ਮਨੀ ਸਿੰਘ ਤੇ ਭਾਈ ਤਾਰੂ ਸਿੰਘ ਜੀ ਦੇ ਸ਼ਹੀਦੀ ਅਸਥਾਨ ਵੀ ਸੁਸ਼ੋਭਿਤ ਹਨ।

ਲਾਹੌਰ ਵਿੱਚ ਸ਼ਾਹੀ ਕਿਲ੍ਹਾ, ਸ਼ਾਲੀਮਾਰ ਬਾਗ, ਬਾਦਸ਼ਾਹੀ ਮਸਜਿਦ, ਜਹਾਂਗੀਰ ਤੇ ਨੂਰਜਹਾਂ ਦੇ ਮਕਬਰੇ ਸਮੇਤ ਮੁਗ਼ਲ ਸਾਮਰਾਜ, ਸਿੱਖ ਰਾਜ ਅਤੇ ਬਰਤਾਨਵੀ ਹਕੂਮਤ ਦੀਆਂ ਵਿਰਾਸਤੀ ਇਮਾਰਤਾਂ ਅੱਜ ਵੀ ਆਪਣੇ ਸੁਨਹਿਰੀ ਸਮੇਂ ਦੀਆਂ ਬਾਤਾਂ ਪਾਉਂਦੀਆਂ ਨਜ਼ਰ ਆਉਂਦੀਆਂ ਹਨ। ਲਾਹੌਰ ਦੀ ਜੇਲ੍ਹ ਰੋਡ 'ਤੇ ਸਥਿਤ ਗੋਰਾ ਕਬਰਿਸਤਾਨ ਵਿੱਚ ਸਿੱਖ ਰਾਜ ਦੇ ਆਖ਼ਰੀ ਪੰਨੇ ਮਹਾਰਾਜਾ ਦਲੀਪ ਸਿੰਘ ਦੀ ਧੀ ਰਾਜਕੁਮਾਰੀ ਬੰਬਾ ਦਲੀਪ ਸਿੰਘ ਦੀ ਸਮਾਧ ਵੀ ਬਣੀ ਹੋਈ ਹੈ।

ਸ਼ੇਰ-ਏ-ਪੰਜਾਬ ਵੱਲੋਂ ਆਪਣੇ ਰਾਜ ਵੇਲੇ ਵਰਤੇ ਜਾਂਦੇ ਸ਼ਾਹੀ ਕਿਲ੍ਹੇ ਦੀ ਤਾਮੀਰ ਮੁਗ਼ਲ ਬਾਦਸ਼ਾਹ ਅਕਬਰ ਨੇ ਕਰਵਾਈ ਸੀ ਅਤੇ ਉਸ ਨੇ ਪਹਿਲੀ ਵਾਰ ਕੁਝ ਸਾਲਾਂ ਵਾਸਤੇ ਦਿੱਲੀ ਛੱਡ ਕੇ ਲਾਹੌਰ ਨੂੰ ਆਪਣੀ ਰਾਜਧਾਨੀ ਬਣਾਇਆ ਸੀ। ਇਸੇ ਸ਼ਾਹੀ ਮਹਿਲ ਵਿੱਚ ਸ਼ਾਹਜਹਾਂ ਦੀ ਬੇਗਮ ਮੁਮਤਾਜ਼ ਨੇ ਇੱਕ ਖ਼ੁਆਬ ਵੇਖਿਆ ਕਿ ਉਹ ਤਾਰਿਆਂ ਦੀ ਛਾਂ ਹੇਠ ਬੱਦਲਾਂ 'ਤੇ ਤੁਰ ਰਹੀ ਹੈ। ਸ਼ਾਹਜਹਾਂ ਨੇ ਆਪਣੀ ਬੇਗਮ ਦਾ ਖ਼ੁਆਬ ਪੂਰਾ ਕਰਨ ਲਈ ਇਸ ਸ਼ਾਹੀ ਮਹਿਲ ਵਿੱਚ ਚਮਕਦਾਰ ਨਗੀਨਿਆਂ ਨਾਲ ਇੱਕ ਐਸੇ ਸ਼ੀਸ਼ਮਹਿਲ ਦਾ ਨਿਰਮਾਣ ਕਰਵਾ ਦਿੱਤਾ ਜਿੱਥੇ ਰੌਸ਼ਨੀ ਪੈਂਦਿਆਂ ਹੀ ਛੱਤ ਅਤੇ ਕੰਧਾਂ ਤਾਰਿਆਂ ਵਾਂਗ ਚਮਕ ਜਾਂਦੀਆਂ ਤੇ ਫ਼ਰਸ਼ ਦੁਧੀਆ ਬੱਦਲਾਂ ਦਾ ਭੁਲੇਖਾ ਪਾਉਂਦਾ। ਔਰੰਗਜ਼ੇਬ ਨੇ ਇਸ ਕਿਲ੍ਹੇ ਦੇ ਬਿਲਕੁਲ ਸਾਹਮਣੇ ਬਾਦਸ਼ਾਹੀ ਮਸਜਿਦ ਦਾ ਨਿਰਮਾਣ ਕਰਵਾਇਆ, ਜੋ ਇਮਾਰਤਸਾਜ਼ੀ ਦਾ ਅਦਭੁੱਤ ਨਮੂਨਾ ਹੈ। ਸ਼ਾਹੀ ਕਿਲ੍ਹੇ ਦੇ ਰੁਸ਼ਨਾਈ ਦਰਵਾਜ਼ੇ ਕੋਲ ਇੱਕ ਫ਼ੂਡ ਸਟਰੀਟ ਬਣੀ ਹੋਈ ਹੈ, ਜਿੱਥੇ ਲਾਲ ਹਵੇਲੀ ਅਤੇ ਸ਼ਾਹੀ ਬਾਵਰਚੀ ਖਾਨਾ ਰੈਸਤਰਾਂ ਬਹੁਤ ਮਕਬੂਲ ਹਨ। ਲਾਲ ਹਵੇਲੀ ਦੀ ਛੱਤ 'ਤੇ ਬਣੇ

ਹਰਪ੍ਰੀਤ ਸਿੰਘ ਸਵੈਚ

ਰੈਸਤਰਾਂ ਤੋਂ ਲਗਭਗ ਸਾਰਾ ਲਾਹੌਰ ਸ਼ਹਿਰ ਵਿਖਾਈ ਦਿੰਦਾ ਹੈ। ਇੱਥੇ ਇੱਕ ਭੀੜੇ ਬਾਜ਼ਾਰ ਵਿੱਚ ਸ਼ਾਹ ਹੁਸੈਨ ਦੇ ਸਾਥੀ ਮਾਧੋ ਲਾਲ ਹੁਸੈਨ ਦਾ ਮਕਬਰਾ ਹੈ। ਇਸੇ ਤਰ੍ਹਾਂ ਸ਼ਾਲੀਮਾਰ ਬਾਗ਼ ਦੀ ਖ਼ੂਬਸੂਰਤੀ ਬਿਆਨ ਤੋਂ ਪਰ੍ਹੇ ਹੈ। ਇੱਥੇ ਹੀ ਰੇਲਵੇ ਲਾਈਨ ਦੇ ਨਜ਼ਦੀਕ ਬਾਦਸ਼ਾਹ ਜਹਾਂਗੀਰ ਤੇ ਨੂਰਜਹਾਂ ਦੇ ਮਕਬਰੇ ਵੀ ਹਨ।

ਇੱਕ ਪੁਰਾਣਾ ਲੋਕਗੀਤ ਹੈ "ਦਾਲ ਦੱਸ ਖਾਂ ਸ਼ਹਿਰ ਲਾਹੌਰ ਅੰਦਰ ਕਿੰਨੇ ਬੂਹੇ ਤੇ ਕਿੰਨੀਆਂ ਬਾਰੀਆਂ ਨੇ।" ਬਾਦਸ਼ਾਹ ਅਕਬਰ ਨੇ ਸੁਰੱਖਿਆ ਦੇ ਪੱਖ ਤੋਂ ਲਾਹੌਰ ਸ਼ਹਿਰ ਵਿੱਚ 12 ਦਰਵਾਜ਼ੇ ਤੇ ਇੱਕ ਮੋਰੀ ਦਾ ਨਿਰਮਾਣ ਕਰਵਾਇਆ ਸੀ। ਲਾਹੌਰ ਵਿੱਚ ਦਿੱਲੀ ਦਰਵਾਜ਼ਾ ਬਾਜ਼ਾਰ, ਅਨਾਰਕਲੀ ਬਾਜ਼ਾਰ, ਲੰਡਾ ਬਾਜ਼ਾਰ ਅਤੇ ਅਜ਼ਾਨ ਬਾਜ਼ਾਰ ਬਹੁਤ ਪ੍ਰਸਿੱਧ ਹਨ। ਇੱਥੇ ਦੋ ਘੋੜਾ ਬੋਸਕੀ ਦਾ ਕੁੜਤੇ ਪਜਾਮੇ ਦਾ ਕੱਪੜਾ ਕਾਫ਼ੀ ਮਕਬੂਲ ਹੈ।


ਲਾਹੌਰ ਦੇ ਦਿੱਲੀ ਦਰਵਾਜ਼ਾ ਬਾਜ਼ਾਰ ਵਿੱਚ ਸੁਰਜਨ ਸਿੰਘ ਦੀ ਗਲੀ ਨੂੰ ਉੱਥੋਂ ਦੀ ਸਰਕਾਰ ਵੱਲੋਂ ਵਿਰਾਸਤੀ ਪ੍ਰਾਜੈਕਟ ਤਹਿਤ ਵਿਕਸਤ ਕੀਤਾ ਗਿਆ ਹੈ। ਦੋ-ਢਾਈ ਸੌ ਸਾਲ ਪੁਰਾਣੀ ਇਸ ਗਲੀ ਵਿੱਚ ਮੁਗ਼ਲ ਹਕੂਮਤ ਸਮੇਂ ਵੈਦ ਸੁਰਜਨ ਸਿੰਘ ਦੀ ਹਵੇਲੀ ਹੋਇਆ ਕਰਦੀ ਸੀ, ਜਿਸ ਦੇ ਹੱਥਾਂ ਵਿੱਚ ਐਸੀ ਸ਼ਫ਼ਾ ਸੀ ਕਿ ਮਰੀਜ਼ ਨੂੰ ਹੱਥ ਲਾਇਆਂ ਹੀ ਉਸ ਦਾ ਬੁਖ਼ਾਰ ਉਤਰ ਜਾਂਦਾ ਸੀ। ਲਾਹੌਰ ਦੇ ਨੌਜੁਆਨ ਮੁੰਡੇ ਕੁੜੀਆਂ ਵਿੱਚ ਇਹ ਗਲੀ ਕਾਫ਼ੀ ਮਕਬੂਲ ਹੈ। ਇਸੇ ਗਲੀ ਵਿੱਚ ਉਸਮਾਨ ਦੀ ਬੈਠਕ ਕੌਫ਼ੀ ਸ਼ਾਪ ਹੈ, ਜਿੱਥੇ ਮਿੱਟੀ ਦੇ ਭਾਂਡਿਆਂ ਵਿੱਚ ਅਸੀਂ ਚਾਹ ਦੀਆਂ ਚੁਸਕੀਆਂ ਲਈਆਂ। ਇੱਥੇ ਸਬੱਬੀਂ ਮਿਲੇ ਇੱਕ ਸੂਫ਼ੀ ਫ਼ਨਕਾਰ ਨੇ ਮੀਆਂ ਮੁਹੰਮਦ ਬਖਸ਼ ਅਤੇ ਪੀਰ ਵਾਰਸ ਸ਼ਾਹ ਦੇ ਕਲਾਮ ਸੁਣਾ ਕੇ ਮਹਿਫ਼ਿਲ ਸਜਾ ਦਿੱਤੀ।

ਲਾਹੌਰ ਦਾ ਸ਼ਾਲੀਮਾਰ ਬਾਗ਼

ਲਾਹੌਰ ਸ਼ਹਿਰ ਦੀ ਰੌਣਕ ਬਾਰੇ ਇੱਕ ਕਹਾਵਤ ਮਸ਼ਹੂਰ ਹੈ ਕਿ 'ਸੱਤੋ ਦਿਨ ਅੱਠ ਮੇਲੇ, ਕਾਰ ਜਾਵਾਂ ਕਿਹੜੇ ਵੇਲੇ'। ਲਾਹੌਰ ਨੂੰ ਲਾ ਹੋਰ ਵੀ ਕਿਹਾ ਜਾਂਦਾ ਹੈ ਭਾਵ ਇੱਥੋਂ ਦੇ ਬਾਜ਼ਾਰਾਂ ਵਿੱਚ ਜਿੰਨੀ ਜ਼ਿਆਦਾ ਖਰੀਦੋ-ਫ਼ਰੋਖਤ ਕਰੋ ਉਨੀ ਹੀ ਘੱਟ ਹੈ। ਇਨ੍ਹਾਂ ਬਾਜ਼ਾਰਾਂ ਵਿੱਚ ਘੁੰਮਦਿਆਂ ਮੁਸਲਮਾਨ ਵੀਰਾਂ ਨਾਲ ਸਤਿ ਸ੍ਰੀ ਅਕਾਲ ਤੇ ਦੁਆ ਸਲਾਮ ਹੁੰਦੀ ਰਹਿੰਦੀ। ਕਈ ਮੁਸਲਮਾਨ ਵੀਰਾਂ ਨੇ ਸਾਨੂੰ ਆਖਿਆ ਕਿ "ਸਰਦਾਰ ਜੀ, ਅਸਾਂ ਦੇ ਘਰ ਚੱਲੋ, ਸਾਨੂੰ ਖਿਦਮਤ ਦਾ ਮੌਕਾ ਦਿਓ।" ਲਾਹੌਰੀਆਂ ਦੀ ਇਸ ਅਪਣੱਤ ਨੇ ਸਾਡਾ ਮਨ ਮੋਹ ਲਿਆ।

ਬਾਦਸ਼ਾਹੀ ਮਸਜਿਦ ਵਿੱਚ ਸਾਨੂੰ ਇਸ਼ਾ ਦੀ ਨਮਾਜ਼ ਵੇਲੇ ਜਾਣ ਦਾ ਮੌਕਾ ਮਿਲਿਆ। ਮਸਜਿਦ ਦੇ ਮੁੱਖ ਦੁਆਰ ਤੋਂ ਇਬਾਦਤਗਾਹ ਦਾ ਰਸਤਾ ਮਹਿਜ਼ ਦੋ

ਤਿੰਨ ਸੌ ਮੀਟਰ ਹੋਵੇਗਾ, ਪਰ ਸਾਨੂੰ ਇਬਾਦਤਗਾਹ ਤੱਕ ਪਹੁੰਚਣ ਲਈ ਇੱਕ ਘੰਟਾ ਲੱਗ ਗਿਆ ਕਿਉਂਕਿ ਉੱਥੋਂ ਦੇ ਮੁਸਲਿਮ ਨੌਜੁਆਨ ਮੁੰਡੇ ਕੁੜੀਆਂ, ਬੱਚੇ ਤੇ ਬਜ਼ੁਰਗਾਂ



ਵੱਲੋਂ ਐਨਾ ਪਿਆਰ ਤੇ ਸਤਿਕਾਰ ਮਿਲਿਆ ਤੇ ਉਨ੍ਹਾਂ ਦੀ ਫ਼ਰਮਾਇਸ਼ 'ਤੇ ਸਾਨੂੰ ਉਨ੍ਹਾਂ ਨਾਲ ਤਸਵੀਰਾਂ ਖਿਚਵਾਉਂਦਿਆਂ ਹੀ ਇੱਕ ਘੰਟਾ ਲੱਗ ਗਿਆ। ਇੱਥੇ ਹੀ ਕਈ ਟੀ.ਵੀ. ਚੈਨਲਾਂ ਅਤੇ ਯੂਟਿਊਬਰਾਂ ਨੇ ਸਾਡੀਆਂ ਇੰਟਰਵਿਊਜ਼ ਲਈਆਂ। ਸਾਨੂੰ ਇੰਝ ਮਹਿਸੂਸ ਹੋਇਆ ਜਿਵੇਂ ਅਸੀਂ ਬਹੁਤ ਉੱਘੀਆਂ ਸ਼ਖ਼ਸੀਅਤਾਂ ਹੋਈਏ, ਪਰ ਅਸਲ ਵਿੱਚ ਇਹ ਮਾਣ ਸਤਿਕਾਰ ਸਾਨੂੰ ਨਹੀਂ ਸਗੋਂ ਸਾਡੇ ਸਿਰਾਂ 'ਤੇ ਸਜੀ ਦਸਤਾਰ ਨੂੰ ਮਿਲ ਰਿਹਾ ਸੀ। ਇਹ ਗੱਲ ਮੰਨਣੀ ਪਵੇਗੀ ਕਿ ਲਹਿੰਦੇ ਪੰਜਾਬੀਆਂ ਦੀ ਮਹਿਮਾਨਨਿਵਾਜ਼ੀ ਦਾ ਕੋਈ ਮੁਕਾਬਲਾ ਨਹੀਂ। ਖ਼ਾਸ ਕਰਕੇ ਦਸਤਾਰ ਵਾਲਿਆਂ ਨੂੰ ਤਾਂ ਉਹ ਆਪਣੇ ਹੱਥਾਂ 'ਤੇ ਹੀ ਚੁੱਕ ਲੈਂਦੇ ਹਨ।

ਲਾਹੌਰ ਸ਼ਹਿਰ ਦੇ ਆਮ ਲੋਕ ਅੱਜ ਵੀ ਮਹਾਰਾਜਾ ਰਣਜੀਤ ਸਿੰਘ ਦੇ ਸੁਨਹਿਰੀ ਰਾਜ ਦੀਆਂ ਗੱਲਾਂ ਕਰਦੇ ਹਨ। ਇਸ ਦਾ ਇੱਕ ਕਾਰਨ ਇਹ ਵੀ ਹੈ ਕਿ ਮੁਗ਼ਲ ਰਾਜ ਵੇਲੇ ਕਤਲੋਗਾਰਤ ਤੇ ਲੁੱਟਮਾਰ ਦੇ ਮਾਹੌਲ ਤੋਂ ਬਾਅਦ ਸ਼ੇਰ-ਏ-ਪੰਜਾਬ ਨੇ ਲਾਹੌਰ ਵਿੱਚ ਅਮਨ-ਅਮਾਨ ਕਾਇਮ ਕੀਤਾ। ਮੰਨਿਆ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ 40 ਸਾਲ ਦੇ ਰਾਜ ਦੌਰਾਨ ਲਾਹੌਰ ਵਿੱਚ ਇੱਕ ਵਾਰ ਵੀ ਕਾਲ ਨਹੀਂ ਪਿਆ, ਕੋਈ ਫ਼ਿਰਕੂ ਫ਼ਸਾਦ ਨਹੀਂ ਹੋਇਆ ਅਤੇ ਇੱਕ ਵੀ ਮੁਜਰਿਮ ਨੂੰ ਸਜ਼ਾ-ਏ-ਮੌਤ ਨਹੀਂ ਦਿੱਤੀ ਗਈ।

ਰੇਲ ਸਫ਼ਰ ਦੌਰਾਨ ਲਹਿੰਦੇ ਪੰਜਾਬ ਵਿੱਚ ਸਾਨੂੰ ਮੀਲੋ-ਮੀਲ ਜ਼ਮੀਨਾਂ ਹੀ ਜ਼ਮੀਨਾਂ ਨਜ਼ਰ ਆਈਆਂ। ਕਈ ਕਈ ਮੀਲ ਬਾਅਦ ਕੋਈ ਪਿੰਡ ਨਜ਼ਰ ਆਇਆ। ਪੰਜਾਬ ਪਾਕਿਸਤਾਨ ਦਾ ਸਭ ਤੋਂ ਵੱਡਾ ਸੂਬਾ ਹੈ। ਸਾਡਾ ਚੜ੍ਹਦਾ ਪੰਜਾਬ ਤਾਂ ਇਸ ਦੇ ਮੁਕਾਬਲੇ ਬਹੁਤ ਛੋਟਾ ਰਹਿ ਗਿਆ ਹੈ। ਲਾਹੌਰ ਦੀਆਂ ਗਲੀਆਂ ਵਿੱਚ ਵਿਚਰਦਿਆਂ ਇੱਕ ਗੱਲ ਮਹਿਸੂਸ ਕੀਤੀ ਕਿ ਸਾਡੀ ਬੋਲੀ ਵੀ ਸਾਂਝੀ, ਸਾਡੀ ਰਹਿਤਲ ਵੀ ਸਾਂਝੀ, ਸਾਡਾ ਵਿਰਸਾ ਵੀ ਸਾਂਝਾ, ਸਾਡੇ ਅਕੀਦੇ ਵੀ ਸਾਂਝੇ, ਬੱਸ ਸਾਡੇ ਦੇਸ਼ ਹੀ ਵੱਖੋ-ਵੱਖਰੇ ਹਨ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949

## ਜਨਮ ਦਿਵਸ 'ਤੇ ਵਿਸ਼ੇਸ਼



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਬਾਬਾ ਦੀਪ ਸਿੰਘ ਜੀ ਸ਼ਹੀਦ

ਸਿੱਖ ਧਰਮ ਇਕ ਸਮਾਜ ਸੁਧਾਰ ਲਹਿਰ ਹੈ। ਮਾਨਵਵਾਦੀ ਸੋਚ ਹੈ ਕਿ ਸਿੱਖ ਧਰਮ ਤੇ ਚਲਦਿਆਂ ਆਪਣੀ ਸਵੈ ਰੱਖਿਆ ਅਤੇ ਸਵੈਮਾਣ ਵਾਲਾ ਜੀਵਨ ਜਿਊਣ ਲਈ ਤਿਆਰ ਹੋਣ। ਸਿਆਸੀ ਤਾਕਤ ਜਨ ਸਾਧਾਰਨ ਨੂੰ ਹਾਸਲ ਹੋਵੇ। ਇਸ ਲਈ ਦ੍ਰਿੜ ਨਿਸ਼ਚੇ ਵਾਲੀ ਅਗਵਾਈ ਦੀ ਜ਼ਰੂਰਤ ਸੀ। ਗੁਰੂ ਨਾਨਕ ਦੇਵ ਸਾਹਿਬ ਜੀ ਨੇ ਗ੍ਰਹਿਸਥ ਨੂੰ ਰੂਹਾਨੀ ਵਿਸਥਾਰ ਮੰਨਿਆ। ਸਮਾਜ ਨੂੰ ਝੂਠੇ ਕਰਮਕਾਂਡਾਂ ਵਿਚੋਂ ਕੱਢ ਕੇ ਸਾਵੀਂ ਪੱਧਰੀ ਜੀਵਨ ਜਾਚ ਸਿਖਾਈ। ਸਿੱਖ ਗੁਰੂ ਸਾਹਿਬਾਨ ਨੇ ਨਾਬਰਾਬਰੀ ਵਾਲੇ ਸਮਾਜ ਦੀ ਧਾਰਮਿਕ, ਸਮਾਜਿਕ ਤੇ ਸਿਆਸੀ ਦਸ਼ਾ ਨੂੰ ਬਦਲਿਆ। ਉਨ੍ਹਾਂ ਨੇ ਬੇਗਰਜ਼ ਸੇਵਾ ਤੇ ਜ਼ੋਰ ਦਿੱਤਾ। ਸਮਾਜ ਨੂੰ ਜਾਤ ਪਾਤ ਦੇ ਬੰਧਨਾਂ ਤੋਂ ਉਪਰ ਚੁੱਕ ਕੇ ਮਾਨਵਵਾਦੀ ਇਨਕਲਾਬ ਨਾਲ ਜੋੜ ਦਿੱਤਾ। ਸਮੇਂ ਦੀਆਂ ਮੁਗਲ ਹਕੂਮਤਾਂ ਨੇ ਸਿੱਖੀ ਨੂੰ ਖਤਮ ਕਰਨ ਲਈ ਹਰ ਅਣਮਨੁੱਖੀ ਹੀਲਾ ਵਰਤਿਆ। ਮੁਗਲ ਹਾਕਮਾਂ ਦੀ ਜਬਰੀ ਧਰਮ ਪਰਿਵਰਤਨ ਦੀ ਖ਼ੂਨੀ ਨੀਤੀ ਨੇ ਸਮਾਜਿਕ ਇਖਲਾਕ ਨੂੰ ਭਾਰੀ ਸੱਟ ਮਾਰੀ।

ਗੁਰੂ ਗੋਬਿੰਦ ਸਿੰਘ ਜੀ ਨੇ ਮਾਨਵੀ ਬਰਾਬਰੀ ਲਈ ਖ਼ਾਲਸਾ ਪੰਥ ਸਾਜ ਕੇ ਮੁਗਲ ਸਾਮਰਾਜ ਦੇ ਧਾਰਮਿਕ ਅਤੇ ਸਿਆਸੀ ਅਤਿਆਚਾਰ ਵਿਰੁਧ ਸੰਘਰਸ਼ ਕੀਤਾ। ਇਸ ਸਿਆਸੀ ਉਥਲ ਪੁਥਲ ਵਿਚ ਗੁਰੂ ਸਾਹਿਬ ਜੀ ਨੂੰ ਅਨੰਦਪੁਰ ਛੱਡਣਾ ਪਿਆ। ਉਪਰੰਤ ਚਮਕੌਰ ਅਤੇ ਮੁਕਤਸਰ ਦੇ ਜੰਗ ਹੋਏ। ਗੁਰੂ ਸਾਹਿਬ ਜੀ ਤੋਂ ਬਾਅਦ ਡੇਢ ਸਾਲ ਵਿਚ ਹੀ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਸਰਹਿੰਦ ਫਤਹਿ ਕਰ ਲਿਆ। ਜੂਨ 9,1716 ਨੂੰ ਬਾਬਾ ਜੀ ਦੀ ਸ਼ਹੀਦੀ ਤੋਂ ਬਾਅਦ ਸਿੰਘਾਂ ਤੇ ਜ਼ੁਲਮ ਹੋਰ ਵੀ ਵਧ ਗਏ। ਪਰ ਖਾਲਸੇ ਨੇ ਗੁਰੂ ਗ੍ਰੰਥ ਸਾਹਿਬ ਜੀ ਤੇ ਨਿਸ਼ਚੈ ਰੱਖਿਆ। ਦ੍ਰਿੜ ਇਰਾਦੇ ਅਤੇ ਬਹਾਦਰੀ ਨਾਲ ਸਿੱਖ ਸੰਘ ਸੰਗਠਿਤ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਜੀ ਨੇ 12 ਮਿਸਲਾਂ ਨੂੰ ਇਕੱਠਾ ਕਰਕੇ ਵਿਸ਼ਾਲ ਖ਼ਾਲਸਾ ਰਾਜ ਸਥਾਪਤ ਕਰ ਲਿਆ। ਮਿਸਲ ਸ਼ਹੀਦਾਂ ਦੇ ਬਾਨੀ ਬਾਬਾ ਦੀਪ ਸਿੰਘ ਜੀ ਸਨ। ਇਸ ਮਿਸਲ ਦੇ ਕੋਲ ਸ਼ਾਹਜਾਦਪੁਰ, ਕੇਸਮੀ, ਰਣਖੰਡੀ, ਬੜਥਾ, ਜਮਾਈ-ਸਹਾਰਨਪੁਰ ਦੇ ਇਲਾਕੇ ਸਨ। ਆਪ ਜੀ ਦਾ ਜਨਮ 26 ਜਨਵਰੀ 1682 ਈ. ਪਿੰਡ ਪਹੂਵਿੰਡ ਜ਼ਿਲ੍ਹਾ ਤਰਨ ਤਾਰਨ ਦੇ ਸਾਧਾਰਣ ਪਰਿਵਾਰ ਭਾਈ ਜਗਤੂ ਅਤੇ ਮਾਤਾ ਜਿਊਣੀ ਦੇ ਘਰ ਹੋਇਆ। ਆਪ ਜੀ ਦਾ ਨਾਉਂ ਦੀਪਾ ਰੱਖਿਆ ਗਿਆ। ਜਦੋਂ 18 ਸਾਲ ਦੇ ਸਨ ਤਾਂ ਉਹ ਆਪਣੇ ਮਾਤਾ ਪਿਤਾ ਨਾਲ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਦਰਸ਼ਨਾਂ ਲਈ ਅਨੰਦਪੁਰ ਗਏ ਸਨ। ਕੁਝ ਦਿਨਾਂ ਬਾਅਦ ਉਨ੍ਹਾਂ ਦੇ ਮਾਪੇ ਤਾਂ ਪਿੰਡ ਪਰਤ ਗਏ ਪਰ ਗੁਰੂ ਸਾਹਿਬ ਜੀ ਨੇ ਦੀਪੇ ਨੂੰ ਆਪਣੇ ਕੋਲ ਹੀ ਰੱਖ ਲਿਆ। ਨੌਜਵਾਨ ਦੀਪੇ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਲਈ ਤੇ ਨਾਂ ਦੀਪ ਸਿੰਘ ਹੋ ਗਿਆ।

ਉਨ੍ਹਾਂ ਨੇ ਸਾਸ਼ਤਰ ਅਤੇ ਸ਼ਸਤਰ ਵਿਦਿਆ ਵਿਚ ਮਾਨਤਾ ਪ੍ਰਾਪਤ ਕਰ ਲਈ। ਤਦ 22 ਸਾਲ ਦੀ ਉਮਰ ਵਿਚ ਵਿਦਵਾਨ ਭਾਈ ਮਨੀ ਸਿੰਘ ਜੀ ਪਾਸੋਂ ਗੁਰਬਾਣੀ ਦਾ ਗਿਆਨ ਪ੍ਰਾਪਤ ਕੀਤਾ। ਆਪ ਇਕ ਅਭਿਆਸੀ ਸੰਤ ਸਿਪਾਹੀ ਸਨ। ਗਠੀਲਾ ਸਰੀਰ, ਮਜਬੂਤ ਇਰਾਦਾ, ਸੂਰਮੇ ਜਿਹਾ ਜਲਾਲ ਅਤੇ ਨਿਪੁੰਨ ਯੋਧੇ, ਵਿਦਵਾਨ ਲਿਖਾਰੀ ਅਤੇ ਕੀਰਤਨੀਏ ਬਣ ਗਏ। ਕੁਝ ਸਮੇਂ ਲਈ ਪਿੰਡ ਪਰਤ ਗਏ ਸਨ। ਉੱਥੇ ਉਨ੍ਹਾਂ ਆਪਣੇ ਇਲਾਕੇ ਵਿਚ ਸਿੱਖ ਧਰਮ ਦਾ ਬੜਾ ਪ੍ਰਚਾਰ ਕੀਤਾ। ਸੰਗਤਾਂ ਵਿਚ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਗੁਰ-ਪਿਤਾ ਤੇਗ ਬਹਾਦਰ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕੀਤਾ ਤਾਂ ਬਾਬਾ ਦੀਪ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਨਾਲ ਸਹਿਯੋਗ ਕੀਤਾ। ਆਪ ਜੀ ਨੇ ਗ੍ਰੰਥ ਸਾਹਿਬ ਜੀ ਦੇ ਚਾਰ ਉਤਾਰੇ ਚਾਰ ਤਖਤਾਂ ਨੂੰ ਭੇਜੇ ਸਨ।

ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਦੱਖਣ ਵੱਲ ਵਧਣਾ ਸੀ, ਤਾਂ ਦਮਦਮਾ ਸਾਹਿਬ ਦੀ ਜਿੰਮੇਵਾਰੀ ਬਾਬਾ ਜੀ ਨੂੰ ਸੌਂਪ ਦਿੱਤੀ ਸੀ। ਜੰਗੀ ਜੀਵਨ ਵਿਚ ਬਾਬਾ ਜੀ ਨੇ ਬਾਬਾ ਬੰਦਾ ਸਿੰਘ ਜੀ ਬਹਾਦਰ ਨਾਲ ਜੰਗਾਂ ਵਿਚ ਹਿਸਾ ਲਿਆ ਅਤੇ ਭਰਪੂਰ ਸਾਥ ਦਿੱਤਾ। ਬਾਬਾ ਜੀ ਦੀ ਬਹਾਦਰੀ ਤੋਂ ਦੁਸ਼ਮਣ ਡਰ ਕੇ ਦੌੜ ਜਾਂਦੇ ਸਨ। ਆਪ ਜੀ ਦਾ ਜਥਾ 'ਸ਼ਹੀਦੀ ਜਥਾ' ਵਜੋਂ ਮਸ਼ਹੂਰ ਹੋਇਆ। ਸੰਨ੍ਹ 1738 ਵਿਚ ਜ਼ਕਰੀਆ ਖਾਨ ਨੇ ਅੰਮ੍ਰਿਤਸਰ ਦੇ ਸਾਰੇ ਰਸਤੇ ਬੰਦ ਕਰ ਦਿੱਤੇ। ਸਿੰਘ ਮਾਲਵੇ ਵਲ ਵਧ ਗਏ। ਇਸ ਤੋਂ ਬਾਅਦ ਹੋਈਆਂ ਝੜਪਾਂ ਵਿਚ ਲਖਪਤ ਰਾਏ ਦਾ ਭਤੀਜਾ ਦੁਨੀ ਚੰਦ ਮਾਰਿਆ ਗਿਆ। ਜ਼ਕਰੀਆ ਖਾਨ ਖੁਦ ਮੈਦਾਨ ਵਿਚ ਉਮਰ ਆਇਆ। ਸੈਂਕੜੇ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ। ਭਾਈ ਮਨਜੀ ਸਿੰਘ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਅਗਸਤ 14, 1740 ਨੂੰ ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ ਨੇ ਮੱਸੇ ਰੰਗੜ ਜੋ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਬੇਅਦਬੀ ਦਾ ਦੋਸ਼ੀ ਸੀ, ਨੂੰ ਸਬਕ ਸਿਖਾਉਣ ਲਈ ਬੀਕਾਨੇਰ ਤੋਂ ਤੁਰੇ ਤਾਂ ਉਹ ਰਸਤੇ ਵਿਚ ਬਾਬਾ ਜੀ ਕੋਲ ਦਮਦਮਾ ਸਾਹਿਬ ਠਹਿਰੇ ਅਤੇ ਮੱਸੇ ਰੰਗੜ ਦਾ ਸਿਰ ਨੇਜੇ ਤੇ ਟੰਗ ਕੇ ਵਾਪਸੀ ਤੇ ਵੀ ਦਮਦਮਾ ਸਾਹਿਬ ਠਹਿਰੇ ਸਨ।

ਅਹਿਮਦ ਸ਼ਾਹ ਅਬਦਾਲੀ ਨੇ1755-56 ਵਿਚ ਚੌਥੀ ਵਾਰ ਭਾਰਤ ਤੇ ਹਮਲਾ ਕੀਤਾ। ਉਸ ਦੇ ਸੈਨਿਕ ਸੋਨਾ ਚਾਂਦੀ ਅਤੇ ਹੋਰ ਕੀਮਤੀ ਸਾਮਾਨ ਅਤੇ ਹਜ਼ਾਰਾਂ ਔਰਤਾਂ ਵੀ ਲੈ ਤੁਰੇ। ਬਾਬਾ ਜੀ ਦਾ ਜਥਾ ਮਾਰਕੰਡਾ ਨਦੀ ਤੇ ਤਾਇਨਾਤ ਸੀ। ਸਿੰਘਾਂ ਨੇ ਅਬਦਾਲੀ ਦੇ ਸਿਪਾਹੀਆਂ ਤੇ ਹਮਲਾ ਕਰ ਦਿੱਤਾ। ਸਾਰਾ ਸਾਮਾਨ ਲੁੱਟ ਲਿਆ ਅਤੇ ਔਰਤਾਂ ਨੂੰ ਸੁਰੱਖਿਅਤ ਉਨ੍ਹਾਂ ਦੇ ਘਰ ਪਹੁੰਚਾਇਆ।

ਅਬਦਾਲੀ ਨੇ 1757 ਵਿਚ ਜਹਾਨ ਖਾਨ ਨੂੰ ਅੰਮ੍ਰਿਤਸਰ ਦਾ ਹਾਕਮ ਨਿਯੁਕਤ ਕੀਤਾ। ਉਸ ਨੇ ਮਈ 1757 ਵਿਚ ਅੰਮ੍ਰਿਤਸਰ ਨੂੰ ਲੁੱਟਿਆ। ਅੰਮ੍ਰਿਤਸਰ ਦੇ ਮੁਖੀ ਜਮਾਲ ਖਾਂ ਨੇ ਦਰਬਾਰ ਸਾਹਿਬ ਦੀ ਬੇਅਦਬੀ ਅਤੇ ਪਵਿੱਤਰ ਸਰੋਵਰ ਨੂੰ ਵੀ ਪੂਰ ਦਿੱਤਾ। ਉਸ ਨੇ ਰਾਮਰੌਣੀ ਦੇ ਕਿਲੇ ਨੂੰ ਵੀ ਢਾਹ ਦਿੱਤਾ। ਇਸ ਬੇਪਤੀ ਦੀ ਖਬਰ ਬਾਬਾ ਜੀ ਨੇ ਜਥੇਦਾਰ ਭਾਗ ਸਿੰਘ ਜੀ ਤੋਂ ਤਲਵੰਡੀ ਸਾਬੋ ਮਿਲੀ ਤਾਂ ਬਾਬਾ ਜੀ ਨੇ ਰੋਹ ਵਿਚ ਆ ਕੇ ਪਵਿੱਤਰਤਾ ਭੰਗ ਕਰਨ ਵਾਲਿਆਂ ਨਾਲ ਟੱਕਰ ਲੈਣ ਦਾ ਐਲਾਨ ਕਰ ਦਿੱਤਾ। ਉਨ੍ਹਾਂ ਸਿੰਘਾਂ ਨੂੰ ਕਿਹਾ ਚਲੋ ਹੁਣ ਬੰਦੀ ਛੋੜ ਦਿਵਸ ਅੰਮ੍ਰਿਤਸਰ ਹੀ ਮਨਾਇਆ ਜਾਵੇਗਾ। ਅਣਗਿਣਤ ਸਿੰਘ ਬਾਬਾ ਜੀ ਦੀ ਅਗਵਾਈ ਹੇਠ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਰੱਖਿਆ ਲਈ ਇਕੱਠੇ ਹੋ ਗਏ। ਉਹ ਜਥਾ ਅੰਮ੍ਰਿਤਸਰ ਵਲ ਵਧ ਪਿਆ। ਰਸਤੇ ਵਿਚੋ ਜਦੋਂ ਤਰਨ ਤਾਰਨ ਪਹੁੰਚੇ ਤਾਂ ਸਿੰਘਾਂ ਦੀ ਗਿਣਤੀ 5000 ਹੋ ਗਈ। ਬਾਬਾ ਜੀ ਨੇ ਵੰਗਾਰਿਆ ਕਿ ਇਸ ਧਰਮ ਯੁੱਧ ਵਿਚ ਜੋ ਮਰ ਮਿਟਣ ਅਤੇ ਸ਼ਹੀਦ ਹੋਣ ਲਈ ਤਿਆਰ ਹਨ ਤਾਂ ਉਹ ਹੀ ਸਾਡੇ ਨਾਲ ਤੁਰਨ। ਸਾਰੇ ਸਿੰਘ ਬਾਬਾ ਜੀ ਨਾਲ ਤੁਰ ਪਏ।

ਜਹਾਨ ਖਾਂ ਨੇ ਵੀ 20000 ਦੀ ਫੌਜ ਲੈ ਕੇ ਤਰਨ ਤਾਰਨ ਵਲ ਵਧਣਾ ਸ਼ੁਰੂ ਕਰ ਦਿੱਤਾ। ਅੰਮ੍ਰਿਤਸਰ ਤੋਂ ਪੰਜ ਮੀਲ ਦੂਰ ਪਿੰਡ ਗੋਹਲਵਾਲ ਜਾ ਕੇ ਬਾਬਾ ਜੀ ਨੇ ਦੁਸ਼ਮਣ ਦੀ ਫੌਜ ਨੂੰ ਲਲਕਾਰਿਆ ਜਿੱਥੇ ਗੁਰਦੁਆਰਾ 'ਲਲਕਾਰ ਸਾਹਿਬ' ਸਥਿਤ ਹੈ। ਜਹਾਨ ਖਾਨ ਨੇ ਵੀ ਅਤਾਈ ਖਾਨ ਨੂੰ ਹਮਲਾ ਕਰਨ ਦਾ ਹੁਕਮ ਦੇ ਦਿੱਤਾ। ਜਹਾਨ ਖਾਨ ਆਪ ਵੀ ਘੋੜ ਸਵਾਰ ਫੌਜ ਲੈ ਕੇ ਗੋਹਲਵਾਲ ਪਹੁੰਚ ਗਿਆ। ਸਿੰਘਾਂ ਅਤੇ ਅਫ਼ਗਾਨਾਂ ਵਿਚ ਲਹੂ ਡੋਲਵੀਂ ਜੰਗ ਹੋਈ। ਅਫ਼ਗਾਨ ਫੌਜ ਸਿੰਘਾਂ ਦਾ ਸਾਹਮਣਾ ਨਾ ਕਰ ਸਕੀ। ਗਹਿਗੱਚ ਜੰਗ ਹੋਈ। ਸਿੰਘ ਇਕ ਇਕ ਕਰਕੇ ਸ਼ਹੀਦ ਹੋਣ ਲੱਗੇ। ਜੰਗ ਹੁਣ ਚਰਮ-ਸੀਮਾ ਤੇ ਆ ਕੇ ਹੋਰ ਵੀ ਭਿਅੰਕਰ ਹੋ ਗਈ। ਦੂਰ ਦੂਰ ਤੱਕ ਲਾਸ਼ਾਂ ਦੇ ਢੇਰ ਸਨ। ਇਸ ਸਮੇਂ ਤੱਕ ਯਾਕੂਬ ਖਾਂ ਅਤੇ ਸਾਬਕ ਅਲੀ ਖਾਂ ਵੀ ਮੁਕਾਬਲੇ ਤੇ ਆ ਗਏ। ਸਿੰਘ ਏਨੀ ਬਹਾਦਰੀ ਨਾਲ ਲੜੇ ਕਿ ਦੁਸ਼ਮਣ ਦੀਆਂ ਫੌਜਾਂ ਚਾਰੇ ਪਾਸਿਆਂ ਤੋਂ ਭੱਜਣ ਲੱਗੀਆਂ। ਸਿੰਘ ਅੰਮ੍ਰਿਤਸਰ ਵਲ ਵਧਦੇ ਗਏ। ਬਾਬਾ ਜੀ ਆਪਣਾ 18 ਸੇਰ ਦਾ ਖੰਡਾ (ਦੋਧਾਰੀ ਤਲਵਾਰ) ਖੜਕਾਉਂਦੇ ਰਾਮਸਰ ਕੋਲ ਪਹੁੰਚ ਗਏ। ਉਹ ਵੈਰੀਆਂ ਨੂੰ ਮੁਕਾਉਂਦੇ ਜਾ ਰਹੇ ਸਨ।

ਯਾਕੂਬ ਖਾਂ ਅਤੇ ਬਾਬਾ ਜੀ ਵਿਚਕਾਰ ਫਸਵੀਂ ਟੱਕਰ ਹੋਈ। ਬਾਬਾ ਜੀ ਦੇ ਵਾਰ ਨਾਲ ਯਾਕੂਬ ਖਾਂ ਢੇਰੀ ਹੋ ਗਿਆ। ਤਕ ਅਸਮਾਨ ਖਾਂ ਜੰਗ ਦੇ ਮੈਦਾਨ ਵਿਚ ਆ ਗਿਆ। ਬਾਬਾ ਜੀ ਦੀ ਉਸ ਨਾਲ ਆਹਮੋ-ਸਾਹਮਣੇ ਟੱਕਰ ਹੋ ਗਈ। ਇਕ ਸਾਂਝੇ ਵਾਰ ਵਿਚ ਅਸਮਾਨ ਖਾਂ ਮਾਰਿਆ ਗਿਆ। ਬਾਬਾ ਜੀ ਦੀ ਗਰਦਨ ਤੇ ਡੂੰਘਾ ਫੱਟ ਲੱਗਾ। ਉਨ੍ਹਾਂ ਦੀ ਗਰਦਨ ਲਗਭਗ ਵੱਖ ਹੋਣ ਤੇ ਸੀ। ਬਾਬਾ ਜੀ ਨੇ ਖੱਬੇ ਹੱਥ ਦੀ ਟੇਕ ਨਾਲ ਸੀਸ ਨੂੰ ਸੰਭਾਲਿਆ ਅਤੇ ਸੱਜੇ ਹੱਥ ਨਾਲ ਖੰਡਾ ਖੜਕਾਉਂਦੇ ਲੜਦੇ ਗਏ। ਦੁਸ਼ਮਣਾਂ ਦੇ ਆਹੂ ਲਾਹੁੰਦੇ ਗਏ। ਸੱਚਖੰਡ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਤੱਕ ਜਾ ਪਹੁੰਚੇ। ਬਾਬਾ ਜੀ 15 ਨਵੰਬਰ 1757 ਨੂੰ ਸੱਚਖੰਡ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਵਿਚ ਸ਼ਹੀਦੀ ਪਾ ਗਏ।

ਬਾਬਾ ਜੀ ਇਕ ਸੰਜਮੀ ਯੋਧੇ ਸਨ। ਦੁਸ਼ਮਣ ਉਨ੍ਹਾਂ ਦੀ ਬਹਾਦਰੀ ਤੋਂ ਥਰ ਥਰ ਕੰਬਦੇ ਸਨ। ਉਨ੍ਹਾਂ ਨੂੰ ਆਪਣੀ ਬਹਾਦਰੀ ਦਾ ਹੰਕਾਰ ਨਹੀਂ ਸੀ। ਉਹ ਆਪਣੇ ਸਾਥੀ ਸਿੰਘਾਂ ਨਾਲ ਹਰਿਮੰਦਰ ਸਾਹਿਬ ਜੀ ਦੀ ਮਰਯਾਦਾ ਨੂੰ ਬਹਾਲ ਰੱਖਣ ਲਏ ਸ਼ਹੀਦ ਹੋਏ। ਉਹ ਬਹਾਦਰ ਅਤੇ ਦਲੇਰ ਸ਼ਹੀਦ ਵਜੋਂ ਯਾਦ ਕੀਤੇ ਜਾਂਦੇ ਹਨ। ਉਨ੍ਹਾਂ ਨੇ ਕੌਮ ਨੂੰ ਜੁਲਮ ਦੇ ਵਿਰੁਧ ਲੜਦੇ ਰਹਿਣ ਲਈ ਉਤਸ਼ਾਹਤ ਕੀਤਾ। ਉਨ੍ਹਾਂ ਦਾ ਯਾਦ ਵਿਚ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਵਾਲੀ ਛੱਤ ਤੇ ਜਿੱਥੇ ਉਨ੍ਹਾਂ ਨੇ ਆਪਣਾ ਸੀਸ ਭੇਟ ਕੀਤਾ, ਗੁਰਦੁਆਰਾ ਸਾਹਿਬ ਹੈ। ਦੂਜਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਸ਼ਹੀਦ ਗੁਰਦੁਆਰਾ ਰਾਮਸਰ ਦੇ ਨੇੜੇ ਜਿੱਥੇ ਦੇਹ ਸਸਕਾਰ ਹੋਇਆ ਸੁਸ਼ੋਭਿਤ ਹੈ। ਬਾਬਾ ਜੀ ਦਾ ਦੋਧਾਰੀ ਖੰਡਾ ਅਕਾਲ ਤਖਤ ਸਾਹਿਬ ਜੀ ਦੇ ਸਸਤਰਾਂ ਵਿਚ ਸੰਭਾਲਿਆ ਪਿਆ ਹੈ। ਹਰ ਰੋਜ਼ ਸ਼ਾਮ ਨੂੰ ਸ਼ਸਤਰਾਂ ਦੇ ਦਰਸ਼ਨ ਬੜੀ ਸ਼ਰਧਾ ਭਾਵਨਾ ਨਾਲ ਸੰਗਤਾਂ ਨੂੰ ਕਰਵਾਏ ਜਾਂਦੇ ਹਨ।

ਅੰਤਿਕਾ : ਹੇ ਭਾਈ ਜੇ ਤੈਨੂੰ ਪ੍ਰਭੂ ਦੀ ਖੇਡ ਖੇਡਣ ਦਾ ਸ਼ੌਕ ਹੈ ਤਾਂ ਆਪਣਾ ਸਿਰ ਤਲੀ 'ਤੇ ਰੱਖ ਕੇ ਮੇਰੀ ਗਲੀ ਵਿਚ ਆ। ਲੋਕ ਲਾਜ਼ ਨੂੰ ਛੱਡ ਕੇ, ਹਉਮੈ ਦੂਰ ਕਰਕੇ ਆ। ਪ੍ਰਭੂ ਪ੍ਰੀਤ ਦੇ ਇਸ ਰਸਤੇ 'ਤੇ ਤਦੇ ਹੀ ਪੈਰ ਧਰਿਆ ਜਾ ਸਕਦਾ ਹੈ, ਜਦੋਂ ਸਿਰ ਭੇਂ ਕੀਤਾ ਜਾਵੇ, ਪਰ ਕੋਈ ਝਿਜਕ ਨਾਂਹ ਕੀਤੀ ਜਾਵੇ। ਜਦੋਂ ਬਿਨਾਂ ਝਿਜਕ ਦੇ ਲੋਕ ਲਾਜ਼ ਅਤੇ ਹਉਮੈ ਛੱਡੀ ਜਾਵੇ। ਅੰਗ-1412

# ਮਹਾਨ ਜਰਨੈਲ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ

ਅਵਤਾਰ ਸਿੰਘ ਆਨੰਦ

ਬਾਬਾ ਦੀਪ ਸਿੰਘ ਜੀ ਦਾ ਜਨਮ 26 ਜਨਵਰੀ 1682 ਨੂੰ ਤਰਨ ਤਾਰਨ ਜ਼ਿਲ੍ਹੇ ਦੇ ਸਰਹੱਦੀ ਪਿੰਡ ਪਹੂਵਿੰਡ ਵਿੱਚ ਮਾਤਾ ਜਿਊਣੀ ਜੀ ਅਤੇ ਪਿਤਾ ਭਗਤਾ ਜੀ ਦੇ ਘਰ ਹੋਇਆ। 1699 ਵਿੱਚ ਜਦੋਂ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਵਿਖੇ ਸਿੱਖ ਸੰਗਤ ਨੂੰ ਆਉਣ ਲਈ ਆਖਿਆ ਸੀ ਤਾਂ ਉਸ ਸਮੇਂ ਬਾਬਾ ਦੀਪ ਸਿੰਘ ਜੀ ਆਪਣੇ ਮਾਤਾ-ਪਿਤਾ ਨਾਲ ਸ੍ਰੀ ਆਨੰਦਪੁਰ ਸਾਹਿਬ ਵਿਖੇ ਗੁਰੂ ਸਾਹਿਬ ਦੇ ਦਰਸ਼ਨ ਕਰਨ ਆਏ ਸਨ। ਉਦੋਂ ਹੀ ਉਨ੍ਹਾਂ ਨੇ ਅੰਮ੍ਰਿਤ ਦੀ ਦਾਤ ਹਾਸਲ ਕੀਤੀ। ਕਾਫ਼ੀ ਸਮਾਂ ਉਹ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੀ ਗੁਰੂ ਗੋਬਿੰਦ ਸਿੰਘ ਜੀ ਕੋਲ ਰਹੇ।

ਬਾਬਾ ਦੀਪ ਸਿੰਘ ਜੀ ਨੇ ਭਾਈ ਮਨੀ ਸਿੰਘ ਨਾਲ ਵੀ ਕਾਫੀ ਸਮਾਂ ਗੁਜ਼ਾਰਿਆ। ਇਥੇ ਹੀ ਉਨ੍ਹਾਂ ਨੇ ਗੁਰਮੁਖੀ ਪੜ੍ਹਨੀ ਤੇ ਲਿਖਣੀ ਸਿੱਖੀ। ਨਾਲ ਹੀ ਉਨ੍ਹਾਂ ਸ਼ਸਤਰ ਵਿਦਿਆ ਵੀ ਹਾਸਲ ਕੀਤੀ। ਬਾਬਾ ਜੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦਾ ਆਪਣੇ ਹੱਥਾਂ ਨਾਲ ਉਤਾਰਾ ਕਰ ਕੇ ਵੱਖ-ਵੱਖ ਥਾਵਾਂ 'ਤੇ ਭੇਜਿਆ ਕਰਦੇ। ਬਾਬਾ ਜੀ ਨੇ ਗੁਰੂ ਸਾਹਿਬਾਨ ਦੀ ਬਾਣੀ ਤੇ ਸ਼ਬਦਾਂ ਦੀ ਵਿਆਖਿਆ ਕੀਤੀ।

ਦੋ ਸਾਲ ਆਨੰਦਪੁਰ ਸਾਹਿਬ ਰਹਿ ਕੇ ਉਹ ਆਪਣੇ ਪਿੰਡ ਪਰਤ ਆਏ। ਇਧਰ ਆਨੰਦਪੁਰ ਸਾਹਿਬ ਨੂੰ ਘੇਰਾ ਪੈ ਗਿਆ ਤਾਂ ਗੁਰੂ ਜੀ ਨੇ ਕਿਲ੍ਹਾ ਖਾਲੀ ਕਰ ਦਿੱਤਾ। ਬਾਬਾ ਦੀਪ ਸਿੰਘ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲੇ ਅਤੇ ਆਨੰਦਪੁਰ ਸਾਹਿਬ ਦੇ ਸਮੇਂ ਨਾਲ ਨਾ ਰਹਿਣ ਦੀ ਮੁਆਫ਼ੀ ਮੰਗੀ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਗਲ ਨਾਲ ਲਾਇਆ ਅਤੇ ਕਿਹਾ, 'ਆਪ ਦੇ ਹਿੱਸੇ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਅਜੇ ਬਾਕੀ ਹਨ, ਜੋ ਤੁਸੀਂ ਪੂਰੀਆਂ ਕਰਨੀਆਂ ਹਨ।'

ਧੀਰਮੱਲੀਏ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਆਦਿ ਬੀੜ ਦੇਣ ਤੋਂ ਮੁੱਕਰ ਗਏ ਤਾਂ ਗੁਰੂ ਸਾਹਿਬ ਨੇ ਭਾਈ ਮਨੀ ਸਿੰਘ ਅਤੇ ਬਾਬਾ ਦੀਪ ਸਿੰਘ ਨੂੰ ਸੇਵਾ ਸੌਂਪ ਕੇ ਬੀੜ ਤਿਆਰ ਕਰਵਾਈ ਅਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ਼ਾਮਲ ਕੀਤੀ। ਬਾਬਾ ਜੀ ਨੇ ਉਸ ਬੀੜ ਦਾ ਪਾਠ ਸਿੱਖਾਂ ਨੂੰ ਅਰਥਾਂ ਸਮੇਤ ਪੜ੍ਹਾਇਆ। ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਤੋਂ ਦੱਖਣ ਨੂੰ ਜਾਣ ਲੱਗੇ ਤਾਂ ਉਨ੍ਹਾਂ ਨੇ ਭਾਈ ਮਨੀ ਸਿੰਘ ਨੂੰ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੀ ਸੇਵਾ-ਸੰਭਾਲ ਲਈ ਭੇਜ ਦਿੱਤਾ ਅਤੇ ਬਾਬਾ ਦੀਪ ਸਿੰਘ ਤਲਵੰਡੀ ਸਾਬੋ ਵਿਖੇ ਰਹਿ ਕੇ ਗੁਰਬਾਣੀ ਲਿਖਵਾਉਣ ਅਤੇ ਪੜ੍ਹਾਉਣ ਦੀ ਸੇਵਾ ਕਰਨ ਲੱਗੇ।

1748 ਨੂੰ ਵਿਸਾਖੀ ਵਾਲੇ ਦਿਨ ਦਲ ਖਾਲਸਾ ਦੇ 65 ਜਥਿਆਂ ਨੂੰ 12 ਮਿਸਲਾਂ ਵਿਚ ਪੁਨਰਗਠਿਤ ਕੀਤਾ ਗਿਆ ਤੇ ਉਨ੍ਹਾਂ 12 ਮਿਸਲਾਂ 'ਚੋਂ ਬਾਬਾ ਦੀਪ ਸਿੰਘ ਜੀ ਨੂੰ 'ਸ਼ਹੀਦ ਮਿਸਲ' ਦਾ ਮੁਖੀ ਥਾਪਿਆ ਗਿਆ। ਇਸ ਤੋਂ ਪਹਿਲਾਂ ਜਦੋਂ 1746 ਈਸਵੀ ਵਿੱਚ ਯਹੀਆ ਖਾਨ ਨੇ ਦੀਵਾਨ ਲਖਪਤ ਰਾਏ ਦੀ ਅਗਵਾਈ ਵਿੱਚ ਸਿੱਖਾਂ ਵਿਰੁੱਧ ਮੁਹਿੰਮ ਸ਼ੁਰੂ ਕੀਤੀ ਸੀ ਤਾਂ ਉਹ ਉਸ ਸਮੇਂ ਆਪਣੀ ਫੌਜੀ ਟੁਕੜੀ ਲੈ ਕੇ ਤਲਵੰਡੀ ਸਾਬੋ ਅਤੇ ਕਾਨੂੰਵਾਲ ਦੇ ਜੰਗਲਾਂ ਵਿੱਚ ਲੜਨ ਲਈ ਪਹੁੰਚੇ ਸਨ। ਇਸ ਲੜਾਈ ਨੂੰ ਛੋਟਾ ਘੱਲੂਘਾਰਾ ਕਿਹਾ ਜਾਂਦਾ ਹੈ।

1756 ਈਸਵੀ ਵਿੱਚ ਅਹਿਮਦ ਸ਼ਾਹ ਅਬਦਾਲੀ ਨੇ ਭਾਰਤ 'ਤੇ ਚੌਥਾ ਹਮਲਾ ਕੀਤਾ। ਜਦੋਂ ਉਹ ਇੱਥੇ ਲੁੱਟ ਕਰ ਕੇ ਕਾਬਲ ਪਰਤ ਰਿਹਾ ਸੀ ਤਾਂ ਬਾਬਾ ਦੀਪ ਸਿੰਘ ਦੀ 'ਸ਼ਹੀਦ ਮਿਸਲ' ਨੇ ਕੁਰੂਕਸ਼ੇਤਰ ਦੇ ਕੋਲ ਪਿਪਲੀ ਅਤੇ ਮਾਰਕੰਡੇ ਦੇ ਦਰਿਆ ਤੋਂ ਲਗਭਗ ਤਿੰਨ ਸੌ ਔਰਤਾਂ ਦੇ ਨਾਲ ਨਾਲ ਬਹੁਤ ਸਾਰਾ ਕੀਮਤੀ ਸਮਾਨ ਵਾਪਸ ਕਰਵਾਇਆ। ਇਸ ਦਾ ਬਦਲਾ ਲੈਣ ਲਈ ਅਹਿਮਦ ਸ਼ਾਹ ਅਬਦਾਲੀ ਨੇ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਲਾਹੌਰ ਦਾ ਗਵਰਨਰ ਨਿਯੁਕਤ ਕਰ ਕੇ ਸਿੱਖਾਂ ਨੂੰ ਖ਼ਤਮ ਕਰਨ ਅਤੇ ਗੁਰਦੁਆਰਿਆਂ ਨੂੰ ਢਾਹੁਣ ਦਾ ਕੰਮ ਸ਼ੁਰੂ ਕਰ ਦਿੱਤਾ। ਇਸ ਬਾਰੇ ਪਤਾ ਲੱਗਣ 'ਤੇ ਬਾਬਾ ਦੀਪ ਸਿੰਘ ਨੇ ਤੈਮੂਰ ਸ਼ਾਹ ਨਾਲ ਦੋ ਹੱਥ ਕਰਨ ਦਾ ਫ਼ੈਸਲਾ ਕਰ ਲਿਆ।

ਬਾਬਾ ਜੀ ਦਮਦਮਾ ਸਾਹਿਬ ਤੋਂ 500 ਸਿੰਘਾਂ ਦਾ ਜਥਾ ਲੈ ਕੇ ਅੰਮ੍ਰਿਤਸਰ ਸਾਹਿਬ ਵੱਲ ਤੁਰ ਪਏ। ਅੰਮ੍ਰਿਤਸਰ ਤਕ ਆਉਂਦਿਆਂ ਇਹ ਜਥਾ ਪੰਜ ਹਜ਼ਾਰ ਸਿੰਘਾਂ ਦਾ ਹੋ ਗਿਆ। ਤਰਨ ਤਾਰਨ ਤੋਂ ਥੋੜੀ ਦੂਰ ਆ ਕੇ ਉਨ੍ਹਾਂ ਆਪਣੀ ਤਲਵਾਰ ਨਾਲ ਜ਼ਮੀਨ 'ਤੇ ਲਕੀਰ ਖਿੱਚੀ ਅਤੇ ਕਿਹਾ ਕਿ ਜਿਹੜੇ ਸਿੰਘ ਕੁਰਬਾਨੀਆਂ ਲਈ ਤਿਆਰ ਹਨ, ਉਹ ਇਹ ਲਕੀਰ ਟੱਪ ਕੇ ਉਨ੍ਹਾਂ ਵੱਲ ਆ ਜਾਣ ਅਤੇ ਜਿਨ੍ਹਾਂ ਨੇ ਘਰ ਜਾਣਾ ਹੈ, ਉਹ ਦੂਜੇ ਪਾਸੇ ਹੀ ਰਹਿਣ। ਇਸ ਦੌਰਾਨ ਕਾਫੀ ਸਿੰਘ ਬਾਬਾ ਜੀ ਨਾਲ ਤੁਰੇ।

ਲਾਹੌਰ ਦਰਬਾਰ ਵਿੱਚ ਜਦੋਂ ਪਤਾ ਲੱਗਾ ਤਾਂ ਜਹਾਨ ਖਾਨ ਨੇ ਘਬਰਾ ਕੇ ਇਸ ਲੜਾਈ ਨੂੰ 'ਇਸਲਾਮ ਖਤਰੇ ਵਿੱਚ ਹੈ' ਕਹਿ ਕੇ 20 ਹਜ਼ਾਰ ਫ਼ੌਜੀਆਂ ਨਾਲ ਅੰਮ੍ਰਿਤਸਰ ਵੱਲ ਕੂਚ ਕਰ ਦਿੱਤਾ। ਸਿੰਘ ਇਸ ਵੇਲੇ ਆਰ-ਪਾਰ ਦੀ ਲੜਾਈ ਲਈ ਤੁਲੇ ਹੋਏ ਸਨ। ਬਾਬਾ ਦੀਪ ਸਿੰਘ ਅਤੇ ਬਾਕੀ ਸਿੱਖ ਅਜਿਹੀ ਬਹਾਦਰੀ ਨਾਲ ਜੰਗ ਦੇ ਮੈਦਾਨ ਵਿੱਚ ਨਿੱਤਰੇ ਕਿ ਜਹਾਨ ਖਾਨ ਦੀ ਫੌਜ ਵਿੱਚ ਭਾਜੜ ਮਚ ਗਈ। ਦੂਜੇ ਪਾਸੇ ਜਹਾਨ ਖਾਨ ਦਾ ਨਾਇਬ ਫ਼ੌਜੀ ਜਮਾਲ ਸ਼ਾਹ ਅੱਗੇ ਵਧਿਆ ਅਤੇ ਬਾਬਾ ਜੀ ਨੂੰ ਲਲਕਾਰਨ ਲਗਾ। ਦੋਹਾਂ ਵਿੱਚ ਘਮਾਸਾਨ ਲੜਾਈ ਹੋਈ। ਉਸ ਸਮੇਂ ਬਾਬਾ ਦੀਪ ਸਿੰਘ ਜੀ ਦੀ ਉਮਰ 75 ਸਾਲ ਦੀ ਸੀ, ਜਦੋਂ ਕਿ ਜਮਾਲ ਸ਼ਾਹ ਦੀ ਉਮਰ ਲਗਭਗ 40 ਸਾਲ ਸੀ। ਬਾਬਾ ਜੀ ਨੇ ਪੈਂਤਰਾ ਬਦਲ ਕੇ ਇੱਕ ਖੰਡੇ ਦਾ ਵਾਰ ਜਮਾਲ ਸ਼ਾਹ ਦੀ ਗਰਦਨ 'ਤੇ ਕੀਤਾ ਪਰ ਇਸ ਦੌਰਾਨ ਜਮਾਲ ਸ਼ਾਹ ਨੇ ਬਾਬਾ ਜੀ 'ਤੇ ਵੀ ਪੂਰੇ ਜੋਸ਼ ਨਾਲ ਤਲਵਾਰ ਦਾ ਵਾਰ ਕਰ ਦਿੱਤਾ, ਜਿਸ ਕਾਰਨ ਦੋਹਾਂ ਦੀਆਂ ਗਰਦਨਾਂ ਇੱਕੋ ਵੇਲੇ ਜ਼ਮੀਨ 'ਤੇ ਡਿੱਗ ਪਈਆਂ। ਉਦੋਂ ਕੋਲ ਖੜ੍ਹੇ ਬਾਬਾ ਦਿਆਲ ਸਿੰਘ ਨੇ ਬਾਬਾ ਜੀ ਨੂੰ ਕਿਹਾ, 'ਖਾਲਸਾ ਜੀ ਤੁਸੀਂ ਤਾਂ ਕਿਹਾ ਸੀ ਕਿ ਮੈਂ ਆਪਣਾ ਸਿਰ ਗੁਰੂ ਰਾਮਦਾਸ ਜੀ ਦੇ ਚਰਨਾਂ ਵਿੱਚ ਭੇਟ ਕਰਾਂਗਾ। ਤੁਸੀ ਤਾਂ ਇੱਥੇ ਰਸਤੇ ਵਿੱਚ ਸਰੀਰ ਤਿਆਗ ਰਹੇ ਹੋ ?' ਉਸੇ ਵੇਲੇ ਬਾਬਾ ਜੀ ਉਠ ਖੜ੍ਹੇ ਹੋਏ ਅਤੇ ਆਪਣਾ ਖੰਡਾ ਅਤੇ ਕੱਟਿਆ ਹੋਇਆ ਸੀਸ ਹਥੇਲੀ 'ਤੇ ਚੁੱਕ ਕੇ ਦਰਬਾਰ ਸਾਹਿਬ ਵੱਲ ਚਾਲੇ ਪਾ ਦਿੱਤੇ। ਇਸ ਢੰਗ ਨਾਲ ਰਣਭੂਮੀ ਵਿੱਚ ਜੂਝਦੇ ਹੋਏ ਵੇਖ ਕੇ ਦੁਸ਼ਮਣ ਫ਼ੌਜਾਂ ਵਿੱਚ ਭਗਦੜ ਮਚ ਗਈ।

ਆਪਣੇ ਦੋਧਾਰੀ 18 ਸੇਰ ਦੇ ਖੰਡੇ ਨਾਲ ਦੁਸ਼ਮਣ ਫੌਜ ਨਾਲ ਲੜਦੇ ਹੋਏ ਬਾਬਾ ਜੀ ਅੰਤ ਦਰਬਾਰ ਸਾਹਿਬ ਪਹੁੰਚ ਗਏ। ਪਰਿਕਰਮਾ ਵਿੱਚ ਜਾ ਕੇ ਗੁਰੂਘਰ ਨੂੰ ਨਮਸਕਾਰ ਕੀਤਾ ਅਤੇ ਉਥੇ ਹੀ ਉਹ 13 ਨਵੰਬਰ 1757 ਨੂੰ ਸ਼ਹੀਦੀ ਪ੍ਰਾਪਤ ਕਰ ਗਏ।




### ਪੌਣ-ਪਾਣੀ ਤੇ ਹਵਾ ਨੂੰ ਪਲੀਤ ਕਰਕੇ ਆਪਣੇ ਪੈਰਾਂ 'ਤੇ ਆਪ ਕੁਹਾੜਾ ਮਾਰ ਰਿਹੈ ਮਨੁੱਖ

# ਕੀਟਨਾਸ਼ਕ: ਧੀਮੀ ਮੌਤ ਦੇ ਸਿਰਜਕ



**ਗੁਰਚਰਨ ਸਿੰਘ ਨੂਰਪੁਰ**

ਅਸੀਂ ਸਾਰੇ ਅੱਜ ਧੀਮੀ ਮੌਤ ਅਤੇ ਬਿਮਾਰੀਆਂ ਦੇ ਪ੍ਰਭਾਵ ਹੇਠ ਜਿਉਂ ਰਹੇ ਹਾਂ। ਹੁਣ ਅਸੀਂ ਜਦੋਂ ਵੀ ਆਪਣੇ ਆਹਾਰ ਲਈ ਬਾਜ਼ਾਰ 'ਚੋਂ ਕੁਝ ਖ਼ਰੀਦਣ ਜਾਂਦੇ ਹਾਂ ਤਾਂ ਕੁੱਝ ਕੁ ਮਾਤਰਾ ਜ਼ਹਿਰ ਦੀ ਵੀ ਖ਼ਰੀਦ ਕੇ ਲਿਆਂਉਂਦੇ ਹਾਂ। ਅਸੀਂ ਇਹ ਜਾਣਦੇ ਤੇ ਸਮਝਦੇ ਹਾਂ, ਪਰ ਇਹ ਸਭ ਕੁਝ ਸਾਨੂੰ ਪਰੇਸ਼ਾਨ ਨਹੀਂ ਕਰਦਾ ਜਿਵੇਂ ਇਸ ਸਭ ਕੁੱਝ ਨੂੰ ਅਸੀਂ ਆਤਮਸਾਤ ਕਰ ਲਿਆ ਹੈ। ਹਰ ਸਾਲ ਹਜ਼ਾਰਾਂ ਟਨ ਸਪਰੇਅ ਕੀਟਾਂ ਨੂੰ ਮਾਰਨ ਲਈ ਫ਼ਸਲਾਂ, ਅਨਾਜਾਂ ਅਤੇ ਫ਼ਲਾਂ 'ਤੇ ਕੀਤੀ ਜਾਂਦੀ ਹੈ। ਜ਼ਹਿਰਾਂ ਦੇ ਛਿੜਕਾਅ ਲਈ ਛੋਟੀਆਂ ਹੱਥ ਨਾਲ ਚੱਲਣ ਵਾਲੀਆਂ ਮਸ਼ੀਨਾਂ ਦਾ ਯੁੱਗ ਬੀਤ ਰਿਹਾ ਹੈ। ਹੁਣ ਦਵਾਈਆਂ ਦੇ ਛਿੜਕਾਅ ਲਈ ਹੈਲੀਕਾਪਟਰਾਂ ਦੀ ਵਰਤੋਂ ਹੋਣ ਲੱਗੀ ਹੈ।

ਭਾਰਤ ਵਿੱਚ ਹੀ ਨਹੀਂ ਦੁਨੀਆ ਦੇ ਵਿਕਸਤ ਦੇਸ਼ਾਂ ਵਿੱਚ ਵੀ ਕੀਟਨਾਸ਼ਕਾਂ ਦੇ ਬੁਰੇ ਪ੍ਰਭਾਵਾਂ ਨੂੰ ਪ੍ਰਤੱਖ ਦੇਖਿਆ ਜਾ ਸਕਦਾ ਹੈ। ਅਨਾਜ, ਫ਼ਲ, ਸਬਜ਼ੀਆਂ ਭਵਿੱਖ ਵਿੱਚ ਅਮੀਰਾਂ ਲਈ ਹੋਰ ਤੇ ਗ਼ਰੀਬਾਂ ਲਈ ਹੋਰ ਹੋਣਗੇ। ਪੂਰੀ ਦੁਨੀਆ ਵਿੱਚ ਜੇਕਰ ਕੀਟਨਾਸ਼ਕ ਬਣਾਉਣ ਦਾ ਸਾਰਾ ਕਾਰੋਬਾਰ ਬੰਦ ਹੋ ਜਾਵੇ ਤਾਂ ਵੀ ਇਹ ਧਰਤੀ ਮਨੁੱਖ ਸਮੇਤ ਸਭ ਜੀਵਾਂ ਲਈ ਢੁੱਕਵੀਂ ਖੁਰਾਕ ਪੈਦਾ ਕਰਨ ਦੇ ਸਮਰੱਥ ਹੈ। ਵਿਕਸਤ ਦੇਸ਼ਾਂ ਸਮੇਤ ਦੁਨੀਆ ਦੇ ਹੋਰ ਮੁਲਕਾਂ ਵਿੱਚ ਵੀ ਜ਼ਹਿਰਾਂ ਦੀ ਖਪਤ ਦਾ ਵਰਤਾਰਾ ਆਮ ਕਿਉਂ ਹੋ ਗਿਆ ਹੈ? ਸਾਨੂੰ ਸਮਝਣਾ ਹੋਵੇਗਾ ਕਿ ਇਸ ਪਿੱਛੇ ਖ਼ਾਸ ਕਾਰਨ ਕੀ ਹਨ?

ਸੰਨ 1962 ਵਿੱਚ ਅਮਰੀਕੀ ਲੇਖਕਾ ਤੇ ਵਿਗਿਆਨੀ ਰਿਚਲ ਕਾਰਸਨ ਦੀ ਕਿਤਾਬ ਆਈ 'ਸਾਇਲੈਂਟ ਸਪਰਿੰਗ'। ਸਾਇਲੈਂਟ ਸਪਰਿੰਗ ਦਾ ਅਰਥ ਇਹ ਲਿਆ ਜਾਂਦਾ ਹੈ ਕਿ ਭਵਿੱਖ ਵਿੱਚ ਬਸੰਤ ਤਾਂ ਹੋਵੇਗੀ, ਪਰ ਇਹ ਖਾਮੋਸ਼ ਹੋਵੇਗੀ। ਬਹਾਰ ਹੋਵੇਗੀ, ਪਰ ਚਿੜੀਆਂ ਨਹੀਂ ਗਾਉਣਗੀਆਂ। ਇਸ ਕਿਤਾਬ ਨਾਲ ਪੂਰੀ ਦੁਨੀਆਂ ਵਿੱਚ ਤਹਿਲਕਾ ਮੱਚ ਗਿਆ। ਦੂਜੇ ਵਿਸ਼ਵ ਯੁੱਧ ਦੌਰਾਨ ਡੀ.ਡੀ.ਟੀ. ਅਤੇ ਹੋਰ ਕੀਟਨਾਸ਼ਕ ਵਰਤੋਂ ਵਿੱਚ ਲਿਆਂਦੇ ਗਏ। ਦੂਜੇ ਵਿਸ਼ਵ ਯੁੱਧ ਵਿੱਚ ਲੜਾਕੇ ਜਿੱਥੇ ਦੂਰ ਦੁਰਾਡੇ ਜੰਗਲੀ ਇਲਾਕਿਆਂ ਵਿੱਚ ਤੰਬੂ ਲਾ ਕੇ ਰਹਿੰਦੇ ਸਨ ਜਾਂ ਹੋਰ ਯੁੱਧ ਲੜਨ ਵਾਲੀਆਂ ਕਠਿਨ ਥਾਵਾਂ 'ਤੇ ਜਾਂਦੇ ਸਨ, ਉੱਥੇ ਉਹ ਮੱਛਰਾਂ, ਮੱਖੀਆਂ ਅਤੇ ਛੋਟੇ ਕੀੜੇ-ਮਕੌੜਿਆਂ ਨੂੰ ਮਾਰਨ ਲਈ ਇਨ੍ਹਾਂ ਕੈਮੀਕਲਾਂ ਦੀ ਵਰਤੋਂ ਕਰਦੇ ਸਨ। ਸੰਨ 1945 ਵਿੱਚ ਯੁੱਧ ਖ਼ਤਮ ਹੋ ਗਿਆ ਤੇ ਇਹ ਵੱਡੀ ਕੈਮੀਕਲ ਇੰਡਸਟਰੀ ਅਤੇ ਇਸ ਦੀ ਪੈਦਾਵਾਰ ਪੂਰੀ ਤਰ੍ਹਾਂ ਬੇਲੋੜੀ ਹੋ ਗਈ। ਅਮਰੀਕਾ ਦੇ ਨੀਤੀ ਘਾੜਿਆਂ ਨੇ ਸੋਚਿਆ ਕਿ ਇੰਨਾ ਵੱਡਾ ਸਰਮਾਇਆ ਲਾ ਕੇ ਇਹ ਇੰਡਸਟਰੀ ਖੜ੍ਹੀ ਕੀਤੀ ਹੈ, ਇਹ ਸਭ ਕੁਝ ਬਰਬਾਦ ਹੋ ਜਾਵੇਗਾ ਤਾਂ ਬੜੀ ਘਾਟੇ ਵਾਲੀ ਗੱਲ ਹੋਵੇਗੀ। ਸੋਚ ਵਿਚਾਰ ਮਗਰੋਂ ਮੁਨਾਫੇ ਦੀ ਹਵਸ ਨੇ ਇਸ ਨੂੰ ਰੋਜ਼ਾਨਾ ਜੀਵਨ ਦੀ ਲੋੜ ਬਣਾਉਣ ਦੀ ਖ਼ਤਰਨਾਕ ਖੇਡ ਖੇਡਣੀ ਸ਼ੁਰੂ ਕੀਤੀ। ਇਨ੍ਹਾਂ ਫੈਕਟਰੀਆਂ ਵਿੱਚ ਬਣਦੇ ਕੈਮੀਕਲਾਂ ਦੀ ਵਰਤੋਂ ਖੇਤਾਂ ਵਿਚਲੇ ਕੀਟ-ਪਤੰਗੇ ਅਤੇ ਕੀੜੇ-ਮਕੌੜਿਆਂ ਨੂੰ ਮਾਰਨ ਲਈ ਕੀਤੀ ਜਾਣ ਲੱਗੀ। ਕੁੱਝ ਹੀ ਸਾਲਾਂ ਵਿੱਚ ਇਹ ਪਹਿਲਾਂ ਨਾਲੋਂ ਹਜ਼ਾਰ ਗੁਣਾਂ ਇੱਕ ਵੱਡੀ ਸਨਅਤ ਬਣ ਗਈ। ਪੂਰੀ ਦੁਨੀਆਂ ਵਿੱਚ ਇਸ ਦਾ ਵੱਡੀ ਪੱਧਰ 'ਤੇ ਪ੍ਰਚਾਰ ਕੀਤਾ ਗਿਆ। ਪ੍ਰਚਾਰ ਇਹ ਵੀ ਕੀਤਾ ਗਿਆ ਕਿ ਇਨ੍ਹਾਂ ਕੈਮੀਕਲ ਸਪਰੇਆਂ ਨਾਲ ਫ਼ਸਲਾਂ ਦੀ ਪੈਦਾਵਾਰ ਵਧ ਰਹੀ ਹੈ। ਇਹ ਪ੍ਰਚਾਰ ਵੀ ਕੀਤਾ ਗਿਆ ਕਿ ਇਸ ਦਾ ਤੁਰੰਤ ਫਾਇਦਾ ਮਿਲ ਰਿਹਾ ਹੈ। ਇਸ ਦਾ ਨਤੀਜਾ ਇਹ ਹੋਇਆ ਕਿ ਅਨਾਜ ਪੈਦਾ ਕਰਨ ਵਾਲੀ ਜੋ ਮਿੱਟੀ ਸੀ, ਉਹ ਜ਼ਹਿਰੀਲੀ ਹੋ ਗਈ। ਸਾਡੀ ਭੋਜਨ ਲੜੀ ਪੂਰੀ ਤਰ੍ਹਾਂ ਗੜਬੜਾ ਗਈ। ਪੈਦਾਵਾਰ ਕੁੱਝ ਹੱਦ ਤੱਕ ਵਧ ਵੀ ਗਈ, ਪਰ ਭੋਜਨ ਲੜੀ ਵਿੱਚ ਜ਼ਹਿਰਾਂ ਦਾ ਪ੍ਰਵੇਸ਼ ਹੋ ਗਿਆ। ਰਿਚਲ ਨੇ ਆਪਣੀ ਕਿਤਾਬ ਵਿੱਚ ਪੂਰੀ ਦੁਨੀਆ ਨੂੰ ਦੱਸਿਆ ਕਿ ਕੈਮੀਕਲ ਜ਼ਹਿਰਾਂ ਦੀ ਪੈਦਾਵਾਰ ਕਰਕੇ ਅਸੀਂ ਸਾਰੇ ਇੱਕ ਧੀਮੀ ਮੌਤ ਵੱਲ ਵਧ ਰਹੇ ਹਾਂ। ਇਹ ਧਰਤੀ ਦੇ ਜੀਵਨ ਲਈ ਖ਼ਤਰਨਾਕ ਹੈ। ਇਹ ਕਿਤਾਬ ਜੋ ਅੱਜ ਦੇ ਸਮੇਂ ਵਿੱਚ ਪਹਿਲਾਂ ਨਾਲੋਂ ਵਧੇਰੇ ਸਾਰਥਕ ਹੈ, ਦੇ ਛਪਣ ਮਗਰੋਂ ਰਿਚਲ ਨੂੰ ਕੈਮੀਕਲ ਇੰਡਸਟਰੀ ਵੱਲੋਂ ਮੌਤ ਦੀਆਂ ਧਮਕੀਆਂ ਮਿਲਣ ਲੱਗੀਆਂ। ਉਹਨੂੰ ਇਹ ਵੀ ਕਿਹਾ ਗਿਆ ਕਿ ਉਹ ਇੱਕ ਪਾਗਲ ਔਰਤ ਹੈ। ਉਸ ਸਮੇਂ ਦੇ ਰਾਸ਼ਟਰਪਤੀ ਜੌਹਨ ਕਨੇਡੀ ਨੇ ਖ਼ੁਦ ਉਹ ਕਿਤਾਬ ਪੜ੍ਹੀ। ਇਸ ਕਿਤਾਬ ਨੇ ਕਰੋੜਾਂ ਲੋਕਾਂ ਦੀ ਸੋਚ ਬਦਲੀ। ਅਮਰੀਕਾ ਅਤੇ ਯੂਰਪ ਵਿੱਚ ਇਸ ਸਮੇਂ ਜੋ ਵਾਤਾਵਰਨ ਦਾ ਚਿੰਤਨ ਸ਼ੁਰੂ ਹੋਇਆ ਉਹਦਾ ਸਰੋਤ ਰਿਚਲ ਕਾਰਸਨ ਦੀ ਇਹੋ ਕਿਤਾਬ ਹੈ। ਪ੍ਰਦੂਸ਼ਣ ਦੇ ਮਾਰੂ ਪ੍ਰਭਾਵ ਹੌਲੀ ਹੌਲੀ ਜਨ ਜੀਵਨ 'ਤੇ ਅਸਰ ਕਰਦੇ ਹਨ ਅਤੇ ਇਹ ਇੱਕ ਖਿੱਤੇ ਤੋਂ ਹੋਰ ਅਗਾਂਹ ਫੈਲਣ ਲੱਗਦੇ ਹਨ।

ਕੀਟਨਾਸ਼ਕਾਂ ਦੀ ਅੰਨ੍ਹੀ ਵਰਤੋਂ ਦਾ ਨਤੀਜਾ ਇਹ ਹੈ ਕਿ ਇਹ ਹੁਣ ਸਾਡੀ ਭੋਜਨ ਲੜੀ, ਮਨੁੱਖ ਅਤੇ ਹੋਰ ਜੀਵ ਜੰਤੂਆਂ, ਜਲਜੀਵਾਂ ਇੱਥੋਂ ਤੱਕ ਕਿ ਮਾਂ ਦੇ ਦੁੱਧ ਵਿੱਚ ਵੀ ਸ਼ਾਮਲ ਹੋ ਚੁੱਕੇ ਹਨ। ਕੀਟਨਾਸ਼ਕਾਂ ਦੀ ਅੰਨ੍ਹੀ ਵਰਤੋਂ ਬੱਚਿਆਂ ਦੇ ਦਿਮਾਗ਼ ਅਤੇ ਸਰੀਰ 'ਤੇ ਵੱਖਰੀ ਵੱਖਰੀ ਤਰ੍ਹਾਂ ਦੇ ਪ੍ਰਭਾਵ ਪਾ ਰਹੇ ਹਨ। ਅੱਜ ਦੇ ਦੌਰ ਵਿੱਚ ਫ਼ਲ, ਸਬਜ਼ੀਆਂ ਅਤੇ ਅਨਾਜ ਜੋ ਵੀ ਅਸੀਂ ਖਾ ਰਹੇ ਹਾਂ, ਉਸ ਵਿੱਚ ਕੀਟਨਾਸ਼ਕਾਂ ਦੇ ਕੁੱਝ ਨਾ ਕੁੱਝ ਅੰਸ਼ ਜ਼ਰੂਰ ਹੁੰਦੇ ਹਨ। ਇਹ ਕੀਟਨਾਸ਼ਕ ਹੌਲੀ ਹੌਲੀ ਸਾਡੇ ਸਰੀਰ ਵਿੱਚ ਜਮਾਂ ਹੁੰਦੇ ਹਨ ਅਤੇ ਮਗਰੋਂ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਪੈਦਾ ਕਰਦੇ ਹਨ। ਕੀਟਨਾਸ਼ਕਾਂ ਨੂੰ ਛੂਹਣ, ਸੁੰਘਣ ਨਾਲ ਵੀ ਸਾਡੇ ਸਰੀਰ ਦੀ ਕੇਂਦਰੀ ਤੰਤਰ ਪ੍ਰਣਾਲੀ (ਸੈਂਟਰਲ ਨਰਵਸ ਸਿਸਟਮ) 'ਤੇ ਬੁਰੇ ਪ੍ਰਭਾਵ ਪੈਂਦੇ ਹਨ। ਇਸ ਨਾਲ ਸਰੀਰ ਦੇ ਮਹੱਤਵਪੂਰਨ ਅੰਗ ਜਿਵੇਂ ਫੇਫੜੇ, ਗੁਰਦੇ, ਦਿਲ, ਲਿਵਰ ਸਬੰਧੀ ਬਿਮਾਰੀਆਂ ਪੈਦਾ ਹੋਣ ਲੱਗਦੀਆਂ ਹਨ। ਇਸ ਨਾਲ ਕਈ ਤਰ੍ਹਾਂ ਦੇ ਕੈਂਸਰ ਵੀ ਪੈਦਾ ਹੋਣ ਲੱਗਦੇ ਹਨ। ਇੱਥੋਂ ਤੱਕ ਛੋਟੇ ਬੱਚਿਆਂ ਨੂੰ ਕੈਂਸਰ ਅਤੇ ਚਮੜੀ ਸਬੰਧੀ ਬਿਮਾਰੀਆਂ ਹੋਣ ਲੱਗਦੀਆਂ ਹਨ। ਪਿਛਲੇ ਕੁੱਝ ਦਹਾਕਿਆਂ ਤੋਂ ਕੀਟਨਾਸ਼ਕਾਂ ਦੀ ਵਰਤੋਂ ਕਈ ਗੁਣਾ ਵਧ ਗਈ ਹੈ। ਕੀਟਨਾਸ਼ਕਾਂ ਦੀ ਅੰਨ੍ਹੀਂ ਵਰਤੋਂ ਨੇ ਧਰਤੀ ਦੇ ਨਾਜ਼ੁਕ ਤਾਣੇ ਬਾਣੇ ਨੂੰ ਤਹਿਸ ਨਹਿਸ ਕਰਕੇ ਰੱਖ ਦਿੱਤਾ ਹੈ। ਇਸ ਨਾਲ ਕੀਟ ਪਤੰਗੇ ਫ਼ਸਲਾਂ ਲਈ ਸਹਿਯੋਗੀ ਛੋਟੇ ਜੀਵ ਹੀ ਪ੍ਰਭਾਵਿਤ ਨਹੀਂ ਹੋਏ ਬਲਕਿ ਪਸ਼ੂ-ਪੰਛੀ ਅਤੇ ਜਲ ਜੀਵ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਇੱਕ ਬਾਰੀਕ ਗੱਲ ਜਿਸ ਨੂੰ ਸਮਝਿਆ ਨਹੀਂ ਜਾ ਰਿਹਾ, ਉਹ ਇਹ ਹੈ ਕਿ ਪਰਾਗਣ ਕਰਨ ਵਾਲੇ ਜੀਵ ਜਿਵੇਂ ਮਧੂ ਮੱਖੀਆਂ ਅਤੇ ਤਿਤਲੀਆਂ ਕੀਟਨਾਸ਼ਕਾਂ ਦੀ ਅੰਨ੍ਹੀਂ ਵਰਤੋਂ ਨਾਲ ਵੱਡੀ ਗਿਣਤੀ ਵਿੱਚ ਮਰ ਜਾਂਦੇ ਹਨ। ਇਸ ਨਾਲ ਫ਼ਸਲਾਂ ਅਤੇ ਫ਼ਲਾਂ ਦੇ ਉਤਪਾਦਨ 'ਤੇ ਉਲਟਾ ਪ੍ਰਭਾਵ ਵੀ ਪੈਂਦਾ ਹੈ। ਦੂਜੀ ਸਮਝਣ ਵਾਲੀ ਗੱਲ ਇਹ ਹੈ ਕਿ ਖ਼ਤਰਨਾਕ ਕੀਟਨਾਸ਼ਕਾਂ ਦੇ ਛਿੜਕਾਅ ਦੇ ਬਾਵਜੂਦ ਕੁੱਝ ਕੀਟ ਪਤੰਗੇ ਕੁੱਝ ਵਿਸ਼ੇਸ਼ ਕਾਰਨਾਂ ਕਰਕੇ ਬਚੇ ਰਹਿ ਜਾਂਦੇ ਹਨ ਅਤੇ ਇਹ ਆਪਣੀ ਅਗਲੀ ਨਸਲ ਵਿੱਚ ਪ੍ਰਤੀਰੋਧਕ ਸ਼ਕਤੀ ਪੈਦਾ ਕਰ ਲੈਂਦੇ ਹਨ ਅਤੇ ਇਨ੍ਹਾਂ 'ਤੇ ਕੀਟਨਾਸ਼ਕ ਬੇਅਸਰ ਹੋਣ ਲੱਗਦੇ ਹਨ। ਕੀਟਨਾਸ਼ਕਾਂ ਦੇ ਹਵਾ ਵਿੱਚ ਮਿਲਦੇ ਅੰਸ਼ ਧਰਤੀ ਉੱਪਰਲੇ ਜੀਵਨ ਨੂੰ ਧੀਮੀ ਮੌਤ ਬਣ ਕੇ ਬੜੀ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਹੇ ਹਨ। ਮਿੱਟੀ ਵਿੱਚ ਪਏ ਇਨ੍ਹਾਂ ਦੇ ਅੰਸ਼ ਧਰਤੀ ਹੇਠਲੇ ਪਾਣੀ ਦੇ ਨਾਲ ਬਾਰਸ਼ਾਂ ਦੇ ਪਾਣੀ ਨਾਲ ਨਦੀਆਂ-ਨਾਲਿਆਂ ਵਿੱਚ ਜਾ ਮਿਲਦੇ ਹਨ ਅਤੇ ਦਰਿਆਈ ਤੇ ਸਮੁੰਦਰੀ ਪਾਣੀਆਂ ਨੂੰ ਪ੍ਰਭਾਵਿਤ ਕਰ ਰਹੇ ਹਨ। ਪਾਣੀ ਦੇ ਪਲੀਤ ਹੋਣ ਨਾਲ ਮਨੁੱਖ ਸਮੇਤ ਦੂਜੇ ਜੀਅ ਜੰਤੂ ਇਸ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੇ ਹਨ।

ਸੰਨ 2011 ਤੱਕ ਕੇਰਲਾ ਪ੍ਰਦੇਸ਼ ਦੇ ਕਾਸਰਗੋੜ ਨਾਮੀ ਜ਼ਿਲ੍ਹੇ ਵਿੱਚ ਕਾਜੂਆਂ ਦੇ ਬਾਗ਼ਾਂ 'ਤੇ ਇੰਡੋਸਲਫਾਨ ਨਾਮਕ ਦਵਾਈ ਦਾ ਛਿੜਕਾਅ ਵੱਡੀ ਮਾਤਰਾ ਵਿੱਚ ਹੁੰਦਾ ਸੀ। ਇਸ ਦਾ ਨਤੀਜਾ ਇਹ ਹੋਇਆ ਕਿ ਇੱਥੇ ਪੂਰੇ ਇਲਾਕੇ ਵਿੱਚ ਛੋਟੇ ਬੱਚਿਆਂ ਨੂੰ ਅਜੀਬੋ ਗਰੀਬ ਬਿਮਾਰੀਆਂ ਹੋਣ ਲੱਗੀਆਂ। ਬੱਚੇ ਵਿਕਲਾਂਗ ਪੈਦਾ ਹੋਣ ਲੱਗੇ। ਵਿੰਗ ਤੜਿਕੇ ਸਰੀਰਾਂ ਵਾਲੇ ਹੱਥ-ਪੈਰ ਮੁੜੇ ਤੇ ਮੰਦਬੁੱਧੀ ਬੱਚੇ ਪੈਦਾ ਹੋਣ ਲੱਗੇ। ਲੰਮਾਂ ਸਮਾਂ ਬੀਤ ਜਾਣ ਮਗਰੋਂ ਇਹ ਪਤਾ ਚੱਲਿਆ ਕਿ ਇਹ ਇਸ ਵਿਸ਼ੇਸ਼ ਇਲਾਕੇ ਵਿੱਚ ਇਸ ਲਈ ਹੋ ਰਿਹਾ ਹੈ ਕਿਉਂਕਿ ਇੱਥੇ ਇੰਡੋਸਲਫਾਨ ਨਾਮੀ ਜ਼ਹਿਰ ਦੀ ਵੱਡੀ ਮਾਤਰਾ ਵਿੱਚ ਵਰਤੋਂ ਹੋ ਰਹੀ ਹੈ।

ਤਰੱਕੀ ਤੇ ਵਿਕਾਸ ਦੀਆਂ ਮੰਜ਼ਿਲਾਂ ਤੈਅ ਕਰਦਾ ਕਰਦਾ ਮਨੁੱਖ ਅੱਜ ਉਸ ਮੁਕਾਮ 'ਤੇ ਪਹੁੰਚਿਆ ਹੈ ਜਿੱਥੇ ਜੀਵਨ ਦਾ ਵਿਗਸਣਾ, ਮੌਲਣਾ ਤੇ ਤੰਦਰੁਸਤ ਰਹਿਣਾ ਉਹਦੀ ਮੁੱਖ ਤਰਜੀਹ ਨਹੀਂ ਬਲਕਿ ਹਰ ਹਰਬਾ ਵਰਤ ਕੇ ਕਮਾਇਆ ਮੁਨਾਫਾ, ਉਸ ਦੀ ਮੁੱਖ ਤਰਜੀਹ ਬਣ ਗਿਆ ਹੈ। ਮੁਨਾਫੇ ਦੀ ਬੇਲਗਾਮ ਇੱਛਾਂ ਦੀ ਪੂਰਤੀ ਲਈ ਕੁੱਝ ਵੀ ਕੀਤਾ ਜਾ ਸਕਦਾ ਹੈ। ਅਫ਼ਸੋਸ ਦੀ ਗੱਲ ਇਹ ਹੈ ਸਾਡੀਆਂ ਚੁਣੀਆਂ ਹੋਈਆਂ ਸਰਕਾਰਾਂ ਜਿਨ੍ਹਾਂ ਤੋਂ ਅਸੀਂ ਉਮੀਦ ਰੱਖਦੇ ਹਾਂ, ਉਹ ਸਾਡੇ ਸੰਵਿਧਾਨ ਅਨੁਸਾਰ ਸਾਡੀ ਜਾਨ ਮਾਲ ਦਾ ਫਿਕਰ ਕਰਨਗੀਆਂ, ਪਰ ਉਹ ਮੁਨਾਫੇ ਦੀ ਹਵਸ ਨੂੰ ਹਰ ਹੀਲੇ ਬਣਾਈ ਰੱਖਣ ਲਈ ਤਤਪਰ ਹਨ।

(ਬਾਕੀ ਸਫ਼ਾ 31 'ਤੇ)

# ਕੀ ਗਲੋਬਲ ਵਾਰਮਿੰਗ ਕਾਰਨ ਖ਼ਤਮ ਹੋ ਜਾਵੇਗੀ ਦੁਨੀਆਂ?

ਉਦਯੋਗਿਕ ਕ੍ਰਾਂਤੀ ਦੀ ਸ਼ੁਰੂਆਤ ਤੋਂ ਹੀ ਸਾਡੀ ਧਰਤੀ ਤੇਜ਼ੀ ਨਾਲ ਗਰਮ ਹੋ ਰਹੀ ਹੈ। ਧਰਤੀ ਦੀ ਤਪਸ਼ ਵਧਣ ਨਾਲ ਗ੍ਰੀਨਲੈਂਡ ਤੇ ਅੰਟਾਰਕਟਿਕ ਦੀ ਬਰਫ਼ ਤੇਜ਼ੀ ਨਾਲ ਪਿਘਲ ਰਹੀ ਹੈ। ਮੌਸਮ ਨਾਲ ਸਬੰਧਿਤ ਆਫ਼ਤਾਂ ਦੀ ਗਿਣਤੀ ਵਿੱਚ 50 ਸਾਲਾਂ ਵਿੱਚ ਪੰਜ ਗੁਣਾ ਵਾਧਾ ਹੋਇਆ ਹੈ।

ਪਿਛਲੀ ਸਦੀ ਵਿੱਚ ਵਿਸ਼ਵੀ ਪੱਧਰ 'ਤੇ ਸਮੁੰਦਰ ਦਾ ਪੱਧਰ 20 ਸੈਂਟੀਮੀਟਰ (8 ਇੰਚ) ਵਧਿਆ ਹੈ ਅਤੇ ਅਜੇ ਵੀ ਵਧ ਰਿਹਾ ਹੈ।

1800 ਦੇ ਦਹਾਕੇ ਤੋਂ ਸਮੁੰਦਰ ਲਗਭਗ 40% ਜ਼ਿਆਦਾ ਤੇਜ਼ਾਬੀ ਬਣ ਗਏ ਹਨ, ਸਮੁੰਦਰੀ ਜੀਵਨ ਪ੍ਰਭਾਵਿਤ ਹੋ ਰਿਹਾ ਹੈ। 1850 ਤੋਂ ਧਰਤੀ ਦੀ ਸਤ੍ਹਾ 'ਤੇ ਔਸਤ ਤਾਪਮਾਨ ਲਗਭਗ 1.1 ਡਿਗਰੀ ਸੈਲਸੀਅਸ ਵਧਿਆ ਹੈ। ਇਸ ਤੋਂ ਇਲਾਵਾ ਪਿਛਲੇ ਚਾਰ ਦਹਾਕਿਆਂ ਦੌਰਾਨ, ਹਰੇਕ ਦਹਾਕਾ ਪਿਛਲੇ ਦੇ ਮੁਕਾਬਲੇ ਜ਼ਿਆਦਾ ਗਰਮ ਰਿਹਾ ਹੈ। ਇਹ ਸਿੱਟੇ ਦੁਨੀਆਂ ਦੇ ਲੱਖਾਂ ਹਿੱਸਿਆਂ ਵਿੱਚ ਇਕੱਠੇ ਕੀਤੇ ਤਾਪਮਾਨ ਦੇ ਆਂਕੜਿਆਂ ਦੇ ਵਿਸ਼ਲੇਸ਼ਣ ਤੋਂ ਨਿਕਲੇ ਹਨ। ਤਾਪਮਾਨ ਦੀਆਂ ਪੜ੍ਹਤਾਂ ਮੌਸਮ ਸਟੇਸ਼ਨਾਂ ਵੱਲੋਂ ਜ਼ਮੀਨ 'ਤੇ, ਸਮੁੰਦਰੀ ਜਹਾਜ਼ਾਂ 'ਤੇ ਅਤੇ ਉਪਗ੍ਰਹਿਾਂ ਦੁਆਰਾ ਲਈਆਂ ਜਾਂਦੀਆਂ ਹਨ।

ਵਿਗਿਆਨੀਆਂ ਦੀਆਂ ਕਈ ਸੁਤੰਤਰ ਟੀਮਾਂ ਇੱਕੋ ਨਤੀਜੇ 'ਤੇ ਪਹੁੰਚੀਆਂ ਹਨ - ਕਿ ਉਦਯੋਗਿਕ ਯੁੱਗ ਦੀ ਸ਼ੁਰੂਆਤ ਦੇ ਨਾਲ ਤਾਪਮਾਨ ਵਿੱਚ ਵਾਧਾ ਹੋਇਆ ਹੈ। ਅਸੀਂ ਵਿਕਾਸ ਵਲ ਨਹੀਂ ਵਿਨਾਸ਼ ਵਲ ਵਧੇ ਹਾਂ। ਪਦਾਰਥ ਤਰਕੀ ਕੁਦਰਤੀ ਸਰੋਤਾਂ ਦੀ ਤਬਾਹੀ ਦਾ ਕਾਰਨ ਬਣ ਰਹੀ ਹੈ ਜਿਸ ਉੱਪਰ ਜੀਵਨ ਨਿਰਭਰ ਹੈ।

## ਜੇ ਪਾਣੀ ਵਿੱਚ ਘੱਟ ਹੋਈ ਆਕਸੀਜਨ, ਤਾਂ ਜੀਵਨ ਹੋ ਜਾਵੇਗਾ ਤਹਿਸ ਨਹਿਸ



ਦੁਨੀਆਂ ਭਰ ਦੀਆਂ ਸਾਰੀਆਂ ਨਦੀਆਂ, ਨਦੀਆਂ, ਝੀਲਾਂ, ਝਰਨਾਂ ਅਤੇ ਸਮੁੰਦਰਾਂ ਦੇ ਪਾਣੀ ਵਿੱਚ ਘੁਲੀ ਹੋਈ ਆਕਸੀਜਨ ਤੇਜ਼ੀ ਨਾਲ ਘੱਟ ਰਹੀ ਹੈ। ਇਹ ਪੂਰੀ ਦੁਨੀਆਂ ਲਈ ਵੱਡਾ ਖ਼ਤਰਾ ਹੈ। ਜਲ-ਆਕਸੀਜਨ ਦੀ ਕਮੀ ਪਾਣੀ ਦੇ ਤੇਜ਼ੀ ਨਾਲ ਗਰਮ ਹੋਣ ਅਤੇ ਬਰਫ਼ ਪਿਘਲਣ ਕਾਰਨ ਸਮੁੰਦਰਾਂ ਵਿੱਚ ਸਤਹ ਦੀ ਖਾਰੇਪਣ ਵਿੱਚ ਕਮੀ ਦੇ ਕਾਰਨ ਹੋ ਰਹੀ ਹੈ। ਹਾਲ ਹੀ ਵਿੱਚ ਕੁਝ ਵਿਗਿਆਨੀਆਂ ਨੇ ਆਕਸੀਜਨ ਦੀ ਕਮੀ ਬਾਰੇ ਚਿਤਾਵਨੀ ਦਿੱਤੀ ਹੈ। ਜੇਕਰ ਅਜਿਹਾ ਹੀ ਹੁੰਦਾ ਰਿਹਾ ਤਾਂ ਸਭ ਤੋਂ ਪਹਿਲਾਂ ਇਨ੍ਹਾਂ ਪਾਣੀਆਂ 'ਚ ਰਹਿਣ ਵਾਲੇ ਜੀਵ-ਜੰਤੂ ਖਤਰੇ 'ਚ ਪੈ ਜਾਣਗੇ ਅਤੇ ਉਸ ਤੋਂ ਬਾਅਦ ਪੂਰੀ ਦੁਨੀਆਂ ਵਿੱਚ ਮਨੁੱਖੀ ਨਸਲਾਂ 'ਤੇ ਇਸ ਦਾ ਅਸਰ ਪੈਣਾ ਸ਼ੁਰੂ ਹੋ ਜਾਵੇਗਾ। ਵਿਗਿਆਨੀਆਂ ਦਾ ਕਹਿਣਾ ਹੈ ਕਿ ਜੇਕਰ ਅਜਿਹਾ ਹੀ ਹੁੰਦਾ ਰਿਹਾ ਤਾਂ ਇਹ ਦੁਨੀਆਂ ਭਰ ਦੇ ਜੀਵਨ ਲਈ ਸਭ ਤੋਂ ਵੱਡਾ ਖ਼ਤਰਾ ਬਣ ਜਾਵੇਗਾ। ਜਿਸ ਤਰ੍ਹਾਂ ਵਾਯੂਮੰਡਲ ਵਿੱਚ ਆਕਸੀਜਨ ਸਾਡੇ ਲਈ ਜ਼ਰੂਰੀ ਹੈ। ਇਸੇ ਤਰ੍ਹਾਂ, ਪਾਣੀ ਵਿੱਚ ਘੁਲੀ ਹੋਈ ਆਕਸੀਜਨ (4+) ਵੀ ਇੱਕ ਸਿਹਤਮੰਦ ਜਲ ਵਾਤਾਵਰਣ ਲਈ ਮਹੱਤਵਪੂਰਨ ਹੈ। ਚਾਹੇ ਉਹ ਤਾਜ਼ੇ ਪਾਣੀ ਦਾ ਭੰਡਾਰ ਹੋਵੇ ਜਾਂ ਸਮੁੰਦਰ, ਜੀਵਨ ਦੋਵਾਂ ਨਾਲ ਜੁੜਿਆ ਹੋਇਆ ਹੈ। ਇਸ ਵਿੱਚ ਰਹਿਣ ਵਾਲੇ ਜਾਨਵਰ ਉਦੋਂ ਤੱਕ ਜ਼ਿੰਦਾ ਹਨ ਜਦੋਂ ਤੱਕ ਉਨ੍ਹਾਂ ਦੇ ਪਾਣੀ ਵਿੱਚ ਆਕਸੀਜਨ ਘੁਲੀ ਹੈ। ਜਲ-ਜੀਵਾਂ ਦਾ ਜੀਵਨ ਸਾਡੇ ਸਾਰਿਆਂ ਲਈ ਮਹੱਤਵਪੂਰਨ ਹੈ। ਇਸ ਆਕਸੀਜਨ ਨੂੰ ਖਤਮ ਕਰਨ ਵਿੱਚ ਖੇਤੀਬਾੜੀ ਅਤੇ ਘਰੇਲੂ ਖਾਦਾਂ, ਸੀਵਰੇਜ ਅਤੇ ਉਦਯੋਗਿਕ ਰਹਿੰਦ-ਖੂੰਹਦ ਦਾ ਵੀ ਮਹੱਤਵਪੂਰਨ ਯੋਗਦਾਨ ਹੈ, ਜੋ ਪਾਣੀ ਵਿੱਚ ਘੁਲੀ ਆਕਸੀਜਨ ਨੂੰ ਖਤਮ ਕਰ ਰਹੇ ਹਨ।

1960 ਤੋਂ ਬਾਅਦ ਆਕਸੀਜਨ ਦੀ ਕਮੀ ਵਧੀ ਹੈ । ਧਰਤੀ ਦੇ ਪਾਣੀ ਵਿੱਚ ਆਕਸੀਜਨ ਦੀ ਕਮੀ ਦਾ ਪੈਮਾਨਾ ਚਿੰਤਾਜਨਕ ਹੈ। 1950 ਦੇ ਦਹਾਕੇ ਤੋਂ ਸਮੁੰਦਰਾਂ ਵਿੱਚ ਘੁਲਣ ਵਾਲੀ ਆਕਸੀਜਨ ਵਿੱਚ 2% ਦੀ ਕਮੀ ਆਈ ਹੈ, ਕੁਝ ਖੇਤਰਾਂ ਵਿੱਚ 20-50% ਦੇ ਵਧੇਰੇ ਗੰਭੀਰ ਨੁਕਸਾਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਤੱਟਵਰਤੀ ਪਾਣੀਆਂ ਵਿੱਚ ਹਾਈਪੋਕਸਿਕ ਸਾਈਟਾਂ ਦੀ ਗਿਣਤੀ 1960 ਤੋਂ ਪਹਿਲਾਂ 45 ਤੋਂ ਵੱਧ ਕੇ 2011 ਵਿੱਚ ਲਗਭਗ 700 ਹੋ ਗਈ ਹੈ। ਤਾਜ਼ੇ ਪਾਣੀ ਦੀਆਂ ਪ੍ਰਣਾਲੀਆਂ ਵਿੱਚ, ਸਥਿਤੀ ਬਰਾਬਰ ਚਿੰਤਾਜਨਕ ਹੈ, ਜਿਸ ਵਿੱਚ ਤਪਸ਼ ਵਾਲੀਆਂ ਝੀਲਾਂ ਸਮੁੰਦਰਾਂ ਨਾਲੋਂ ਤੇਜ਼ੀ ਨਾਲ ਆਕਸੀਜਨ ਗੁਆ ਰਹੀਆਂ ਹਨ। ਅਨੁਮਾਨਾਂ ਅਨੁਸਾਰ, ਵਪਾਰਕ-ਆਮ ਦ੍ਰਿਸ਼ਟੀਕੋਣ ਵਿੱਚ 2100 ਤੱਕ ਸਮੁੰਦਰੀ ਆਕਸੀਜਨ ਵਿੱਚ 3-4% ਦਾ ਹੋਰ ਨੁਕਸਾਨ ਹੋ ਸਕਦਾ ਹੈ।

ਪਾਣੀ ਵਿੱਚ ਕਿੰਨੀ ਆਕਸੀਜਨ ਹੋਣੀ ਚਾਹੀਦੀ ਹੈ?

ਸਿਹਤਮੰਦ ਪਾਣੀ ਵਿੱਚ ਆਮ ਤੌਰ 'ਤੇ ਘੁਲੀ ਆਕਸੀਜਨ (4+) ਦੀ ਮਾਤਰਾ 6.5-8 ਮਿਲੀਗ੍ਰਾਮ/ਲੀਟਰ ਤੋਂ ਵੱਧ ਹੋਣੀ ਚਾਹੀਦੀ ਹੈ। ਜ਼ਿਆਦਾਤਰ ਜਲ-ਜੀਵਾਂ ਨੂੰ ਜੀਵਤ ਰਹਿਣ ਲਈ ਘੱਟੋ-ਘੱਟ 4 ਮਿਲੀਗ੍ਰਾਮ/ਲੀਟਰ ਆਕਸੀਜਨ ਦੀ ਲੋੜ ਹੁੰਦੀ ਹੈ। ਮੱਛੀ ਦੇ ਬਚਣ ਲਈ ਘੱਟੋ-ਘੱਟ 5 ਮਿਲੀਗ੍ਰਾਮ/ਲੀਟਰ ਦੀ ਲੋੜ ਹੁੰਦੀ ਹੈ। ਠੰਡੇ ਪਾਣੀ ਵਿੱਚ ਘੁਲਣਸ਼ੀਲ ਆਕਸੀਜਨ ਦੇ ਉੱਚ ਪੱਧਰ ਹੋ ਸਕਦੇ ਹਨ, ਜਦੋਂ ਕਿ ਗਰਮ ਪਾਣੀ ਵਿੱਚ ਘੱਟ ਆਕਸੀਜਨ ਘੁਲਣਸ਼ੀਲਤਾ ਹੁੰਦੀ ਹੈ।

TRANS-ALLIANCE
TOGETHER WE SAVE

**FUEL DISCOUNTS**
UPTO 80 CENTS PER GALLON DISCOUNT
MAJOR NETWORK OF TRUCK STOPS

**FUEL CARDS**
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

**YOU BREAK DOWN**
WE SHOW UP
24-HOUR ROADSIDE ASSISTANCE


**TRUCK REPAIR & TIRE DISCOUNTS**
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

**FUEL MANAGEMENT**
DAILY FUEL RATES IN PHONE APP

CALL FOR MORE INFO
(855)641-6955, (888)795-7035

# 'ਉਹ ਸੋਚ ਰਿਹਾ ਸੀ'

ਤਰਸੇਮ ਸਿੰਘ ਭੰਗੂ



ਪਿਛਲੇ ਕਈ ਦਿਨਾਂ ਤੋਂ ਉਹ ਬਹੁਤ ਪ੍ਰੇਸ਼ਾਨ ਹੈ। ਸੋਚਾਂ ਵਿੱਚ ਘਿਰੇ ਦੀ ਉਸਦੀ ਨੀਂਦ ਕਿਸੇ ਦੂਰ ਦੇਸ਼ ਦੀ ਰਾਹੀ ਹੋ ਜਾਂਦੀ ਹੈ। ਉਹ ਨੀਂਦ ਲੈਣ ਲਈ ਸ਼ਰਾਬ ਦਾ ਸਹਾਰਾ ਵੀ ਲੈ ਲੈਂਦਾ ਹੈ ਪਰ ਅੱਧੀ ਰਾਤ ਤੋਂ ਪਹਿਲਾਂ ਹੀ ਉਸਦੀ ਅੱਖ ਖੁੱਲ੍ਹ ਜਾਂਦੀ ਹੈ ਤੇ ਨੀਂਦ ਫਿਰ ਰੁੱਸ ਜਾਂਦੀ ਹੈ। ਸ਼ਰਾਬ ਤਾਂ ਉਹ ਅਕਸਰ ਪਹਿਲਾਂ ਵੀ ਪੀਂਦਾ ਹੀ ਸੀ ਪਰ ਇਸ ਤਰ੍ਹਾਂ ਕਦੀ ਨਹੀਂ ਹੁੰਦਾ ਸੀ। ਨੀਂਦ ਲੈਣ ਖਾਤਰ ਉਸ ਨੇ ਸ਼ਰਾਬ ਦੀ ਮਾਤਰਾ ਵੀ ਵੱਧ ਕਰ ਦਿੱਤੀ ਹੈ ਪਰ ਕੋਈ ਅਸਰ ਨਹੀਂ। ਹਮੇਸ਼ਾ ਉਹ ਰੱਜ ਕੇ ਸੌਂਦਾ ਸੀ। ਉਸ ਦੀ ਸ਼ਰੀਕ-ਏ-ਹਯਾਤ ਆਖਦੀ ਹੁੰਦੀ ਸੀ, ਏਹ ਤਾਂ ਰੱਬ ਦੇ ਵਿਆਹ ਆਇਆ ਹੋਇਆ ਹੈ। ਐਨਾ ਬੇਫ਼ਿਕਰਾ ਬੰਦਾ ਨਹੀਂ ਹੋਣਾ ਚਾਹੀਦਾ। ਇਸ ਤੋਂ ਉਲਟ ਕੁਝ ਦਿਨਾਂ ਤੋਂ ਸਾਰੇ ਦਿਨ ਦੀ ਥੱਕੀ ਟੁੱਟੀ ਉਸਦੀ ਪਤਨੀ ਘੁਰਾੜੇ ਮਾਰ ਰਹੀ ਹੁੰਦੀ ਹੈ ਤੇ ਨਸ਼ਾ ਲੱਥਣ ਤੋਂ ਬਾਅਦ ਉਸਦੀ ਨੀਂਦ ਉੱਡ ਪੁਡ ਜਾਂਦੀ ਹੈ।

ਉਹ ਹੁਣ ਮਹਿਸੂਸ ਕਰਦਾ ਹੈ ਕਿ ਉਸਦੇ ਕਈ ਮਿੱਤਰ ਆਖਦੇ ਹੁੰਦੇ ਸਨ, ਤਿੰਨ ਵਜੇ ਜਾਗ ਖੁੱਲ੍ਹ ਜਾਂਦੀ ਹੈ, ਇਸ਼ਨਾਨ ਕਰਕੇ ਪੰਜ ਬਾਣੀਆਂ ਦਾ ਪਾਠ ਕਰਦਿਆਂ ਪੰਜ ਵੱਜ ਜਾਂਦੇ ਨੇ ਫਿਰ ਗੁਰੂ ਘਰ ਹਾਜ਼ਰੀ ਲਵਾ ਕੇ ਸੈਰ ਨੂੰ ਨਿਕਲ ਜਾਈਦਾ ਹੈ, ਸਮੇਂ ਦਾ ਤਾਂ ਪਤਾ ਹੀ ਨਹੀਂ ਲੱਗਦਾ। ਉਸ ਨੂੰ ਲਗਦਾ ਹੈ ਜਿਵੇਂ ਉਹ ਝੂਠ ਬੋਲਦੇ ਹੋਣ। ਉਸ ਨੇ ਬਾਣੀ ਦਾ ਸਹਾਰਾ ਲੈਣ ਦੀ ਵੀ ਕੋਸ਼ਿਸ਼ ਕੀਤੀ ਹੈ। ਗੁਰਦੁਆਰੇ ਵੀ ਗਿਆ ਹੈ ਤੇ ਸੈਰ ਨੂੰ ਨਿਕਲ ਕੇ ਵੀ ਵੇਖਿਆ ਹੈ ਪਰ ਸੋਚਾਂ ਉਸ ਦਾ ਪਿੱਛਾ ਨਹੀਂ ਛੱਡਦੀਆਂ। ਕਿਧਰੇ ਵੀ ਮਨ ਨੂੰ ਸ਼ਾਂਤੀ ਨਹੀਂ ਮਿਲੀ। ਕਈ ਵਾਰ ਉਹ ਸੋਚਦਾ ਹੈ ਕਿ ਜਿਸ ਕਰਕੇ ਉਹ ਪ੍ਰੇਸ਼ਾਨ ਹੈ, ਹੋਰ ਕਿਸੇ ਨੂੰ ਨਹੀਂ, ਆਪਣੀ ਘਰ ਵਾਲੀ ਨੂੰ ਤਾਂ ਦੱਸ ਹੀ ਸਕਦਾ ਹੈ! ਪਰ ਉਹ ਇਕ ਮਾਂ ਦਾ ਆਪਣੇ ਬੱਚਿਆਂ 'ਤੇ ਬਣਿਆ ਵਿਸ਼ਵਾਸ ਟੁੱਟਣ ਦਾ ਸੋਚ ਕੇ ਧੁਰ ਅੰਦਰ ਤਾਈਂ ਕੰਬ ਜਾਂਦਾ ਹੈ। ਉਸ ਦੀ ਪਤਨੀ ਤਾਂ ਅਕਸਰ ਆਖਦੀ ਹੈ, ਸਾਡੇ ਬੱਚਿਆਂ ਵਰਗੇ ਬੱਚੇ ਰੱਬ ਸਭ ਨੂੰ ਦੇਵੇ। ਨਹੀਂ, ਉਹ ਪਤਨੀ ਨਾਲ ਕੋਈ ਗੱਲ ਨਹੀਂ ਕਰੇਗਾ। ਉਹ ਬਹੁਤ ਦੁਖੀ ਹੋਵੇਗੀ।

ਇਹ ਘਰ ਬਣਾਉਣ ਵਿੱਚ ਉਨ੍ਹਾਂ ਦੋਵਾਂ ਨੇ ਆਪਣੇ ਜੀਵਨ ਦੇ ਹੁਸੀਨ ਵਰ੍ਹੇ ਗੁਜ਼ਾਰ ਦਿੱਤੇ ਹਨ। ਹੱਥੀਂ ਬਣਾਏ ਘਰ ਨੂੰ ਉਹ ਕਿਵੇਂ ਤਹਿਸ ਨਹਿਸ ਕਰ ਦੇਵੇ ਭਲਾ? ਉਸਨੇ ਜੀਵਨ ਵਿੱਚ ਕਦੀ ਵੀ ਕਿਸੇ ਦਾ ਮਾੜਾ ਨਹੀਂ ਕੀਤਾ ਤੇ ਮਾੜਾ ਸੋਚਿਆ ਵੀ ਨਹੀਂ ਫਿਰ ਉਸ ਨਾਲ ਰੱਬ ਮਾੜਾ ਕਿਵੇਂ ਕਰ ਸਕਦਾ ਹੈ? ਜ਼ਰੂਰ ਕਿਤੇ ਕੋਈ ਘਾਟ ਰਹਿ ਗਈ ਹੋਵੇਗੀ ਉਹ ਸੋਚਦਾ। ਉਹ ਉੱਠ ਕੇ ਵਿਹੜੇ ਵਿੱਚ ਟਹਿਲਣ ਲੱਗਦਾ ਹੈ। ਰਾਤ ਦੇ ਸਨਾਟੇ ਨੂੰ ਕਦੀ-ਕਦੀ ਘਰ ਦੇ ਨੇੜਿਓਂ ਲੰਘਦੀ ਸੜਕ 'ਤੇ ਲੰਘਦੀ ਕੋਈ-ਕੋਈ, ਛੋਟੀ-ਵੱਡੀ ਗੱਡੀ ਦੀ ਆਵਾਜ਼ ਵੀ ਭੰਗ ਕਰਦੀ ਹੈ। ਫਿਰ ਸ਼ਾਂਤੀ ਹੋ ਜਾਂਦੀ ਹੈ। ਉਹ ਪੱਕੀ ਬਣੀ ਪੌੜੀ ਦੀ ਗਰਿੱਲ ਦੇ ਪਾਈਪ ਦਾ ਸਹਾਰਾ ਲੈ ਕੇ ਇੰਜ ਹੌਲੀ-ਹੌਲੀ ਛੱਤ ਵੱਲ ਵਧਦਾ ਹੈ ਜਿਵੇਂ ਕੋਈ ਮਰੀਜ਼ ਲੰਮੀ ਬਿਮਾਰੀ ਤੋਂ ਬਾਅਦ ਉੱਠਿਆ ਹੋਵੇ। ਉਹ ਮਕਾਨ ਦੀ ਛੱਤ ਤੋਂ ਘਰ ਦੇ ਪਿਛਵਾੜੇ ਉੱਗੇ ਘਾਹ ਵਾਲੇ ਖਾਲੀ ਪਲਾਟਾਂ ਵੱਲ ਨਜ਼ਰ ਮਾਰਦਾ ਹੈ। ਘੁੱਪ ਹਨੇਰੇ ਵਿੱਚ ਕੁਝ ਟਟੈਣੇ ਜਗਦੇ ਬੁਝਦੇ ਹਨੇਰੇ ਨਾਲ ਲੜਨ ਦੀ ਕੋਸ਼ਿਸ਼ ਕਰ ਰਹੇ ਹਨ। ਕਦੇ ਕੋਈ ਬੀਂਡਾ ਬੋਲਦਾ ਵੀ ਆਪਣੇ ਜਾਗਦੇ ਹੋਣ ਦਾ ਸੰਕੇਤ ਦੇ ਰਿਹਾ ਹੈ। ਉਸ ਨੂੰ ਇਹ ਕੁਦਰਤ ਦੇ ਜੀਵ ਵੀ ਖ਼ੁਦ ਵਾਂਗ ਨੀਂਦ ਨਾ ਆਉਣ ਕਾਰਨ ਸੋਚਾਂ ਵਿੱਚ ਘਿਰੇ ਲੱਗੇ ਹਨ ਪਰ ਸੋਚਾਂ ਵਿੱਚ ਤਾਂ ਮਨੁੱਖ ਹੀ ਘਿਰਦਾ ਹੈ ਇਹ ਜੀਵ ਕਿਉਂ ਸੋਚਣ ਲੱਗੇ ਭਲਾ? ਉਹ ਸੋਚ ਰਿਹਾ ਹੈ।

ਸ਼ਹਿਰ ਦੇ ਦੂਸਰੇ ਪਾਸੇ ਕਿਸੇ ਦੇ ਘਰ ਰੈਣ ਸੁਬਾਈ ਵਾਹਿਗੁਰੂ ਦੇ ਜਾਪ ਦੀ ਆਵਾਜ਼ ਆ ਰਹੀ ਹੈ। ਵਾਹਿਗੁਰੂ ਤੋਂ ਇਲਾਵਾ ਬਾਣੀ ਦਾ ਹੋਰ ਕੋਈ ਵੀ ਸ਼ਬਦ ਬੋਲਿਆ ਹੀ ਨਹੀਂ ਜਾ ਰਿਹਾ। ਉਹ ਸੋਚਦਾ ਹੈ ਬਾਬਾ ਜੀ ਨੇ ਤਾਂ ਬਾਣੀ ਦਾ ਬਹੁਤ ਵੱਡਾ ਗ੍ਰੰਥ ਲਿਖਿਆ ਹੈ ਸ਼ਾਇਦ ਧਾਰਮਿਕ ਪ੍ਰਚਾਰਕ ਹੋਰ ਕੁਝ ਸਿੱਖਣ ਹੀ ਨਹੀਂ ਦੇਣਾ ਚਾਹੁੰਦੇ। ਇੱਕ ਪਾਸਿਓਂ ਮਾਤਾ ਦਾ ਜਗਰਾਤਾ ਕਰਨ ਵਾਲੇ ਜ਼ੋਰ ਜ਼ੋਰ ਦੀ ਭੇਟਾਂ ਗਾ ਰਹੇ ਹਨ। ਇਹ ਅਲੱਗ-ਅਲੱਗ ਆਵਾਜ਼ਾਂ ਉਸ ਨੂੰ ਤੰਗ ਕਰ ਰਹੀਆਂ ਹਨ ਜਾਂ ਕੁਝ ਹੋਰ? ਉਸ ਦਾ ਦਿਲ ਕਹਿ ਰਿਹਾ ਹੈ ਕਿ ਉਸਦੇ ਘਰ ਵਿੱਚ ਕੁਝ ਗਲਤ ਜ਼ਰੂਰ ਹੋ ਰਿਹਾ ਹੈ ਜਿਸ ਦਾ ਉਸਨੂੰ ਪਤਾ ਨਹੀਂ ਲੱਗ ਰਿਹਾ। ਇਸ ਕਰਕੇ ਹੀ ਉਹ ਬੇਚੈਨ ਹੈ। ਦੂਰ ਕਿਸੇ ਕੁੱਤੇ ਦੇ ਭੌਂਕਣ ਦੀ ਆਵਾਜ਼ ਵੀ ਸੁਣਾਈ ਦੇਂਦੀ ਹੈ। ਉਸਦੇ ਦਿਲ ਵਿੱਚ ਵੀ ਆਉਂਦਾ ਹੈ ਕਿ ਉਹ ਵੀ ਜ਼ੋਰ-ਜ਼ੋਰ ਨਾਲ ਕੁੱਤੇ ਵਾਂਗ ਭੌਂਕਣ ਲੱਗ ਜਾਏ। ਉਹ ਭੌਂਕ-ਭੌਂਕ ਕੇ ਕੀ ਕਹਿ ਰਿਹਾ ਹੈ ਕਿਸੇ ਨੂੰ ਵੀ ਸਮਝ ਨਾ ਆਏ। ਫਿਰ ਤਾਂ ਘਰਦੇ ਜੀਅ ਵੀ ਉਸ ਨੂੰ ਸ਼ੁਦਾਈ ਆਖਣ ਲੱਗ ਪੈਣਗੇ ਲੋਕਾਂ ਤਾਂ ਕਹਿਣਾ ਈ ਕਹਿਣਾ ਹੈ!

ਉਹ ਆਪਣੇ ਕਸਬੇ ਦੇ ਬੱਸ ਅੱਡੇ 'ਚ ਫਿਰਦੇ ਸ਼ਿੰਦੇ ਸ਼ੁਦਾਈ ਦੀ ਤੁਲਨਾ ਆਪਣੇ ਆਪ ਨਾਲ ਕਰਦਾ ਹੈ ਜਿਸ ਨੂੰ ਰੇਹੜੀਆਂ ਤੋਂ ਫਲ਼ ਅਤੇ ਹੋਰ ਖਾਣ ਵਾਲੀਆਂ ਚੀਜ਼ਾਂ ਚੁੱਕਦੇ ਨੂੰ ਕੋਈ ਨਹੀਂ ਰੋਕਦਾ। ਫਿਰ ਤਾਂ ਨਾਥੇ ਵਾਂਗ ਉਸ ਨੂੰ ਵੀ ਬਿਜਲੀਆਂ ਲੱਗਣਗੀਆਂ! ਉਹ ਮੁਹੱਲੇ ਵਿੱਚ ਆਪਣਾ ਦਿਮਾਗ਼ੀ ਤਵਾਜਨ ਗਵਾ ਚੁੱਕੇ ਇੱਕ ਮੁਲਾਜ਼ਮ ਬਾਰੇ ਸੋਚਦਾ ਹੈ ਜੋ ਹਮੇਸ਼ਾ ਚੀਕਾਂ ਮਾਰਦਾ ਆਖਦਾ ਹੈ, ਮੈਨੂੰ ਮਾਫ਼ ਕਰ ਦਿਓ ਰੱਬ ਦੇ ਵਾਸਤੇ, ਮੈਂ ਕੁਝ ਵੀ ਨਹੀਂ ਕੀਤਾ। ਹੋਰ ਪਤਾ ਨਹੀਂ ਨਾਥਾ ਕੀ ਕੀ ਬੋਲਦਾ ਰਹਿੰਦਾ ਹੈ। ਬਿਜਲੀਆਂ ਲੱਗਣ ਤੋਂ ਬਾਅਦ ਨਾਥਾ ਕਈ ਦਿਨ ਸ਼ਾਂਤ ਰਹਿੰਦਾ ਹੈ। ਜਿਹੜੀਆਂ ਹਰਕਤਾਂ ਉਹ ਕਰ ਰਿਹਾ ਹੈ ਬਿਜਲੀਆਂ ਤਾਂ ਉਹ ਨੂੰ ਵੀ ਲੱਗ ਸਕਦੀਆਂ ਹਨ। ਬਿਜਲੀ ਬਾਰੇ ਮਨਬਚਨੀ ਕਰਦਿਆਂ ਉਸ ਨੇ ਕਮਰੇ ਵਿੱਚ ਵਾਪਸ ਆ ਕੇ ਫਿਰ ਸੌਣ ਦੀ ਕੋਸ਼ਿਸ਼ ਕੀਤੀ ਹੈ ਪਰ ਸਭ ਵਿਅਰਥ ਹੈ। ਉਸਦੀ ਪਤਨੀ ਘੁਰਾੜੇ ਮਾਰ ਰਹੀ ਹੈ ਜੋ ਕਦੀ ਜਵਾਨੀ ਵੇਲੇ ਉਸ ਦੇ ਘੁਰਾੜਿਆਂ ਤੋਂ ਤੰਗ ਆ ਕੇ ਵਾਰ-ਵਾਰ ਉਸਨੂੰ ਜਗਾਉਂਦੀ ਹੁੰਦੀ ਸੀ। ਉਹ ਨੀਂਦ ਖਰਾਬ ਹੋਣ ਕਰਕੇ ਗੁੱਸੇ ਨਾਲ ਬੁੜ ਬੁੜ ਕਰਦਾ, ਮੈਂ ਕਦੋਂ ਮਾਰਦਾਂ ਘੁਰਾੜੇ? ਨੀਂਦ ਤੈਨੂੰ ਆਪ ਨੂੰ ਨ੍ਹੀਂ ਆਉਂਦੀ ਆਖਦਾ ਪਾਸੇ ਪਰਨੇ ਹੋ ਜਾਇਆ ਕਰਦਾ ਸੀ। ਇਹ ਸਿਲਸਿਲਾ ਲਗਾਤਾਰ ਚਲਦਾ ਸੀ।

ਨੀਂਦ ਉਖੜਨ ਤੋਂ ਬਾਅਦ ਹੱਸਦੀ ਪਤਨੀ ਆਖਦੀ ਹੁੰਦੀ ਸੀ, ਮੇਰਾ ਤਾਂ ਗੱਲਾਂ ਕਰਨ ਨੂੰ ਜੀਅ ਕਰਦਾ ਹੈ ਤੁਹਾਨੂੰ ਨੀਂਦ ਆਈ ਹੋਈ ਹੈ?" ਤੇ ਫਿਰ...! ਉਹ ਵੇਲਾ ਯਾਦ ਕਰ ਕੇ ਇਸ ਵੇਲੇ ਉਸ ਦਾ ਦਿਲ ਰੁਮਾਂਚ ਨਹੀਂ ਭਰ ਰਿਹਾ।

ਉਸ ਦਾ ਦਿਲ ਕੀਤਾ ਕਿ ਪਤਨੀ ਨੂੰ ਹਲੂਣ ਕੇ ਆਖੇ, ਤੂੰ ਘੁਰਾੜੇ ਮਾਰ ਕੇ ਮੇਰੀ ਨੀਂਦ ਖਰਾਬ ਕਰ ਰਹੀ ਏਂ। ਪਰ ਉਸਦੀ ਹਿੰਮਤ ਨਹੀਂ ਪੈਂਦੀ ਸਗੋਂ ਉਸਦੇ ਬੁਢਾਪੇ ਦੀ ਆਮਦ ਨਾਲ ਕੁਝ-ਕੁਝ ਕਮਜ਼ੋਰ ਲੱਗ ਰਹੇ ਖ਼ੂਬਸੂਰਤ ਚਿਹਰੇ ਨੂੰ ਵੇਖ ਕੇ ਉਸ ਦਾ ਪਿਆਰ ਜਿਹਾ ਆਉਂਦਾ ਹੈ। ਉਹ ਉਸ ਦੀ ਨੀਂਦ ਭੰਗ ਨਹੀਂ ਕਰਨਾ ਚਾਹੁੰਦਾ। ਸਾਰੀ ਦਿਹਾੜੀ ਥੱਕ ਟੁੱਟ ਕੇ ਚੂਰ ਹੋਈ ਨੂੰ ਮਸਾਂ-ਮਸਾਂ ਤਾਂ ਕੁਝ ਆਰਾਮ ਮਿਲਦਾ ਹੈ। ਜਦੋਂ ਦੀ ਉਹ ਉਸ ਦੇ ਲੜ ਲੱਗੀ ਹੈ ਸ਼ਾਇਦ ਹੀ ਕਦੇ ਆਰਾਮ ਕਰਕੇ ਵੇਖਿਆ ਹੋਵੇ। ਪਤਨੀ ਇਸ ਥੱਕ ਟੁੱਟ ਨੂੰ ਆਪਣੀ ਚੰਗੀ ਕਿਸਮਤ ਨਾਲ ਜੋੜਨ ਦੀ ਕੋਸ਼ਿਸ਼ ਕਰਦਿਆਂ ਆਖਦੀ ਹੈ, ਕਰਮਾਂ ਵਾਲਿਆਂ ਨੂੰ ਪਰਿਵਾਰ ਦੀ ਸੇਵਾ ਕਰਨ ਦਾ ਮੌਕਾ ਮਿਲਦਾ ਹੈ।

ਉਹ ਫਿਰ ਸੌਂਣ ਦੀ ਕੋਸ਼ਿਸ਼ ਕਰਦਾ ਹੈ ਪਰ ਸਫਲਤਾ ਨਹੀਂ ਮਿਲਦੀ। ਗੁਰਦੁਆਰਾ ਸਾਹਿਬ ਦਾ ਭਾਈ ਬੋਲ ਪਿਆ ਹੈ, ਉਠੋ ਭਾਈ ਗੁਰੂ ਪਿਆਰਿਓ ਅੰਮ੍ਰਿਤ ਵੇਲਾ ਹੋ ਗਿਆ ਹੈ ਪ੍ਰਭੂ ਨਾਮ ਨਾਲ ਜੁੜੋ।" ਉਸ ਨੂੰ ਖਿਝ ਜਿਹੀ ਆਉਂਦੀ ਹੈ। ਇੱਕ ਵਾਰ ਤਾਂ ਭਾਈ ਵੀ ਉਸਨੂੰ ਉਹਦੇ ਵਾਂਗ ਹੀ ਪ੍ਰੇਸ਼ਾਨ ਲਗਦਾ ਹੈ ਜਿਸ ਨੂੰ ਨੀਂਦ ਨਹੀਂ ਆਉਂਦੀ ਤੇ ਉਹ ਲੋਕਾਂ ਦੀ ਨੀਂਦ ਖਰਾਬ ਕਰਨ ਵਾਸਤੇ ਸਪੀਕਰ ਲਾ ਦੇਂਦਾ ਹੈ। ਗਲੀ ਵਿੱਚ ਵਾਹਿਗੁਰੂ-ਵਾਹਿਗੁਰੂ ਕਰਦੇ ਗੁਰਦੁਆਰੇ ਨੂੰ ਤੁਰੇ ਜਾਂਦੇ ਲੋਕ ਵੀ ਉਸ ਨੂੰ ਪ੍ਰੇਸ਼ਾਨ ਹੀ ਲੱਗਦੇ ਹਨ। ਉਹ ਦਿਮਾਗ਼ ਵਿੱਚ ਜੋ ਕੁਝ ਚੱਲ ਰਿਹਾ ਹੈ ਆਪਣੀ ਘਰ ਵਾਲੀ ਨੂੰ ਦੱਸਣ ਲਈ ਆਪਣੇ ਦਿਲ ਨੂੰ ਤਕੜਾ ਜਿਹਾ ਕਰਦਾ ਹੈ ਪਰ ਨਤੀਜਾ ਸੋਚ ਕੇ ਫਿਰ ਕੰਬ ਜਾਂਦਾ ਹੈ। ਉਹਦਾ ਦਿਲ ਕਹਿ ਰਿਹਾ ਹੈ ਕਿ ਜੋ ਕੁਝ ਗ਼ਲਤ ਹੋ ਰਿਹਾ ਹੈ ਉਸ ਨੂੰ ਪਤਾ ਕਿਉਂ ਨਹੀਂ ਲੱਗ ਰਿਹਾ? ਹੋ ਸਕਦੈ ਕੁਝ ਵੀ ਨਾ ਹੋ ਰਿਹਾ ਹੋਵੇ! ਪਰ ਮੇਰੀ ਨਜ਼ਰ ਧੋਖਾ ਦੇ ਸਕਦੀ ਹੈ ਦਿਲ ਨਹੀਂ। ਉਸ ਦੀ ਨਜ਼ਰ ਵੀ ਐਨੀ ਕਮਜ਼ੋਰ ਨਹੀਂ। ਫਿਰ ਮੇਰੀ ਨੀਂਦ ਕਿਉਂ ਉੱਖੜ ਜਾਂਦੀ ਹੈ? ਮੈਨੂੰ ਕੋਈ ਬਿਮਾਰੀ ਤਾਂ ਨਹੀਂ ਲੱਗ ਗਈ? ਉਹ ਸੋਚੀ ਹੀ ਜਾ ਰਿਹਾ ਹੈ। ਉਹ ਦਿਨ ਦੇ ਚੜ੍ਹਾਅ ਨਾਲ ਗੇਟ ਨਾਲ ਨੁੱਕਰੇ ਲੱਗੀ ਸੋਟੀ ਫੜ ਕੇ ਸੈਰ ਨੂੰ ਨਿਕਲ ਜਾਂਦਾ ਹੈ। ਉਹ ਤੁਰਿਆ ਜਾਂਦਾ ਸੋਚ ਰਿਹਾ ਹੈ ਕਾਸ਼! ਜੋ ਕੁਝ ਉਸ ਦੇ ਦਿਮਾਗ਼ ਵਿੱਚ ਭੈੜੇ-ਭੈੜੇ ਖਿਆਲ ਖ਼ੌਰੂ ਪਾ ਰਹੇ ਹਨ ਕੁਝ ਵੀ ਸੱਚ ਨਾ ਹੋਵੇ।

ਪਹਿਲਾਂ ਉਹ ਸੈਰ ਨੂੰ ਘੱਟ ਹੀ ਆਉਂਦਾ ਸੀ। ਸੈਰ ਨੂੰ ਆਉਣ ਕਰਕੇ ਵੱਖ-ਵੱਖ ਬਿਮਾਰੀਆਂ ਦੇ ਮਰੀਜ਼ਾਂ ਨੂੰ ਡਾਕਟਰ ਲੰਮੀ ਸੈਰ ਕਰਨ

ਦੀ ਸਲਾਹ ਕਿਉਂ ਦੇਂਦਾ ਹੈ ਇਹ ਵੀ ਪਤਾ ਲੱਗਾ ਹੈ।

ਦਰਅਸਲ ਸੈਰ ਕਰਨ ਵਾਲਿਆਂ ਨਾਲ ਢਿੱਡ ਹੌਲਾ ਕਰਕੇ ਵੀ ਮਨ ਹਲਕਾ ਹੁੰਦਾ ਹੈ ਤੇ ਕਈ ਬਿਮਾਰੀਆਂ ਖ਼ਤਮ ਹੋ ਜਾਂਦੀਆਂ ਹਨ। ਸੈਰ ਕਰਨ ਆਉਂਦੇ ਪਛਾਣੂ ਬਣੇ ਲੋਕਾਂ ਦੀਆਂ ਗੱਲਾਂ ਬਾਤਾਂ ਤੋਂ ਵੀ ਉਹ ਉਸ ਨੂੰ ਆਪਣੇ ਵਰਗੇ ਹੀ ਲੱਗੇ ਹਨ। ਕੋਈ ਪੁੱਤਰ ਵਿਆਹ ਕੇ ਦੁਖੀ ਹੈ, ਕਈ ਨੂੰਹਾਂ ਦੀਆਂ ਈ ਬਦਖੋਈਆਂ ਕਰੀ ਜਾਂਦੇ ਹਨ। ਕੋਈ ਸਾਰੀ ਪੂੰਜੀ ਲਾ ਕੇ ਵਿਦੇਸ਼ ਜਾ ਕੇ ਅਵਾਰਾ ਹੋ ਚੁੱਕੇ ਆਪਣੇ ਧੀ ਪੁੱਤਰ ਤੋਂ ਦੁਖੀ ਹੈ। 'ਨਾਨਕ ਦੁਖੀਆ ਸਭ ਸੰਸਾਰ' ਬਾਬੇ ਨਾਨਕ ਵੱਲੋਂ ਸੰਸਾਰ ਦੇ ਦੁਖੀ ਹੋਣ ਬਾਰੇ ਆਖੇ ਸ਼ਬਦ ਉਸ ਨੂੰ ਠੀਕ ਲੱਗਦੇ ਹਨ। ਆਪਣੇ ਵਰਗਿਆਂ ਨੂੰ ਵੇਖ ਕੇ ਉਸ ਨੂੰ ਥੋੜ੍ਹੀ ਰਾਹਤ ਵੀ ਹੋਈ ਹੈ ਪਰ ਸੋਚਾਂ ਉਸ ਦਾ ਪਿੱਛਾ ਨਹੀਂ ਛੱਡਦੀਆਂ। ਅੱਜ ਪਤਨੀ ਨਾਲ ਗੱਲ ਜ਼ਰੂਰ ਕਰੇਗਾ ਉਸ ਨੇ ਸੋਚਿਆ। ਘਰ ਆ ਕੇ ਪਤਨੀ ਦੁਖੀ ਹੋਵਗੀ ਸੋਚ ਕੇ ਦੱਸਣ ਲਈ ਬਣਾਈ ਹਿੰਮਤ ਫਿਰ ਜੁਆਬ ਦੇ ਜਾਂਦੀ ਹੈ। ਉਹ ਆਪ ਤਾਂ ਦੁਖੀ ਹੋ ਸਕਦਾ ਹੈ ਪਤਨੀ ਨੂੰ ਦੁੱਖ ਨਹੀਂ ਦੇ ਸਕਦਾ। ਕੁਲ ਮਿਲਾ ਕੇ ਇਹ ਘਰ ਪਤਨੀ ਦੀ ਬਦੌਲਤ ਹੀ ਹੈ। ਸਿਆਣੇ ਠੀਕ ਹੀ ਆਖਦੇ ਹਨ ਕਿ ਜਿਹੜਾ ਘਰ ਮਰਦ ਕਹੀਆਂ ਨਾਲ ਨਹੀਂ ਢਾਹ ਸਕਦਾ ਜੇ ਔਰਤ ਉਸ ਘਰ ਨੂੰ ਸੂਈ ਨਾਲ ਵੀ ਢਾਹੁਣ ਲੱਗੇ ਤਾਂ ਪਹਾੜ ਜਿੱਡਾ ਘਰ ਵੀ ਮਿੱਟੀ ਵਿੱਚ ਮਿਲਾ ਦੇਂਦੀ ਹੈ। ਘਰ ਨੂੰ ਹੀ ਤਾਂ ਉਹ ਟੁੱਟਣ ਨਹੀਂ ਦੇਣਾ ਚਾਹੁੰਦਾ। ਉਹ ਸੋਚ ਰਿਹਾ ਸੀ।

ਇਸ ਤਰ੍ਹਾਂ ਹੀ ਬੇਚੈਨੀ ਦੇ ਆਲਮ ਵਿੱਚ ਕੁਝ ਦਿਨ ਹੋਰ ਗੁਜ਼ਰ ਗਏ ਹਨ। ਇੱਕ ਦਿਨ ਸਾਰਿਆਂ ਨੇ ਕਿਸੇ ਫੰਕਸ਼ਨ 'ਤੇ ਜਾਣਾ ਹੈ। ਉਹ ਇਹ ਕਹਿ ਕੇ ਨਾਂਹ ਕਰ ਦਿੰਦਾ ਹੈ ਕਿ ਉਹਦਾ ਚਿੱਤ ਨਹੀਂ ਮੰਨਦਾ ਜਾਣ ਨੂੰ, ਤੁਸੀਂ ਜਾ ਆਓ।

ਉਸ ਦੀ ਪਤਨੀ ਵੀ ਨਹੀਂ ਜਾਂਦੀ। ਹੁਣ ਘਰ ਵਿੱਚ ਉਹ ਦੋਵੇਂ ਜੀਅ ਹਨ। ਪਤਨੀ ਬਾਹਰਲੇ ਗੇਟ ਦਾ ਅਰਲ ਅੜਾ ਆਉਂਦੀ ਹੈ। ਸੋਫੇ 'ਤੇ ਉਸਦੇ ਨੇੜੇ ਬੈਠਦੀ ਆਖਦੀ ਹੈ, ਸਰਦਾਰ ਜੀ, ਤੁਸੀਂ ਕਈ ਦਿਨਾਂ ਤੋਂ ਨੀਂਦ ਭਰ ਕੇ ਸੌਂਦੇ ਕਿਉਂ ਨਹੀਂ?

ਤੈਨੂੰ ਕਿਵੇਂ ਪਤਾ? ਆਪ ਸਾਰੀ ਰਾਤ ਤਾਂ ਤੂੰ ਘੁਰਾੜੇ ਮਾਰਦੀ ਰਹਿੰਦੀ ਏਂ!" ਉਹ ਸਫ਼ਾਈ ਦੇਂਦਾ ਹੈ।

ਘੁਰਾੜੇ ਤਾਂ ਨਾ ਤੁਸੀਂ ਮਾਰਦੇ ਹੋ ਤੇ ਨਾ ਮੈਂ, ਇਹ ਤੁਹਾਨੂੰ ਵੀ ਪਤਾ ਹੈ ਤੇ ਮੈਨੂੰ ਵੀ, ਤੁਸੀਂ ਠੀਕ ਨੀਂਦ ਨਹੀਂ ਲੈ ਰਹੇ, ਇਹ ਮੈ ਕਈ ਦਿਨਾਂ ਤੋਂ ਵੇਖ ਰਹੀ ਹਾਂ। ਤੁਹਾਨੂੰ ਪਤਾ ਨਹੀਂ, ਨੀਂਦ ਤਾਂ ਕਈ ਦਿਨਾਂ ਤੋਂ ਮੇਰੀ ਵੀ ਉੱਡੀ ਹੋਈ ਹੈ। ਤੁਹਾਡੀ ਚੁੱਪ ਤਾਂ ਬੱਚੇ ਵੀ ਮਹਿਸੂਸ ਕਰਦੇ ਆਖਦੇ ਹਨ, ਪਾਪਾ ਠੀਕ ਨਹੀਂ ਕਿਸੇ ਮਨੋਵਿਗਿਆਨਕ ਡਾਕਟਰ ਨੂੰ ਵਿਖਾਉਂਦੇ ਹਾਂ ਉਸ ਨੂੰ ਨਾਥਾ ਯਾਦ ਕਰਕੇ ਝਟਕਾ ਜਿਹਾ ਲੱਗਦਾ ਹੈ। ਉਹ ਸੋਚਦਾ ਹੈ ਕੁੱਝ ਵੀ ਹੋਵੇ ਉਹ ਡਾਕਟਰ ਕੋਲ ਨਹੀਂ ਜਾਵੇਗਾ।

ਉਸ ਨੇ ਆਪਣੀ ਪਤਨੀ ਨੂੰ ਕਿਹਾ, ਮੈਨੂੰ ਇੰਝ ਲੱਗ ਰਿਹਾ ਹੈ ਜਿਵੇਂ ਸਾਡੇ ਘਰ ਵਿਚ ਕੁਝ ਗ਼ਲਤ ਹੋ ਰਿਹਾ ਹੋਵੇ। ਆਖਦਿਆਂ ਉਸ ਦੀਆਂ ਅੱਖਾਂ ਵਹਿਣ ਲੱਗਦੀਆਂ ਹਨ।ਉਸਦੀ ਪਤਨੀ ਬੜੇ ਹੀ ਮੋਹ ਨਾਲ ਬੱਚੇ ਵਾਂਗ ਉਸਦੇ ਹੰਝੂ ਆਪਣੇ ਦੁਪੱਟੇ ਨਾਲ ਸਾਫ਼ ਕਰਦੀ ਹੈ। ਉਹ ਫਿਰ ਬੱਚਿਆਂ ਵਾਂਗ ਰੋਂਦਾ ਆਖਦਾ ਹੈ, ਪਤਾ ਨਹੀਂ ਲੱਗ ਰਿਹਾ ਕਿ ਕੀ ਹੋ ਰਿਹਾ ਹੈ।

ਤੁਸੀਂ ਚਿੰਤਾ ਛੱਡੋ, ਕੀ ਹੋ ਰਿਹਾ ਹੈ ਮੈਨੂੰ ਤੁਹਾਡੇ ਤੋਂ ਪਹਿਲਾਂ ਹੀ ਪਤਾ ਹੈ। ਅਸੀਂ ਕੁਝ ਆਖ ਕੇ ਬੱਚਿਆਂ ਨੂੰ ਲੱਜਿਤ ਨਹੀਂ ਕਰਨਾ ਵਾਹਿਗੁਰੂ ਆਪੇ ਸਭ ਠੀਕ ਕਰੇਗਾ ਰੱਬ 'ਤੇ ਭਰੋਸਾ ਰੱਖੋ। ਪਤਨੀ ਉਸ ਨੂੰ ਹੌਸਲਾ ਦੇਂਦੀ ਸਾਰਾ ਕੁਝ ਦੱਸ ਕੇ ਕਿਸੇ ਨੂੰ ਵੀ ਕੁਝ ਨਾ ਕਹਿਣ ਦੀ ਤਾਕੀਦ ਵੀ ਕਰਦੀ ਹੈ। ਉਹ ਚੰਗੇ ਰੁਤਬੇ 'ਤੇ ਨੌਕਰੀ ਕਰਦੇ ਆਪਣੇ ਵੱਡੇ ਬੇਟੇ ਨੂੰ ਗਲਤ ਰਸਤੇ ਪੈਣ ਬਾਰੇ ਆਪਣੀ ਪਤਨੀ ਕੋਲੋਂ ਸਾਰਾ ਕੁਝ ਸੁਣ ਕੇ ਸੁੰਨ ਹੋ ਜਾਂਦਾ ਹੈ ਤੇ ਹੋਰ ਸੋਚਾਂ ਵਿੱਚ ਡੁੱਬ ਜਾਂਦਾ ਹੈ।

ਇਸ ਤਰ੍ਹਾਂ ਤਾਂ ਤੁਸੀਂ ਸੋਚ ਸੋਚ ਕੇ ਕੋਈ ਬਿਮਾਰੀ ਸਹੇੜ ਲਵੋਂਗੇ! ਮੇਰੇ ਜੀਵਨ ਦਾ ਤਾਂ ਤੁਹਾਡੇ ਤੋਂ ਬਗੈਰ ਕੋਈ ਅਰਥ ਹੀ ਨਹੀਂ ਰਹਿ ਜਾਂਦਾ?" ਬੜੇ ਦਿਨਾਂ ਬਾਅਦ ਅੱਜ ਉਸ ਦੀ ਪਤਨੀ ਨੇ ਅਜਿਹੀਆਂ ਗੱਲਾਂ ਕੀਤੀਆਂ ਹਨ।

ਕੁਝ ਦਿਨਾਂ ਤੋਂ ਬਾਅਦ ਇੱਕ ਛੁੱਟੀ ਵਾਲੇ ਦਿਨ ਸਾਰੇ ਬੱਚੇ ਪਿਤਾ ਦੀ ਚੁੱਪ ਨੂੰ ਮਹਿਸੂਸ ਕਰਦਿਆਂ ਇਕੱਠੇ ਹੀ ਉਸਦੇ ਕਮਰੇ ਵਿੱਚ ਆਉਂਦੇ ਹਨ। ਪਾਪਾ, ਕਈ ਦਿਨਾਂ ਤੋਂ ਤੁਸੀਂ ਠੀਕ ਨਹੀਂ ਲੱਗ ਰਹੇ ਚੱਲੋ ਅੱਜ ਡਾਕਟਰ ਦੇ ਚੱਲਦੇ ਹਾਂ। ਵੱਡੀ ਨੂੰਹ ਆਖਦੀ ਹੈ।

ਮੇਰੇ ਬੱਚਿਓ, ਮੈਂ ਬਿਲਕੁਲ ਠੀਕ-ਠਾਕ ਹਾਂ ਪਰ ਮੇਰਾ ਦਿਲ ਕਹਿ ਰਿਹਾ ਹੈ ਕਿ ਘਰ ਵਿੱਚ ਕੁਝ ਗ਼ਲਤ ਹੋ ਰਿਹਾ ਹੈ ਕੀ ਹੋ ਰਿਹਾ ਹੈ ਦੱਸ ਕੇ ਮੈਂ ਤੁਹਾਨੂੰ ਸ਼ਰਮਸਾਰ ਨਹੀਂ ਕਰਨਾ ਚਾਹੁੰਦਾ। ਮੈਂ ਆਪਣੇ ਬੱਚਿਆਂ ਨੂੰ ਅਜਿਹੀ ਸਿੱਖਿਆ ਨਹੀਂ ਦਿੱਤੀ ਸੀ। ਹੋ ਸਕਦੈ ਮੇਰੀ ਪਰਵਰਿਸ਼ ਵਿੱਚ ਕਿਤੇ ਕੁਝ ਘਾਟ ਰਹਿ ਗਈ ਹੋਵੇ ਇਸ ਕਰਕੇ ਮੈਂ ਪ੍ਰੇਸ਼ਾਨ ਹਾਂ। ਆਖਦਿਆਂ ਉਹ ਭਾਵਕ ਹੋ ਗਿਆ ਹੈ।

ਪਾਪਾ, ਕੀ ਤੇ ਕੌਣ ਗ਼ਲਤ ਕਰ ਰਿਹਾ ਹੈ ਤੁਹਾਨੂੰ ਪੁੱਛਣ ਦਾ ਹੱਕ ਹੈ।" ਛੋਟਾ ਪੁੱਤਰ ਆਖਦਾ ਹੈ।

ਪਾਪਾ ਜੀ, ਅਸੀਂ ਅਜਿਹਾ ਕੋਈ ਵੀ ਕੰਮ ਨਹੀਂ ਕਰਾਂਗੇ ਜਿਸ ਨਾਲ ਤੁਹਾਡਾ ਦਿਲ ਦੁਖੀ ਹੋਵੇ। ਇਹ ਆਵਾਜ਼ ਵੱਡੇ ਪੁੱਤਰ ਦੀ ਹੈ। ਸਾਰੇ ਬੱਚਿਆਂ ਦੀਆਂ ਅੱਖਾਂ ਵਿੱਚ ਹੰਝੂ ਹਨ। ਪਤਨੀ ਨੇ ਸਾਰਾ ਕੁਝ ਸਮਝਦੀ ਹੋਈ ਨੇ ਕਿਹਾ, ਤੁਹਾਡੇ ਪਾਪਾ ਬਿਲਕੁੱਲ ਠੀਕ ਹਨ। ਤੁਸੀਂ ਚਿੰਤਾ ਛੱਡੋ ਤੇ ਆਪਣੀ ਛੁੱਟੀ ਮਨਾਓ।"

ਉਸ ਰਾਤ ਬੜੇ ਦਿਨਾਂ ਬਾਅਦ ਉਹ ਬੇਫਿਕਰੀ ਦੀ ਨੀਂਦ ਸੁੱਤਾ ਹੈ। ਅਗਲੇ ਦਿਨ ਸਵੇਰੇ ਉਸ ਦਾ ਦਿਲ ਕਹਿ ਰਿਹਾ ਸੀ ਕਿ ਹੁਣ ਸਭ ਠੀਕ ਹੋ ਗਿਆ ਹੈ।

## ਮਿੰਨੀ ਕਹਾਣੀ
# ਮੰਤਰ

ਪਰਮਜੀਤ ਕੌਰ

ਓਏ ਭਗਤੂ, ਤੂੰ ਕੀ ਇੱਕ ਪਾਸੇ ਗੋਡਿਆਂ ਨੂੰ ਸੇਕ ਦੇਈ ਜਾਨੈਂ, ਨਾਲੇ ਮੂੰਹ 'ਚ ਕੀ ਮੰਤਰ ਪੜ੍ਹੀ ਜਾਨੈਂ?" ਗੁਰਬਖਸ਼ ਸਿੰਘ ਨੇ ਭਗਤੂ ਨੂੰ ਮਜ਼ਾਕ ਨਾਲ ਕਿਹਾ।

ਭਰਾਵਾ, ਇਹ ਮਖੌਲ ਦੀ ਗੱਲ ਨਹੀਂ। ਸਾਡੀ ਸੜਕ ਕਦੋਂ ਦੀ ਟੁੱਟੀ ਪਈ ਐ। ਥਾਂ-ਥਾਂ ਵੱਡੇ ਵੱਡੇ ਟੋਏ। ਰੋਜ਼ ਗੋਡੇ ਛਿਲਾ ਘਰ ਪੁੱਜਦੇ ਆਂ, ਭਗਤੂ ਨੇ ਰੋਸ ਨਾਲ ਜਵਾਬ ਦਿੱਤਾ।

"ਗੱਲ ਤਾਂ ਤੇਰੀ ਠੀਕ ਐ। ਬਹੁਤ ਬੁਰਾ ਹਾਲ ਐ ਸੜਕਾਂ ਦਾ, ਪਰ ਤੂੰ ਮੂੰਹ 'ਚ ਕੀ ਬੋਲੀ ਜਾ ਰਿਹਾ ਏਂ?"



"ਪੜ੍ਹਨਾ ਕੀ ਐ! ਕੱਲ੍ਹ ਮੈਂ ਮਾਸੀ ਦੇ ਪਿੰਡ ਗਿਆ ਸੀ ਦੇਖਿਆ ਕਿ ਉੱਥੇ ਪਹਿਲਾਂ ਹੀ ਲਿਸ਼ਕਦੀਆਂ ਸੜਕਾਂ 'ਤੇ ਫ਼ਟਾ-ਫ਼ਟ ਲੁੱਕ ਪਾ ਗਏ। ਪਰਲੂ ਚਲਾਉਣ ਵਾਲੇ ਨੂੰ ਪੁੱਛਿਆ ਕਿ ਸੜਕ ਤਾਂ ਪਹਿਲਾਂ ਈ ਠੀਕ ਐ, ਕਿਤੇ ਟੋਟੇ-ਟੋਟੇ ਹੋਈਆਂ ਦੀ ਵੀ ਮੱਲ੍ਹਮ ਪੱਟੀ ਕਰ ਦੇਵੋ। ਮੇਰੀ ਗੱਲ ਸੁਣ ਕੇ ਕੋਲ ਖੜ੍ਹੇ ਠੇਕੇਦਾਰ ਨੇ ਕਿਹਾ, 'ਕੱਲ੍ਹ ਨੂੰ ਮੁੱਖ ਮੰਤਰੀ ਦੀ ਫ਼ੇਰੀ ਐ ਇੱਧਰ ਦੀ, ਹੋ ਸਕਦਾ ਪ੍ਰਧਾਨ ਮੰਤਰੀ ਵੀ ਲੰਘਣ'। ਤਾਂ ਹੀ ਮੈਂ ਮੰਤਰ ਪੜ੍ਹ ਰਿਹਾਂ ਬਈ ਐਤਕੀਂ ਮੁੱਖ ਮੰਤਰੀ ਸਾਡੇ ਵੱਲੋਂ ਲੰਘੇ, ਐਤਕੀਂ ਪ੍ਰਧਾਨ ਮੰਤਰੀ ਸਾਡੇ ਵੱਲੋਂ ਲੰਘੇ। ਭੋਲ਼ੇ ਭਗਤੂ ਦੇ ਸਹਿਜ ਸੁਭਾਅ ਕਹੇ ਬੋਲਾਂ ਨੇ ਗੁਰਬਖਸ਼ ਸਿੰਘ ਨੂੰ ਡੂੰਘੀ ਸੋਚ ਵਿੱਚ ਪਾ ਦਿੱਤਾ।

# ਮੇਰੀ ਕਲਮ

## ਠੰਢ ਦੇ ਰੰਗ ਨਿਆਰੇ

ਕਮਲਜੀਤ ਕੌਰ ਗੁੰਮਟੀ



ਹਵਾ ਦੇ ਝੌਂਕੇ ਠੰਢੇ ਝੱਪੇ ਲਾਉਂਦੇ,
ਧਰਤੀ ਤੇ ਬਰਫ਼ ਦੇ ਰੰਗ ਚਮਕਾਉਂਦੇ।
ਕੰਬਦੀਆਂ ਨੇ ਟਾਹਣੀਆਂ, ਸਾਨੂੰ ਸੱਦਾ ਦੇਂਦੀਆਂ,
ਕੰਬਲ ਵਿੱਚ ਲੁਕ ਕੇ ਸੁਹਾਣੇ ਸੁਪਨੇ ਦੇਂਦੀਆਂ।
ਧੁੰਦ ਦੀ ਚਾਦਰ ਸਭ ਕੁਝ ਢਕ ਲੈਂਦੀ,
ਸੂਰਜ ਦੀ ਕਿਰਨ ਵੀ ਸ਼ਰਮਾਉਂਦੀ ਲੱਗਦੀ।
ਚਾਹ ਦੀ ਬਹਾਰ ਦੇ ਪਿਆਲੇ ਰੱਖ ਕੇ,
ਮਿਲਦੇ ਹਨ ਦੋਸਤ ਹਾਸੇ ਨਾਲ ਜੁੜ ਕੇ।
ਰਾਤਾਂ ਹਨ ਲੰਮੀਆਂ, ਦਿਨ ਛੋਟੇ ਲੱਗਦੇ,
ਡਿੱਗਦੇ ਹਨ ਰੁੱਖਾਂ ਤੋਂ, ਤੁਪਕੇ ਬੂੰਦਾਂ ਦੇ।
ਠੰਢ ਦਾ ਇਹ ਮੌਸਮ ਹੈ ਦਿਲ ਨੂੰ ਭਾਉਂਦਾ,
ਕੁਦਰਤ ਦਾ ਖ਼ੂਬਸੂਰਤ ਹੋਣਾ ਮਨ ਲੁਭਾਉਂਦਾ।
ਸੁਹਾਣੀ ਹੈ ਠੰਢ, ਪਰ ਗ਼ਰੀਬਾਂ ਦਾ ਵੀ ਸੋਚੀਏ,
ਕੰਬਦੇ ਹੰਝੂਆਂ ਨੂੰ ਮਮਤਾ ਨਾਲ ਪੂੰਝੀਏ।
ਠੰਢ ਰੰਗ ਨਿਆਰੇ ਧਰਤੀ ’ਤੇ ਰਚਾਵੇ,
‘ਕਮਲ’ ਇਹ ਸੁੰਦਰ ਮੌਸਮ ਸਾਨੂੰ ਵਿਖਾਵੇ।

## ਧੂੰਆਂ

ਹਰਦੀਪ ਸਿੰਘ ਭੂਦਨ

ਇਹ ਕੋਈ/ ਆਮ ਧੂੰਆਂ ਨਹੀਂ
ਜਿਹੜਾ ਆ ਵੜਦਾ/ ਸਾਡੇ ਸਾਰੇ ਚੌਗਿਰਦੇ ’ਚ
ਤੇ ਲੈ ਲੈਂਦਾ ਹੈ/ ਆਪਣੀ ਗ੍ਰਿਫ਼ਤ ਵਿੱਚ
ਜਿਉਣਾ ਦੁੱਭਰ ਕਰ ਦਿੰਦਾ/ ਹਰ ਇੱਕ ਦਾ
ਜਿਸ ਦੇ ਵਿੱਚ/ ਬੋਲਣਾ ਵੀ
ਸਾਹ ਲੈਣਾ ਵੀ/ ਔਖਾ ਹੋ ਜਾਂਦਾ
ਜਿਸ ਦੀ ਆਮਦ ਨਾਲ
ਸੜਕਾਂ ’ਤੇ ਵਾਪਰਦੇ/ ਹਰ ਰੋਜ਼ ਹਾਦਸੇ
ਹਸੂੰ ਹਸੂੰ ਕਰਦੇ ਚਿਹਰੇ
ਮਿੰਟਾਂ ਸਕਿੰਟਾਂ ’ਚ
ਪੈ ਜਾਂਦੇ ਨੇ/ ਅਣਿਆਈ ਮੌਤ ਦੇ ਮੂੰਹ ’ਚ
ਇਹ ਕੋਈ/ ਆਮ ਧੂੰਆਂ ਨਹੀਂ
ਇਸ ਧੂੰਏਂ ਦਾ
ਰੰਗ ਤੇ ਮੌਸਮ
ਆਪਣਾ ਵੱਖਰਾ ਹੈ
ਇਸ ਦੀ ਚਰਚਾ
ਗਲੀ ਮੁਹੱਲੇ ਹੀ ਨਹੀਂ
ਅੱਜਕੱਲ੍ਹ ਤਾਂ
ਦਿੱਲੀ ਤੇ ਲਾਹੌਰ
ਵਿੱਚ ਵੀ ਹੈ
ਭਾਵੇਂ ਇਹ ਕਿਸੇ ਦਾ
ਸ਼ੌਕ ਨਹੀਂ
ਮਜਬੂਰੀ ਹੈ
ਫਿਰ ਵੀ
ਚਰਚਾ ਦਾ ਵਿਸ਼ਾ ਹੈ
ਰੋਜ਼ ਦੇ ਅਖ਼ਬਾਰਾਂ ਦਾ
ਇਹ ਕੋਈ/ ਆਮ ਧੂੰਆਂ ਨਹੀਂ



## ਪਰਖ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਨਾ ਸਾਰੇ ਲੋਕ ਹੀ ਚੰਗੇ ਹੁੰਦੇ,
ਤੇ ਨਾ ਹੁੰਦੇ ਸਾਰੇ ਮਾੜੇ,
ਇਹ ਤਾਂ ਲੋਕੋ ਆਪਣੀ ਆਪਣੀ,
ਸਮਝ ਦੇ ਹੀ ਨੇ ਪੁਆੜੇ।
ਕਿਹੜਾ ਕਿਸ ਦੇ ਕਿਹੜੇ ਪੱਖੋਂ,
ਸਿਫਤਾਂ ਦੇ ਪੁਲ਼ ਬੰਨ੍ਹੇ,
ਕਿਹੜਾ ਆਪਣੀ ਭੈੜੀ ਨੀਤ ਨਾਲ,
ਨਿੱਤ ਕਿਸੇ ਨੂੰ ਤਾੜੇ।
ਕਿਸੇ ਨੂੰ ਤਾਂ ਮਾਂਹ ਵਾਦੀ ਕਰਦੇ,
ਕਿਸੇ ਨੂੰ ਹੋਣ ਮੁਫਾਦੀ,
ਕੋਈ ਖਾਵੇ ਕੌੜ ਕਰੇਲੇ ਵੀ,
ਲਾ ਲਾ ਕੇ ਚਟਕਾਰੇ।
ਆਪਣੇ ਆਪਣੇ ਗਜ਼ ਨਾਲ ਮਾਪਣ,
ਸਾਰੇ ਇੱਕ ਦੂਜੇ ਨੂੰ,
ਇਸੇ ਲਈ ਵਖਰੇਵੇਂ ਦੇ ਹਰ ਦਿਨ,
ਵਧਦੇ ਜਾਵਣ ਪਾੜੇ।
ਜੇ ਕੋਈ ਕਿਸੇ ਦੇ ਸੌ ਕੰਮ ਸਾਰੇ,
ਪਰ ਇੱਕ ਸਾਰ ਨਾ ਸਕੇ,
ਲੋਕੀ ਸੌ ਵੀ ਝੱਟ ਭੁੱਲ ਜਾਂਦੇ,
ਤੇ ਉਪਕਾਰੀ ਜਾਂਦੇ ਲਿਤਾੜੇ।
ਨਾਇਕ ਤੋਂ ਖਲਨਾਇਕ ਬਣਾ ਕੇ,
ਦੁਨੀਆ ਨੇ ਕਈ ਛੱਡੇ,
ਇਸ ਦੁਨੀਆਂ ਨੇ ਬੇਗਿਣਤ ਹੀ,
ਵਸਦੇ ਰਹਿਬਰ ਉਜਾੜੇ।
ਮਨੁੱਖਤਾ ਨੂੰ ਪਰਖਣ ਦੇ ਵਿੱਚ,
ਮਨੁੱਖ ਹੀ ਕਰਦਾ ਧੋਖਾ,
ਹੈ ਕੋਈ ਐਸਾ ਸੱਚਾ ਇਨਸਾਫੀ,
ਜੋ ਦੁੱਧ ’ਤੇ ਪਾਣੀ ਨਿਤਾਰੇ ?

## ਦਾਰੂ ਜਿਹਾ ਜ਼ਹਿਰ ਨਾ ਕੋਈ...

ਬਹਾਦਰ ਸਿੰਘ ਗੋਸਲ

ਲੱਕੜ ਨੂੰ ਲੱਗੇ ਘੁਣ ਜਿਵੇਂ,
ਨੌਜਵਾਨਾਂ ਨੂੰ ਖਾਏ ਸ਼ਰਾਬ ਕੁੜੇ।
ਥੋੜ੍ਹੀ ਜਿਹੀ ਪੀ ਕੇ ਕਹਿਣ ਐਵੇਂ,
ਅੱਜ ਬਣ ਗਏ ਅਸੀਂ ਨਵਾਬ ਕੁੜੇ।
ਦਾਰੂ ਜਿਹਾ ਜ਼ਹਿਰ ਨਾ ਕੋਈ,
ਕਰੇ ਦਿਮਾ.ਗ, ਫੇਫੜੇ ਖਰਾਬ ਕੁੜੇ।
ਇਹ ਅੰਦਰ ਸਾੜ ਕੇ ਛੱਡਦੀ ਏ,
ਜਿਵੇਂ ਕਾਗਜ਼ ਨੂੰ ਸਾੜੇ ਤੇਜ਼ਾਬ ਕੁੜੇ।
ਛੱਡਿਆ ਪਿੰਡ ਨਹੀਂ, ਕੋਈ ਖਾਲੀ,
ਇਸ ਕੀਤਾ ਬਰਬਾਦ ਪੰਜਾਬ ਕੁੜੇ।
ਧਨ ਕਿੰਨਾ ਬਰਬਾਦ ਏ ਹੋਇਆ ?
ਥੁੱਕ ਗਏ ਬੈਠੇ ਲਾ ਹਿਸਾਬ ਕੁੜੇ।
ਗੱਲ ‘ਗੋਸਲ’ ਦੀ ਝੂਠ ਨਾ ਜਾਣੀਂ,
ਐਵੇਂ ਸਾੜ ਨਾ ਲਈ ਸ਼ਬਾਬ ਕੁੜੇ।



## .ਗ਼ਜ਼ਲ

ਰਾਕੇਸ਼ ਕੁਮਾਰ

ਇਤਬਾਰ ਦੀ ਦਹਿਲੀਜ਼ ’ਤੇ ਰਿਸ਼ਤੇ ਖੜ੍ਹੇ ਨੇ।
ਟੁੱਟੀਆਂ ਕਿਸ਼ਤੀਆਂ ਦੇ .ਗਮ ਬੜੇ ਨੇ।
ਪਾਣੀਆਂ ਨੇ ਵੀ ਛੂਹਣਾ ਹੁੰਦਾ ਆਕਾਸ਼ ਨੂੰ,
ਤਾਹੀਓਂ ਰਾਤ ਦੀ ਚਾਂਦਨੀ ਵਿੱਚ ਚੜ੍ਹੇ ਨੇ।
ਮੁਮਕਿਨ ਨਹੀਂ ਹੁੰਦਾ ਹਰ ਪਲ ਯਾਦ ਕਰਨਾ,
ਇਸ ਗੱਲ ’ਤੇ ਮੇਰੇ ਜਜ਼ਬਾਤ ਤੇ ਯਾਦ ਲੜੇ ਨੇ।
ਤਿਤਲੀਆਂ ਨੂੰ ਹੱਕ ਨਹੀਂ ਮਹਿਕਦੇ ਗੁਲਾਬ ’ਤੇ,
ਭੌਰੇ ਪਤਾ ਨਹੀਂ ਇਸ ਗੱਲ ’ਤੇ ਕਿਉਂ ਅੜੇ ਨੇ।
ਤਜ਼ਰਬੇ ਨਾਲ ਕਾਬਲ ਬਣੀ ਜ਼ਿੰਦਗੀ ਹਸੀਨ,
ਕਿਤਾਬਾਂ ਨਾਲੋਂ ਵੱਧ ਇਨਸਾਨ ਪੜ੍ਹੇ ਨੇ।
ਇੱਕ ਤੇਰੇ ਕਰਕੇ ਮਿਲਿਆ ਧਰਤੀ, ਆਕਾਸ਼,
ਤੇਰੀ ਚੁੰਨੀ ’ਤੇ ਸੂਰਜ, ਚੰਨ, ਸਿਤਾਰੇ ਜੜੇ ਨੇ।
ਜੰਗਲ ਵਿੱਚੋਂ ਲੰਘਣਾ ਤਾਂ ਸ਼ੋਰ ਨਾ ਮਚਾਓ ‘ਰਾਕੇਸ਼’
ਸ਼ਿਕਾਰੀਆਂ ਦੇ ਹੱਥ ਜਾਲ, ਹਥਿਆਰ ਫੜ੍ਹੇ ਨੇ।

## .ਗ਼ਜ਼ਲ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ

ਜਗਾ ਲੈ ਲਾਟ ਮੱਥੇ ਦੀ ਕਿ ਦੀਵੇ ਬਾਲ ਸਰਨਾ ਨਹੀਂ
ਇਹ ਹਾਕਮ ਹੈ ਬੜਾ ਜ਼ਾਲਮ, ਇਹਨੇ ਆਸਾਨ ਹਰਨਾ ਨਹੀਂ।
ਕਿ ਲੁੱਟਦੇ ਨੇ ਪਏ ਲੋਟੂ, ਬਣਾ ਕੇ ਸਾਂਝ ਸੱਤਾ ਨਾਲ
ਜ਼ਰਾ ਵੀ ਤੂੰ ਜੇ ਖੰਘੇਂਗਾ, ਇਨ੍ਹਾਂ ਨੇ ਉਹ ਵੀ ਜਰਨਾ ਨਹੀਂ।
ਕਰੇ ਹੈ ਤਾਬਿਆਦਾਰੀ, ਜੋ ਰਾਖਾ ਹੈ ਕਾਨੂੰਨਾਂ ਦਾ
ਤੂੰ ਮਿਟ ਜਾ ਸੱਚ ਦੀ ਖ਼ਾਤਰ, ਕਿਸੇ ਤੋਂ ਤੂੰ ਤੇ ਡਰਨਾ ਨਹੀਂ।
ਤਲੀ ’ਤੇ ਸੀਸ ਧਰ ਕੇ ਤੂੰ, ਲੜੀਂ ਸਾਹ ਆਖ਼ਰੀ ਤੀਕਰ
ਕਿ ਹੈ ਇਹ ਦਸ ਸਿਰਾ ਰਾਵਣ, ਬੜਾ ਆਸਾਨ ਮਰਨਾ ਨਹੀਂ।
ਇੱਕੋ ਹੀ ਜ਼ਿੰਦਗੀ ਮਿਲਣੀ, ਕਿ ਦੂਜਾ ਦੌਰ ਮਿਲਣਾ ਨਹੀਂ
ਜੇ ਸੁੱਤਾ ਤੂੰ ਵੀ ਰਹਿਜੇਂਗਾ, ਕਿਸੇ ਨੇ ਯਾਦ ਕਰਨਾ ਨਹੀਂ।
ਕਿ ਚੱਲ ਉੱਠ ਦਿਲਬਰਾ ਚੱਲ ਵੇ, ਹੈ ਸਾਗਰ ਕੂਕਦਾ ਮੂਹਰੇ
ਜੇ ਮੋਤੀ ਲਾਲ ਚੁਗਣੇ ਤੂੰ, ਜਾ ਟੁੱਬੀ ਮਾਰ, ਤਰਨਾ ਨਹੀਂ।

## ਸੱਚ ਨੂੰ ਸੱਚ ਆਖਣ ਦੀ...

ਰੋਹਿਤ ਗੁਪਤਾ ‘ਸੰਜੂ’

ਚਲਦੇ ਚਲਦੇ ਰਾਹੀ ਮੰਜ਼ਿਲ ਲੱਭ ਲੈਂਦੇ,
ਵਹਿੰਦੇ ਵਹਿੰਦੇ ਨਾਲੇ ਦਰਿਆ ਬਣ ਜਾਂਦੇ।
ਔਖਾ, ਨਾਮੁਮਕਿਨ, ਮੁਸ਼ਕਿਲ ਕੋਈ ਕੰਮ ਨਹੀਂ,
ਹੌਸਲੇ ਅੱਗੇ ਪਰਬਤ ਬੌਣੇ ਬਣ ਜਾਂਦੇ।
ਤੂਫ਼ਾਨਾਂ ਵਿੱਚ ਵੱਡੇ ਰੁੱਖ ਡਿੱਗ ਜਾਂਦੇ ਨੇ,
ਭੁਰ ਟੁੱਟ ਪੱਥਰ, ਰੇਤਾ, ਬਜਰੀ ਬਣ ਜਾਂਦੇ।
ਅਕਲ ਕਮੀਨੀ ਅੰਬਰੋਂ ਜਦ ਲਹਿੰਦੀ ਹੇਠਾਂ,
ਸ਼ਾਤਿਰ, ਚਤਰ, ਸਿਆਣੇ ਮੂਰਖ ਬਣ ਜਾਂਦੇ।
ਵਕਤ ਹੈ ਜੋ ਹਰ ਸ਼ੈਅ ਦੀ ਕੀਮਤ ਦੱਸਦਾ ਹੈ,
ਘੋਰ ਹਨੇਰੇ, ਜੁਗਨੂੰ ਵੀ ਚੰਨ ਬਣ ਜਾਂਦੇ।
ਸੱਚ ਨੂੰ ਸੱਚ ਜੋ ਆਖਣ ਦੀ ਹਿੰਮਤ ਕਰਦੇ,
ਅਕਸਰ ਉਹ ਦੁਨੀਆ ਦੇ ਰਹਿਬਰ ਬਣ ਜਾਂਦੇ।
ਲ.ਫਜ਼ਾਂ ਨੂੰ ਜਦ ਸੁਰ ਦੀ ਸੰਗਤ ਮਿਲ ਜਾਵੇ,
ਨਿਖਰ ਕੇ ਮਿੱਠੜੇ ਗੀਤ ਸੁਹਾਵਣੇ ਬਣ ਜਾਂਦੇ।
ਕਦੇ ਨਾ ਮਾੜਾ ਦੁਸ਼ਮਣ ਦਾ ਵੀ ਕਰ ਬੈਠੀਂ,
ਵਕਤ ਪਏ ਦੁਸ਼ਮਣ ਵੀ ਬੇਲੀ ਬਣ ਜਾਂਦੇ।
‘ਸੰਜੂ’ ਆਪਣੇ ਮਨ ਦੀ ਮੰਨਦਾ, ਤੁਰਿਆ ਚੱਲ,
ਵੇਖੀਂ ! ਰਾਹ ਦੇ ਕੰਢੇ ਵੀ ਫੁੱਲ ਬਣ ਜਾਂਦੇ।

## ਲੋਕਾਂ ਦੇ ਹੱਕ ਖਾਈ ਜਾਂਦੇ

ਓਮਕਾਰ ਸੂਦ ਬਹੋਨਾ

ਲੋਕੀਂ ਕਹਿਰ ਕਮਾਈ ਜਾਂਦੇ।
ਕੁਦਰਤ ਨੂੰ ਧਮਕਾਈ ਜਾਂਦੇ।
ਵਾਤਾਵਰਨ ਦੀ ਚਿੰਤਾ ਭੁੱਲ ਕੇ,
ਧੂੰਆਂ ਖ਼ੂਬ ਉਡਾਈ ਜਾਂਦੇ।
ਆਗੂ ਕਾਹਦੇ ਦੇਸ਼ ਮੇਰੇ ਦੇ,
ਖ਼ਲਕਤ ਤਾਈਂ ਸਤਾਈ ਜਾਂਦੇ।
ਜੋ ਸਰਕਾਰੀ ਹੋ ਜਾਂਦੇ ਨੇ,
ਉਹੀਓ ਬਣ ਕਸਾਈ ਜਾਂਦੇ।
ਵੋਟਾਂ ਦੇ ਵਿੱਚ ਜਿੱਤ ਕੇ ਲੀਡਰ,
ਲੋਕਾਂ ਦਾ ਹੱਕ ਖਾਈ ਜਾਂਦੇ।
ਖਾ ਕੇ ਲੋਕਾਂ ਦੇ ਹੱਕਾਂ ਨੂੰ,
ਮੋਟੇ ਢਿੱਡ ਵਧਾਈ ਜਾਂਦੇ।
ਤੂੰ ਤੂੰ, ਮੈਂ ਮੈਂ ਕਰਕੇ ਲੋਕੀਂ,
ਆਪੇ ਸਿੰਗ ਭਿੜਾਈ ਜਾਂਦੇ।
ਆਪਾ ਧਾਪੀ ਚਾਰੇ ਪਾਸੇ,
ਸਾਰੇ ਹੀ ਚੰਦ ਚੜ੍ਹਾਈ ਜਾਂਦੇ।
ਯਾਰ ਬਹੋਨੇ ਕੀ ਕਹੀਏ ਦੱਸ,
ਮਾਰੀ ਸਭ ਭਕਾਈ ਜਾਂਦੇ।






## ਕਿੱਕਰ

ਮਨਜੀਤ ਸਿੰਘ ਬੱਧਣ

ਸੁਣ ਰਾਹੀਆ ਵੇ ਦੂਰ ਦਿਆ, ਝੱਲਿਆ ਓਏ ਕਿਸੇ ਸਰੂਰ ਦਿਆ।
ਦੂਰੋਂ ਤੁਰਦਾ ਆਇਓਂ ਦੂਰ ਹੈ ਜਾਣਾ, ਵਿੱਛੜਿਓਂ ਕਿਸੇ ਪੂਰ ਦਿਆ,
ਸੁਣ ਰਾਹੀਆ ਵੇ ਦੂਰ ਦਿਆ.....
ਰਾਹ ਤਾਂ ਰਾਹ ਹੀ ਹੋਵਣ, ਤੁਰਦੇ ਕਦਮਾਂ ਦੇ ਭਾਰ ਪਏ ਢੋਹਵਣ।
ਮੇਰਾ ਬੱਸ ਇਹੋ ਟਿਕਾਣਾ, ਵਾਸੀਆ ਲੁਦਿਹਾਣੇ ਮਸ਼ਹੂਰ ਦਿਆ,
ਸੁਣ ਰਾਹੀਆ ਵੇ ਦੂਰ ਦਿਆ.......
ਕੁਝ ਪਲ ਮੇਰੇ ਕੋਲ ਬਹਿ ਜਾ, ਕੁਝ-ਕੁਝ ਸੁਣ ਜਾ ਕੁਝ ਕਹਿ ਜਾ।
ਸਮਾਂ ਕਿਸੇ ਤੋਂ ਠੱਲ੍ਹ ਨਾ ਹੋਣਾ, ਤੁਰ ਗਏ ਪਲਾਂ ਨੂੰ ਐਵੇਂ ਝੂਰਦਿਆ,
ਸੁਣ ਰਾਹੀਆ ਵੇ ਦੂਰ ਦਿਆ.......
ਮੈਨੂੰ ਕਿੱਕਰ ਕੰਡਿਆਲੀ ਹੀ ਨਾ ਜਾਣ, ਖੜ੍ਹਾਂ ਫੁੱਲਾਂ ਦਾ ਛਤਰ ਤਾਣ।
ਮੇਰੇ ’ਤੇ ਆ ਫਸੀਆਂ, ਉੱਡ-ਉੱਡ ਆਈਆਂ ਲੀਰਾਂ ਨੂੰ ਘੂਰਦਿਆ,
ਸੁਣ ਰਾਹੀਆ ਵੇ ਦੂਰ ਦਿਆ.......
ਰੱਬ ਡਾਢਾ ਇਹ ਖੇਡ ਬਣਾਵੇ, ਕਿਸੇ ਨੂੰ ਖੰਭ ਕਿਸੇ ਨੂੰ ਜੜ੍ਹ ਲਗਾਵੇ।
ਬਣਾ ਆਦਮ ਉਸਨੂੰ ਉੱਤਮ ਜਾਤ ਸਜਾਵੇ, ਅੰਸ਼ਾ ਵੇ ਉਸ ਨੂਰ ਦਿਆ,
ਸੁਣ ਰਾਹੀਆ ਵੇ ਦੂਰ ਦਿਆ.......
ਵਸ ਹੋਵੇ ਇਹ ਸੂਲਾਂ ਫੁੱਲ ਕਰਾਂ, ਚੱਲ ਅਸੀਸਾਂ ਹੀ ਤੇਰੇ ਸਿਰ ਧਰਾਂ।
ਰੱਬ ਭਾਗ ਲਾਵੇ, ਦੁੱਖ ਨਾ ਦਿਖਾਵੇ, ਬੰਨਿਆ ਵੇ ਬੰਨੜੀ ਹੂਰ ਦਿਆ,
ਸੁਣ ਰਾਹੀਆ ਵੇ ਦੂਰ ਦਿਆ......

# ਮਨੂ, ਗੁਕੇਸ਼, ਹਰਮਨਪ੍ਰੀਤ ਅਤੇ ਪ੍ਰਵੀਨ ਨੂੰ ਖੇਲ ਰਤਨ ਪੁਰਸਕਾਰ



ਨਵੀਂ ਦਿੱਲੀ/ਏ.ਟੀ.ਨਿਊਜ਼: ਦੋ ਉਲੰਪਿਕ ਤਗ਼ਮੇ ਜੇਤੂ ਨਿਸ਼ਾਨੇਬਾਜ਼ ਮਨੂ ਭਾਕਰ, ਸ਼ਤਰੰਜ ਦੇ ਵਿਸ਼ਵ ਚੈਂਪੀਅਨ ਡੀ. ਗੁਕੇਸ਼, ਭਾਰਤੀ ਪੁਰਸ਼ ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ ਅਤੇ ਪੈਰਾਲੰਪਿਕ ਸੋਨ ਤਗ਼ਮਾ ਜੇਤੂ ਹਾਈ ਜੰਪਰ ਪ੍ਰਵੀਨ ਕੁਮਾਰ ਨੂੰ ਇੱਥੇ ਰਾਸ਼ਟਰਪਤੀ ਭਵਨ ਵਿੱਚ ਰਾਸ਼ਟਰਪਤੀ ਦਰੋਪਦੀ ਮੁਰਮੂ ਵੱਲੋਂ ਦੇਸ਼ ਦੇ ਸਰਬਉੱਚ ਖੇਡ ਸਨਮਾਨ ਮੇਜਰ ਧਿਆਨ ਚੰਦ ਖੇਲ ਰਤਨ ਪੁਰਸਕਾਰ ਨਾਲ ਸਨਮਾਨਿਤ ਕੀਤਾ



ਗਿਆ। ਇਸ ਦੌਰਾਨ 32 ਖਿਡਾਰੀਆਂ ਨੂੰ ਅਰਜੁਨ ਪੁਰਸਕਾਰ ਦਿੱਤੇ ਗਏ, ਜਿਨ੍ਹਾਂ ’ਚੋਂ 17 ਪੈਰਾ ਐਥਲੀਟ ਹਨ। ਖੇਲ ਰਤਨ ਪੁਰਸਕਾਰ ਵਿੱਚ 25 ਲੱਖ ਰੁਪਏ, ਜਦਕਿ ਅਰਜੁਨ ਅਤੇ ਦਰੋਣਾਚਾਰੀਆ ਪੁਰਸਕਾਰਾਂ ਵਿੱਚ 15-15 ਲੱਖ ਰੁਪਏ ਦਾ ਨਕਦ ਇਨਾਮ ਦਿੱਤਾ ਜਾਂਦਾ ਹੈ।

22 ਸਾਲਾ ਭਾਕਰ ਉਲੰਪਿਕ ਵਿੱਚ ਦੋ ਤਗ਼ਮੇ ਜਿੱਤਣ ਵਾਲੀ ਆਜ਼ਾਦ ਭਾਰਤ ਦੀ ਪਹਿਲੀ ਖਿਡਾਰਨ ਹੈ। ਉਸ ਨੇ ਪੈਰਿਸ ਉਲੰਪਿਕ ਵਿੱਚ 10 ਮੀਟਰ ਏਅਰ ਪਿਸਟਲ ਵਿਅਕਤੀਗਤ ਅਤੇ ਮਿਕਸਡ ਟੀਮ ਮੁਕਾਬਲਿਆਂ ਵਿੱਚ ਕਾਂਸੇ ਦੇ ਤਗ਼ਮੇ ਜਿੱਤੇ ਸਨ। ਹਰਮਨਪ੍ਰੀਤ ਟੋਕੀਓ ਅਤੇ ਪੈਰਿਸ ਉਲੰਪਿਕ ਵਿੱਚ ਕਾਂਸੇ ਦੇ ਤਗ਼ਮੇ ਜਿੱਤਣ ਵਾਲੀ ਹਾਕੀ ਟੀਮ ਦੀ ਮੈਂਬਰ ਸੀ। ਉਹ ਪੈਰਿਸ ਉਲੰਪਿਕ ਵਿੱਚ ਟੀਮ ਦਾ ਕਪਤਾਨ ਵੀ ਸੀ।

ਦੂਜੇ ਪਾਸੇ ਪ੍ਰਵੀਨ ਨੇ ਟੋਕੀਓ ਉਲੰਪਿਕ ਵਿੱਚ ਚਾਂਦੀ ਦਾ ਤਗਮਾ ਜਿੱਤਿਆ ਅਤੇ ਪੈਰਿਸ ਵਿੱਚ ਉਸ ਨੇ ਇਸ ਨੂੰ ਸੋਨੇ ਵਿੱਚ ਬਦਲ ਦਿੱਤਾ। 18 ਸਾਲਾ ਗੁਕੇਸ਼ ਪਿਛਲੇ ਮਹੀਨੇ ਚੀਨ ਦੇ ਡਿੰਗ ਲਿਰੇਨ ਨੂੰ ਹਰਾ ਕੇ ਸਭ ਤੋਂ ਘੱਟ ਉਮਰ ਦਾ ਸ਼ਤਰੰਜ ਵਿਸ਼ਵ ਚੈਂਪੀਅਨ ਬਣਿਆ।

ਅਰਜੁਨ ਪੁਰਸਕਾਰ ਜੇਤੂਆਂ ਵਿੱਚ ਜਯੋਤੀ ਯਾਰਾਜੀ (ਅਥਲੈਟਿਕਸ), ਅਨੂ ਰਾਣੀ (ਐਥਲੈਟਿਕਸ), ਨੀਤੂ (ਮੁੱਕੇਬਾਜ਼ੀ), ਸਵੀਟੀ (ਮੁੱਕੇਬਾਜ਼ੀ), ਵੰਤਿਕਾ ਅਗਰਵਾਲ (ਸ਼ਤਰੰਜ), ਸਲੀਮਾ ਟੇਟੇ (ਹਾਕੀ), ਅਭਿਸ਼ੇਕ (ਹਾਕੀ), ਸੰਜੈ (ਹਾਕੀ), ਜਰਮਨਪ੍ਰੀਤ ਸਿੰਘ (ਹਾਕੀ), ਸੁਖਜੀਤ ਸਿੰਘ (ਹਾਕੀ), ਰਾਕੇਸ਼ ਕੁਮਾਰ (ਪੈਰਾ ਤੀਰਅੰਦਾਜ਼ੀ), ਪ੍ਰੀਤੀ ਪਾਲ (ਪੈਰਾ ਅਥਲੈਟਿਕਸ), ਜੀਵਾਂਜੀ ਦੀਪਤੀ (ਪੈਰਾ ਅਥਲੈਟਿਕਸ), ਅਜੀਤ ਸਿੰਘ (ਪੈਰਾ ਅਥਲੈਟਿਕਸ), ਸਚਿਨ ਸਰਜੇਰਾਓ (ਪੈਰਾ ਅਥਲੈਟਿਕਸ), ਧਰਮਬੀਰ (ਪੈਰਾ ਅਥਲੈਟਿਕਸ), ਪ੍ਰਣਵ ਸੂਰਮਾ (ਪੈਰਾ ਅਥਲੈਟਿਕਸ), ਐੱਚ ਹੋਕਾਟੋ ਸੇਮਾ (ਪੈਰਾ ਅਥਲੈਟਿਕਸ), ਸਿਮਰਨ (ਪੈਰਾ ਅਥਲੈਟਿਕਸ), ਨਵਦੀਪ (ਪੈਰਾ ਅਥਲੈਟਿਕਸ), ਨਿਤੇਸ਼ ਕੁਮਾਰ (ਪੈਰਾ ਬੈਡਮਿੰਟਨ), ਤੁਲਸੀਮਤੀ ਮੁਰੂਗੇਸਨ (ਪੈਰਾ ਐਥਲੈਟਿਕਸ), ਨਿਤਿਆ ਸ਼੍ਰੇਆ ਸੁਮਤੀ ਸਿਵਾਨ (ਪੈਰਾ ਬੈਡਮਿੰਟਨ), ਮਨੀਸ਼ਾ ਰਾਮਦਾਸ (ਪੈਰਾ ਬੈਡਮਿੰਟਨ), ਕਪਿਲ ਪਰਮਾਰ (ਪੈਰਾ ਜੂਡੋ), ਮੋਨਾ ਅਗਰਵਾਲ (ਪੈਰਾ ਸ਼ੂਟਿੰਗ), ਰੁਬੀਨਾ ਫਰਾਂਸਿਸ (ਪੈਰਾ ਸ਼ੂਟਿੰਗ), ਸਵਪਨਿਲ ਸੁਰੇਸ਼ ਕੁਸਾਲੇ (ਸ਼ੂਟਿੰਗ), ਸਰਬਜੋਤ ਸਿੰਘ (ਸ਼ੂਟਿੰਗ), ਅਭੈ ਸਿੰਘ (ਸਕੁਐਸ਼), ਸਾਜਨ ਪ੍ਰਕਾਸ਼ (ਤੈਰਾਕੀ) ਅਤੇ ਅਮਨ ਸਹਿਰਾਵਤ (ਕੁਸ਼ਤੀ) ਸ਼ਾਮਲ ਹਨ। ਅਰਜੁਨ ਪੁਰਸਕਾਰ (ਲਾਈਫਟਾਈਮ) ਜੇਤੂਆਂ ਵਿੱਚ ਸੁੱਚਾ ਸਿੰਘ (ਅਥਲੈਟਿਕਸ) ਅਤੇ ਮੁਰਲੀਕਾਂਤ ਰਾਜਾਰਾਮ ਪੇਟਕਰ (ਪੈਰਾ-ਸਵਿਮਿੰਗ), ਦਰੋਣਾਚਾਰੀਆ ਪੁਰਸਕਾਰ ਜੇਤੂਆਂ ਵਿੱਚ ਸੁਭਾਸ਼ ਰਾਣਾ (ਪੈਰਾ ਸ਼ੂਟਰ), ਦੀਪਾਲੀ ਦੇਸ਼ਪਾਂਡੇ (ਸ਼ੂਟਿੰਗ) ਅਤੇ ਸੰਦੀਪ ਸਾਂਗਵਾਨ (ਹਾਕੀ), ਦਰੋਣਾਚਾਰੀਆ ਪੁਰਸਕਾਰ (ਲਾਈਫਟਾਈਮ) ਜੇਤੂਆਂ ਵਿੱਚ ਐਸ. ਮੁਰਲੀਧਰਨ (ਬੈਡਮਿੰਟਨ) ਅਤੇ ਅਰਮਾਂਡੋ ਐਗਨੇਲੋ ਕੋਲਾਸੋ (ਫੁਟਬਾਲ) ਸ਼ਾਮਲ ਹਨ। ਇਸ ਦੌਰਾਨ ਰਾਸ਼ਟਰਪਤੀ ਮੁਰਮੂ ਪਰੰਪਰਾ ਤੋੜਦਿਆਂ ਵ੍ਹੀਲਚੇਅਰ ’ਤੇ ਨਿਰਭਰ ਕੁੱਝ ਖਿਡਾਰੀਆਂ ਲਈ ਖੁਦ ਅੱਗੇ ਚੱਲ ਕੇ ਆਏ।

## ਪੰਜਾਬ ਦੇ ਖਿਡਾਰੀਆਂ ਨੇ ਵਧਾਇਆ ਮਾਣ



ਪੰਜਾਬ ਦੇ 3 ਖਿਡਾਰੀਆਂ ਨੂੰ ਅੱਜ ਰਾਸ਼ਟਰਪਤੀ ਭਵਨ ਵਿਖੇ ਸਰਬ-ਉੱਚ ਖੇਡ ਪੁਰਸਕਾਰਾਂ ਨਾਲ ਸਨਮਾਨਤ ਕੀਤਾ ਗਿਆ। ਜਿਨ੍ਹਾਂ ਵਿਚ ਭਾਰਤੀ ਹਾਕੀ ਟੀਮ ਦੇ ਕਪਤਾਨ ਅਤੇ ਡਰੈਗ ਫਲਿੱਕਰ ਹਰਮਨਪ੍ਰੀਤ ਸਿੰਘ ਨੂੰ ਉਸ ਦੇ ਦਮਦਾਰ ਖੇਡ ਅਤੇ ਅਸਾਧਾਰਨ ਪ੍ਰਤਿਭਾ ਲਈ ਅੱਜ ਮੇਜਰ ਧਿਆਨ ਚੰਦ ਖੇਡ ਰਤਨ ਪੁਰਸਕਾਰ ਮਿਲਿਆ ਹੈ। ਉਨ੍ਹਾਂ ਤੋਂ ਇਲਾਵਾ ਅੰਮ੍ਰਿਤਸਰ ਦੇ ਜਰਮਨਜੀਤ ਸਿੰਘ ਅਤੇ ਜਲੰਧਰ ਦੇ ਸੁਖਜੀਤ ਸਿੰਘ ਨੂੰ ਵੀ ਅਰਜੁਨ ਐਵਾਰਡ ਨਾਲ ਸਨਮਾਨਿਤ ਗਿਆ।

## ਪੇਟਕਰ ਨੂੰ ਅਰਜੁਨ ਪੁਰਸਕਾਰ (ਲਾਈਫ਼ਟਾਈਮ) ਦਿੰਦਿਆਂ ਮਾਹੌਲ ਹੋਇਆ ਭਾਵੁਕ

ਸਮਾਗਮ ਦਾ ਸਭ ਤੋਂ ਭਾਵੁਕ ਪਲ ਉਹ ਸੀ ਜਦੋਂ ਭਾਰਤ ਦੇ ਪਹਿਲੇ ਪੈਰਾਲੰਪਿਕ ਸੋਨ ਤਗ਼ਮਾ ਜੇਤੂ 80 ਸਾਲਾ ਮੁਰਲੀਕਾਂਤ ਪੇਟਕਰ ਅਰਜੁਨ ਪੁਰਸਕਾਰ (ਲਾਈਫਟਾਈਮ) ਪ੍ਰਾਪਤ ਕਰਨ ਲਈ ਬੈਸਾਖੀਆਂ ’ਤੇ ਰਾਸ਼ਟਰਪਤੀ ਕੋਲ ਪਹੁੰਚੇ। 1965 ਦੀ ਪਾਕਿਸਤਾਨ ਖ਼ਿਲਾਫ਼ ਜੰਗ ਦੌਰਾਨ ਪੇਟਕਰ ਦੇ ਲੱਕ ਹੇਠਾਂ ਗੋਲੀ ਲੱਗ ਗਈ ਸੀ। ਉਹ ਮੂਲ ਰੂਪ ਵਿੱਚ ਮੁੱਕੇਬਾਜ਼ ਸਨ ਪਰ ਬਾਅਦ ਵਿੱਚ ਪੈਰਾ ਤੈਰਾਕ ਬਣੇ। ਉਨ੍ਹਾਂ 1972 ਦੇ ਪੈਰਾਲੰਪਿਕ ਵਿੱਚ ਸੋਨ ਤਗ਼ਮਾ ਜਿੱਤਿਆ ਸੀ। ਉਹ ਤਾੜੀਆਂ ਦੀ ਗੂੰਜ ਵਿੱਚ ਪੁਰਸਕਾਰ ਲੈਣ ਆਏ ਅਤੇ ਉਨ੍ਹਾਂ ਦੇ ਵਾਪਸ ਸੀਟ ’ਤੇ ਬੈਠਣ ਤੱਕ ਤਾੜੀਆਂ ਵੱਜਦੀਆਂ ਰਹੀਆਂ। ਇਸ ਦੌਰਾਨ ਅਦਾਕਾਰ ਕਾਰਤਿਕ ਆਰਿਅਨ ਵੀ ਹਾਜ਼ਰ ਸੀ, ਜਿਸ ਨੇ ਪੇਟਕਰ ਦੀ ਜ਼ਿੰਦਗੀ ’ਤੇ ਆਧਾਰਤ ਬਣੀ ਫਿਲਮ ‘ਚੰਦੂ ਚੈਂਪੀਅਨ’ ਵਿੱਚ ਮੁੱਖ ਭੂਮਿਕਾ ਨਿਭਾਈ ਸੀ।

## ਚੰਡੀਗੜ੍ਹ ਯੂਨੀਵਰਸਿਟੀ ਨੂੰ ਮਾਕਾ ਟਰਾਫ਼ੀ



ਖੇਲੋ ਇੰਡੀਆ ਯੂਨੀਵਰਸਿਟੀ ਗੇਮਜ਼-2024 ’ਚ ਸ਼ਾਨਦਾਰ ਪ੍ਰਦਰਸ਼ਨ ਲਈ ਚੰਡੀਗੜ੍ਹ ਯੂਨੀਵਰਸਿਟੀ ਨੂੰ ਮੌਲਾਨਾ ਅਬੁਲ ਕਲਾਮ ਆਜ਼ਾਦ (ਮਾਕਾ) ਟਰਾਫ਼ੀ ਨਾਲ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਲਵਲੀ ਯੂਨੀਵਰਸਿਟੀ ਦੂਜੇ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੀਜੇ ਸਥਾਨ ’ਤੇ ਰਹੀ। ਚੰਡੀਗੜ੍ਹ ਯੂਨੀਵਰਸਿਟੀ ਮਾਕਾ ਟਰਾਫ਼ੀ ਹਾਸਲ ਕਰਨ ਵਾਲੀ ਦੇਸ਼ ਦੀ ਪਹਿਲੀ ਨਿੱਜੀ ਯੂਨੀਵਰਸਿਟੀ ਬਣ ਗਈ ਹੈ। ਚੰਡੀਗੜ੍ਹ ’ਵਰਸਿਟੀ ਦੇ ਚਾਂਸਲਰ ਤੇ ਸੰਸਦ ਮੈਂਬਰ ਸਤਨਾਮ ਸਿੰਘ ਸੰਧੂ ਨੇ ਕਿਹਾ ਕਿ ਰਾਸ਼ਟਰਪਤੀ ਤੋਂ ਵੱਕਾਰੀ ਮਾਕਾ ਟਰਾਫੀ ਪ੍ਰਾਪਤ ਕਰਨਾ ਮਾਣ ਵਾਲੀ ਗੱਲ ਹੈ। ਇੰਡੀਅਨ ਫਿਜ਼ੀਕਲ ਐਜੂਕੇਸ਼ਨ ਫਾਊਂਡੇਸ਼ਨ ਨੂੰ ਰਾਸ਼ਟਰੀ ਖੇਲ ਪ੍ਰੋਤਸਾਹਨ ਪੁਰਸਕਾਰ ਦਿੱਤਾ ਗਿਆ। ਇਸ ਮੌਕੇ ਖੇਡ ਮੰਤਰੀ ਮਨਸੁਖ ਮਾਂਡਵੀਆ, ਸੰਸਦੀ ਅਤੇ ਘੱਟ ਗਿਣਤੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜੀਜੂ, ਖੇਡ ਸਕੱਤਰ ਸੁਜਾਤਾ ਚਤੁਰਵੇਦੀ ਵੀ ਮੌਜੂਦ ਸਨ।

## ‘ਮੰਧਾਨਾ’ ਇੱਕ ਰੋਜ਼ਾ ਕ੍ਰਿਕਟ ’ਚ ਸਭ ਤੋਂ ਤੇਜ਼ ਸੈਂਕੜਾ ਬਣਾਉਣ ਵਾਲੀ ਭਾਰਤੀ ਖਿਡਾਰਨ ਬਣੀ



ਰਾਜਕੋਟ/ਏ.ਟੀ.ਨਿਊਜ਼:ਭਾਰਤੀ ਕਪਤਾਨ ਸਮ੍ਰਿਤੀ ਮੰਧਾਨਾ ਇੱਥੇ ਆਇਰਲੈਂਡ ਖ਼ਿਲਾਫ਼ ਤੀਜੇ ਅਤੇ ਆਖਰੀ ਇੱਕ ਰੋਜ਼ਾ ਮੈਚ ਵਿੱਚ ਸਿਰਫ਼ 70 ਗੇਂਦਾਂ ’ਚ ਸੈਂਕੜਾ ਪੂਰਾ ਕਰਕੇ ਖੇਡ ਦੀ ਇਸ ਵੰਨਗੀ ਵਿੱਚ ਸਭ ਤੋਂ ਤੇਜ਼ ਸੈਂਕੜਾ ਮਾਰਨ ਵਾਲੀ ਭਾਰਤੀ ਮਹਿਲਾ ਕ੍ਰਿਕਟਰ ਬਣ ਗਈ ਹੈ। ਨਿਯਮਤ ਕਪਤਾਨ ਹਰਮਨਪ੍ਰੀਤ ਕੌਰ ਦੀ ਗੈਰਹਾਜ਼ਰੀ ਵਿੱਚ ਟੀਮ ਦੀ ਅਗਵਾਈ ਕਰ ਰਹੀ ਸਲਾਮੀ ਬੱਲੇਬਾਜ਼ ਨੇ 80 ਗੇਂਦਾਂ ’ਚ 135 ਦੌੜਾਂ ਬਣਾਈਆਂ। ਮੰਧਾਨਾ ਨੇ ਸਭ ਤੋਂ ਤੇਜ਼ ਸੈਂਕੜਾ ਪੂਰਾ ਕਰਨ ਦਾ ਹਰਮਨਪ੍ਰੀਤ ਦਾ ਪਿਛਲਾ ਭਾਰਤੀ ਰਿਕਾਰਡ ਤੋੜਿਆ, ਜਿਸ ਨੇ ਪਿਛਲੇ ਸਾਲ ਬੰਗਲੂਰੂ ਵਿੱਚ ਦੱਖਣੀ ਅਫਰੀਕਾ ਖ਼ਿਲਾਫ਼ 87 ਗੇਂਦਾਂ ਵਿੱਚ ਸੈਂਕੜਾ ਪੂਰਾ ਕੀਤਾ ਸੀ। ਮੰਧਾਨਾ ਦਾ ਇਹ ਸੈਂਕੜਾ ਇਸ ਵੰਨਗੀ ਵਿੱਚ ਸਾਂਝੇ ਤੌਰ ’ਤੇ ਸੱਤਵਾਂ ਸਭ ਤੋਂ ਤੇਜ਼ ਸੈਂਕੜਾ ਹੈ। ਇਸੇ ਤਰ੍ਹਾਂ ਇਹ ਮੰਧਾਨਾ ਦਾ ਇੱਕ ਰੋਜ਼ਾ ਕ੍ਰਿਕਟ ਵਿੱਚ 10ਵਾਂ ਸੈਂਕੜਾ ਹੈ ਅਤੇ ਉਹ ਸਭ ਤੋਂ ਵੱਧ ਸੈਂਕੜੇ ਬਣਾਉਣ ਵਾਲੀਆਂ ਬੱਲੇਬਾਜ਼ਾਂ ਦੀ ਸੂਚੀ ਵਿੱਚ ਇੰਗਲੈਂਡ ਦੀ ਟੈਮੀ ਬਿਊਮੋਂਟ ਨਾਲ ਸਾਂਝੇ ਤੌਰ ’ਤੇ ਤੀਜੇ ਸਥਾਨ ’ਤੇ ਪਹੁੰਚ ਗਈ ਹੈ।

## ਖਿਡਾਰੀਆਂ ਲਈ ਘਰੇਲੂ ਕ੍ਰਿਕਟ ਖੇਡਣਾ ਲਾਜ਼ਮੀ: ਬੀ.ਸੀ.ਸੀ.ਆਈ.

ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ.ਸੀ.ਸੀ.ਆਈ.) ਨੇ ਕੌਮੀ ਟੀਮ ਵਿੱਚ ਅਨੁਸ਼ਾਸਨ ਅਤੇ ਏਕਤਾ ਯਕੀਨੀ ਬਣਾਉਣ ਲਈ 10 ਨੁਕਤਿਆਂ ਵਾਲਾ ਫਰਮਾਨ ਜਾਰੀ ਕੀਤਾ ਹੈ। ਇਸ ਤਹਿਤ ਕ੍ਰਿਕਟਰਾਂ ਲਈ ਘਰੇਲੂ ਮੈਚਾਂ ਵਿੱਚ ਹਿੱਸਾ ਲੈਣਾ ਲਾਜ਼ਮੀ ਹੈ ਪਰ ਅਸਾਧਾਰਨ ਹਾਲਾਤ ਵਿੱਚ ਛੋਟ ਦਿੱਤੀ ਜਾ ਸਕਦੀ ਹੈ। ਖਿਡਾਰੀਆਂ ਦੇ ਟੂਰ ਦੌਰਾਨ ਨਿੱਜੀ ਸਟਾਫ ਅਤੇ ਪਰਿਵਾਰਾਂ ਦੀ ਮੌਜੂਦਗੀ ’ਤੇ ਪਾਬੰਦੀ ਲਾਉਣਾ ਵੀ ਸ਼ਾਮਲ ਹੈ। ਨਵੀਂ ਨੀਤੀ ਤਹਿਤ ਮੌਜੂਦਾ ਲੜੀ ਜਾਂ ਦੌਰੇ ਦੌਰਾਨ ਖਿਡਾਰੀਆਂ ਦੇ ਵਿਅਕਤੀਗਤ ਫੋਟੋਸ਼ੂਟ ’ਤੇ ਵੀ ਰੋਕ ਲਾ ਦਿੱਤੀ ਗਈ ਹੈ। ਬੀ.ਸੀ.ਸੀ.ਆਈ. ਨੇ ਸਾਰੇ ਖਿਡਾਰੀਆਂ ਤੋਂ ਦਿਸ਼ਾ-ਨਿਰਦੇਸ਼ਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦੀ ਉਮੀਦ ਕੀਤੀ ਹੈ। ਨਿਯਮਾਂ ਦੀ ਪਾਲਣਾ ਨਾ ਕਰਨ ’ਤੇ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ। ਬੀ.ਸੀ.ਸੀ.ਆਈ. ਨੇ ਸਖ਼ਤੀ ਅਜਿਹੇ ਮੌਕੇ ਕੀਤੀ ਹੈ ਜਦੋਂ ਭਾਰਤ ਨੂੰ ਨਿਊਜ਼ੀਲੈਂਡ ਅਤੇ ਆਸਟ੍ਰੇਲੀਆ ਖ਼ਿਲਾਫ਼ ਟੈਸਟ ਲੜੀਆਂ ਵਿੱਚ ਖਰਾਬ ਪ੍ਰਦਰਸ਼ਨ ਕਾਰਨ ਹਾਰ ਦਾ ਸਾਹਮਣਾ ਕਰਨਾ ਪਿਆ ਸੀ।

## ਜੋਕੋਵਿਚ ਨੇ ਸਭ ਤੋਂ ਵੱਧ ਗਰੈਂਡਸਲੈਮ ਖੇਡਣ ਦਾ ਰਿਕਾਰਡ ਬਣਾਇਆ

### ਫ਼ੈਡਰਰ ਦੇ 429 ਮੈਚਾਂ ਦਾ ਰਿਕਾਰਡ ਤੋੜਿਆ



ਮੈਲਬਰਨ/ਏ.ਟੀ. ਨਿਊਜ਼: ਨੋਵਾਕ ਜੋਕੋਵਿਚ ਨੇ ਇੱਥੇ ਆਸਟਰੇਲੀਆ ਓਪਨ ਟੈਨਿਸ ਟੂਰਨਾਮੈਂਟ ਦੇ ਦੂਜੇ ਗੇੜ ਦਾ ਮੈਚ ਖੇਡ ਕੇ ਗਰੈਂਡਸਲੈਮ ਮੁਕਾਬਲਿਆਂ ਵਿੱਚ ਸਭ ਤੋਂ ਵੱਧ ਮੈਚ ਖੇਡਣ ਦਾ ਰਿਕਾਰਡ ਬਣਾਇਆ, ਜਦਕਿ ਨਾਓਮੀ ਓਸਾਕਾ ਪਿਛਲੇ ਤਿੰਨ ਸਾਲ ਵਿੱਚ ਪਹਿਲੀ ਵਾਰ ਕਿਸੇ ਗਰੈਂਡਸਲੈਮ ਟੂਰਨਾਮੈਂਟ ਦੇ ਤੀਜੇ ਗੇੜ ਵਿੱਚ ਪਹੁੰਚੀ ਹੈ। ਜੋਕੋਵਿਚ ਗਰੈਂਡਸਲੈਮ ਟੂਰਨਾਮੈਂਟਾਂ ’ਚ 430 ਮੈਚ ਖੇਡ ਚੁੱਕਾ ਹੈ, ਜੋ ਨਵਾਂ ਰਿਕਾਰਡ ਹੈ। ਉਸ ਨੇ ਰੌਜਰ ਫੈਡਰਰ (429) ਨੂੰ ਪਛਾੜਿਆ। ਜੋਕੋਵਿਚ ਨੇ ਦੂਜੇ ਗੇੜ ਵਿੱਚ ਪੁਰਤਗਾਲੀ ਕੁਆਲੀਫਾਇਰ ਜੈਮੀ ਫਾਰੀਆ ਨੂੰ 6-1, 6-7 (4), 6-3, 6-2 ਨਾਲ ਹਰਾਇਆ। ਇਸੇ ਤਰ੍ਹਾਂ ਪੁਰਸ਼ ਵਰਗ ਵਿੱਚ ਤੀਜਾ ਦਰਜਾ ਪ੍ਰਾਪਤ ਕਾਰਲੋਸ ਅਲਕਾਰਾਜ਼ ਨੇ ਯੋਸ਼ੀਹਿਤੋ ਨਿਸ਼ੀਓਕਾ ਨੂੰ 6-0, 6-1, 6-4 ਨਾਲ ਹਰਾਇਆ। ਮਹਿਲਾ ਸਿੰਗਲਜ਼ ਵਿੱਚ ਦੋ ਵਾਰ ਦੀ ਆਸਟਰੇਲੀਆ ਓਪਨ ਚੈਂਪੀਅਨ ਓਸਾਕਾ 2022 ਤੋਂ ਬਾਅਦ ਪਹਿਲੀ ਵਾਰ ਕਿਸੇ ਗਰੈਂਡਸਲੈਮ ਟੂਰਨਾਮੈਂਟ ਦੇ ਤੀਜੇ ਗੇੜ ਵਿੱਚ ਪਹੁੰਚੀ ਹੈ। ਉਸ ਨੇ ਕੈਰੋਲੀਨਾ ਮੁਚੋਵਾ ਖ਼ਿਲਾਫ਼ 1-6, 6-1, 6-3 ਨਾਲ ਜਿੱਤ ਹਾਸਲ ਕੀਤੀ।

# ਸਾਂਝੀਵਾਲਤਾ ਤੇ ਸਮਾਵੇਸ਼ ਦਾ ਸੂਚਕ

# 'ਗੁਰੂ ਨਾਨਕ ਜਹਾਜ਼'



ਡਾ. ਸਰਬਜੀਤ ਕੌਰ ਜੰਗ



ਸਿੱਖ ਇਤਿਹਾਸ 'ਤੇ ਬੇਸ਼ਕ ਹੁਣ ਤੱਕ ਕਈ ਫ਼ਿਲਮਾਂ ਬਣੀਆਂ ਨੇ, ਪਰ ਅਸਲ ਸਿੱਖ ਇਤਿਹਾਸ ਨੂੰ ਅੱਖੋਂ ਉਹਲੇ ਰੱਖ ਕੇ ਸਮੇਂ ਦੀ ਨਜ਼ਾਕਤ ਨੂੰ ਦੇਖਦੇ ਬਹੁਤ ਸਾਰੀਆਂ ਘਟਨਾਵਾਂ ਵਿੱਚ ਰਲੇਵਾਂ ਕਰ ਦਿੱਤਾ ਜਾਂਦਾ ਹੈ ਤਾਂ ਜੋ ਫ਼ਿਲਮੀ ਖੇਤਰ ਵਿੱਚ ਕਮਾਈ ਚੰਗੀ ਹੋ ਸਕੇ। ਅਜਿਹੀ ਸਥਿਤੀ ਨੇ ਨੌਜਵਾਨ ਪੀੜ੍ਹੀ ਨੂੰ ਸਹੀ ਸੇਧ ਦੇਣ ਦੀ ਬਜਾਏ ਸਮੱਸਿਆਵਾਂ ਵਿੱਚ ਪਾ ਦਿੱਤਾ ਹੈ। ਪਰ ਇਹਨਾਂ ਹਾਲਾਤਾਂ ਵਿੱਚ ਵੀ ਪੰਜਾਬੀ ਵਿਰਾਸਤ ਤੇ ਸਿੱਖ ਇਤਿਹਾਸ ਨੂੰ ਹੂ ਬ ਹੂ ਪੇਸ਼ ਕਰਨ ਲਈ ਤਰਸੇਮ ਸਿੰਘ ਜੱਸੜ ਵਰਗੇ ਕਲਾਕਾਰ ਪੰਜਾਬੀ ਵਿਰਾਸਤ ਪ੍ਰਤੀ ਸੁਹਿਰਦ ਹਨ। ਤਰਸੇਮ ਸਿੰਘ ਜੱਸੜ ਨੇ ਆਪਣੀ ਬਣ ਰਹੀ ਫ਼ਿਲਮ 'ਕਾਮਾ ਗਾਟਾ ਮਾਰੂ ਜਹਾਜ਼' ਦਾ ਨਾਮ ਬਦਲ ਕੇ 'ਗੁਰੂ ਨਾਨਕ ਜਹਾਜ਼' ਰੱਖਣ ਦਾ ਐਲਾਨ ਕਰ ਦਿੱਤਾ ਹੈ।

ਤਰਸੇਮ ਸਿੰਘ ਜੱਸੜ ਦੇ ਇਸ ਕਾਰਜ ਉੱਤੇ ਉੱਘੇ ਵਿਦਵਾਨ ਡਾਕਟਰ ਸਰਬਜਿੰਦਰ ਸਿੰਘ ਨੇ ਆਪਣੀ ਕਲਮ ਰਾਹੀਂ ਜੋ ਬਿਆਨ ਕੀਤਾ ਹੈ ਉਹਨਾਂ ਸ਼ਬਦਾਂ ਨੇ ਨਾ ਕੇਵਲ ਜੱਸੜ ਦੀ ਤਾਰੀਫ਼ ਹੀ ਕੀਤੀ ਸਗੋਂ ਸਿੱਖ ਵਿਰਾਸਤ ਨੂੰ ਰੂਪਮਾਨ ਵੀ ਕੀਤਾ। ਉਹਨਾਂ ਲਿਖਿਆ ਕਿ ਤਰਸੇਮ ਸਿੰਘ ਜੱਸੜ ਨੇ ਫ਼ਿਲਮ ਦਾ ਨਾਮ ਬਦਲ ਕੇ ਆਪਣੀ ਵਿਰਾਸਤ ਦੇ ਫ਼ਖਰ ਨੂੰ ਰੂਪਮਾਨ ਕਰ ਲਿਆ ਹੈ ਬਲਕਿ ਆਪਣੀ ਵਿਰਾਸਤ ਦੀਆਂ ਪੈੜਾਂ ਵਿੱਚ ਪੈੜ ਪਾ ਤੁਰਨ ਵੱਲ ਇਸ਼ਾਰਾ ਕਰ ਇਹ ਦਸ ਦਿੱਤਾ ਹੈ ਕਿ ਮੈਂ ਆਨੰਦਪੁਰੀ ਵਿਰਾਸਤ ਵੱਲ ਪਿੱਠ ਕਰ ਆਪਣਾ ਨਾਮ ਬੇਦਾਵੀਆਂ ਵਿੱਚ ਭਲਾ ਲਿਖਾ ਵੀ ਕਿਵੇਂ ਸਕਦਾ ਹਾਂ। ਮੈਂ ਨੀਲੇ ਦੇ ਸ਼ਾਹ ਅਸਵਾਰ ਦਾ ਸਿੱਖ ਸੀ, ਸਿੱਖ ਹਾਂ ਤੇ ਸਿੱਖ ਹੀ ਰਹਾਂਗਾ। ਤਰਸੇਮ ਸਿੰਘ ਜੱਸੜ ਨੇ ਇਹ ਕਰ ਕੇਵਲ ਇੱਕ ਨਿਵੇਕਲਾ ਇਤਿਹਾਸ ਹੀ ਨਹੀਂ ਸਿਰਜਿਆ ਸਗੋਂ ਉਹ ਆਉਣ ਵਾਲੇ ਸਮਿਆਂ 'ਚ 'ਗ੍ਰੰਥ ਅਤੇ ਪੰਥ' ਦੀਆਂ ਰਹਿਮਤਾਂ ਮਿਹਰਾਂ ਤੇ ਬਖ਼ਸ਼ਸ਼ਾਂ ਦਾ ਪਾਤਰ ਬਣੇਗਾ, ਇਹ ਮੇਰਾ ਪੂਰਨ ਭਰੋਸਾ ਹੈ।

'ਕਾਮਾ ਗਾਟਾ ਮਾਰੂ' ਤੋਂ ਗੁਰੂ ਨਾਨਕ ਜਹਾਜ਼ ਬਣਨ ਤੱਕ ਇਹ ਭਾਫ਼ ਵਾਲਾ ਸਟੀਮਰ ਤਿੰਨ ਵਾਰ ਲੀਜ਼ ਉੱਤੇ ਲਿਆ ਗਿਆ ਤੇ ਹਰ ਵਾਰ ਇਸ ਨੂੰ ਨਵਾਂ ਨਾਮ ਦਿੱਤਾ ਗਿਆ ਪਰ ਤਿੰਨੇ ਵਾਰ ਉਸ ਦਾ ਉਹੀ ਨਾਮ ਅੱਜ ਤਕ ਪ੍ਰਚਲਿਤ ਰਿਹਾ ਜੋ ਲੀਜ਼ 'ਤੇ ਲੈਣ ਵਾਲਿਆਂ ਨੇ ਰੱਖਿਆ ਸੀ ਪਰ 'ਗੁਰੂ ਨਾਨਕ ਜਹਾਜ਼' ਨਾਮ ਰੱਖੇ ਜਾਣ ਦੇ ਬਾਵਜੂਦ ਇਤਿਹਾਸ ਦੀਆਂ ਕਿਤਾਬਾਂ ਵਿੱਚ ਗੁਰੂ ਨਾਨਕ ਜਹਾਜ਼ ਲਗਭਗ ਮਨਫ਼ੀ ਹੀ ਵੇਖਿਆ ਜਾਂਦਾ ਰਿਹਾ ਤੇ ਹੌਲੀ ਹੌਲੀ ਸਾਡੇ ਮੱਥਿਆਂ ਵਿੱਚ ਵੀ 'ਕਾਮਾ ਗਾਟਾ ਮਾਰੂ ਜਹਾਜ਼' ਹੀ ਖੁਣ ਦਿੱਤਾ ਕਿ ਅਸੀਂ ਖੁਦ ਸਰਦਾਰ ਗੁਰਦਿੱਤ ਸਿੰਘ ਹੋਰਾਂ ਵੱਲੋਂ ਦਿੱਤੇ ਨਾਮ ਵੱਲ ਪਿੱਠ ਕਰ ਲਈ ਤੇ ਹਰ ਸੈਮੀਨਾਰ, ਕਾਨਫ਼ਰੰਸ, ਮਜਲਿਸ, ਸਕੂਲ, ਕਾਲਜ , ਯੂਨੀਵਰਸਿਟੀ, ਗੁਰਦੁਆਰੇ, ਧਾਰਮਿਕ ਸਮਾਗਮ 'ਚ ਬਸ ਕਾਮਾਗਾਟਾ ਮਾਰੂ ਕਾਮਾਗਾਟਾ ਮਾਰੂ ਈ ਹੋਈ ਗਈ।

ਇਸ ਵੱਡੀ ਇਤਿਹਾਸਕ ਕੁਤਾਹੀ ਨੂੰ ਰੋਕਣ ਦਾ ਯਤਨ ਤੇ ਹੋਣਾ ਈ ਤੇ ਕੀ ਸੀ ਕਿਸੇ ਨੇ ਸੋਚਣ ਦਾ ਯਤਨ ਵੀ ਨਾ ਕੀਤਾ। ਜੇ ਇਸ ਇਤਿਹਾਸਕ ਬਲੰਡਰ ਵਿਰੁੱਧ ਗਵਾਹ ਵਜੋਂ ਕੋਈ ਹਸਤਾਖਰ ਬਣੇ ਤਾਂ ਉਹ ਸਨ 'ਕੈਨੇਡੀਅਨ ਵਣਜਾਰੇ' ਜਿੰਨਾਂ ਨੇ ਇਹ ਪੁਨਰ ਸਥਾਪਤ ਕਰ ਦਿੱਤਾ ਕਿ ਬਾਬਾ ਬੋਤਾ ਸਿੰਘ ਤੇ ਬਾਬਾ ਗਰਜਾ ਸਿੰਘ ਵਾਲੀ ਵਿਰਾਸਤ ਦੇ ਸਦੀਵੀ ਪ੍ਰਸੰਗ ਨੂੰ ਗੁਰੂ ਨਾਨਕ ਪਾਤਸ਼ਾਹ ਦੀ ਅੰਸ-ਵੰਸ਼ ਭਲਾ ਅੱਖੋਂ ਓਹਲੇ ਕਰ ਵੀ



ਕਿਵੇਂ ਸਕਦੀ ਹੈ, ਮੁੱਠੀ-ਭਰ ਬੰਦੇ ਵੀ ਲਾਮਬੰਦੀ ਕਰ ਸਕਦੇ ਹਨ ਤੇ ਜਿੱਤ ਵੀ ਸਕਦੇ ਹਨ ਤੇ ਮੇਰਾ ਇਹ ਪੱਕਾ ਯਕੀਨ ਹੈ ਕਿ ਜਦ ਤਕ ਚਮਕੌਰ ਦੀ ਗੜ੍ਹੀ ਦਾ ਨਿਰਛੱਲ ਹੋ ਪੰਥ ਅਜੱਪਾ-ਜਾਪ ਕਰੇਗਾ ਜਿੱਤ ਉਸ ਦਾ ਮਸਤਕ ਚੁੰਮੇਗੀ ਖੁਦ 'ਕੋਟ ਪੈਂਡਾ ਆਗੇ ਹੋਏ'।

ਇੰਨਾਂ ਵਣਜਾਰਿਆਂ ਦਾ ਸੂਤਰਧਾਰ ਰਾਜ ਸਿੰਘ ਨਾਮ ਦਾ ਗੁਰੂ ਦਾ ਸੱਚਾ ਸੁੱਚਾ ਇਕ ਸਿੱਖ ਹੈ ਜਿਸ ਦੇ ਮੋਢੇ ਨਾਲ ਮੋਢਾ ਜੋੜ ਤਜਿੰਦਰਪਾਲ ਸਿੰਘ, ਸਨੀ ਸਿੰਘ ਖਰੌੜ, ਜੱਸੀ ਸਿੰਘ ਧੰਜੂ , ਡਾ. ਜਸਜੋਤ ਸਿੰਘ, ਭਾਅ ਜੀ ਬੌਬੀ ਬੇਦੀ , ਹਰਪ੍ਰੀਤ ਸਿੰਘ ਬਿਨਿੰਗ ਖੜੇ ਮਿਲਦੇ ਹਨ। ਇਸ ਟੀਮ ਦੀ ਇਕਸੁਰਤਾ ਤੇ ਇਕਸਾਰਤਾ ਤੋਂ ਵਾਰੇ ਵਾਰੇ ਜਾਣ ਨੂੰ ਦਿਲ ਕਿਉਂ ਨ ਕਰੇ ਭਲਾ, ਕਿਉਂਕਿ ਜਿਸ ਵੀ ਕੰਮ ਨੂੰ ਇਹ ਵਣਜਾਰੇ ਹੱਥ ਪਾਉਂਦੇ ਹਨ ਇੰਨਾਂ ਦੀ ਨਿਮਰਤਾ ਤੇ ਨਿਰਮਲਤਾ, ਇੰਨਾਂ ਦਾ ਸਹਿਜ ਤੇ ਸਬੂਰੀ , ਇੰਨਾਂ ਦਾ ਸਿਦਕ ਤੇ ਜ਼ਿੰਦਾ-ਦਿਲੀ ਤੇ ਗੁਰੂ ਨਾਨਕ ਘਰ 'ਚ ਅਟੁੱਟ ਵਿਸ਼ਵਾਸ ਇੰਨਾਂ ਨੂੰ ਸਫ਼ਲਤਾ ਬਖਸ਼ਦਾ ਹੈ।

ਇੰਨਾਂ ਸਫ਼ਲਤਾਵਾਂ ਦੀ ਇੱਕ ਲੰਮੀ ਫ਼ਹਰਿਸਤ ਹੈ ਜਿਸ ਦਾ ਜ਼ਿਕਰ ਮੇਰੇ ਦੁਆਰਾ ਜਰੂਰ ਆਉਣ ਵਾਲੇ ਸਮਿਆਂ 'ਚ ਕੀਤਾ ਜਾਵੇਗਾ। ਜੱਸੜ ਸਾਹਿਬ ਤੇ ਉਨ੍ਹਾਂ ਦੀ ਟੀਮ ਨਾਲ ਵਣਜਾਰੇ ਜਿਵੇਂ ਲਗਾਤਾਰ ਜੁੜੇ ਰਹੇ ਤੇ ਸਮੇਂ ਸਮੇਂ ਇਤਿਹਾਸ ਵਿੱਚ ਆਪਣੇ ਤੇ ਬੇਗਾਨਿਆਂ ਵੱਲੋਂ ਜਾਣੇ ਅਨਜਾਣੇ ਜਾਂ ਜਾਣ ਬੁੱਝ ਕੇ ਵਿਗਾੜ ਪਾਏ ਜਾਣ ਦੇ ਪ੍ਰਸੰਗ ਨਾਲ ਉਨ੍ਹਾਂ ਨੂੰ ਵਾਬਸਤਾ ਕਰਾਉਂਦੇ ਰਹੇ ਤੇ ਉਸ ਤੋਂ ਨਿਕਲਣ ਵਾਲੇ ਮਾਰੂ ਨਤੀਜਿਆਂ ਤੋਂ ਚੇਤੰਨ ਵੀ ਕਰਵਾਉਂਦੇ ਰਹੇ। ਓਸੇ ਸਫ਼ਲਤਾ ਨੂੰ ਬੂਰ ਪਿਆ ਤੇ ਜਦ 'ਗੁਰੂ ਨਾਨਕ ਜਹਾਜ਼' ਦਾ ਪੈਂਫ਼ਲਿਟ ਰਿਲੀਜ਼ ਹੋਇਆ ਤਾਂ ਵਣਜਾਰਿਆਂ ਦਾ ਬਾਗੋ-ਬਾਗ ਹੋਣਾ ਯਕੀਨੀ ਸੀ।

ਸਰਦਾਰ ਜੱਸੜ ਦਾ ਧੰਨਵਾਦ ਕਰਦਾ ਹਾਂ ਤੇ ਵਣਜਾਰਿਆਂ ਖਾਸ ਕਰ ਰਾਜ ਸਿੰਘ ਹੋਰਾਂ ਨੂੰ ਵਧਾਈ ਦਿੰਦਾ ਹਾਂ। ਗੁਰੂ ਮਹਾਰਾਜ ਇੰਨਾਂ ਨੂੰ ਹੋਰ ਸਮਰੱਥਾ ਬਖ਼ਸ਼ਣ ਤੇ ਇਹ ਸਿੱਖ ਵਿਰਾਸਤ ਦੇ ਫ਼ਖਰ ਦੀ ਵਿਲੱਖਣਤਾ ਲਈ ਦਿਲ ਜਾਨ ਨਾਲ ਕਾਰਜ ਕਰਦੇ ਰਹਿਣ।

ਵਣਜਾਰਾ ਖ਼ਾਨਾਬਦੋਸ਼, ਜੋ ਇਸ ਪ੍ਰੋਜੈਕਟ 'ਤੇ ਕੰਮ ਕਰ ਰਹੀ ਹੈ, ਉਹਨਾਂ ਨੇ ਵੀ 'ਗੁਰੂ ਨਾਨਕ ਜਹਾਜ਼' ਸਿਰਲੇਖ ਉੱਤੇ ਆਪਣੀ ਪ੍ਰਤੀਕ੍ਰਿਆ ਦਿੰਦੇ ਹੋਏ ਕਿਹਾ ਕਿ, ਇਹ ਸਿਰਲੇਖ ਸਾਡੇ ਪੰਥ ਲਈ ਡੂੰਘੀ ਮਹੱਤਤਾ ਰੱਖਦਾ ਹੈ ਤੇ ਸਿੱਖ ਅਗਵਾਈ ਵਾਲੀ ਪਹਿਲਕਦਮੀ ਨੂੰ ਦਰਸਾਉਂਦਾ ਹੈ ਜਿਸ ਨੇ ਜਹਾਜ਼ ਵਿੱਚ ਸਵਾਰ ਹਿੰਦੂ ਪੰਜਾਬੀਆਂ ਅਤੇ ਮੁਸਲਮਾਨ ਪੰਜਾਬੀਆਂ ਦਾ ਸੁਆਗਤ ਕੀਤਾ। ਜਹਾਜ਼ ਦੇ ਅਸਲੀ ਨਾਮ, 'ਗੁਰੂ ਨਾਨਕ ਜਹਾਜ਼' ਨੂੰ ਸਵੀਕਾਰ ਕਰਦੇ ਹੋਏ, ਗੁਰੂ ਸਾਹਿਬਾਨ ਦੇ ਸਦੀਵੀ ਮੁੱਲਾਂ - ਨਿਆਂ, ਏਕਤਾ ਅਤੇ ਸਮਾਵੇਸ਼ ਨੂੰ ਦਰਸਾਉਂਦਾ ਹੈ।

ਇਸ ਸਿਰਲੇਖ ਨੂੰ ਅਪਣਾ ਕੇ, ਨਾ ਸਿਰਫ਼ ਸਿੱਖ ਲੀਡਰਸ਼ਿਪ ਦਾ ਸਨਮਾਨ ਕੀਤਾ ਸਗੋਂ ਆਪਸ ਵਿੱਚ ਭਾਈਚਾਰੇ ਅਤੇ ਏਕਤਾ ਦੀ ਭਾਵਨਾ ਦਾ ਵੀ ਸਨਮਾਨ ਕੀਤਾ ਹੈ।

ਇਸ ਅਰਥਪੂਰਨ ਸਿਰਲੇਖ ਨੂੰ ਅਪਣਾਉਣ ਦਾ ਫ਼ੈਸਲਾ ਸਿੱਖ ਪੰਜਾਬੀਆਂ ਦੀ ਵਿਰਾਸਤ ਪ੍ਰਤੀ ਡੂੰਘੇ ਸਤਿਕਾਰ ਨੂੰ ਦਰਸਾਉਂਦਾ ਹੈ, ਜਿਨ੍ਹਾਂ ਦੀ ਅਗਵਾਈ ਵਿੱਚ ਗੁਰੂ ਨਾਨਕ ਜਹਾਜ਼ ਵਿੱਚ ਸਵਾਰ ਹੋ ਕੇ ਲਚਕੀਲਾਪਣ, ਹਿੰਮਤ ਅਤੇ ਸਮਾਵੇਸ਼ ਦਾ ਪ੍ਰਦਰਸ਼ਨ ਕੀਤਾ ਗਿਆ ਜਿਸ ਵਿੱਚ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਨੂੰ ਇੱਕ ਜੁੱਟ ਕੀਤਾ ਗਿਆ। ਗੁਰੂ ਸਾਹਿਬਾਨਾਂ ਦੀ ਭਾਵਨਾ ਨੂੰ ਸੁਰੱਖਿਅਤ ਰੱਖਣ ਲਈ ਇਹ ਪ੍ਰੋਜੈਕਟ ਪੀੜ੍ਹੀਆਂ ਨੂੰ ਨਿਆਂ, ਏਕਤਾ ਅਤੇ ਚੜ੍ਹਦੀ ਕਲਾ ਦੇ ਸਥਾਈ ਮੁੱਲਾਂ ਨਾਲ ਪ੍ਰੇਰਿਤ ਕਰੇਗਾ। ਤਰਸੇਮ ਜੱਸੜ ਦੀ ਇਸ ਪਹਿਲ ਨੇ ਫ਼ਿਲਮੀ ਜਗਤ ਵਿੱਚ ਇੱਕ ਸੱਚਾਈ ਦਾ ਰਾਹ ਖੋਲ੍ਹਿਆ ਹੈ। ਉਮੀਦ ਹੈ ਕਿ ਆਉਣ ਵਾਲੀਆਂ ਸਿੱਖ ਇਤਿਹਾਸ ਨੂੰ ਦਰਸਾਉਂਦੀਆਂ ਫ਼ਿਲਮਾਂ ਵਿੱਚ ਰਲੇਵਾਂ ਜਾਂ ਇਤਿਹਾਸ ਨੂੰ ਤੋੜ ਮਰੋੜ ਕੇ ਪੇਸ਼ ਨਹੀਂ ਕੀਤਾ ਜਾਵੇਗਾ, ਤੇ ਫ਼ਿਲਮਾਂ ਦੇ ਸਿਰਲੇਖ ਵੀ ਸੱਚ ਨੂੰ ਦਰਸਾਉਂਦੇ ਹੋਏ ਰੱਖੇ ਜਾਣਗੇ।

# ਮਨੁੱਖੀ ਹੱਕਾਂ ਦੇ ਸੰਘਰਸ਼ ਦੇ ਪ੍ਰਸੰਗ 'ਚ ਤਰਸੇਮ ਸਿੰਘ ਜੱਸੜ ਦੀ ਫ਼ਿਲਮ 'ਗੁਰੂ ਨਾਨਕ ਜਹਾਜ਼'

ਡਾ. ਗੁਰਵਿੰਦਰ ਸਿੰਘ

ਮਸ਼ਹੂਰ ਫ਼ਿਲਮਕਾਰ ਤਰਸੇਮ ਸਿੰਘ ਜੱਸੜ ਦੇ ਸੋਸ਼ਲ ਅਕਾਊਂਟ 'ਤੇ 'ਗੁਰੂ ਨਾਨਕ ਜਹਾਜ਼' ਫ਼ਿਲਮ ਦਾ ਪੋਸਟਰ ਦੇਖਿਆ, ਜਿਸ ਉੱਤੇ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਦੀਆਂ ਤਸਵੀਰਾਂ ਹਨ। ਇਹ ਸ਼ਲਾਘਾਯੋਗ ਕਦਮ ਹੈ, ਜਿਸ ਦਾ ਪੁਰਜ਼ੋਰ ਸਵਾਗਤ ਹੈ। ਇਸ ਬਾਰੇ ਇਤਿਹਾਸਕ ਸੰਦਰਭ ਜਾਨਣਾ ਲਾਹੇਵੰਦ ਹੋਵੇਗਾ। ਦਰਅਸਲ ਗੁਰੂ ਨਾਨਕ ਜਹਾਜ਼ ਦੀ ਦਾਸਤਾਨ ਮਨੁੱਖੀ ਆਜ਼ਾਦੀ ਦੇ ਸੰਘਰਸ਼ ਦੇ ਦੌਰ ਦੀ ਇਤਿਹਾਸਕ ਘਟਨਾ ਹੈ, ਜਿਸ ਦੇ ਅਸਲੀ ਇਤਿਹਾਸ ਨੂੰ ਜਾਣੇ ਅਣਜਾਣੇ ਵਿੱਚ ਮਿਟਾਇਆ ਜਾ ਰਿਹਾ ਹੈ। ਇਹ ਦਾਸਤਾਨ ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਿਰਾਂ ਦੀ ਹੈ, ਜਿਸ ਨੂੰ ਵਧੇਰੇ ਕਰਕੇ ਕਾਮਾਗਾਟਾ ਮਾਰੂ ਕੰਪਨੀ ਦੇ ਨਾਂ 'ਤੇ ਹੀ ਪ੍ਰਚਾਰਿਆ ਜਾਂਦਾ ਹੈ। 20ਵੀਂ ਸਦੀ ਦੇ ਆਰੰਭ ਵਿੱਚ, ਕੈਨੇਡਾ ਵਿੱਚ ਪਹਿਲਾਂ ਭਾਰਤੀਆਂ ਤੋਂ ਵੋਟ ਦਾ ਹੱਕ ਖੋਹਿਆ ਗਿਆ ਤੇ ਉਸ ਤੋਂ ਬਾਅਦ ਕੈਨੇਡਾ ਆਉਣ ਲਈ ਪ੍ਰਵਾਸੀਆਂ ਉੱਪਰ ਆਪਣੇ ਮੁਲਕ ਤੋਂ ਸਿੱਧੇ ਸਫ਼ਰ ਦੀ ਸ਼ਰਤ ਲਾ ਦਿੱਤੀ ਗਈ। ਸਿੱਧੇ ਸਫ਼ਰ ਦੇ ਕਾਲੇ ਕਾਨੂੰਨ ਨੂੰ ਪ੍ਰਭਾਵਹੀਣ ਕਰਨ ਲਈ, ਕੈਨੇਡਾ ਦੇ ਮੋਢੀ ਸਿੱਖਾਂ ਦੀ ਸਲਾਹ 'ਤੇ, ਸਿੱਖ ਆਗੂ ਬਾਬਾ ਗੁਰਦਿੱਤ ਸਿੰਘ ਸਰਹਾਲੀ ਨੇ ਕੈਨੇਡਾ ਸਰਕਾਰ ਦੇ 'ਨਸਲੀ ਵਿਤਕਰੇ ਵਾਲੇ ਕਾਨੂੰਨ' ਨੂੰ ਚੁਣੌਤੀ ਦੇਣ ਲਈ ਜਨਵਰੀ 1914 ਵਿੱਚ ਕਲਕੱਤੇ ਜਾ ਕੇ 'ਗੁਰੂ ਨਾਨਕ ਸਟੀਮਸ਼ਿਪ ਕੰਪਨੀ' ਕਾਇਮ ਕੀਤੀ, ਜਿਸ ਅਧੀਨ 'ਗੁਰੂ ਨਾਨਕ ਸਾਹਿਬ' ਦੇ ਨਾਂ 'ਤੇ ਜਹਾਜ਼, ਕਿਰਾਏ 'ਤੇ ਲੈਣ ਦਾ ਫ਼ੈਸਲਾ ਕੀਤਾ ਗਿਆ।




ਇਸ ਉਦੇਸ਼ ਦੀ ਪੂਰਤੀ ਲਈ ਕਾਮਾਗਾਟਾਮਾਰੂ ਨਾਂ ਦਾ ਸਮੁੰਦਰੀ ਬੇੜਾ, ਗੁਰੂ ਨਾਨਕ ਸਟੀਮਸ਼ਿਪ ਕੰਪਨੀ ਨੇ 11 ਹਜ਼ਾਰ ਡਾਲਰ ਪ੍ਰਤੀ ਮਹੀਨੇ ਦੇ ਹਿਸਾਬ, ਨਾਲ ਛੇ ਮਹੀਨੇ ਲਈ 66 ਹਜ਼ਾਰ ਡਾਲਰ 'ਤੇ, 19 ਮਾਰਚ 1914 ਨੂੰ ਜਪਾਨੀ ਕੰਪਨੀ ਤੋਂ ਕਿਰਾਏ 'ਤੇ ਲਿਆ। ਹਾਂਗਕਾਂਗ ਗੁਰਦੁਆਰਾ ਸਾਹਿਬ ਵਿਖੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਅਖੰਡ ਪਾਠ ਕਰਵਾਏ ਗਏ ਅਤੇ ਸਮੁੰਦਰੀ ਜਹਾਜ਼ ਕਾਮਾਗਾਟਾਮਾਰੂ ਦਾ ਨਾਮਕਰਨ 'ਗੁਰੂ ਨਾਨਕ ਜਹਾਜ਼' ਕੀਤਾ ਗਿਆ। ਗੁਰੂ ਨਾਨਕ ਜਹਾਜ਼ ਦੀਆਂ ਟਿਕਟਾਂ 'ਗੁਰੂ ਨਾਨਕ ਸਟੀਮਰ ਕੰਪਨੀ' ਵੱਜੋਂ ਪ੍ਰਕਾਸ਼ਿਤ ਹੋਈਆਂ। ਗੁਰੂ ਨਾਨਕ ਜਹਾਜ਼ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ।

ਗੁਰੂ ਨਾਨਕ ਜਹਾਜ਼ ਦੇ ਸਫ਼ਰ ਦੌਰਾਨ ਪੰਜ ਅਖੰਡ ਪਾਠ ਅਤੇ ਦੋ ਸਹਿਜ ਪਾਠ ਸੰਪੂਰਨ ਕੀਤੇ ਗਏ। ਜਹਾਜ਼ ਵਿੱਚ ਨਿਸ਼ਾਨ ਸਾਹਿਬ ਝੂਲਦਾ ਸੀ। ਗੁਰੂ ਨਾਨਕ ਸ਼ਬਦ ਰੂਹਾਨੀ ਸਾਂਝ, ਮਨੁੱਖੀ ਪ੍ਰੇਮ, ਜਾਬਰ ਹਕੂਮਤਾਂ ਦਾ ਵਿਰੋਧ ਤੇ ਨਸਲਵਾਦੀ ਵਿਤਕਰੇ ਦੇ ਅੰਤ ਦਾ ਮਹਾਨ ਸਿਧਾਂਤ ਹੈ। ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਿਰਾਂ ਵਿੱਚ 341 ਸਿੱਖ ਸਨ। ਉਹਨਾਂ ਤੋਂ ਇਲਾਵਾ 24 ਮੁਸਲਮਾਨ ਤੇ 12 ਹਿੰਦੂ ਮੁਸਾਫ਼ਿਰ ਸਨ। ਉਸ ਸਮੇਂ ਦੇ 'ਸਾਂਝਾ ਪੰਜਾਬ', ਜੋ ਕਿ ਅੱਜ ਕੱਲ੍ਹ ਭਾਰਤ ਅਤੇ ਪਾਕਿਸਤਾਨ ਵਿੱਚ ਵੰਡਿਆ ਹੋਇਆ ਹੈ, ਦੇ ਵਸਨੀਕ ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਿਰ ਸਨ।

ਇਤਿਹਾਸਿਕ ਤੱਥਾਂ 'ਤੇ ਅਧਾਰਤ ਜਾਣਕਾਰੀ ਕਾਮਾਗਾਟਾ ਮਾਰੂ ਸਮੁੰਦਰੀ ਬੇੜੇ ਨੂੰ ਚਾਰਟਰ ਕਰਨ ਮਗਰੋਂ, ਇਸ ਦਾ ਰੱਖਿਆ ਗਿਆ ਨਾਂ ਗੁਰੂ ਨਾਨਕ ਜਹਾਜ਼ ਹੈ ਅਤੇ ਇਤਿਹਾਸਕਾਰਾਂ ਲਈ 'ਗੁਰੂ ਨਾਨਕ ਜਹਾਜ਼' ਸ਼ਬਦ ਹੀ ਵਰਤਣਾ ਉਚਿਤ ਹੈ। ਕਈ ਲੇਖਕ, ਫ਼ਿਲਮਕਾਰ, ਸਿਆਸਤਦਾਨ ਅਤੇ ਮੀਡੀਆਕਾਰ ਅੱਜ ਵੀ ਗੁਰੂ ਨਾਨਕ ਜਹਾਜ਼ ਨੂੰ, ਜਾਪਾਨੀ ਨਾਂ ਕਾਮਾਗਾਟਾਮਾਰੂ ਨਾਲ ਹੀ ਬਿਆਨਦੇ ਹਨ, ਜੋ ਕਿ ਸਹੀ ਨਹੀਂ। ਇਤਿਹਾਸਿਕ ਖੋਜ ਤੋਂ ਸੱਖਣੇ ਲਿਖਾਰੀਆਂ ਨੇ ਜਪਾਨੀ ਕੰਪਨੀ ਦੇ ਮਾਲਕੀ ਹੇਠਲੇ ਜਹਾਜ਼ ਦੇ ਇਕਰਾਰਨਾਮੇ ਅਨੁਸਾਰ ਮੀਡੀਆ ਰਿਪੋਰਟਾਂ ਅਤੇ ਬ੍ਰਿਟਿਸ਼ ਸਰਕਾਰ ਦੇ ਦਸਤਾਵੇਜ਼ਾਂ ਨੂੰ ਆਧਾਰ ਬਣਾ ਕੇ ਕਾਮਾਗਾਟਾਮਾਰੂ ਨਾਂ ਪ੍ਰਚਲਤ ਕਰ ਦਿੱਤਾ, ਪਰ ਬਾਬਾ ਗੁਰਦਿੱਤ ਸਿੰਘ ਦੀ ਆਪਣੀ ਕਲਮ ਤੋਂ ਲਿਖੀ ਤੇ ਅੰਗਰੇਜ਼ ਸਰਕਾਰ ਦੁਆਰਾ 1922 ਵਿੱਚ ਜ਼ਬਤ ਪੁਸਤਕ 'ਗੁਰੂ ਨਾਨਕ ਜਹਾਜ਼' ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਕਾਮਾਗਾਟਾ ਮਾਰੂ ਜਹਾਜ਼ ਕਰਾਏ ਤੇ ਲੈਣ ਮਗਰੋਂ, ਇਸ ਦਾ ਨਾਂ ਬਦਲ ਕੇ 'ਗੁਰੂ ਨਾਨਕ ਜਹਾਜ਼' ਰੱਖ ਦਿੱਤਾ ਗਿਆ ਸੀ।

ਇੰਨੀਂ ਦਿਨੀ ਜਾਣੇ ਪਛਾਣੇ ਫ਼ਿਲਮ ਨਿਰਮਾਤਾ ਤਰਸੇਮ ਜੱਸੜ ਦੀ ਪ੍ਰੋਡਕਸ਼ਨ ਰਾਹੀਂ, ਇੱਕ ਫ਼ਿਲਮ ਤਿਆਰ ਕੀਤੀ ਜਾ ਰਹੀ ਹੈ, ਜਿਸ ਵਿੱਚ 'ਗੁਰੂ ਨਾਨਕ ਜਹਾਜ਼' ਦਾ ਇਤਿਹਾਸ ਪੇਸ਼ ਕੀਤਾ ਗਿਆ ਹੈ। ਫ਼ਿਲਮ ਦਾ ਨਾਂ ਗੁਰੂ ਨਾਨਕ ਜਹਾਜ਼ ਰੱਖਿਆ ਗਿਆ ਹੈ, ਜਿਸ ਨੂੰ ਵੇਖ ਕੇ ਅਤਿਅੰਤ ਖੁਸ਼ੀ ਹੋਈ। ਹੋਰ ਵੀ ਚੰਗੀ ਗੱਲ ਹੈ ਕਿ ਇਸ ਪੋਸਟਰ 'ਤੇ ਗੁਰੂ ਨਾਨਕ ਜਹਾਜ਼ ਨਾਲ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਕੈਨੇਡਾ ਦੀ ਅਸਲ ਤਸਵੀਰ ਛਾਪੀ ਗਈ ਹੈ, ਜੋ ਕਿ ਇਤਿਹਾਸਿਕ ਸੂਝ ਬੂਝ ਪੇਸ਼ ਕਰਦੀ ਹੈ।

ਦਰਅਸਲ ਸ਼ਹੀਦ ਭਾਈ ਮੇਵਾ ਸਿੰਘ ਦਾ ਗੁਰੂ ਨਾਨਕ ਜਹਾਜ਼ ਨਾਲ ਡੂੰਘਾ ਸੰਬੰਧ ਹੈ, ਜਿਨਾਂ ਗੁਰੂ ਨਾਨਕ ਜਹਾਜ਼ ਨੂੰ ਜਬਰੀ ਮੋੜਨ ਵਾਲੇ ਅਤੇ ਮੋਢੀ ਸਿੱਖਾਂ ਭਾਈ ਭਾਗ ਸਿੰਘ ਜੀ ਅਤੇ ਭਾਈ ਬਤਨ ਸਿੰਘ ਜੀ ਦਾ ਕਤਲ ਕਰਵਾਉਣ ਵਾਲੇ ਚਾਰਲਸ ਵਿਲੀਅਮ ਹਾਪਕਿਨਸਨ ਨੂੰ ਸੋਧਿਆ ਸੀ।

ਇਸ ਹੀ ਸੰਦਰਭ ਵਿੱਚ ਵਿਚਾਰਨ ਯੋਗ ਪੱਖ ਹੈ ਕਿ ਕੈਨੇਡਾ ਦੀ ਸਰਕਾਰ ਵੱਲੋਂ ਚਾਹੇ ਕਾਮਾਗਾਟਾ ਮਾਰੂ ਦੇ ਦੁਖਾਂਤ ਲਈ ਮਾਫ਼ੀ ਮੰਗੀ ਗਈ ਹੈ, ਜੋ ਸ਼ਲਾਘਾ ਯੋਗ ਹੈ, ਪਰ ਉਹਨਾਂ ਵੱਲੋਂ ਗੁਰੂ ਨਾਨਕ ਜਹਾਜ਼ ਨਾਂ ਨੂੰ ਦਰਕਿਨਾਰ ਕਰ ਦਿੱਤਾ ਗਿਆ ਹੈ। ਇਹ ਗਲਤ ਅਤੇ ਭੁਲੇਖਾ ਪਾਉ ਬਿਰਤਾਂਤ ਹੈ। ਇਸ ਪ੍ਰਸੰਗ ਵਿੱਚ ਤਰਸੇਮ ਜੱਸੜ ਵੱਲੋਂ 'ਗੁਰੂ ਨਾਨਕ ਜਹਾਜ਼' ਨਾਂ ਤੇ ਫ਼ਿਲਮ ਨਿਰਮਾਣ ਰਾਹੀਂ ਚੁੱਕਿਆ ਗਿਆ ਇਤਿਹਾਸਕ ਕਦਮ, ਭਵਿੱਖ ਵਿੱਚ ਕੈਨੇਡਾ ਸਰਕਾਰ ਦੇ ਮੁਆਫ਼ੀਨਾਮੇ ਵਿੱਚ ਸਹੀ ਨਾਂ 'ਗੁਰੂ ਨਾਨਕ ਜਹਾਜ਼' ਵਜੋਂ ਸੋਧ ਕਰਨ ਵਿੱਚ ਸਹਾਈ ਸਾਬਤ ਹੋਵੇਗਾ।

'ਗੁਰੂ ਨਾਨਕ ਜਹਾਜ਼' ਫ਼ਿਲਮ ਵਿੱਚ ਤਰਸੇਮ ਜੱਸੜ ਹੁਰੀਂ ਇਤਿਹਾਸ ਦੇ ਸਹੀ ਪੱਖ ਕਿਸ ਬਰੀਕੀ ਨਾਲ ਦਿਖਾਉਂਦੇ ਹਨ, ਇਸ ਦਾ ਤਾਂ ਫ਼ਿਲਮ ਵੇਖਣ ਤੋਂ ਮਗਰੋਂ ਹੀ ਪਤਾ ਲੱਗ ਸਕਦਾ ਹੈ, ਪਰ ਫ਼ਿਲਮ ਦੇ ਸਹੀ ਨਾਮਕਰਨ ਤੋਂ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਫ਼ਿਲਮਕਾਰ ਤਰਸੇਮ ਜੱਸੜ ਦਾ ਇਹ ਉਪਰਾਲੇ ਨਾ ਸਿਰਫ਼ ਇਤਿਹਾਸ ਦੇ ਸਹੀ ਰੂਪ ਅਤੇ ਬਿਰਤਾਂਤ ਨੂੰ ਕਾਇਮ ਕਰਨ ਵਿੱਚ ਸਹਾਈ ਸਿਧ ਹੋਏਗਾ, ਬਲਕਿ ਸਾਡੀਆਂ ਅਗਲੀਆਂ ਪੀੜ੍ਹੀਆਂ ਨੂੰ ਸੰਘਰਸ਼ ਦੀ ਸ਼ਾਨਾਮੱਤੀ ਗਾਥਾ ਤੋਂ ਵੀ ਭਲੀ ਭਾਂਤ ਜਾਣੂ ਕਰਵਾਏਗਾ।

## ਫ਼ਿਲਮ 'ਪੰਜਾਬ 95' ਸੱਤ ਫ਼ਰਵਰੀ ਨੂੰ

ਪਰਿਵਾਰ ਨੇ ਸੀ.ਬੀ.ਐੱਫ.ਸੀ. ਨੂੰ ਅਪੀਲ ਕੀਤੀ ਹੈ ਕਿ ਫ਼ਿਲਮ ਵਿੱਚ ਦਿਖਾਏ ਗਏ ਇਤਿਹਾਸਿਕ ਤੱਥ ਸਾਬਿਤ ਹੋ ਚੁੱਕੇ ਹਨ ਅਤੇ ਉਨ੍ਹਾਂ ਨੂੰ ਨਾ ਬਦਲਿਆ ਜਾਵੇ।

ਸਿੱਖ ਚਿੰਤਕ ਗੁਰਤੇਜ ਸਿੰਘ ਨੇ ਇਸ ਫ਼ਿਲਮ 'ਪੰਜਾਬ 95' ਨਾਲ ਜੁੜੇ ਵਿਵਾਦ ਬਾਰੇ ਗੱਲ ਕਰਦਿਆਂ ਕਿਹਾ ਕਿ ਸਿਆਸੀ ਅਤੇ ਇਤਿਹਾਸਕ ਵਿਸ਼ਿਆਂ ਉੱਤੇ ਬਣਨ ਵਾਲੀਆਂ ਫ਼ਿਲਮਾਂ ਬਾਰੇ ਸੈਂਸਰ ਬੋਰਡ ਦੇ ਮਾਪਦੰਡ ਵੱਖਰੇ ਹੋਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਇਹ ਫ਼ਿਲਮ ਮਨੁੱਖੀ ਹੱਕਾਂ ਦੀ ਰਖਵਾਲੀ ਲਈ ਲੜੇ ਸਿੱਖ ਕਾਰਕੁੰਨ ਜਸਵੰਤ ਸਿੰਘ ਖਾਲੜਾ ਬਾਰੇ ਹੈ ਨਾ ਕਿ ਡਰਾਮਾ ਕਿ ਇਸ ਦੇ ਤੱਥ ਤੇ ਮੂਲ ਬਦਲ ਦਿੱਤਾ ਜਾਵੇ।

***

## ਜਸਵੰਤ ਸਿੰਘ ਖਾਲੜਾ ਦੇ ਸੰਘਰਸ਼

ਪੁਲਿਸ ਦੀ ਵਰਦੀ ਵਿੱਚ ਕੁਝ ਵਿਅਕਤੀਆਂ ਨੇ ਅਗਵਾ ਕਰ ਲਿਆ ਸੀ। ਅਗਲੀ ਸਵੇਰ ਭਾਰਤੀ ਦੰਡਾਵਲੀ ਦੀ ਧਾਰਾ 365 ਤਹਿਤ ਅਗਵਾ ਕਰਨ ਦੀ ਐੱਫਆਈਆਰ ਦਰਜ ਕੀਤੀ ਗਈ।ਹਾਲਾਂਕਿ, ਜਾਂਚ ਅੱਗੇ ਨਹੀਂ ਵਧ ਸਕੀ ਅਤੇ ਜਸਵੰਤ ਸਿੰਘ ਖਾਲੜਾ ਦਾ ਪਤਾ ਨਹੀਂ ਲੱਗ ਸਕਿਆ।

ਪਰਮਜੀਤ ਕੌਰ ਨੇ ਅਦਾਲਤ ਵਿੱਚ ਪਟੀਸ਼ਨ ਦਾਇਰ ਕੀਤੀ, ਜਿਸ ਵਿੱਚ ਜਾਂਚ ਸੀਬੀਆਈ ਨੂੰ ਸੌਂਪ ਦਿੱਤੀ ਗਈ।ਜਸਵੰਤ ਸਿੰਘ ਖਾਲੜਾ ਦਾ ਕੋਈ ਸੁਰਾਗ਼ ਦੇਣ ਵਾਲੇ ਨੂੰ 1 ਲੱਖ ਰੁਪਏ ਦੇ ਇਨਾਮ ਐਲਾਨੇ ਜਾਣ ਦੇ ਬਾਵਜੂਦ ਕੁਝ ਪਤਾ ਨਹੀਂ ਲੱਗ ਸਕਿਆ।1995 ਵਿੱਚ ਹੀ ਖਾਲੜਾ ਦੀ ਪਤਨੀ ਪਰਮਜੀਤ ਕੌਰ (ਜਿਸ ਨੂੰ ਨਹੀਂ ਪਤਾ ਸੀ ਕਿ ਉਸ ਦੇ ਪਤੀ ਜ਼ਿੰਦਾ ਹੈ ਜਾਂ ਨਹੀਂ) ਨੇ ਹੈਬੀਅਸ ਕਾਰਪਸ ਪਟੀਸ਼ਨ ਦਾਇਰ ਕਰਕੇ ਅਦਾਲਤ ਤੱਕ ਪਹੁੰਚ ਕੀਤੀ।

ਸੂਬਾ ਸਰਕਾਰ ਵੱਲੋਂ ਖਾਲੜਾ ਦੇ ਟਿਕਾਣੇ ਬਾਰੇ ਕੋਈ ਜਾਣਕਾਰੀ ਨਾ ਦਿੱਤੇ ਜਾਣ ਕਾਰਨ ਪਰਮਜੀਤ ਕੌਰ ਨੇ ਅਦਾਲਤ ਵਿੱਚ ਪਟੀਸ਼ਨ ਦਾਇਰ ਕੀਤੀ, ਜਿਸ ਵਿੱਚ ਜਾਂਚ ਸੀਬੀਆਈ ਨੂੰ ਸੌਂਪ ਦਿੱਤੀ ਗਈ।ਜਸਵੰਤ ਸਿੰਘ ਖਾਲੜਾ ਦਾ ਕੋਈ ਸੁਰਾਗ਼ ਦੇਣ ਵਾਲੇ ਨੂੰ 1 ਲੱਖ ਰੁਪਏ ਦੇ ਇਨਾਮ ਐਲਾਨੇ ਜਾਣ ਦੇ ਬਾਵਜੂਦ ਕੁਝ ਪਤਾ ਨਹੀਂ ਲੱਗ ਸਕਿਆ।1995 ਵਿੱਚ ਹੀ ਖਾਲੜਾ ਦੀ ਪਤਨੀ ਪਰਮਜੀਤ ਕੌਰ (ਜਿਸ ਨੂੰ ਨਹੀਂ ਪਤਾ ਸੀ ਕਿ ਉਸ ਦੇ ਪਤੀ ਜ਼ਿੰਦਾ ਹੈ ਜਾਂ ਨਹੀਂ) ਨੇ ਹੈਬੀਅਸ ਕਾਰਪਸ ਪਟੀਸ਼ਨ ਦਾਇਰ ਕਰਕੇ ਅਦਾਲਤ ਤੱਕ ਪਹੁੰਚ ਕੀਤੀ।

ਸੂਬਾ ਸਰਕਾਰ ਵੱਲੋਂ ਖਾਲੜਾ ਦੇ ਟਿਕਾਣੇ ਬਾਰੇ ਕੋਈ ਜਾਣਕਾਰੀ ਨਾ ਦਿੱਤੇ ਜਾਣ ਕਾਰਨ ਅਦਾਲਤ ਨੇ ਜਾਂਚ ਸੀਬੀਆਈ ਨੂੰ ਸੌਂਪ ਦਿੱਤੀ।

ਕੁਲਵੰਤ ਸਿੰਘ ਨਾਂ ਦੇ ਇੱਕ ਵਿਅਕਤੀ ਨੇ ਸੀਬੀਆਈ ਨੂੰ ਦਿੱਤੇ ਆਪਣੇ ਬਿਆਨ ਵਿੱਚ ਕਿਹਾ ਕਿ ਉਸ ਨੂੰ ਥਾਣਾ ਝਬਾਲ ਪੁਲਿਸ ਨੇ 4 ਸਤੰਬਰ 1995 ਨੂੰ ਐੱਨਡੀਪੀਐੱਸ ਐਕਟ ਦੇ ਤਹਿਤ ਇੱਕ ਕੇਸ ਵਿੱਚ ਹਿਰਾਸਤ ਵਿੱਚ ਲਿਆ ਸੀ।ਉਨ੍ਹਾਂ ਦੱਸਿਆ ਕਿ ਜਸਵੰਤ ਸਿੰਘ ਖਾਲੜਾ ਨੂੰ ਵੀ ਦੋ ਦਿਨ ਬਾਅਦ ਉਸੇ ਥਾਣੇ ਲਿਆਂਦਾ ਗਿਆ।ਕੁਲਵੰਤ ਨੇ ਅੱਗੇ ਕਿਹਾ ਕਿ ਖਾਲੜਾ ਨੇ ਉਸ ਨੂੰ ਦੱਸਿਆ ਸੀ ਕਿ ਉਸ ਨੂੰ ਇਸ ਗੱਲ ਦਾ ਕੋਈ ਪਤਾ ਨਹੀਂ ਕਿ ਉਸ ਨੂੰ ਐੱਸਐੱਚਓ ਸਤਨਾਮ ਸਿੰਘ ਅਤੇ ਡੀਐੱਸਪੀ ਜਸਪਾਲ ਸਿੰਘ ਥਾਣੇ ਕਿਉਂ ਲੈ ਕੇ ਆਏ ਸਨ।

ਕੁਲਦੀਪ ਸਿੰਘ, ਸਪੈਸ਼ਲ ਪੁਲਿਸ ਅਫ਼ਸਰ (ਐੱਸਪੀਓ) ਇਸ ਕੇਸ ਵਿੱਚ ਅਹਿਮ ਗਵਾਹ ਬਣੇ। ਉਨ੍ਹਾਂ ਨੂੰ ਥਾਣਾ ਝਬਾਲ ਦੇ ਐੱਸਐੱਚਓ ਸਤਨਾਮ ਸਿੰਘ ਨਾਲ ਲਗਾਇਆ ਗਿਆ ਸੀ।ਕੁਲਦੀਪ ਸਿੰਘ ਨੇ ਸੀਬੀਆਈ ਨੂੰ ਦੱਸਿਆ ਕਿ ਜਸਵੰਤ ਸਿੰਘ ਖਾਲੜਾ ਨੂੰ ਥਾਣਾ ਝਬਾਲ ਵਿੱਚ ਲਿਆਉਣ ਤੋਂ ਲੈ ਕੇ ਉਨ੍ਹਾਂ ਦੀ ਮੌਤ ਤੱਕ ਖਾਲੜਾ ਨਾਲ ਜੋ ਕੁਝ ਵਾਪਰਿਆ ਸੀ, ਉਸ ਬਾਰੇ ਉਸ ਨੂੰ ਜਾਣਕਾਰੀ ਹੈ।

ਪੁਲਿਸ ਹਿਰਾਸਤ ਵਿੱਚ ਜਸਵੰਤ ਸਿੰਘ ਖਾਲੜਾ ਨੂੰ ਖਾਣਾ ਖੁਆਉਣਾ ਕੁਲਦੀਪ ਸਿੰਘ ਦੀ ਡਿਊਟੀ ਵਿੱਚੋਂ ਇੱਕ ਕੰਮ ਸੀ।ਉਨ੍ਹਾਂ ਨੂੰ ਇਸ ਸਬੰਧੀ ਜਾਣਕਾਰੀ ਗੁਪਤ ਰੱਖਣ ਲਈ ਕਿਹਾ ਗਿਆ ਸੀ। ਉਸ ਨੇ ਸੀਬੀਆਈ ਨੂੰ ਦੱਸਿਆ ਕਿ ਜਸਵੰਤ ਸਿੰਘ ਖਾਲੜਾ ਦੀ ਸਿਹਤ ਬਹੁਤ ਕਮਜ਼ੋਰ ਅਤੇ ਨਾਜ਼ੁਕ ਹੋ ਗਈ ਸੀ।ਇੱਕ ਦਿਨ ਸ਼ਾਮ ਨੂੰ ਐੱਸਐੱਸਪੀ ਅਜੀਤ ਸਿੰਘ ਸੰਧੂ, ਡੀਐੱਸਪੀ ਜਸਪਾਲ ਸਿੰਘ ਆਪਣੇ ਬਾਡੀਗਾਰਡ ਅਰਵਿੰਦਰ ਸਿੰਘ ਨਾਲ ਬਿਨਾਂ ਰਜਿਸਟ੍ਰੇਸ਼ਨ ਨੰਬਰ ਦੀ ਇੱਕ ਕਾਰ ਵਿੱਚ ਆਏ।

ਕੁਝ ਦੇਰ ਬਾਅਦ ਐੱਸਐੱਚਓ ਸਤਨਾਮ ਸਿੰਘ, ਐੱਸਐੱਚਓ ਜਸਬੀਰ ਸਿੰਘ ਅਤੇ ਪ੍ਰਿਥੀਪਾਲ ਸਿੰਘ ਦੂਜੀ ਕਾਰ ਵਿੱਚ ਆਏ।ਉਹ ਸਾਰੇ ਉਸ ਕਮਰੇ ਵਿੱਚ ਚਲੇ ਗਏ ਜਿੱਥੇ ਖਾਲੜਾ ਨੂੰ ਨਜ਼ਰਬੰਦ ਕੀਤਾ ਗਿਆ ਸੀ।

ਐੱਸਐੱਸਪੀ ਅਜੀਤ ਸਿੰਘ ਸੰਧੂ ਨੇ ਉਨ੍ਹਾਂ ਨੂੰ ਆਪਣੀਆਂ ਗਤੀਵਿਧੀਆਂ ਬੰਦ ਕਰਨ ਲਈ ਕਿਹਾ। ਉਨ੍ਹਾਂ ਖਾਲੜਾ ਦੀ ਕੁੱਟਮਾਰ ਵੀ ਕੀਤੀ।ਇਸ ਤੋਂ ਤਿੰਨ ਦਿਨਾਂ ਬਾਅਦ ਐੱਸਐੱਚਓ ਸਤਨਾਮ ਸਿੰਘ, ਜਸਵੰਤ ਸਿੰਘ ਖਾਲੜਾ ਅਤੇ ਕੁਲਦੀਪ ਸਿੰਘ ਨੂੰ ਤਰਨਤਾਰਨ ਵਿੱਚ ਐੱਸਐੱਸਪੀ ਅਜੀਤ ਸਿੰਘ ਸੰਧੂ ਦੇ ਘਰ ਲੈ ਗਏ।

ਕੁਝ ਸੀਨੀਅਰ ਪੁਲੀਸ ਅਧਿਕਾਰੀ ਉੱਥੇ ਆਏ ਹੋਏ ਸਨ। ਜਸਵੰਤ ਸਿੰਘ ਖਾਲੜਾ ਨਾਲ ਬੰਦ ਕਮਰੇ ਵਿੱਚ ਗੱਲਬਾਤ ਕੀਤੀ ਗਈ। ਫੇਰ ਕੁਝ ਸਮੇਂ ਬਾਅਦ ਖਾਲੜਾ ਨੂੰ ਵਾਪਸ ਥਾਣਾ ਝਬਾਲ ਵਿਖੇ ਲਿਆਂਦਾ ਗਿਆ।

ਕੁਲਦੀਪ ਸਿੰਘ ਅੱਗੇ ਦੱਸਦੇ ਹਨ ਕਿ ਕੁਝ ਦਿਨਾਂ ਬਾਅਦ ਇੱਕ ਸ਼ਾਮ ਡੀਐੱਸਪੀ ਜਸਪਾਲ ਸਿੰਘ ਅਤੇ ਉਨ੍ਹਾਂ ਦਾ ਬਾਡੀਗਾਰਡ ਅਰਵਿੰਦਰ ਸਿੰਘ ਉੱਥੇ ਆਏ ਅਤੇ ਫਿਰ ਸੁਰਿੰਦਰਪਾਲ ਸਿੰਘ, ਜਸਬੀਰ ਸਿੰਘ ਅਤੇ ਪ੍ਰਿਥੀਪਾਲ ਸਿੰਘ ਵੀ ਸ਼ਾਮਲ ਹੋ ਗਏ।

ਉਹ ਸਾਰੇ ਉਸ ਕਮਰੇ ਵਿਚ ਗਏ ਜਿੱਥੇ ਜਸਵੰਤ ਸਿੰਘ ਖਾਲੜਾ ਨੂੰ ਨਜ਼ਰਬੰਦ ਕੀਤਾ ਗਿਆ ਸੀ, ਅਤੇ ਉਨ੍ਹਾਂ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ।

ਕੁਲਦੀਪ ਸਿੰਘ ਨੂੰ ਗਰਮ ਪਾਣੀ ਲਿਆਉਣ ਲਈ ਕਿਹਾ ਗਿਆ। ਜਦੋਂ ਉਹ ਇਸ ਦਾ ਇੰਤਜ਼ਾਮ ਕਰਨ ਲਈ ਕਮਰੇ ਤੋਂ ਬਾਹਰ ਨਿਕਲਿਆ ਤਾਂ ਉਸ ਨੇ ਦੋ ਗੋਲੀਆਂ ਚੱਲਣ ਦੀ ਆਵਾਜ਼ ਸੁਣੀ।ਖਾਲੜਾ ਦੀ ਮੌਤ ਹੋ ਗਈ ਸੀ। ਉਨ੍ਹਾਂ ਦੀ ਲਾਸ਼ ਨੂੰ ਵੈਨ ਦੀ ਡਿੱਕੀ ਵਿਚ ਰੱਖਿਆ ਗਿਆ ਸੀ, ਜਦੋਂ ਕਿ ਉਨ੍ਹਾਂ ਦੇ ਸਰੀਰ ਵਿਚੋਂ ਖ਼ੂਨ ਵਗ ਰਿਹਾ ਸੀ।

ਕੁਲਦੀਪ ਸਿੰਘ ਸਮੇਤ ਇਹ ਸਾਰੇ ਤਿੰਨ ਕਾਰਾਂ ਵਿੱਚ ਪਿੰਡ ਹਰੀਕੇ ਨੂੰ ਗਏ। ਜਸਵੰਤ ਸਿੰਘ ਖਾਲੜਾ ਦੀ ਲਾਸ਼ ਨਹਿਰ ਵਿੱਚ ਸੁੱਟੀ ਗਈ।ਕੁਲਦੀਪ ਸਿੰਘ ਮੁਤਾਬਕ ਜਦੋਂ ਤੱਕ ਐੱਸਐੱਸਪੀ ਅਜੀਤ ਸਿੰਘ ਸੰਧੂ ਜਿਉਂਦਾ ਸੀ, ਕੁਲਦੀਪ ਸਿੰਘ ਨੇ ਡਰ ਕਾਰਨ ਕਿਸੇ ਨੂੰ ਵੀ ਇਸ ਘਟਨਾ ਦਾ ਖੁਲਾਸਾ ਨਹੀਂ ਕੀਤਾ।

ਕੁਲਦੀਪ ਸਿੰਘ ਦੀ ਗਵਾਹੀ ਇਸ ਕੇਸ ਲਈ ਬਹੁਤ ਮਹੱਤਵਪੂਰਨ ਸਾਬਤ ਹੋਈ ਹਾਲਾਂਕਿ ਅਦਾਲਤ ਨੇ ਕਿਹਾ, 'ਪੁਲਿਸ ਦੁਆਰਾ ਖਾਲੜਾ ਨੂੰ ਹਿਰਾਸਤ ਵਿੱਚ ਲੈਣ ਬਾਰੇ ਦਰਜ ਕੀਤੇ ਗਏ ਉਸ ਦੇ ਬਿਆਨ ਵਿੱਚ ਪੁਲਿਸ ਸਟੇਸ਼ਨ ਦੇ ਰਿਕਾਰਡ, ਪੁਲਿਸ ਵਾਹਨਾਂ ਦੀਆਂ ਲਾਗ ਬੁੱਕਾਂ ਸਮੇਤ ਕਿਸੇ ਵੀ ਕੋਨੇ ਤੋਂ ਕੋਈ ਪੁਸ਼ਟੀ ਨਹੀਂ ਹੋਈ।'

ਅਦਾਲਤ ਨੇ ਨੋਟ ਕੀਤਾ, ਉਸ ਸਥਾਨ ਦੇ ਕਿਸੇ ਵੀ ਕਰਮਚਾਰੀ/ਵਿਅਕਤੀ ਨੂੰ ਜਿੱਥੇ ਖਾਲੜਾ ਨੂੰ ਹਿਰਾਸਤ ਵਿੱਚ ਲਿਆ ਗਿਆ ਸੀ ਜਾਂ ਉਸ ਗੈਸਟ ਹਾਊਸ ਤੋਂ ਜਿੱਥੇ ਉਸ ਦੀ ਲਾਸ਼ ਨੂੰ ਨਹਿਰ ਵਿੱਚ ਸੁੱਟਣ ਤੋਂ ਪਹਿਲਾਂ ਲੈ ਕੇ ਗਏ ਸਨ, ਕੁਲਦੀਪ ਸਿੰਘ ਦੀ ਗਵਾਹੀ ਦੀ ਪੁਸ਼ਟੀ ਕਰਨ ਲਈ ਜਾਂਚ ਨਹੀਂ ਕੀਤੀ ਗਈ ਹੈ।

ਵਧੀਕ ਸੈਸ਼ਨ ਜੱਜ, ਪਟਿਆਲਾ ਨੇ ਨਵੰਬਰ 2005 ਵਿੱਚ ਸਾਰੇ ਅਪੀਲਕਰਤਾਵਾਂ ਅਤੇ ਕੁਝ ਹੋਰ ਮੁਲਜ਼ਮਾਂ ਨੂੰ ਧਾਰਾ 364/34 ਆਈਪੀਸੀ ਦੇ ਤਹਿਤ ਅਗਵਾ ਕਰਨ ਲਈ ਦੋਸ਼ੀ ਠਹਿਰਾਇਆ ਸੀ ਤੇ ਸੱਤ ਸਾਲ ਦੀ ਸਜ਼ਾ ਦਿੱਤੀ।

ਅਦਾਲਤ ਨੇ ਡੀਐੱਸਪੀ ਜਸਪਾਲ ਸਿੰਘ ਅਤੇ ਇੱਕ ਅਮਰਜੀਤ ਸਿੰਘ ਨੂੰ ਧਾਰਾ 302/34 ਆਈਪੀਸੀ ਅਤੇ ਧਾਰਾ 201/34 ਆਈਪੀਸੀ ਤਹਿਤ ਕਤਲ ਲਈ ਦੋਸ਼ੀ ਠਹਿਰਾਇਆ ਤੇ ਉਮਰ ਕੈਦ ਦਾ ਸਜ਼ਾ ਦਿੱਤੀ।

ਮਾਮਲਾ ਹਾਈਕੋਰਟ ਤੱਕ ਪਹੁੰਚ ਗਿਆ। ਖਾਲੜਾ ਦੀ ਪਤਨੀ ਪਰਮਜੀਤ ਕੌਰ ਨੇ ਚਾਰ ਅਪੀਲਕਰਤਾਵਾਂ ਦੀ ਸਜ਼ਾ ਵਿੱਚ ਵਾਧਾ ਕਰਨ ਦੀ ਅਪੀਲ ਕੀਤੀ, ਜਿਨ੍ਹਾਂ ਨੂੰ ਸੱਤ ਸਾਲ ਦੀ ਸਜ਼ਾ ਹੋਈ ਸੀ।

2007 ਵਿੱਚ ਹਾਈਕੋਰਟ ਨੇ ਅਮਰਜੀਤ ਸਿੰਘ ਨੂੰ ਬਰੀ ਕਰ ਦਿੱਤਾ ਸੀ। ਪਰ ਕੋਰਟ ਨੇ ਚਾਰਾਂ- ਸਤਨਾਮ ਸਿੰਘ, ਸੁਰਿੰਦਰਪਾਲ ਸਿੰਘ, ਜਸਬੀਰ ਸਿੰਘ ਅਤੇ ਪ੍ਰਿਥੀਪਾਲ ਸਿੰਘ ਦੀ ਸਜ਼ਾ ਸੱਤ ਸਾਲ ਤੋਂ ਵਧਾ ਕੇ ਉਮਰ ਕੈਦ ਕਰ ਦਿੱਤੀ।

2011ਵਿੱਚ ਸੁਪਰੀਮ ਕੋਰਟ ਨੇ ਕਿਹਾ ਕਿ ਇਹ ਮਾਮਲਾ ਪੰਜਾਬ ਪੁਲਿਸ ਦੇ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਉਣ ਦੇ ਬਾਵਜੂਦ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ।

ਸੀਬੀਆਈ ਨੇ ਇਥੋਂ ਤੱਕ ਕਿਹਾ ਕਿ ਜਦੋਂ ਤੱਕ ਮਾਮਲੇ ਵਿੱਚ ਸ਼ਾਮਲ ਕੁਝ ਪੁਲਿਸ ਅਧਿਕਾਰੀਆਂ ਦਾ ਅੰਮ੍ਰਿਤਸਰ ਅਤੇ ਤਰਨਤਾਰਨ ਜ਼ਿਲ੍ਹਿਆਂ ਤੋਂ ਬਾਹਰ ਤਬਾਦਲਾ ਨਹੀਂ ਕੀਤਾ ਜਾਂਦਾ, ਉਦੋਂ ਤੱਕ ਜਾਂਚ ਨਿਰਪੱਖਤਾ ਨਾਲ ਕਰਨਾ ਸੰਭਵ ਨਹੀਂ ਸੀ।

ਅਦਾਲਤ ਨੇ ਪੁਲਿਸ ਮੁਖੀ ਨੂੰ ਹੁਕਮ ਦਿੱਤਾ ਸੀ ਕਿ ਉਨ੍ਹਾਂ ਅਧਿਕਾਰੀਆਂ ਦੇ ਤਬਾਦਲੇ ਉਨ੍ਹਾਂ ਜ਼ਿਲ੍ਹਿਆਂ ਤੋਂ ਬਾਹਰ ਕੀਤੇ ਜਾਣ ਅਤੇ ਨਾਲ ਹੀ ਉਨ੍ਹਾਂ ਨੂੰ ਨਾਲ ਲੱਗਦੇ ਜ਼ਿਲ੍ਹਿਆਂ ਵਿੱਚ ਵੀ ਤੈਨਾਤ ਨਾ ਕੀਤਾ ਜਾਵੇ।

ਸੁਪਰੀਮ ਕੋਰਟ ਨੇ ਪੁਲਿਸ ਬਾਰੇ ਇਹ ਟਿੱਪਣੀ ਕੀਤੀ, ਇਸ ਕੇਸ ਦੀ ਜਾਂਚ ਸੀਬੀਆਈ ਨੂੰ ਸੌਂਪਣ ਦੇ ਬਾਵਜੂਦ, ਪੰਜਾਬ ਪੁਲਿਸ ਦੇ ਅਧਿਕਾਰੀਆਂ ਨੇ ਸੀਬੀਆਈ ਨੂੰ ਸਹਿਯੋਗ ਨਹੀਂ ਦਿੱਤਾ ਅਤੇ ਜਾਂਚ ਕਰਨ ਵਿੱਚ ਉਚਿੱਤ ਸਹਿਯੋਗ ਨਹੀਂ ਦਿੱਤਾ।'

'ਪੰਜਾਬ ਦੇ ਪੁਲਿਸ ਅਧਿਕਾਰੀ ਇੱਕ ਨਾਪਾਕ ਗੱਠਜੋੜ ਵਿੱਚ ਇੱਕਜੁੱਟ ਹੋ ਗਏ ਕਿਉਂਕਿ ਉਨ੍ਹਾਂ ਦੇ ਸਾਥੀ ਸ਼ਾਮਲ ਸਨ ਅਤੇ ਇਹ ਮਾਮਲਾ ਪੰਜਾਬ ਪੁਲਿਸ ਦੇ ਅਕਸ ਨੂੰ ਖ਼ਰਾਬ ਕਰਨ ਵਾਲਾ ਸੀ। ਗਵਾਹਾਂ ਨੇ ਸੀਬੀਆਈ ਦੇ ਸਾਹਮਣੇ ਆਪਣੇ ਬਿਆਨਾਂ ਵਿੱਚ ਪੁਲਿਸ ਅਧਿਕਾਰੀਆਂ ਦੇ ਨਾਮ ਲਏ ਅਤੇ ਅਦਾਲਤ ਵਿੱਚ ਮੁਲਜ਼ਮਾਂ ਦੀ ਪਛਾਣ ਕੀਤੀ।'

ਪੁਲਿਸ ਨੇ 2000 ਤੋਂ ਵੱਧ ਲਾਵਾਰਿਸ ਲਾਸ਼ਾਂ ਦਾ ਸਸਕਾਰ ਕੀਤਾ

ਸੀਬੀਆਈ ਨੇ ਆਪਣੀ ਅੰਤ੍ਰਿਮ ਰਿਪੋਰਟ ਵਿੱਚ ਸੁਪਰੀਮ ਕੋਰਟ ਨੂੰ ਦੱਸਿਆ ਸੀ ਕਿ ਇਕੱਲੇ ਜ਼ਿਲ੍ਹਾ ਤਰਨਤਾਰਨ ਵਿੱਚ ਹੀ 984 ਲਾਸ਼ਾਂ ਦਾ 'ਲਾਵਾਰਿਸ' ਵਜੋਂ ਸਸਕਾਰ ਕੀਤਾ ਗਿਆ ਸੀ ਅਤੇ ਪੁਲਿਸ ਵੱਲੋਂ ਵੱਡੀ ਗਿਣਤੀ ਵਿੱਚ ਬੇਕਸੂਰ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ, ਜਿਸ ਲਈ ਅਪਰਾਧਿਕ ਕੇਸ ਦਰਜ ਕਰਨ ਲਈ ਲੋੜੀਂਦੀ ਸਮੱਗਰੀ ਮੌਜੂਦ ਸੀ।

ਪੁਲਿਸ ਅਧਿਕਾਰੀਆਂ ਦੇ ਖ਼ਿਲਾਫ਼ ਅਦਾਲਤ ਨੇ ਸੀਬੀਆਈ ਨੂੰ ਅਜਿਹੇ ਘਿਣਾਉਣੇ ਅਪਰਾਧਾਂ ਲਈ ਅਪਰਾਧਿਕ ਕੇਸ ਦਰਜ ਕਰਨ ਦੇ ਹੁਕਮ ਦਿੱਤੇ।

ਅਦਾਲਤ ਵੱਲੋਂ ਜਾਂਚ ਦੀ ਨਿਗਰਾਨੀ ਕੀਤੀ ਗਈ। 1996 ਵਿੱਚ ਸੀਬੀਆਈ ਨੇ ਅਦਾਲਤ ਨੂੰ ਦੱਸਿਆ ਕਿ 2097 ਲਾਸ਼ਾਂ ਦੇ ਅਣਪਛਾਤੇ ਸਸਕਾਰ ਕੀਤੇ ਗਏ ਸੀ।

ਅਦਾਲਤ ਵੱਲੋਂ ਸਮੇਂ-ਸਮੇਂ @ਤੇ ਦਿੱਤੇ ਗਏ ਉਪਰੋਕਤ ਹੁਕਮਾਂ ਅਤੇ ਸਾਲਾਂ ਤੱਕ ਮਿਲ ਕੇ ਇਸ ਕੇਸ ਦੀ ਨਿਗਰਾਨੀ ਕਰਨ ਦੇ ਮੱਦੇਨਜ਼ਰ ਸੀਬੀਆਈ ਵੱਲੋਂ ਕੀਤੀ ਜਾ ਰਹੀ ਜਾਂਚ ਨੂੰ ਪੂਰਾ ਕੀਤਾ ਗਿਆ।

1996 ਵਿੱਚ, ਸੀਬੀਆਈ ਨੇ ਪਟਿਆਲਾ ਦੀ ਇੱਕ ਅਦਾਲਤ ਵਿੱਚ ਨੌਂ ਪੁਲਿਸ ਅਧਿਕਾਰੀਆਂ ਵਿਰੁੱਧ ਚਾਰਜਸ਼ੀਟ ਦਾਇਰ ਕੀਤੀ, ਜਿਸ ਵਿੱਚ ਮੁੱਖ ਦੋਸ਼ੀ ਅਜੀਤ ਸਿੰਘ ਸੰਧੂ ਸੀ, ਜੋ ਕਿ ਤਰਨਤਾਰਨ ਜ਼ਿਲ੍ਹੇ ਦਾ ਤਤਕਾਲੀ ਐੱਸਐੱਸਪੀ ਸੀ।ਇਹਨਾਂ ਵਿਚ ਅਸ਼ੋਕ ਕੁਮਾਰ, ਸਤਨਾਮ ਸਿੰਘ, ਰਛਪਾਲ ਸਿੰਘ, ਜਸਬੀਰ ਸਿੰਘ, ਅਮਰਜੀਤ ਸਿੰਘ, ਸੁਰਿੰਦਰਪਾਲ ਸਿੰਘ, ਪ੍ਰਿਥੀਪਾਲ ਸਿੰਘ ਅਤੇ ਜਸਪਾਲ ਸਿੰਘ, ਡੀਐਸਪੀ ਸ਼ਾਮਲ ਸੀ।ਐੱਸਐੱਸਪੀ ਅਜੀਤ ਸਿੰਘ ਸੰਧੂ ਖ਼ਿਲਾਫ਼ ਦੋਸ਼ ਤੈਅ ਨਹੀਂ ਕੀਤੇ ਜਾ ਸਕੇ ਹਨ ਕਿਉਂਕਿ ਦੋਸ਼ ਤੈਅ ਕਰਨ ਤੋਂ ਪਹਿਲਾਂ ਹੀ ਉਨ੍ਹਾਂ ਨੇ ਖ਼ੁਦਕੁਸ਼ੀ ਕਰ ਲਈ ਸੀ।

ਇਲਜ਼ਾਮ ਇਹ ਸਨ ਕਿ ਇਹ ਸਾਰੇ ਜਸਵੰਤ ਸਿੰਘ ਖਾਲੜਾ ਨੂੰ ਅਗਵਾ ਕਰਕੇ ਖ਼ਤਮ ਕਰਨ ਲਈ ਰਾਜ਼ੀ ਹੋ ਗਏ ਸਨ। ਇਸ ਤਰ੍ਹਾਂ, ਉਨ੍ਹਾਂ ਸਾਰਿਆਂ 'ਤੇ ਧਾਰਾ 120-ਬੀ ਆਈਪੀਸ, ਧਾਰਾ 364 ਦੇ ਨਾਲ-ਨਾਲ 34 ਆਈਪੀਸੀ ਲਾਈ ਗਈ।ਇਨ੍ਹਾਂ ਵਿਚੋਂ ਤਿੰਨ ਡੀਐੱਸਪੀ ਜਸਪਾਲ ਸਿੰਘ, ਅਮਰਜੀਤ ਸਿੰਘ ਅਤੇ ਰਛਪਾਲ ਸਿੰਘ ਨੇ ਅਪਰਾਧਿਕ ਸਾਜ਼ਿਸ਼ ਦੇ ਨਤੀਜੇ ਵਜੋਂ ਖਾਲੜਾ ਦਾ ਕਤਲ ਕੀਤਾ ਸੀ।

***

## ਪਾਕਿ 'ਚ ਪਹਿਲੀ ਵਾਰ ਸਿੱਖ ਜੋੜੇ ਨੂੰ ਮਿਲਿਆ

ਗੁਰਦੁਆਰਾ ਸਾਹਿਬਾਨ ਵੱਲੋਂ ਗੁਰਮੁਖੀ 'ਚ ਤਿਆਰ ਕੀਤਾ ਗਿਆ 'ਨਿਕਾਹਨਾਮਾ' ਦਿੱਤਾ ਜਾਂਦਾ ਸੀ ਜਿਸ ਨੂੰ ਕਾਨੂੰਨੀ ਮਾਨਤਾ ਹਾਸਲ ਨਹੀਂ ਸੀ। ਹੁਣ ਨਵੇਂ ਵਿਆਹੇ ਸਿੱਖ ਆਸਾਨੀ ਨਾਲ ਸਿੱਖ ਮੈਰਿਜ ਸਰਟੀਫ਼ਿਕੇਟ ਹਾਸਲ ਕਰ ਸਕਣਗੇ। ਗੁਰਪਾਲ ਸਿੰਘ ਨੇ ਦਸਿਆ ਕਿ ਖ਼ੈਬਰ 'ਚ ਸਿੱਖਾਂ ਦੀ ਜਨਸੰਖਿਆ ਛੇ ਹਜ਼ਾਰ ਤੋਂ ਵੱਧ ਹੈ। ਉਨ੍ਹਾਂ ਦੀ ਤਰਜੀਹ ਹੋਰ ਸੂਬਿਆਂ 'ਚ ਵੀ ਸਿੱਖ ਮੈਰਿਜ ਰਜਿਸਟ੍ਰੇਸ਼ਨ ਸਰਟੀਫ਼ਿਕੇਟ ਛੇਤੀ ਦੀ ਲਾਗੂ ਕਰਵਾਉਣ ਦੀ ਰਹੇਗੀ।

***

## ਸਿੱਖ ਕਤਲੇਆਮ ਮਾਮਲੇ 'ਚ ਸੱਜਣ ਕੁਮਾਰ

ਇਸਤਗਾਸਾ ਪੱਖ ਦੇ ਅਨੁਸਾਰ, ਮਾਰੂ ਹਥਿਆਰਾਂ ਨਾਲ ਲੈਸ ਇੱਕ ਭੀੜ ਨੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਦਾ ਬਦਲਾ ਲੈਣ ਲਈ ਵੱਡੇ ਪੱਧਰ 'ਤੇ ਲੁੱਟਮਾਰ ਅਤੇ ਅੱਗਜ਼ਨੀ ਕੀਤੀ ਸੀ ਅਤੇ ਸਿੱਖਾਂ ਦੀਆਂ ਜਾਇਦਾਦਾਂ ਨੂੰ ਤਬਾਹ ਕਰ ਦਿੱਤਾ ਸੀ।

ਇਸਤਗਾਸਾ ਪੱਖ ਨੇ ਦੋਸ਼ ਲਗਾਇਆ ਕਿ ਭੀੜ ਨੇ ਘਰ 'ਤੇ ਹਮਲਾ ਕੀਤਾ, ਜਸਵੰਤ ਅਤੇ ਉਸਦੇ ਪੁੱਤਰ ਨੂੰ ਮਾਰ ਦਿੱਤਾ, ਸਮਾਨ ਲੁੱਟ ਲਿਆ ਅਤੇ ਘਰ ਨੂੰ ਅੱਗ ਲਗਾ ਦਿੱਤੀ।

***

## ਸਿੱਲੀਕੋਨ ਵੈਲੀ ਗੁਰਦੁਆਰਾ ਸੈਂਟਾ ਕਲਾਰਾ ਵਿਖੇ

ਖੁਸ਼ੀ ਪ੍ਰਗਟਾਉਂਦਿਆਂ ਕਿਹਾ ਕਿ ਅਮਰੀਕੀ ਪੰਜਾਬੀ ਕਵੀਆਂ ਨੂੰ ਗੁਰਦੁਆਰਾ ਸਾਹਿਬ ਵਿਖੇ ਧਾਰਮਿਕ ਕਵੀ ਦਰਬਾਰ ਸਜਾਉਣ ਲਈ ਹਮੇਸ਼ਾ ਖੁੱਲਾ ਸੱਦਾ ਹੈ। ਪ੍ਰਬੰਧਕਾਂ ਵੱਲੋਂ ਕਵੀਆਂ ਦਾ ਮਾਨ ਸਨਮਾਨ ਵੀ ਕੀਤਾ ਗਿਆ।

ਪ੍ਰਵਾਨਾ ਵੱਲੋਂ ਧੰਨਵਾਦੀ ਸ਼ਬਦਾਂ ਵਿੱਚ ਕਿਹਾ ਗਿਆ ਕਿ ਅਜਿਹੇ ਪ੍ਰੋਗਰਾਮ ਸੁਹਿਰਦ ਸੰਗਤਾਂ ਅਤੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਹੀ ਸਫਲ ਹੁੰਦੇ ਹਨ। ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਮੇਂ ਦੇ ਕਾਵਿ ਪ੍ਰਵਾਹ ਨੂੰ ਜਾਰੀ ਰੱਖਣ ਦਾ ਉਪਰਾਲਾ ਹੈ। ਪ੍ਰੋਗਰਾਮਾਂ ਦਾ ਸੁਨੇਹਾ ਅਖ਼ਬਾਰਾਂ ਰਾਹੀਂ ਘਰ ਘਰ ਪਹੁੰਚਾਇਆ ਜਾਂਦਾ ਹੈ। ਇੱਕ ਯਾਦਗਾਰੀ ਤਸਵੀਰ ਨਾਲ ਪ੍ਰੋਗਰਾਮ ਸੰਪੰਨ ਹੋਇਆ।



## ਕੀਟਨਾਸ਼ਕ: ਧੀਮੀ ਮੌਤ

ਜੇਕਰ ਪੰਜਾਬ ਦੀ ਗੱਲ ਕਰੀਏ ਤਾਂ ਇੱਥੇ ਜ਼ਹਿਰੀਲੇ ਵਾਤਾਵਰਨ ਕਾਰਨ ਕਿੰਨੇ ਹੀ ਅਜਿਹੇ ਪੰਛੀ ਸਨ ਜਿਨ੍ਹਾਂ ਤੋਂ ਪੰਜਾਬ ਦੀ ਧਰਤੀ ਅੱਜ ਵਿਰਵੀ ਹੋ ਗਈ ਹੈ। ਇੱਥੇ ਪਹਾੜੀ ਕਾਂ, ਬਾਜ਼, ਸ਼ਿਕਰੇ, ਇੱਲ੍ਹਾਂ, ਗਿਰਝਾਂ, ਉੱਲੂ, ਕਿੱਲੀ ਠੋਕੇ, ਗਟਾਰਾਂ, ਬਿਜੜੇ, ਹਰਿਅਲ ਆਦਿ ਹੋਰ ਕਿੰਨੇ ਹੀ ਪੰਛੀ ਸਨ ਜੋ ਨਹੀਂ ਦਿਸਦੇ, ਜੇਕਰ ਦਿਸਦੇ ਵੀ ਹਨ ਤਾਂ ਵਿਰਲੇ ਟਾਵੇਂ ਨਜ਼ਰ ਪੈਂਦੇ ਹਨ। ਅਖੌਤੀ ਵਿਕਾਸ ਅਤੇ ਸਾਡੀਆਂ ਸਿਆਣਪਾਂ ਨੇ ਕਈ ਪਰਿੰਦਿਆਂ ਦਾ ਨਸਲਘਾਤ ਕਰ ਦਿੱਤਾ ਹੈ। ਸਾਡੇ ਆਲੇ ਦੁਆਲੇ ਜੋ ਵਾਪਰ ਰਿਹਾ ਹੈ, ਉਸ ਵਿੱਚ ਲਾਲਚ ਤੇ ਮੁਨਾਫਿਆਂ ਦੇ ਨਾਲ ਨਾਲ ਅਗਿਆਨਤਾ ਵੀ ਇੱਕ ਬਹੁਤ ਵੱਡਾ ਕਾਰਨ ਹੈ। ਸਭ ਕੁੱਝ ਜਾਣਦੇ ਸਮਝਦੇ ਹੋਣ ਦਾ ਭਰਮ ਹੋਣਾ ਵੀ ਵੱਡਾ ਸੰਕਟ ਹੈ। ਅਸੀਂ ਸੋਚਣਾ ਹੈ ਕਿ ਅਸੀਂ ਅਗਲੀ ਪੀੜ੍ਹੀ ਨੂੰ ਇਹ ਧਰਤੀ ਨਰਕ ਬਣਾ ਕੇ ਦੇਣੀ ਹੈ ਜਾਂ ਉਹ ਧਰਤੀ ਹੋਵੇ ਜਿਸ ਦੇ ਬਿਰਖਾਂ ’ਤੇ ਪੰਛੀ ਗੀਤ ਗਾਉਂਦੇਹੋਣ। ਮੁਲਕ ਦੀ ਵਿਵਸਥਾ, ਸਰਕਾਰਾਂ ਅਤੇ ਧਰਤੀ ਦੇ ਮਨੁੱਖਾਂ ਦੀ ਮੁੱਖ ਤਰਜੀਹ ਮੁਨਾਫਾ ਨਹੀਂ ਬਲਕਿ ਜੀਵਨ ਹੋਣੀ ਚਾਹੀਦੀ ਹੈ। ਸਾਡੀ ਵਿਰਾਸਤ ਤੇ ਫਲਸਫਾ ਸਾਨੂੰ ਸਰਬੱਤ ਦਾ ਭਲਾ ਮੰਗਣ ਦੀ ਤਾਕੀਦ ਕਰਦਾ ਹੈ। ਕੁਦਰਤ ਦਾ ਸਤਿਕਾਰ ਕਰਨਾ ਇਸ ਦੇ ਸਰੋਤਾਂ ਨੂੰ ਸੰਭਾਲਣਾ ਸਾਡੀ ਸੰਸਕ੍ਰਿਤੀ ਵਿੱਚ ਹੀ ਨਹੀਂ ਬਲਕਿ ਸਾਡੇ ਸੰਵਿਧਾਨ ਦੀ ਵੀ ਮੁੱਖ ਤਰਜੀਹ ਹੈ।

ਜ਼ਹਿਰਾਂ ਦਾ ਪ੍ਰਕੋਪ ਹੁਣ ਹਵਾ ਜਾਂ ਕੁੱਝ ਖ਼ਾਸ ਇਲਾਕਿਆਂ ਤੱਕ ਹੀ ਨਹੀਂ ਬਲਕਿ ਇਹ ਫੈਕਟਰੀਆਂ ਤੋਂ ਸ਼ੁਰੂ ਹੋ ਸਾਡੀਆਂ ਖਾਣੇ ਦੀਆਂ ਪਲੇਟਾਂ ਤੱਕ ਹੈ। ਸਮੇਂ ਦੀ ਮੰਗ ਹੈ ਕਿ ਅਸੀਂ ਜ਼ਹਿਰਾਂ ਮੁਕਤ ਖੇਤੀ ਕਰੀਏ। ਸਾਡੀਆਂ ਸਰਕਾਰਾਂ ਨੂੰ ਇਸ ਲਈ ਵੱਡੇ ਉਪਰਾਲੇ ਕਰਨੇ ਹੋਣਗੇ। ਆਮ ਲੋਕਾਂ ਨੂੰ ਵੀ ਚਾਹੀਦਾ ਹੈ ਕਿ ਚੌਗਿਰਦੇ ਨੂੰ ਸ਼ੁੱਧ ਰੱਖਣ ਲਈ ਵਾਤਾਵਰਨ ਨੂੰ ਪਲੀਤ ਕਰਨ ਤੋਂ ਗੁਰੇਜ਼ ਕਰੀਏ। ਅੱਜ ਲੋੜ ਹੈ ਅਸੀਂ ਖੇਤਾਂ ਦੇ ਬੰਨਿਆਂ ’ਤੇ ਰੁੱਖ ਲਾਈਏ, ਇਹ ਰੁੱਖ ਵੱਡੇ ਹੋਣਗੇ ਤੇ ਪੰਛੀਆਂ ਨੂੰ ਬੁਲਾਵੇ ਦੇਣਗੇ। ਪੰਛੀ ਤੇ ਰੁੱਖ ਖੇਤੀ ਦੇ ਦੁਸ਼ਮਣ ਨਹੀਂ ਬਲਕਿ ਸਭ ਤੋਂ ਵੱਡੇ ਸਹਾਇਕ ਹਨ। ਪੰਛੀ ਫ਼ਸਲਾਂ ਨੂੰ ਪੈਣ ਵਾਲੀਆਂ ਸੁੰਡੀਆਂ ਨੂੰ ਖਾਂਦੇ ਹਨ। ਅੱਜ ਲੋੜ ਹੈ ਅਸੀਂ ਮਾਨਵਤਾ ਦੀ ਭਲਾਈ ਲਈ ਰਸਾਇਣਾਂ ਦੀ ਵਰਤੋਂ ’ਤੇ ਰੋਕ ਲਾਈਏ ਤੇ ਇਸ ਧਰਤੀ ਨੂੰ ਜੀਵ ਜੰਤੂਆਂ ਅਤੇ ਮਨੁੱਖਾਂ ਦੇ ਰਹਿਣ ਲਾਇਕ ਬਣਾਈਏ। ਰਸਾਇਣਾਂ ਅਤੇ ਕੀਟਨਾਸ਼ਕਾਂ ਤੋਂ ਬਗੈਰ ਵੀ ਚੰਗੀ ਨਰੋਈ ਖੇਤੀ ਹੋ ਸਕਦੀ ਹੈ। ਜਿਨ੍ਹਾਂ ਨੇ ਯਤਨ ਕੀਤੇ ਹਨ, ਉਹ ਇਸ ਵਿੱਚ ਸਫਲ ਵੀ ਹੋਏ ਹਨ। ਅੱਜ ਸੋਚਣ ਦੀ ਲੋੜ ਹੈ ਕਿ ਪੌਣ-ਪਾਣੀ ਤੇ ਹਵਾ ਨੂੰ ਪਲੀਤ ਕਰਕੇ ਅਸੀਂ ਆਪਣੇ ਪੈਰਾਂ ’ਤੇ ਆਪ ਕੁਹਾੜਾ ਤਾਂ ਨਹੀਂ ਮਾਰ ਰਹੇ ?

****

## ਸਿਆਸਤ ਉੱਪਰ ਡੇਰਿਆਂ

ਜੇਕਰ ਡੇਰੇ ਸਿਆਸਤ ਦੇ ਅਨੁਸਾਰ ਨਹੀਂ ਚੱਲਦੇ ਤਾਂ ਫ਼ਿਰ ਉਹਨਾਂ ਨੂੰ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਸਾਹਮਣਾ ਵੀ ਕਰਨਾ ਪੈ ਜਾਂਦਾ ਹੈ।

ਜਦੋਂ ਕਿਸੇ ਡੇਰੇ ਦੇ ਗੱਦੀਨਸ਼ੀਨ ਮੁਖੀ ਦੀ ਮੌਤ ਹੋ ਜਾਂਦੀ ਹੈ ਤਾਂ ਉਸਦੇ ਉੱਤਰਾਅਧਿਕਾਰੀ ਦੀ ਚੋਣ ਕਰਨ ਸਮੇਂ ਵੀ ਰਾਜਸੀ ਆਗੂਆਂ ਦਾ ਦਖਲ ਆਮ ਹੀ ਦੇਖਣ ਨੂੰ ਮਿਲ ਜਾਂਦਾ ਹੈ। ਮੌਜੂਦਾ ਸਮੇਂ ਪੰਜਾਬ ਦੇ ਇੱਕ ਡੇਰਾ ਮੁਖੀ ਦੀਆਂ ਸਰਗਰਮੀਆਂ ਆਮ ਲੋਕਾਂ ਦੀ ਚਰਚਾ ਦਾ ਵਿਸ਼ਾ ਬਣੀਆਂ ਹੋਈਆਂ ਹਨ। ਇਸ ਡੇਰਾ ਮੁਖੀ ਦੀਆਂ ਸਰਗਰਮੀਆਂ ਅਧਿਆਤਮਿਕ ਦੀ ਥਾਂ ਸਿਆਸਤ ਤੋਂ ਜ਼ਿਆਦਾ ਪ੍ਰਭਾਵਿਤ ਨਜ਼ਰ ਆ ਰਹੀਆਂ ਹਨ। ਜਦੋਂ ਕੋਈ ਕਿਸੇ ਡੇਰੇ ਦਾ ਅਧਿਆਤਮਿਕ ਮੁਖੀ ਕਹਾਉਣ ਵਾਲਾ ਆਗੂ ਰਾਜਸੀ ਸਰਗਰਮੀਆਂ ਦੇ ਵੱਧ ਨੇੜੇ ਦਿਸਣ ਲੱਗ ਪਵੇ ਤਾਂ ਲੋਕ ਸਹਿਜੇ ਹੀ ਇਹ ਗੱਲ ਕਹਿਣ ਲਈ ਮਜਬੂਰ ਹੋ ਜਾਂਦੇ ਹਨ ਕਿ ਇਹ ਬਾਬਾ ਤਾਂ ਹੁਣ ਕਿਸੇ ਰਾਜਸੀ ਦਬਾਅ ਹੇਠ ਕੰਮ ਕਰ ਰਿਹਾ ਹੈ। ਇਸ ਲਈ ਅਸੀਂ ਸਹਿਜ ਸੁਭਾਅ ਹੀ ਇਹ ਸੋਚਣ ਲਈ ਮਜਬੂਰ ਹੋ ਜਾਂਦੇ ਹਾਂ ਕਿ ਸਿਆਸਤ ਅਤੇ ਡੇਰਿਆਂ ਵਿੱਚੋਂ ਕੌਣ ਕਿਸਦਾ ਗੁਲਾਮ ਹੈ ?

***

## ਸੱਤਾ, ਸਮਾਜ ਅਤੇ ਕਿਸਾਨ ਅੰਦੋਲਨ

ਹੁਣ ਦੋਹਾਂ ਖੇਮਿਆਂ ਵਿਚਕਾਰ ਆਪਸੀ ਤਾਲਮੇਲ ਦੀਆਂ ਖਬਰਾਂ ਹਨ। ਫਿਲਹਾਲ ਖਨੌਰੀ ਅਤੇ ਸ਼ੰਭੂ ਬਾਰਡਰਾਂ ’ਤੇ ਚੱਲ ਰਿਹਾ ਮੋਰਚਾ ਜਿੱਥੇ ਦਿੱਲੀ ਦੇ ਬਾਰਡਰਾਂ ਤੋਂ ਕਿਤੇ ਦੂਰ ਦਿਖਾਈ ਦੇ ਰਿਹਾ ਹੈ ਉਥੇ ਇਹ ਕਿਸਾਨ ਅੰਦੋਲਨ ਹੁਣ ਕਿਸਾਨ ਮੰਗਾਂ ਦੀ ਪੂਰਤੀ ਦੀ ਥਾਂ ਡੱਲੇਵਾਲ ਦੇ ਮਰਨ ਵਰਤ ਉੱਤੇ ਜ਼ਿਆਦਾ ਕੇਂਦਰਿਤ ਹੋ ਗਿਆ ਲਗਦਾ ਹੈ।

ਸੁਪਰੀਮ ਕੋਰਟ ਦੇ ਦਖ਼ਲ ਨੇ ਇਸ ਨੂੰ ਆਰਥਿਕ ਸਮਾਜਿਕ ਮਸਲੇ ਦੀ ਥਾਂ ਹੋਰ ਹੀ ਤਰ੍ਹਾਂ ਦਾ ਮੋੜਾ ਦੇ ਦਿੱਤਾ ਹੈ। ਉਹ ਕਿਸਾਨ ਆਗੂ ਡੱਲੇਵਾਲ ਨੂੰ ਹਰ ਤਰ੍ਹਾਂ ਦੀ ਮੈਡੀਕਲ ਸਹਾਇਤਾ ਦੇਣ ਉੱਤੇ ਜ਼ੋਰ ਦੇ ਰਹੀ ਹੈ। ਅਸਲ ਮਸਲਾ ਤਾਂ ਬੁਨਿਆਦੀ ਤੌਰ ’ਤੇ ਪੇਂਡੂ ਅਰਥਚਾਰੇ ਦੇ ਹਾਲਾਤ ਸਮਝ ਕੇ ਉਸਾਰੂ ਹੱਲ ਦਾ ਹੈ ਜੋ ਗੌਣ ਹੁੰਦਾ ਦਿਖਾਈ ਦੇ ਰਿਹਾ ਹੈ। ਸਰਕਾਰ ਅਤੇ ਕਿਸਾਨ ਧਿਰਾਂ ਨੂੰ ਬੁਨਿਆਦੀ ਮਸਲੇ ਨੂੰ ਗੰਭੀਰਤਾ ਨਾਲ ਸੰਬੋਧਨ ਹੋਣ ਦੀ ਜ਼ਰੂਰਤ ਹੈ ਤਾਂ ਕਿ ਪੇਂਡੂ ਅਰਥਚਾਰੇ ਨੂੰ ਖੁਸ਼ਹਾਲੀ ਦੀਆਂ ਲੀਹਾਂ ਉਤੇ ਪਾਇਆ ਜਾ ਸਕੇ।

****

## ਸਿੱਖਾਂ ਵੱਲੋਂ ਵਿਰੋਧ ਕਾਰਨ ਪੰਜਾਬ ਵਿੱਚ

ਲਈ ਕਿਹਾ ਗਿਆ ਸੀ, ਜਦੋਂਕਿ ਰਾਜ ਸਰਕਾਰ ਬਾਅਦ ਵਿੱਚ ਆਪਣੇ ਤੌਰ ’ਤੇ ਵੀ ਬਕਾਇਦਾ ਹੁਕਮ ਜਾਰੀ ਕਰ ਸਕਦੀ ਸੀ ਪਰ ਸਰਕਾਰ ਇਸ ਤੋਂ ਪਹਿਲਾਂ ਫ਼ਿਲਮ ਸੰਬੰਧੀ ਸਮੁੱਚੀ ਜਾਣਕਾਰੀ ਲੈਣ ਅਤੇ ਇਸ ਦੀ ਘੋਖ ਵੀ ਕਰਨਾ ਚਾਹੁੰਦੀ ਹੈ ਅਤੇ ਇਸ ਸੰਬੰਧੀ ਬਕਾਇਦਾ ਕਾਨੂੰਨੀ ਰਾਏ ਵੀ ਪ੍ਰਾਪਤ ਕੀਤੀ ਜਾਵੇਗੀ ।

ਅੰਮ੍ਰਿਤਸਰ ਵਿੱਚ ਪੀ.ਵੀ.ਆਰ. ਨੇ ਸਿੱਖ ਧਿਰਾਂ ਦੇ ਵਿਰੋਧ ਕਰਕੇ ਫ਼ਿਲਮ ਦੇ ਸ਼ੋਅ ਕੈਂਸਲ ਕਰ ਦਿੱਤੇ ਜਦੋਂ ਕਿ ਬਠਿੰਡਾ ਵਿੱਚ ਇੱਕ ਸਿਨੇਮਾਘਰ ਨੇ ਦਰਸ਼ਕਾਂ ਨੂੰ ਪੈਸੇ ਮੋੜ ਦਿੱਤੇ। ਮੋਹਾਲੀ, ਪਟਿਆਲਾ ਅਤੇ ਜਲੰਧਰ ਵਿੱਚ ਵੀ ਫ਼ਿਲਮ ਦਾ ਕੋਈ ਸ਼ੋਅ ਨਹੀਂ ਚੱਲਿਆ। ਚੰਡੀਗੜ੍ਹ ਵਿੱਚ ਵੀ ਫ਼ਿਲਮ ਦੇਖਣ ਲਈ ਬਹੁਤੇ ਦਰਸ਼ਕ ਨਹੀਂ ਸਨ।ਇਥੇ ਜ਼ਿਕਰਯੋਗ ਹੈ ਕਿ ਸੈਂਟਰਲ ਬੋਰਡ ਆਫ਼ ਫ਼ਿਲਮ ਸਰਟੀਫ਼ਿਕੇਸ਼ਨ ਨੇ ਸਿੱਖ ਜਥੇਬੰਦੀਆਂ ਦੇ ਇਤਰਾਜ਼ ਕੀਤੇ ਜਾਣ ’ਤੇ ਫ਼ਿਲਮ ‘ਐਮਰਜੈਂਸੀ’ ’ਚੋਂ ਕਾਫ਼ੀ ਸੀਨ ਹਟਾ ਦਿੱਤੇ ਸਨ। ਸਿੱਖ ਜਥੇਬੰਦੀਆਂ ਦਾ ਕਹਿਣਾ ਹੈ ਕਿ ਇਹ ਫ਼ਿਲਮ ਸਿੱਖਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਹੈ। ਚੇਤੇ ਰਹੇ ਕਿ ਜਦੋਂ ਦਿੱਲੀ ਵਿੱਚ ਕਿਸਾਨ ਅੰਦੋਲਨ ਚੱਲਿਆ ਸੀ, ਉਦੋਂ ਤੋਂ ਲੈ ਕੇ ਹੁਣ ਤੱਕ ਕੰਗਨਾ ਰਣੌਤ ਕਿਸਾਨਾਂ ਨੂੰ ਕਈ ਤਰ੍ਹਾਂ ਦੇ ਨਫ਼ਰਤੀ ਤੇ ਜ਼ਹਿਰੀਲੇ ਲਕਬ ਦੇ ਚੁੱਕੀ ਹੈ ਜਿਸ ਕਰਕੇ ਕਿਸਾਨ ਵੀ ਉਨ੍ਹਾਂ ਦੀ ਫ਼ਿਲਮ ਖ਼ਿਲਾਫ਼ ਮੈਦਾਨ ਵਿੱਚ ਨਿਤਰੇ ਹਨ। ਜ਼ਿਕਰਯੋਗ ਹੈ ਕਿ ਇਹ ਫ਼ਿਲਮ, ਜੋ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਾਰਜਕਾਲ ਦੌਰਾਨ ਦੇਸ਼ ਵਿੱਚ ਲਗਾਈ ਗਈ ਐਮਰਜੈਂਸੀ ਦੇ ਮੁੱਦੇ ’ਤੇ ਬਣਾਈ ਗਈ ਹੈ। ਐਮਰਜੈਂਸੀ’ ਕੁੱਲ 146 ਮਿੰਟ ਦੀ ਸੀ। ਫ਼ਿਲਮ ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਵੀ ਜ਼ਿਕਰ ਆਉਂਦਾ ਹੈ, ਜੋ ਕਿ ਐਮਰਜੈਂਸੀ ਮੌਕੇ ਰਾਜ ਦੇ ਸਿਆਸੀ ਪਰਦੇ ’ਤੇ ਹੀ ਨਹੀਂ ਸਨ ਅਤੇ ਉਨ੍ਹਾਂ ਦਾ ਉਭਾਰ ਵੀ ਕਾਫ਼ੀ ਸਮੇਂ ਬਾਅਦ ਹੋਇਆ ਸੀ। ਇਸ ਵਿੱਚ ਕਰੀਬ ਪੰਜ ਮਿੰਟ ਦਾ ਸੀਨ ਪੰਜਾਬ ’ਤੇ ਫ਼ੋਕਸ ਹੈ ਜਿਸ ਵਿੱਚ ਸੰਤ ਭਿੰਡਰਾਂਵਾਲੇ ਨੂੰ ਫ਼ਿਰੋਜ਼ਪੁਰ ਜੇਲ੍ਹ ’ਚੋਂ ਬਾਹਰ ਆਉਣ ਅਤੇ ਇੱਕ ਥਾਂ ਸੰਜੇ ਗਾਂਧੀ ਨਾਲ ਬੈਠਾ ਦਿਖਾਇਆ ਗਿਆ ਹੈ। ਪੰਜਾਬ ਸੰਤਾਪ ਦੇ ਦੌਰ ਦਾ ਵੀ ਇੱਕ ਸੀਨ ਹੈ। ਸਿੱਖ ਚਿੰਤਕਾਂ ਮੁਤਾਬਕ ਇਸ ਫ਼ਿਲਮ ਵਿੱਚ ਇਤਿਹਾਸਕ ਤੱਥਾਂ ਨਾਲ ਖਿਲਵਾੜ ਕੀਤਾ ਗਿਆ ਹੈ ਤੇ ਸਿੱਖ ਪੰਥ ਵਿਰੁੱਧ ਨਫ਼ਰਤ ਫ਼ੈਲਾਈ ਗਈ ਹੈ। ਸਿੱਖ ਜਥੇਬੰਦੀਆਂ ਅਤੇ ਦੇਸ਼ ਦੀਆਂ ਕੁਝ ਪਾਰਟੀਆਂ ਵੱਲੋਂ ਹੋਏ ਤਿੱਖੇ ਵਿਰੋਧ ਕਾਰਨ ਇਸ ਫ਼ਿਲਮ ਨੂੰ ਸੈਂਸਰ ਬੋਰਡ ਵੱਲੋਂ ਵੀ ਵਿਸ਼ੇਸ਼ ਧਿਆਨ ਦਿੱਤਾ ਗਿਆ ਅਤੇ ਸੰਤ ਭਿੰਡਰਾਂਵਾਲਿਆਂ ਸਮੇਤ ਫ਼ਿਲਮ ਵਿਚਲੇ ਕੁਝ ਹੋਰ ਦ੍ਰਿਸ਼ ਕੱਟੇ ਵੀ ਗਏ ਸਨ। ਇਸ ਦੇ ਬਾਵਜੂਦ ਸਿੱਖਾਂ ਵੱਲੋਂ ਵਿਰੋਧ ਜਾਰੀ ਹੈ। ਕਾਂਗਰਸ ਪਾਰਟੀ ਵੱਲੋਂ ਵੀ ਇਸ ਫ਼ਿਲਮ ਦਾ ਵਿਰੋਧ ਕਰਦਿਆਂ ਇਸ ਨੂੰ ਭਾਜਪਾ ਦੀ ਸਿਆਸੀ ਸਾਜ਼ਿਸ਼ ਦਾ ਹਿੱਸਾ ਦੱਸਿਆ ਗਿਆ, ਕਿਉਂਕਿ ਫ਼ਿਲਮ ਦੀ ਨਿਰਮਾਤਾ ਕੰਗਨਾ ਰਣੌਤ ਭਾਜਪਾ ਵਲੋਂ ਲੋਕ ਸਭਾ ਮੈਂਬਰ ਵੀ ਹੈ।

ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਫ਼ਿਲਮ ’ਤੇ ਰੋਕ ਲਗਾਏ ਜਾਣ ਦੀ ਮੰਗ ਕਰਦਿਆਂ ਕਿਹਾ ਸੀ ਕਿ ਫ਼ਿਲਮ ਵਿੱਚ ਪੰਜਾਬ ਅਤੇ ਸਿੱਖਾਂ ਦੀ ਬਦਨਾਮੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਕੰਗਨਾ ਰਣੌਤ ਕਿਸਾਨਾਂ ਅਤੇ ਸਿੱਖਾਂ ਦੀ ਆਲੋਚਕ ਹੈ ਜਿਸ ਕਰਕੇ ਫ਼ਿਲਮ ’ਤੇ ਪੰਜਾਬ ਸਰਕਾਰ ਪਾਬੰਦੀ ਲਗਾਵੇ।

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਸੀ ਕਿ ਸੈਂਸਰ ਬੋਰਡ ਅਤੇ ਸਰਕਾਰਾਂ ਨੂੰ ਵਿਵਾਦਤ ਫ਼ਿਲਮਾਂ ’ਤੇ ਨਜ਼ਰ ਰੱਖਣੀ ਚਾਹੀਦੀ ਹੈ ਕਿਉਂਕਿ ਇਹ ਦੇਸ਼ ਵਿੱਚ ਭਾਈਚਾਰਕ ਸਾਂਝ ਨੂੰ ਸੱਟ ਮਾਰਦੀਆਂ ਹਨ।

***

## ਪਹਿਲੀਆਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

ਚੋਣ ਪ੍ਰਕਿਰਿਆ ’ਚ 39 ਵਾਰਡਾਂ ਲਈ 164 ਉਮੀਦਵਾਰ ਚੋਣ ਲੜ ਰਹੇ ਸਨ ਅਤੇ 406 ਪੋਲਿੰਗ ਬੂਥਾਂ ’ਤੇ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਤਾਇਨਾਤ ਕੀਤੀਆਂ ਗਈਆਂ ਸਨ। ਟੋਹਾਣਾ ਤੋਂ ਆਜ਼ਾਦ ਉਮੀਦਵਾਰ ਅਮਨਪ੍ਰੀਤ ਕੌਰ ਵਿਰੁੱਧ ਕੋਈ ਉਮੀਦਵਾਰ ਨਹੀਂ ਉਤਰਿਆ ਜਿਸ ਕਾਰਨ ਉਨ੍ਹਾਂ ਨੂੰ ਜੇਤੂ ਐਲਾਨ ਦਿਤਾ ਗਿਆ ਸੀ। 40 ਚੁਣੇ ਗਏ ਮੈਂਬਰਾਂ ਤੋਂ ਇਲਾਵਾ 9 ਹੋਰ ਮੈਂਬਰ ਨਵੀਂ ਬਣੀ ਗਵਰਨਿਗ ਬਾਡੀ ਵੱਲੋਂ ਨਾਮਜ਼ਦ ਕੀਤੇ ਜਾਣਗੇ। ਸਾਰੇ 49 ਮੈਂਬਰ ਇਸ ਤੋਂ ਬਾਅਦ ਪ੍ਰਧਾਨ ਸਮੇਤ ਹੋਰ ਅਹੁਦੇਦਾਰਾਂ ਦੀ ਚੋਣ ਕਰਨਗੇ। ਇਸ ਚੋਣ ਸਮਾਗਮ ਦੀ ਪ੍ਰਧਾਨਗੀ ਜਸਟਿਸ (ਸੇਵਾਮੁਕਤ) ਐਚ.ਐਸ. ਭੱਲਾ ਨੇ ਕੀਤੀ ਅਤੇ ਇਹ ਯਕੀਨੀ ਬਣਾਇਆ ਕਿ ਸਾਰੇ ਸਮੇਂ ਸਖਤ ਸੁਰੱਖਿਆ ਪ੍ਰੋਟੋਕੋਲ ਲਾਗੂ ਕੀਤੇ ਜਾਣ।

****

## ਟਰੰਪ ਦੀ ਸੱਤਾ ’ਚ ਵਾਪਸੀ ਦੇ ਨਾਲ ਹੀ

ਨੇ 15 ਸਾਲਾਂ ਵਿੱਚ 2,000 ਤੋਂ ਵੱਧ ਬੱਚਿਆਂ ਲਈ ਸਵੈ-ਇੱਛਾ ਨਾਲ ਸਰਪ੍ਰਸਤ ਬਣਨ ਲਈ ਕੰਮ ਕੀਤਾ ਹੈ, ਜਿਸ ਵਿੱਚ ਦਸੰਬਰ ਤੋਂ ਘੱਟੋ-ਘੱਟ 30 ਸ਼ਾਮਲ ਹਨ। ਬਾਈਡੇਨ ਦੇ ਪ੍ਰਸ਼ਾਸਨ ਨੇ ਵੱਡੇ ਪੱਧਰ ’ਤੇ ਵਰਕਸਾਈਟ ਗ੍ਰਿਫ਼ਤਾਰੀਆਂ ਦੀ ਪ੍ਰਥਾ ਨੂੰ ਵੀ ਖਤਮ ਕਰ ਦਿੱਤਾ ਸੀ, ਜੋ ਕਿ ਟਰੰਪ ਦੇ ਅਧੀਨ ਆਮ ਸਨ, ਜਿਸ ਵਿੱਚ ਮਿਸੀਸਿਪੀ ਚਿਕਨ ਪਲਾਂਟਾਂ ਨੂੰ ਨਿਸ਼ਾਨਾ ਬਣਾਉਣ ਲਈ 2019 ਦਾ ਇੱਕ ਆਪ੍ਰੇਸ਼ਨ ਵੀ ਸ਼ਾਮਲ ਹੈ। ਉੱਧਰ ਟਰੰਪ ਦੇ ਸਹਿਯੋਗੀਆਂ ਨੇ ਕਿਹਾ ਹੈ ਕਿ ਇਮੀਗ੍ਰੇਸ਼ਨ ਅਧਿਕਾਰੀ ਉਨ੍ਹਾਂ ਹੋਰਾਂ ਨੂੰ ਗ੍ਰਿਫ਼ਤਾਰ ਕਰਨਗੇ, ਜਿਵੇਂ ਕਿ ਜੀਵਨ ਸਾਥੀ ਜਾਂ ਰੂਮਮੇਟ, ਜੋ ਨਿਸ਼ਾਨਾ ਨਹੀਂ ਹਨ ਪਰ ਦੇਸ਼ ਵਿੱਚ ਗੈਰ-ਕਾਨੂੰਨੀ ਤੌਰ ’ਤੇ ਹਨ।

***

## ਹਿੰਦੂ ਧਰਮ ਦੇ ਮਹਾਂਕੁੰਭ ਵਿੱਚ ਸਾਧੂਆਂ

ਇਸ ਤੋਂ ਇਲਾਵਾ ਉਹ ਸ਼ਰਾਬ ਪੀਂਦੇ ਹਨ ਤੇ ਮਨੁੱਖੀ ਮਾਸ ਵੀ ਖਾਂਦੇ ਹਨ। ਆਮ ਵਿਚਾਰ ਹੈ ਕਿ ਅਘੋਰੀ ਸਾਧੂ ਮਸਾਣਾਂ ਵਿੱਚ ਰਹਿੰਦੇ ਹਨ ਅਤੇ ਸੜਦੀਆਂ ਲਾਸ਼ਾਂ ਵਿੱਚ ਹੀ ਖਾਣਾ ਖਾਂਦੇ ਹਨ ਅਤੇ ਉੱਥੇ ਹੀ ਸੌਂਦੇ ਹਨ ਤੇ ਦਿਨ ਰਾਤ ਚਿਲਮਾ ਫ਼ੂਕਦੇ ਹਨ। ਕੁਝ ਅਘੋਰੀ ਇੰਨੇ ਤੇਜ਼ ਦਿਮਾਗ ਹੁੰਦੇ ਸਨ ਕਿ ਰਾਜਿਆਂ ਦੇ ਸਲਾਹਕਾਰ ਹੁੰਦੇ ਸਨ।

ਇੱਕ ਅਘੋਰੀ ਤਾਂ ਨੇਪਾਲ ਦੇ ਰਾਜਾ ਦਾ ਵੀ ਸਲਾਹਕਾਰ ਰਿਹਾ ਸੀ। ਅਘੋਰੀਆਂ ਬਾਰੇ ਇੱਕ ਕਿਤਾਬ ‘ਅਘੋਰੀ: ਏ ਬਾਇਓਗ੍ਰਾਫ਼ਿਕਲ ਨੋਵਲ’ ਦੇ ਲੇਖਕ ਮਨੋਜ ਠੱਕਰ ਦਸਦੇ ਹਨ ਕਿ ਅਘੋਰੀ ਬੇਹੱਦ ਹੀ ਸਰਲ ਲੋਕ ਹੁੰਦੇ ਹਨ ਜੋ ਕੁਦਰਤ ਦਾ ਸਾਥ ਪਸੰਦ ਕਰਦੇ ਹਨ ਅਤੇ ਨਾ ਹੀ ਕੋਈ ਮੰਗ ਕਰਦੇ ਹਨ। ਉਹ ਹਰ ਚੀਜ਼ ਨੂੰ ਰੱਬ ਦੀ ਅੰਸ਼ ਵਜੋਂ ਹੀ ਦੇਖਦੇ ਹਨ। ਉਹ ਨਾ ਕਿਸੇ ਨੂੰ ਨਫ਼ਰਤ ਕਰਦੇ ਹਨ ਅਤੇ ਨਾ ਹੀ ਕਿਸੇ ਨੂੰ ਰੱਦ ਕਰਦੇ ਹਨ। ਇਸੇ ਕਾਰਨ ਉਹ ਕਿਸੇ ਜਾਨਵਰ ਅਤੇ ਇਨਸਾਨੀ ਮਾਸ ਵਿੱਚ ਫ਼ਰਕ ਨਹੀਂ ਕਰਦੇ। ਇਸ ਤੋਂ ਇਲਾਵਾ ਪਸ਼ੂ ਬਲੀ ਉਨ੍ਹਾਂ ਦੀ ਪੂਜਾ ਪ੍ਰਣਾਲੀ ਦਾ ਅਹਿਮ ਅੰਗ ਹੈ। ਕਈ ਥਾਂ ਇਨ੍ਹਾਂ ਨੇ ਕੋੜ੍ਹ ਲਈ ਹਸਪਤਾਲ ਬਣਵਾਏ ਵੀ ਹਨ ਅਤੇ ਉਨ੍ਹਾਂ ਨੂੰ ਚਲਾ ਵੀ ਰਹੇ ਹਨ। ਜਦੋਂ ਅਘੋਰੀਆਂ ਦੀ ਮੌਤ ਹੋ ਜਾਂਦੀ ਹੈ ਤਾਂ ਦੂਸਰੇ ਅਘੋਰੀ ਉਨ੍ਹਾਂ ਦਾ ਮਾਸ ਨਹੀਂ ਖਾਂਦੇ ਅਤੇ ਆਮ ਤੌਰ ਤੇ ਉਹ ਅਘੋਰੀਆਂ ਦਾ ਅੰਤਿਮ ਸਸਕਾਰ, ਸਸਕਾਰ ਕਰਕੇ ਜਾਂ ਦਫ਼ਨ ਕਰਕੇ ਕਰਦੇ ਹਨ।

***

## ਮਹਾਂਕੁੰਭ ’ਚ ਆਏ ਬਾਬਿਆਂ

ਵਿੱਚ ਮੇਰਾ ਸਮਰਥਨ ਕਰੋ।’ ਉਸਦਾ ਸੁਨੇਹਾ ਹੈ ਕਿ ਪੁਰਾਣੇ ਸਮਿਆਂ ਵਾਂਗ ਧੋਤੀ ਅਤੇ ਕੁੜਤਾ ਪਹਿਨੋ। ਇਸ ਪੱਛਮੀ ਪ੍ਰਭਾਵ ਨੂੰ ਪਿੱਛੇ ਛੱਡੋ ਅਤੇ ਆਪਣੀਆਂ ਜੜ੍ਹਾਂ ਨੂੰ ਜਾਣੋ। ਜਦੋਂ ਮੁਸਲਮਾਨ ਅਤੇ ਈਸਾਈ ਇੱਕਜੁੱਟ ਹੋ ਸਕਦੇ ਹਨ, ਤਾਂ ਤੁਸੀਂ ਕਿਉਂ ਨਹੀਂ ?

ਬੁਲੇਟ ਬਾਬਾ, ਜਿਸਦਾ ਜਨਮ ਬਵਾਂਦਰ ਕੁਮਾਰ ਵਜੋਂ ਹੋਇਆ ਸੀ, ਮੱਧ ਪ੍ਰਦੇਸ਼ ਵਿੱਚ ਇੱਕ ਟ੍ਰੈਵਲ ਏਜੰਸੀ ਵਿੱਚ ਡਰਾਈਵਰ ਸੀ। ਉਸਨੇ 2020 ਵਿੱਚ ਮਹਾਂਮਾਰੀ ਦੌਰਾਨ ਆਪਣਾ ਟੀਚਾ ਪ੍ਰਾਪਤ ਕੀਤਾ ਜਦੋਂ ਉਸਨੂੰ ਅਯੁੱਧਿਆ ਵਿੱਚ ਰਾਮ ਮੰਦਰ ਭੂਮੀ ਪੂਜਨ ਲਈ ਇੱਕ ਕਾਰ ਵਿੱਚ ਚਾਰ ਲੋਕਾਂ ਨੂੰ ਲਿਜਾਣ ਦਾ ਕੰਮ ਸੌਂਪਿਆ ਗਿਆ ਸੀ।

ਬਾਅਦ ਵਿੱਚ ਉਸਨੇ ਸਾਧੂ ਬਣਨ ਦਾ ਫ਼ੈਸਲਾ ਕਰ ਲਿਆ ਤੇ ਨੌਕਰੀ ਛੱਡ ਦਿੱਤੀ। ਬੁਲੇਟ ਬਾਬਾ ਕਿਸੇ ਅਖਾੜੇ ਜਾਂ ਆਸ਼ਰਮ ਵਿੱਚ ਨਹੀਂ ਰਹਿੰਦਾ। ਉਸਦੇ ਸੰਸਾਰਿਕ ਸਮਾਨ ਵਿੱਚ ਇੱਕ ਸਾਈਕਲ, ਇੱਕ ਟੈਂਟ ਅਤੇ ਕੱਪੜਿਆਂ ਦਾ ਇੱਕ ਬੈਗ ਸ਼ਾਮਲ ਹੈ।

ਹਿੰਦੂ ਨੌਜਵਾਨ ਹੁਣ ਲੰਬੇ, ਕਦੇ ਨਾ ਖਤਮ ਹੋਣ ਵਾਲੇ ਉਪਦੇਸ਼ ਨਹੀਂ ਸੁਣਨਾ ਚਾਹੁੰਦੇ। ਉਹ ਤੁਰੰਤ ਸਮੱਗਰੀ ਚਾਹੁੰਦੇ ਹਨ। ਉਹ ਤਿੰਨ ਘੰਟੇ ਦੇ ਉਪਦੇਸ਼ ਤੋਂ ਸੁਨੇਹਾ ਚਾਹੁੰਦੇ ਹਨ। ਇਸ ਲਈ ਸਵਾਮੀ ਰਾਮ ਸ਼ੰਕਰ, ਜਾਂ ਡਿਜੀਟਲ ਬਾਬਾ ਉਨ੍ਹਾਂ ਲਈ ਰੀਲਾਂ ਬਣਾਉਂਣ ਦਾ ਦਾਅਵਾ ਕਰਦਾ ਹੈ। ਨਵੇਂ ਬਣੇ ਪੋਂਟੂਨ ਪੁਲ 6 ਦੇ ਨੇੜੇ ਗੰਗਾ ਦੇ ਕੰਢੇ ਖੜ੍ਹੇ, ਸਵਾਮੀ ਰਾਮ ਸ਼ੰਕਰ ਯੂਟਿਊਬ ਰਾਹੀਂ ਸੰਸਕ੍ਰਿਤ ਵਿੱਚ ਮੰਤਰਾਂ ਦਾ ਜਾਪ ਕਰਨਾ ਸ਼ੁਰੂ ਕਰ ਦਿੰਦੇ ਹਨ। ਉਹ ਸਿਰਫ਼ ਇੱਕ ਸੰਨਿਆਸੀ ਨਹੀਂ ਸਗੋਂ ਇੱਕ ਡਿਜੀਟਲ ਬਾਬਾ ਹੈ, ਜੋ ਸਨਾਤਨ ਧਰਮ ਤੇ ਮਹਾਂਕੁੰਭ ਨੂੰ ਸ਼ੋਸ਼ਲ ਮੀਡੀਆ ਦੀਆਂ ਸਕ੍ਰੀਨਾਂ ’ਤੇ ਲਿਆ ਰਿਹਾ ਹੈ। 37 ਸਾਲਾ ਡਿਜੀਟਲ ਬਾਬਾ ਦਾ ਕਹਿਣਾ ਹੈ ਕਿ ਮੈਂ ਆਪਣੇ ਨੌਜਵਾਨ ਪੈਰੋਕਾਰਾਂ ਨੂੰ ਕੁੰਭ ਦਾ ਅਨੁਭਵ ਦੇਣ ਅਤੇ ਇਸਦੀ ਮਹੱਤਤਾ ਨੂੰ ਸਮਝਾਉਣ ਲਈ ਛੋਟੇ ਵੀਡੀਓ ਬਣਾਉਂਦਾ ਹਾਂ। ਉਸਨੂੰ ਮਾਣ ਹੈ ਕਿ ਉਹ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੇ ਜੱਦੀ ਸ਼ਹਿਰ ਗੋਰਖਪੁਰ ਤੋਂ ਹੈ। ‘ਹਿਮਾਚਲ ਪ੍ਰਦੇਸ਼ ਦੇ ਬੈਜਨਾਥ ਧਾਮ ਵਿੱਚ ਰਹਿਣ ਵਾਲੇ ਤਕਨੀਕੀ-ਮਾਹਿਰ ਬਾਬਾ ਨੇ ਕਿਹਾ ਕਿ ਮੈਂ ਨੌਜਵਾਨਾਂ ਨੂੰ ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਨੂੰ ਪੂਰਾ ਕਰਦੇ ਹੋਏ ਅਧਿਆਤਮਿਕ ਯਾਤਰਾ ’ਤੇ ਜਾਣ ਲਈ ਪ੍ਰੇਰਿਤ ਕਰਨਾ ਚਾਹੁੰਦਾ ਹਾਂ।’

ਉਸ ਕੋਲ ਇੱਕ ਮੈਕਬੁੱਕ, ਤਿੰਨ ਸਮਾਰਟਫ਼ੋਨ ਹਨ - ਇੱਕ ਰਿਕਾਰਡਿੰਗ ਲਈ, ਇੱਕ ਫ਼ਾਲੋਅਰਜ਼ ਨਾਲ ਜੁੜਨ ਲਈ ਅਤੇ ਇੱਕ ਨਿੱਜੀ ਵਰਤੋਂ ਲਈ - ਇੱਕ ਪ੍ਰੀਮੀਅਮ ਰੋਡ ਮਾਈਕ੍ਰੋਫ਼ੋਨ, ਅਤੇ ਫ਼ਿਲਮੋਰਾ ਅਤੇ ਅਡੋਬ ਪ੍ਰੀਮੀਅਰ ਪ੍ਰੋ ਵਰਗੇ ਐਡੀਟਿੰਗ ਸੌਫ਼ਟਵੇਅਰ ਵੀ ਮੌਜੂਦ ਹਨ। ਸ਼ੋਸ਼ਲ ਮੀਡੀਆ ਰਾਹੀਂ ਇਹ ਆਧੁਨਿਕ ਪਹੁੰਚ ਆਮਦਨ ਦਾ ਇੱਕ ਲਾਭਦਾਇਕ ਸਰੋਤ ਬਣ ਗਈ ਹੈ। ਡਿਜੀਟਲ ਬਾਬਾ ਇਸ ਤਰੀਕੇ ਦੀ ਵਰਤੋਂ ਕਰਕੇ ਪ੍ਰਤੀ ਮਹੀਨਾ 1 ਲੱਖ ਰੁਪਏ ਤੋਂ ਵੱਧ ਕਮਾਉਂਦਾ ਹੈ।

***\

## ਸਿਆਸਤ ’ਚ ਧੁੰਦਲਾ ਕਿਉਂ ਪੈ ਗਿਆ

ਸਿਆਸਤ ’ਚ ਧੁੰਦਲਾ ਕਿਉਂ ਪੈ ਗਿਆਉਸਨੇ ਪਹਿਲੀ ਵਾਰ 2002 ਵਿੱਚ ਮੀਆਂਵਾਲੀ ਤੋਂ ਆਮ ਚੋਣਾਂ ਲੜੀਆਂ ਅਤੇ ਜਿੱਤ ਪ੍ਰਾਪਤ ਕੀਤੀ। ਸਾਲ 2008 ਵਿੱਚ, ਇਮਰਾਨ ਨੇ ਪਾਕਿਸਤਾਨ ਵਿੱਚ ਭ੍ਰਿਸ਼ਟਾਚਾਰ ਦਾ ਮੁੱਦਾ ਉਠਾਇਆ ਸੀ। ਭ੍ਰਿਸ਼ਟਾਚਾਰ ਵਿਰੁੱਧ ਨਾਅਰਾ ਬੁਲੰਦ ਕਰਦੇ ਹੋਏ, ਉਸਨੇ ਪਾਕਿਸਤਾਨ ਵਿੱਚ ਆਮ ਚੋਣਾਂ ਦਾ ਬਾਈਕਾਟ ਕੀਤਾ। 2011 ਵਿੱਚ, ਇਮਰਾਨ ਨੇ ਭ੍ਰਿਸ਼ਟਾਚਾਰ ਵਿਰੁੱਧ ਲਾਹੌਰ ਅਤੇ ਕਰਾਚੀ ਵਿੱਚ ਕਈ ਜਨਤਕ ਰੈਲੀਆਂ ਕੀਤੀਆਂ। ਭ੍ਰਿਸ਼ਟਾਚਾਰ ਤੋਂ ਤੰਗ ਆ ਕੇ ਪਾਕਿਸਤਾਨੀ ਜਨਤਾ ਨੇ ਇਮਰਾਨ ਦਾ ਜ਼ੋਰਦਾਰ ਸਮਰਥਨ ਕੀਤਾ। ਇਨ੍ਹਾਂ ਰੈਲੀਆਂ ਵਿੱਚ ਹਜ਼ਾਰਾਂ ਸਮਰਥਕ ਅਚਾਨਕ ਇਕੱਠੇ ਹੋ ਗਏ। ਇੱਥੋਂ ਅੱਗੇ ਜਾ ਕੇ, ਇਸਲਾਮਾਬਾਦ ਦੀ ਰਾਜਨੀਤੀ ਵਿੱਚ ਇਮਰਾਨ ਖਾਨ ਦਾ ਦਬਦਬਾ ਵਧਦਾ ਗਿਆ।2013 ਦੀਆਂ ਆਮ ਚੋਣਾਂ ਵਿੱਚ, ਖਾਨ ਦੀ ਪਾਰਟੀ, ਪੀ.ਟੀ.ਆਈ. ਨੇ ਉੱਤਰ-ਪੱਛਮੀ ਖ਼ੈਬਰ ਪਖਤੂਨਖਵਾ ਵਿੱਚ ਜਿੱਤ ਪ੍ਰਾਪਤ ਕੀਤੀ। ਪੰਜ ਸਾਲ ਰਾਜ ਕੀਤਾ। ਇਮਰਾਨ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦੇ ਇੱਕ ਵੱਡੇ ਆਲੋਚਕ ਰਹੇ ਹਨ। ਇਮਰਾਨ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ਮੋਰਚਾ ਖੋਲ੍ਹਣ ਤੋਂ ਬਾਅਦ ਹੀ ਨਵਾਜ਼ ਨੂੰ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ। 2014 ਵਿੱਚ, ਉਸਨੇ ਨਵਾਜ਼ ਸ਼ਰੀਫ਼ ਸਰਕਾਰ ਵਿਰੁੱਧ ਮੋਰਚਾ ਖੋਲ੍ਹਿਆ। ਪਨਾਮਾ ਪੇਪਰ ਲੀਕ ਮਾਮਲੇ ਵਿੱਚ ਨਵਾਜ਼ ਸ਼ਰੀਫ਼ ਦਾ ਨਾਮ ਆਉਣ ਤੋਂ ਬਾਅਦ, ਉਨ੍ਹਾਂ ਨੇ ਸੁਪਰੀਮ ਕੋਰਟ ਵਿੱਚ ਨਵਾਜ਼ ਖ਼ਿਲਾਫ਼ ਕੇਸ ਲੜਿਆ।

ਵਿਵਾਦਾਂ ਨਾਲ ਡੂੰਘਾ ਸਬੰਧ

ਇਮਰਾਨ ਦਾ ਵਿਵਾਦਾਂ ਨਾਲ ਡੂੰਘਾ ਸਬੰਧ ਰਿਹਾ ਹੈ। ਕ੍ਰਿਕਟ ਦੇ ਮੈਦਾਨ ’ਤੇ, ਇਮਰਾਨ ਵਿਰੋਧੀ ਟੀਮ ਦੇ ਖਿਡਾਰੀਆਂ ਨਾਲ ਮੈਦਾਨ ’ਤੇ ਹੋਣ ਵਾਲੇ ਝਗੜਿਆਂ ਅਤੇ ਆਪਣੇ ਹਮਲਾਵਰ ਸੁਭਾਅ ਕਾਰਨ ਵਿਵਾਦਾਂ ਵਿੱਚ ਰਹੇ ਹਨ। ਕ੍ਰਿਕਟ ਦੇ ਮੈਦਾਨ ਤੋਂ ਇਲਾਵਾ, ਉਸ ਦੀ ਜੀਵਨ ਸ਼ੈਲੀ ਬਾਰੇ ਵੀ ਬਹੁਤ ਸਾਰੀਆਂ ਗੱਲਾਂ ਸਾਹਮਣੇ ਆਈਆਂ। ਉਹ ਫ਼ਿਲਮੀ ਸਿਤਾਰਿਆਂ ਨਾਲ ਆਪਣੇ ਸੰਬੰਧਾਂ ਕਰਕੇ ਖ਼ਬਰਾਂ ਵਿੱਚ ਰਿਹਾ। ਇਮਰਾਨ ਨਸ਼ੀਲੇ ਪਦਾਰਥ ਲੈਣ ਦੇ ਦੋਸ਼ਾਂ ਨੂੰ ਲੈ ਕੇ ਵੀ ਜ਼ਿਆਦਾਤਰ ਵਿਵਾਦਾਂ ਵਿੱਚ ਰਿਹਾ। 1987 ਵਿੱਚ, ਪਾਕਿਸਤਾਨੀ ਟੀਮ ਦੇ ਖਿਡਾਰੀ ਕਾਸਿਮ ਉਮਰ ਨੇ ਦੋਸ਼ ਲਗਾਇਆ ਕਿ ਇਮਰਾਨ ਅਤੇ ਟੀਮ ਦੇ ਕਈ ਹੋਰ ਖਿਡਾਰੀ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਦੇ ਹਨ। ਇੱਕ ਹੋਰ ਪਾਕਿਸਤਾਨੀ ਕ੍ਰਿਕਟਰ ਯੂਨਿਸ ਅਹਿਮਦ ਨੇ ਇਮਰਾਨ ਖਾਨ ’ਤੇ ਕਈ ਗੰਭੀਰ ਦੋਸ਼ ਲਗਾਏ। ਜਦੋਂ 1993 ਵਿੱਚ ਉਸ ਨੂੰ ਟੀਮ ਤੋਂ ਬਾਹਰ ਕਰ ਦਿੱਤਾ ਗਿਆ ਸੀ, ਤਾਂ ਮੀਆਂਦਾਦ ਨੇ ਖੁੱਲ੍ਹ ਕੇ ਇਮਰਾਨ ’ਤੇ ਗੰਭੀਰ ਦੋਸ਼ ਲਗਾਏ ਸਨ।

***

## ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ

ਉਨ੍ਹਾਂ ਤਾਂ ਕੋਈ ਗਲਤੀ ਕੀਤੀ ਹੀ ਨਹੀਂ ਸਗੋਂ ਵਿਵਾਦ ਖ਼ਤਮ ਕਰਨ ਲਈ ਸਾਰੇ ਗੁਨਾਹ ਆਪਣੀ ਝੋਲੀ ਵਿੱਚ ਪਾ ਲਏ ਸਨ।

ਮੈਂਬਰਾਂ ਨੇ ਇਸ ਤਰ੍ਹਾਂ ਦੀ ਬਿਆਨਬਾਜ਼ੀ ਨੂੰ ਬਚਕਾਨਾ ਤੇ ਗੈਰ ਜ਼ਿੰਮੇਵਾਰ ਦਸਦਿਆਂ ਕਿਹਾ ਕਿ ਹੁਣ ਨਵਾਂ ਇਤਿਹਾਸ ਬਣਨ ਜਾ ਰਿਹਾ ਹੈ ਤੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਸਿੱਖ ਆਗੂ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਤੋਂ ਭਗੌੜੇ ਹੋ ਜਾਇਆ ਕਰਨਗੇ।

ਮੈਂਬਰਾਂ ਨੇ ਕਿਹਾ ਕਿ 2 ਦਸੰਬਰ ਦੇ ਗੁਰਮਤੇ ਵਿੱਚ ਜਥੇਦਾਰਾਂ ਨੇ ਸਪਸ਼ਟ ਕੀਤਾ ਸੀ ਕਿ ਅਕਾਲੀ ਦਲ ਦੀ ਮੈਂਬਰਸ਼ਿਪ ਸੱਤ ਮੈਂਬਰੀ ਕਮੇਟੀ ਦੀ ਰਹਿਨੁਮਾਈ ਹੇਠ ਹੋਵੇਗੀ ਪਰ ਬਾਦਲ ਧੜੇ ਨੇ ਇਨ੍ਹਾਂ ਹੁਕਮਾਂ ਨੂੰ ਦਰਕਿਨਾਰ ਕਰਦਿਆਂ ਆਪਣੇ ਪੱਧਰ ਉਤੇ ਹੀ ਭਰਤੀ ਮੁਹਿੰਮ ਸ਼ੁਰੂ ਕਰ ਦਿਤੀ ਹੈ ਜੋ ਕਿ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਸਰਾਸਰ ਉਲੰਘਣਾ ਹੈ। ਇਸ ਸਬੰਧੀ ਜਥੇਦਾਰ ਅਕਾਲ ਤਖ਼ਤ ਨੂੰ ਗੰਭੀਰ ਤੇ ਸਖ਼ਤ ਨੋਟਿਸ ਲੈਣਾ ਚਾਹੀਦਾ ਹੈ।

ਮੈਂਬਰਾਂ ਨੇ ਇਹ ਵੀ ਕਿਹਾ ਕਿ ਜਦੋਂ 2 ਦਸੰਬਰ ਨੂੰ ਜਥੇਦਾਰਾਂ ਨੇ ਪ੍ਰਕਾਸ਼ ਸਿੰਘ ਬਾਦਲ ਤੋਂ ਫ਼ਖਰ-ਏ-ਕੌਮ ਵਾਪਸ ਲਿਆ ਸੀ ਤਾਂ ਉਸ ਵੇਲੇ ਨਾਨਕ ਨਾਮ ਲੇਵਾ ਸੰਗਤ ਨੇ ਰਾਹਤ ਮਹਿਸੂਸ ਕੀਤੀ ਸੀ। ਪਰ ਕੁਝ ਕੁ ਲੋਕ 4-5 ਹਜ਼ਾਰ ਲੋਕਾਂ ਨੂੰ ਇਕੱਠੇ ਕਰ ਕੇ ਤੇ ਉਨ੍ਹਾਂ ਤੋਂ ਬਾਹਾਂ ਖੜ੍ਹੀਆਂ ਕਰਵਾ ਕੇ ਪ੍ਰਕਾਸ਼ ਸਿੰਘ ਬਾਦਲ ਨੂੰ ਦੁਬਾਰਾ ਫ਼ਖਰ-ਏ-ਕੌਮ ਦੇਣ ਦੀ ਮੰਗ ਕਰ ਰਹੇ ਹਨ। ਜੋ ਕਿ ਅਕਾਲ ਤਖ਼ਤ ਸਾਹਿਬ ਨੂੰ ਇੱਕ ਤਰ੍ਹਾਂ ਦੀ ਚੁਣੌਤੀ ਹੈ। ਉਨ੍ਹਾਂ ਜਥੇਦਾਰ ਅਕਾਲ ਤਖ਼ਤ ਸਾਹਿਬ ਤੋਂ ਮੰਗ ਕੀਤੀ ਕਿ ਅਜਿਹੇ ਭਗੌੜੇ ਲੋਕਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ।

***

## ਐੱਨ.ਆਈ.ਏ. ਵੱਲੋਂ ਦਿੱਲੀ ਕੇਸ ਤਬਦੀਲ

ਕਰਨਾ ਚਾਹੁੰਦੀ ਹੈ ਤਾਂ ਉਸ ਨੂੰ ਅਦਾਲਤ ਕੋਲੋਂ ਮਨਜ਼ੂਰੀ ਲੈਣੀ ਪੈਂਦੀ ਹੈ ਪਰ ਐੱਨ.ਆਈ.ਏ. ਨੇ ਅਦਾਲਤ ਤੋਂ ਇਸ ਕੇਸ ਦੀ ਹੋਰ ਪੜਤਾਲ ਲਈ ਕੋਈ ਇਜਾਜ਼ਤ ਨਹੀਂ ਮੰਗੀ ਸੀ। ਏਜੰਸੀ ਨੇ ਸਿਰਫ਼ ਕੇਸ ਤਬਦੀਲ ਕਰਨ ਲਈ ਅਰਜ਼ੀ ਦਿੱਤੀ ਸੀ। ਇਸ ਕਤਲ ਕਾਂਡ ਵਿੱਚ ਐੱਨ.ਆਈ.ਏ. ਨੇ ਕੋਈ ਵੱਖਰਾ ਕੇਸ ਵੀ ਦਰਜ ਨਹੀਂ ਕੀਤਾ ਬਲਕਿ ਪੁਲਿਸ ਵੱਲੋਂ ਦਰਜ ਕੀਤੇ ਕੇਸ ’ਤੇ ਹੀ ਆਪਣੇ ਪੱਧਰ ’ਤੇ ਪੜਤਾਲ ਕੀਤੀ ਸੀ।

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ

ਜਾਣੋ ਪਲ ਪਲ ਦੀ ਖਬਰ




ON

jus PUNJABI HD sling

CREDIBILITY RELIABILITY

Minute to Minute Coverage of Punjab Elections

Punjabi Super Pack

20 channels for only $25/month on

sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com